Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Ad Space Available
Call: 847-359-0746

ਸਸਤੀ ਅਤੇ ਵਧੀਆ ਹੈਲਥ ਇੰਸ਼ੋਰੈਂਸ
Quality Health Care Including MEDI-CAL
COVERED CALIFORNIA
Manjit Gill
Certified Insurance Agent
CA. Lic#0B23990
Ph:510-888-1180
209-524-4008
Gill Financial & Insurance Services
27165 Mission Blvd, Hayward CA 94544
www.gillfinancial.com



Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼



Punjab Times, Vol 15, Issue 9, March 1, 2014 20451 N Plum Grove Rd., Palatine, IL 60074 Ph:847-359-0746, Fax:847-705-9388


# ਡਰੱਗ ਕੇਸ: ਬਾਦਲਾਂ ਨੂੰ ਫਿਰ ਨਮੋਸ਼ੀ

## ਹੁਣ ਮਜੀਠੀਆ ਦੇ ਨਾਲ ਜੇਲ੍ਹ ਮੰਤਰੀ ਦੇ ਪੁੱਤ ਦਾ ਨਾਂ ਗੂੰਜਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਡਰੱਗ ਤਸਕਰੀ ਦੇ ਮਾਮਲੇ ਵਿਚ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਜੇਲ੍ਹ ਮੰਤਰੀ ਸਰਵਣ ਸਿੰਘ ਫਿਲੌਰ ਦੇ ਬੇਟੇ ਦਮਨਵੀਰ ਸਿੰਘ ਦਾ ਨਾਂ ਗੂੰਜਣ ਕਰ ਕੇ ਅਕਾਲੀ-ਭਾਜਪਾ ਸਰਕਾਰ ਇਕ ਵਾਰ ਫਿਰ ਕਸੂਤੀ ਘਿਰ ਗਈ ਹੈ। ਇਸ ਮਾਮਲੇ ਨੂੰ ਲੈ ਕੇ ਵਿਰੋਧੀ ਧਿਰ ਕਾਂਗਰਸ ਦੇ ਧਰਨੇ-ਮੁਜਾਹਰਿਆਂ ਨਾਲ ਤਾਂ ਸੱਤਾ ਧਿਰ ਦੇ ਕੰਨ 'ਤੇ ਜੂੰ ਵੀ ਨਹੀਂ ਸੀ ਸਰਕੀ ਪਰ ਕੇਂਦਰੀ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਜਾਂਚ ਵਿਚ ਪੰਜਾਬ ਸਰਕਾਰ ਦਾ ਤਾਣਾ-ਬਾਣਾ ਉਲਝਦਾ ਨਜ਼ਰ ਆ ਰਿਹਾ ਹੈ।

ਚੇਤੇ ਰਹੇ ਕਿ ਡਰੱਗ ਤਸਕਰੀ ਦੇ ਕੇਸ ਵਿਚ ਘਿਰੇ ਸਾਬਕਾ ਡੀ.ਐਸ.ਪੀ. ਜਗਦੀਸ਼ ਭੋਲਾ ਨੇ ਮੀਡੀਆ ਸਾਹਮਣੇ ਬਿਕਰਮ ਸਿੰਘ ਮਜੀਠੀਆ ਦਾ ਨਾਂ ਲੈ ਕੇ ਪੰਜਾਬ ਦੀ ਸਿਆਸਤ ਵਿਚ ਭੁਚਾਲ ਲਿਆ ਦਿੱਤਾ ਸੀ। ਬਾਦਲ ਪਰਿਵਾਰ ਦਾ ਰਿਸ਼ਤੇਦਾਰ ਹੋਣ ਕਾਰਨ ਸਰਕਾਰ ਨੇ ਆਪਣੇ ਮੰਤਰੀ ਨੂੰ ਬਚਾਉਣ ਲਈ ਪੂਰਾ ਟਿੱਲ ਲਾ ਦਿੱਤਾ ਤੇ ਕਿਸੇ ਵੀ ਤਰ੍ਹਾਂ ਦੀ ਜਾਂਚ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ। ਇਸੇ ਦੌਰਾਨ ਨਸ਼ਾ ਤਸਕਰੀ ਲਈ ਵਿਦੇਸ਼ਾਂ ਵਿਚੋਂ ਆਈ 6000 ਕਰੋੜ ਰੁਪਏ ਦੀ ਹਵਾਲਾ ਰਾਸ਼ੀ ਦੀ ਜਾਂਚ ਈ.ਡੀ. ਨੇ ਵਿੱਢ ਦਿੱਤੀ। ਈ.ਡੀ. ਨੇ ਜਦੋਂ ਭੋਲਾ ਦਾ ਰਿਮਾਂਡ ਲੈਣ ਦੀ ਕੋਸ਼ਿਸ਼ ਕੀਤੀ ਤਾਂ ਪੰਜਾਬ ਸਰਕਾਰ ਨੇ ਇਸ ਵਿਚ ਕਈ ਅੜਿੱਕੇ ਡਾਹੇ ਅਤੇ ਉਸ ਨੂੰ ਕਾਫੀ ਸਮਾਂ ਈ.ਡੀ. ਤੇ ਮੀਡੀਆ ਤੋਂ ਦੂਰ ਹੀ ਰੱਖਿਆ। ਜਦੋਂ ਭੋਲਾ ਮੀਡੀਆ ਸਾਹਮਣੇ ਆਇਆ ਤਾਂ ਉਸ ਦੀ ਜ਼ੁਬਾਨ ਨੂੰ ਜਿੰਦਰੇ ਲੱਗ ਚੁੱਕੇ ਸਨ ਤੇ ਉਸ ਅੰਦਰਲੀ ਗੜ੍ਹਕ ਵੀ ਲੋਪ ਹੋ ਚੁੱਕੀ ਸੀ। ਇਸ ਮਗਰੋਂ ਸਰਕਾਰ ਨੇ ਕੁਝ ਤਸੱਲੀ ਮਹਿਸੂਸ ਕੀਤੀ ਤੇ ਭੋਲੇ ਦਾ ਰਿਮਾਂਡ ਈ.ਡੀ. ਨੂੰ ਮਿਲ ਗਿਆ। ਹੁਣ ਭੋਲੇ ਨੇ ਜੋ ਬਿਆਨ ਈ.ਡੀ. ਸਾਹਮਣੇ ਦਿੱਤੇ, ਉਸ ਨਾਲ ਪੰਜਾਬ ਸਰਕਾਰ ਮੁੜ ਕਸੂਤੀ ਘਿਰ ਗਈ ਹੈ। ਭੋਲੇ ਨੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਜੇਲ੍ਹ ਮੰਤਰੀ ਸਰਵਣ ਸਿੰਘ ਫਿਲੌਰ ਦੇ ਬੇਟੇ ਦਮਨਵੀਰ ਸਿੰਘ ਦਾ ਨਾਂ ਲਿਆ ਹੈ।





### ਦੋ ਸਾਲਾਂ 'ਚ ਦੋ ਮੰਤਰੀਆਂ ਦੀ ਹੋਈ ਛੁੱਟੀ ਤੇ ਤਿੰਨ ਉਤੇ ਲੱਗੇ ਦੋਸ਼

ਡਰੱਗ ਗਰੋਹ ਦੇ ਸਰਗਨੇ ਜਗਦੀਸ਼ ਭੋਲਾ ਨੇ ਪਿਛਲੇ ਹਫਤੇ ਈ.ਡੀ. ਦੀ ਪੁੱਛ-ਪੜਤਾਲ ਦੌਰਾਨ ਖੁਲਾਸਾ ਕੀਤਾ ਸੀ ਕਿ ਦਮਨਵੀਰ ਨੇ ਦਿੱਲੀ ਦੇ ਸਿੰਥੈਟਿਕ ਡਰੱਗ ਸਪਲਾਇਰ ਵਰਿੰਦਰ ਰਾਜ ਜੋ ਇਸ ਵੇਲੇ ਪਟਿਆਲਾ ਜੇਲ੍ਹ ਵਿਚ ਬੰਦ ਹੈ, ਨੂੰ ਚੂੰਨੀ ਲਾਲ ਗਾਬਾ ਨਾਲ ਮਿਲਾਇਆ ਸੀ। ਚੂੰਨੀ ਲਾਲ ਗਾਬਾ ਸਰਵਣ ਸਿੰਘ ਫਿਲੌਰ ਦਾ ਕਰੀਬੀ ਹੈ। ਈ.ਡੀ. ਦੇ ਅਫਸਰਾਂ ਨੇ ਦੱਸਿਆ ਕਿ ਗਾਬਾ ਜਿਸ ਦੀ ਬੱਦੀ (ਹਿਮਾਚਲ) ਵਿਚ ਦਵਾਈਆਂ ਬਣਾਉਣ ਵਾਲੀ ਫੈਕਟਰੀ ਹੈ, ਵੱਲੋਂ ਰਾਜਾ ਨੂੰ ਸੂਡੋਐਫਡ੍ਰੀਨ (ਆਈਸ ਡਰੱਗ ਬਣਾਉਣ ਵਾਲੀ ਸਮੱਗਰੀ) ਸਪਲਾਈ ਕੀਤੀ ਜਾਂਦੀ ਸੀ ਤੇ ਬਦਲੇ ਵਿਚ ਰਾਜਾ ਕੈਨੇਡਾ ਵਿਚ ਉਨ੍ਹਾਂ ਦੇ ਭਿਆਲਾਂ ਨੂੰ ਸਿੰਥੈਟਿਕ ਡਰੱਗ ਸਪਲਾਈ ਕਰਾਉਂਦਾ ਸੀ।

ਈ.ਡੀ. ਅਧਿਕਾਰੀ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਗਾਬਾ ਦੇ ਕਾਰੋਬਾਰੀ ਟਿਕਾਣਿਆਂ 'ਤੇ ਆਮਦਨ ਕਰ ਵਿਭਾਗ ਵੱਲੋਂ ਮਾਰੇ ਗਏ ਛਾਪੇ ਦੌਰਾਨ ਮਿਲੇ ਦਸਤਾਵੇਜ਼ ਤੱਕ ਰਸਾਈ ਵੀ ਮੰਗੀ ਹੈ। ਇਸੇ ਦੌਰਾਨ ਸ. ਸਰਵਣ ਸਿੰਘ ਫਿਲੌਰ ਨੇ ਮੰਨਿਆ ਕਿ ਗਾਬਾ ਨਾਲ ਉਨ੍ਹਾਂ ਦੇ ਪੁਰਾਣੇ ਸਬੰਧ ਹਨ ਪਰ ਨਾਲ ਹੀ ਕਿਹਾ ਕਿ ਉਸ ਦੇ ਕਾਰੋਬਾਰ ਵਿਚ ਕੋਈ ਭਿਆਲੀ ਨਹੀਂ ਹੈ।

ਉਂਜ, ਮਾਮਲਾ ਉਦੋਂ ਹੋਰ ਗੰਭੀਰ ਹੋ ਗਿਆ ਜਦੋਂ ਸਰਵਣ ਸਿੰਘ ਫਿਲੌਰ ਦਾ ਪੁੱਤਰ ਦਮਨਵੀਰ ਸਿੰਘ ਦੁਬਈ ਖਿਸਕ ਗਿਆ। ਈ.ਡੀ. ਦੇ ਸੂਤਰਾਂ ਅਨੁਸਾਰ ਦਮਨਵੀਰ ਅਤੇ ਗੋਰਾਇਆ ਦੇ ਕਾਰੋਬਾਰੀ ਚੂੰਨੀ ਲਾਲ ਗਾਬਾ ਨੂੰ ਪੁੱਛ-ਪੜਤਾਲ ਲਈ ਸੰਮਨ ਭੇਜੇ ਗਏ ਹਨ ਪਰ ਜੇਲ੍ਹ ਮੰਤਰੀ ਸਰਵਣ ਸਿੰਘ ਫਿਲੌਰ ਨੇ ਆਪਣੇ ਪੁੱਤਰ ਨੂੰ ਈ.ਡੀ. ਤੋਂ ਕਿਸੇ ਤਰ੍ਹਾਂ ਦੇ ਸੰਮਨ ਜਾਰੀ ਹੋਣ ਦਾ ਖੰਡਨ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਦੁਬਈ ਜਾਣ ਦੀ ਯੋਜਨਾ ਪਹਿਲਾਂ ਤੋਂ ਹੀ ਬਣੀ ਹੋਈ ਸੀ ਤੇ ਇਸ ਦਾ ਦਮਨਵੀਰ ਖ਼ਿਲਾਫ਼ ਦੋਸ਼ਾਂ ਨਾਲ ਕੋਈ ਸਬੰਧ ਨਹੀਂ। ਉਧਰ, ਦਮਨਵੀਰ ਸਿੰਘ ਦਾ ਨਾਂ ਤਸਕਰੀ ਦੇ ਮਾਮਲੇ ਨਾਲ ਜੁੜਨ ਤੋਂ ਬਾਅਦ ਮੁੱਖ

(ਬਾਕੀ ਸਫਾ 6 'ਤੇ)

# ਹਰਿਆਣਾ 'ਚ ਵੱਖਰੀ ਕਮੇਟੀ ਲਈ ਫਿਰ ਮੋਰਚਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਦੀਆਂ ਸਿੱਖ ਜਥੇਬੰਦੀਆਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਲਈ ਇਕ ਵਾਰ ਮੁੜ ਸਰਗਰਮ ਹੋ ਗਈਆਂ ਹਨ ਤੇ ਇਸ ਮੰਗ ਨੂੰ ਲੈ ਕੇ ਮਰਨ ਵਰਤ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਲੋਕ ਸਭਾ ਚੋਣਾਂ ਅਤੇ ਉਸ ਮਗਰੋਂ ਹਰਿਆਣਾ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਿੱਖ ਜਥੇਬੰਦੀਆਂ ਇਸ ਨੂੰ ਆਰ-ਪਾਰ ਦੀ ਲੜਾਈ ਬਣਾਉਣ ਦੇ ਰੌਂਅ ਵਿਚ ਹਨ। ਵੱਖਰੀ ਕਮੇਟੀ ਦੀ ਮੰਗ ਦਾ ਮੁੱਦਾ ਲੈ ਕੇ ਹਰਿਆਣਾ ਦੀਆਂ ਕੁਝ ਸਿੱਖ ਜਥੇਬੰਦੀਆਂ ਨੇ 2011 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜੀਆਂ ਸਨ ਪਰ ਚੋਣਾਂ ਹਾਰਨ ਕਰ ਕੇ ਇਹ ਮੁੱਦਾ ਠੰਢੇ ਬਸਤੇ ਵਿਚ ਪੈ ਗਿਆ।




ਜਗਦੀਸ਼ ਸਿੰਘ ਝੀਂਡਾ

ਸੰਘਰਸ਼ ਕਰ ਰਹੀਆਂ ਸਿੱਖ ਜਥੇਬੰਦੀਆਂ ਦਾ ਮੰਨਣਾ ਹੈ ਕਿ ਹਰਿਆਣਾ ਦੀ ਕਾਂਗਰਸ ਸਰਕਾਰ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਲਈ ਤਿਆਰ ਸੀ ਪਰ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੋਲ

(ਬਾਕੀ ਸਫਾ 6 'ਤੇ)


REAL ESTATE & HOME LOANS
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21 M&M and Associates
209.918.6464
ahundal@c21mm.com


Raja Sweets & Catering
Toll Free 1-866-FOR-RAJA
www.rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloода Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਗੁਰਦੁਆਰਾ ਫਰੀਮਾਂਟ ਸੁਪਰੀਮ ਕੌਂਸਲ ਚੋਣਾਂ ਲਈ ਮੈਦਾਨ ਭਖਿਆ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ ਆਉਂਦੀ 9 ਮਾਰਚ ਨੂੰ ਹੋਣ ਵਾਲੀਆਂ ਚੋਣਾਂ ਲਈ ਮੈਦਾਨ ਪੂਰੀ ਤਰ੍ਹਾਂ ਭਖ ਗਿਆ ਹੈ ਅਤੇ ਚੋਣਾਂ ਲੜ ਰਹੀਆਂ ਦੋਹਾਂ ਸਲੇਟਾਂ-ਸਿੱਖ ਪੰਚਾਇਤ ਅਤੇ ਬੇ-ਏਰੀਆ ਸਿੱਖ ਅਲਾਇੰਸ ਦੇ ਹਮਾਇਤੀਆਂ ਵਲੋਂ ਆਪੋ ਆਪਣੇ ਹੱਕ ਵਿਚ ਜ਼ੋਰਦਾਰ ਪ੍ਰਚਾਰ ਅਤੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।



*ਸਿੱਖ ਪੰਚਾਇਤ ਵਲੋਂ ਕੀਤੀ ਗਈ ਇਕੱਤਰਤਾ ਵਿਚ ਹਾਜ਼ਰ ਸਮਰਥਕ*


ਇਸੇ ਸਿਲਸਿਲੇ ਵਿਚ ਸਿੱਖ ਪੰਚਾਇਤ ਦੀ ਸਲੇਟ ਦੇ ਸਮਰਥਨ ਵਿਚ ਭਾਈਚਾਰੇ ਦਾ ਇਕ ਇਕੱਠ ਇਥੇ ਚਾਂਦਨੀ ਰੈਸਟੋਰੈਂਟ ਵਿਚ ਕੀਤਾ ਗਿਆ, ਜਿਸ ਵਿਚ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਸਿੱਖ ਪੰਚਾਇਤ ਦੇ ਹੋਂਦ ਵਿਚ ਆਉਣ ਅਤੇ ਪਿਛਲੀਆਂ ਚੋਣਾਂ ਵਿਚ ਇਸ ਦੀ ਸਲੇਟ ਦੇ ਜਿੱਤਣ ਪਿਛੋਂ ਗੁਰੂ ਘਰ ਦੀਆਂ ਸੰਗਤਾਂ ਵਿਚ ਮਾਹੌਲ ਪਹਿਲਾਂ ਨਾਲੋਂ ਕਿਤੇ ਸੁਖਾਵਾਂ ਹੋਇਆ ਹੈ। ਇਸ ਅਮਲ ਨੂੰ ਜਾਰੀ ਰੱਖਣ ਲਈ ਸਿੱਖ ਪੰਚਾਇਤ ਦੇ ਉਮੀਦਵਾਰਾਂ ਨੂੰ ਜਿਤਾ ਕੇ ਸਿੱਖ ਪੰਚਾਇਤ ਨੂੰ ਗੁਰੂ ਘਰ ਦੀ ਤਰੱਕੀ ਲਈ ਉਪਰਾਲੇ ਜਾਰੀ ਰੱਖਣ ਵਾਸਤੇ ਇਕ ਹੋਰ ਮੌਕਾ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੰਗਤ ਦੀਆਂ ਭਵਿੱਖ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਨਵੇਂ ਪ੍ਰਾਜੈਕਟ ਉਲੀਕੇ ਗਏ ਹਨ, ਜਿਨ੍ਹਾਂ ਲਈ ਲੋੜੀਂਦੇ ਵਿੱਤੀ ਸਾਧਨਾਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ। ਇਸ ਸਬੰਧੀ ਵਿਰੋਧੀ ਬੇਏਰੀਆ ਸਿੱਖ ਅਲਾਇੰਸ ਵਲੋਂ ਲਾਏ ਜਾ ਰਹੇ ਦੋਸ਼ ਸੌੜੀ ਰਾਜਨੀਤੀ ਦਾ ਹਿੱਸਾ ਹਨ। ਉਨ੍ਹਾਂ ਸੰਗਤ ਨੂੰ ਅਜਿਹੇ ਪ੍ਰਚਾਰ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।

ਬੁਲਾਰਿਆਂ ਨੇ ਆਖਿਆ ਕਿ ਸਿੱਖ ਪੰਚਾਇਤ ਸਲੇਟ ਵਲੋਂ ਵਿਰੋਧੀ ਧਿਰ ਨੂੰ ਵਾਰ ਵਾਰ ਬਹਿਸ ਦੀ ਚੁਣੌਤੀ ਦਿੱਤੀ ਗਈ ਹੈ ਪਰ ਉਹ ਇਸ ਤੋਂ ਭੱਜ ਗਏ ਹਨ। ਸਿੱਖ ਪੰਚਾਇਤ ਸਲੇਟ ਦੇ ਸਾਰੇ ਮੈਂਬਰ ਨਾ ਸਿਰਫ ਬਹੁਤ ਪੜ੍ਹੇ-ਲਿਖੇ ਹੀ ਹਨ ਸਗੋਂ ਉਨ੍ਹਾਂ ਨੂੰ ਸਥਾਨਕ ਅਮਰੀਕੀ ਸਿਸਟਮ ਦੀ ਵੀ ਪੂਰੀ ਸਮਝ ਹੈ।

ਪ੍ਰਬੰਧਕਾਂ ਅਨੁਸਾਰ ਇਸ ਇਕੱਤਰਤਾ ਵਿਚ 900 ਤੋਂ ਵੱਧ ਲੋਕ ਸ਼ਾਮਲ ਹੋਏ। ਸਿੱਖ ਪੰਚਾਇਤ ਨੇ ਗੁਰਦੁਆਰਾ ਫਰੀਮਾਂਟ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ 9 ਮਾਰਚ ਨੂੰ ਗੁਰੂ ਘਰ ਪਹੁੰਚ ਕੇ ਵੋਟਾਂ ਪਾਉਣ ਅਤੇ ਸਿੱਖ ਪੰਚਾਇਤ ਦੀ ਸਲੇਟ ਨੂੰ ਜਿਤਾਉਣ।

ਜ਼ਿਕਰਯੋਗ ਹੈ ਕਿ ਸਿੱਖ ਪੰਚਾਇਤ ਦੀ ਸਲੇਟ ਵਿਚ ਭਾਈ ਤਰਸੇਮ ਸਿੰਘ, ਭਾਈ ਹਰਜੀਤ ਸਿੰਘ, ਭਾਈ ਗੁਰਿੰਦਰ ਸਿੰਘ, ਭਾਈ ਲਖਬੀਰ ਸਿੰਘ ਤੇ ਭਾਈ ਜਸਦੇਵ ਸਿੰਘ ਸ਼ਾਮਲ ਹਨ। ਬੁਲਾਰਿਆਂ ਨੇ ਸਰਬਸੰਮਤੀ ਦੇ ਗੁਣਾਂ ਬਾਰੇ ਵਿਸਥਾਰ ਨਾਲ ਦੱਸਿਆ। ਜਿਨ੍ਹਾਂ ਬੁਲਾਰਿਆਂ ਨੇ ਸਮਾਗਮ ਨੂੰ ਸੰਬੋਧਨ ਕੀਤਾ ਉਨ੍ਹਾਂ ਵਿਚ ਤਰਸੇਮ ਸਿੰਘ, ਗੁਰਿੰਦਰ ਸਿੰਘ, ਹਰਜੀਤ ਸਿੰਘ, ਜਸਦੇਵ ਸਿੰਘ, ਲਖਬੀਰ ਸਿੰਘ, ਰਾਮ ਸਿੰਘ, ਜਸਦੀਪ ਸਿੰਘ, ਕਸ਼ਮੀਰ ਸਿੰਘ ਸ਼ਾਹੀ, ਬੀਬੀ ਸਰਬਜੀਤ ਕੌਰ, ਜਸਜੀਤ ਸਿੰਘ, ਡਾ. ਪ੍ਰਿਤਪਾਲ ਸਿੰਘ, ਬੀਬੀ ਗੁਰਬਖਸ਼ ਕੌਰ ਕਾਹਲੋਂ, ਅੰਮ੍ਰਿਤਪਾਲ ਸਿੰਘ, ਤਰਨ ਸਿੰਘ, ਰਜਿੰਦਰ ਸਿੰਘ ਟਾਂਡਾ, ਡਾ. ਆਲਾ ਸਿੰਘ ਭੋਗਲ ਅਤੇ ਗੁਰਪਾਲ ਸਿੰਘ ਹੰਸਰਾ ਸ਼ਾਮਲ ਸਨ। ਮੰਚ ਸੰਚਾਲਨ ਭਾਈ ਦਵਿੰਦਰ ਸਿੰਘ ਨੇ ਕੀਤਾ।

ਇਸੇ ਦੌਰਾਨ ਬੇਏਰੀਆ ਸਿੱਖ ਅਲਾਇੰਸ ਵਲੋਂ ਵੀ ਆਪਣੀ ਸਲੇਟ ਦੀ ਹਮਾਇਤ ਵਿਚ ਇਕ ਭਾਈਚਾਰਕ ਇਕੱਠ ਹੇਵਰਡ ਦੇ ਰਾਜਾ ਸਵੀਟਸ ਰੈਸਟੋਰੈਂਟ ਵਿਚ ਕੀਤਾ ਗਿਆ। ਇਸ ਇਕੱਠ ਵਿਚ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਗੁਰਦੁਆਰਾ ਫਰੀਮਾਂਟ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਸੰਗਤਾਂ ਦੇ ਵੋਟਾਂ ਪਾ ਕੇ ਆਪਣੇ ਪ੍ਰਬੰਧਕ ਚੁਣਨ ਦੇ ਹੱਕ ਨੂੰ ਬਹਾਲ ਰੱਖਣ ਵਾਸਤੇ ਬੇਏਰੀਆ ਸਿੱਖ ਅਲਾਇੰਸ ਦੀ ਸਲੇਟ



*ਬੇਏਰੀਆ ਸਿੱਖ ਅਲਾਇੰਸ ਦੀ ਇਕੱਤਰਤਾ ਵਿਚ ਬੈਠੇ ਹਨ ਸੁਪਰੀਮ ਕੌਂਸਲ ਲਈ ਸਲੇਟ ਦੇ ਉਮੀਦਵਾਰ*

ਨੂੰ ਵੋਟਾਂ ਪਾ ਕੇ ਵੱਡੇ ਫਰਕ ਨਾਲ ਜਿਤਾਇਆ ਜਾਵੇ। ਉਨ੍ਹਾਂ ਕਿਹਾ ਕਿ ਆਪਣੇ ਨੁਮਾਇੰਦੇ ਵੋਟਾਂ ਰਾਹੀਂ ਚੁਣਨਾ ਸੰਗਤ ਦਾ ਹੱਕ ਹੈ ਅਤੇ ਇਸ ਨੂੰ 'ਅਖੌਤੀ ਸਰਬਸੰਮਤੀ' ਦੇ ਬਹਾਨੇ ਖੋਹਿਆ ਨਹੀਂ ਜਾਣਾ ਚਾਹੀਦਾ। ਬੁਲਾਰਿਆਂ ਨੇ ਆਖਿਆ ਕਿ ਮੌਜੂਦਾ ਸੁਪਰੀਮ ਕੌਂਸਲ ਵਲੋਂ ਉਸਾਰੀ ਦੇ ਜੋ ਪ੍ਰਾਜੈਕਟ ਉਲੀਕੇ ਗਏ ਹਨ, ਉਹ ਭਵਿੱਖ ਵਿਚ ਸੰਗਤ ਉਤੇ ਵੱਡਾ ਮਾਲੀ ਬੋਝ ਸਾਬਤ ਹੋਣਗੇ ਕਿਉਂਕਿ ਬੇਏਰੀਏ ਵਿਚ ਨਵੇਂ ਬਣ ਰਹੇ ਗੁਰਦੁਆਰਿਆਂ ਕਰਕੇ ਫਰੀਮਾਂਟ ਦੀ ਸੰਗਤ ਪਹਿਲਾਂ ਨਾਲੋਂ ਘਟ ਜਾਵੇਗੀ। ਮੌਜੂਦਾ ਸੁਪਰੀਮ ਕੌਂਸਲ ਨੇ ਪ੍ਰਾਜੈਕਟ ਲਈ ਨਕਸ਼ੇ ਵਗੈਰਾ ਤਿਆਰ ਕਰਵਾਉਣ ਅਤੇ ਪਰਮਿਟ ਲੈਣ ਲਈ ਬਿਨਾ ਵਜ੍ਹਾ ਵੱਡੀਆਂ ਰਕਮਾਂ ਖਰਚੀਆਂ ਹਨ। ਇਸ ਵਲੋਂ 85 ਲੱਖ ਡਾਲਰ ਦੇ ਪ੍ਰਾਜੈਕਟ ਉਲੀਕੇ ਗਏ ਹਨ ਜਦੋਂਕਿ ਪਿਛਲੇ ਛੇ ਸਾਲਾਂ ਵਿਚ ਗੁਰੂ ਘਰ ਦੇ ਮੌਜੂਦਾ 15 ਲੱਖ ਡਾਲਰ ਦੇ ਕਰਜ਼ੇ ਦਾ ਸਿਰਫ ਵਿਆਜ਼ ਹੀ ਮੋੜ ਹੋਇਆ ਹੈ। ਇਸ ਤੋਂ ਵੀ ਵੱਡੀ ਗੱਲ ਇਹ ਕਿ ਦੋ ਡਾਲਰ ਪ੍ਰਤੀ ਘੰਟਾ ਕਮਾਈ ਕਰ ਕੇ ਕੱਢੇ ਦਸਵੰਧ ਨਾਲ ਉਸਾਰੇ ਗਏ ਮੌਜੂਦਾ ਹਾਲ ਨੂੰ ਢਾਹੁਣ ਦੀ ਗੱਲ ਕੀਤੀ ਜਾ ਰਹੀ ਹੈ ਜੋ ਕਿ ਬੇਹੱਦ ਦੁਖਦਾਈ ਹੈ। ਬੇਏਰੀਆ ਸਿੱਖ ਅਲਾਇੰਸ ਦੇ ਆਗੂ ਅਵਤਾਰ ਸਿੰਘ ਧਾਮੀ ਨੇ ਕਿਹਾ ਕਿ ਜੇ ਉਨ੍ਹਾਂ ਦੀ ਸਲੇਟ ਜਿੱਤਦੀ ਹੈ ਤਾਂ ਉਹ ਅਜਿਹਾ ਬਿਲਕੁਲ ਨਹੀਂ ਹੋਣ ਦੇਣਗੇ।

ਇਸ ਇਕੱਠ ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ ਵਿਚ ਮੁੱਖ ਤੌਰ 'ਤੇ ਅਵਤਾਰ ਸਿੰਘ ਧਾਮੀ, ਜਸਵੰਤ ਸਿੰਘ, ਬੀਬੀ ਰਣਬੀਰ ਕੌਰ, ਮਾਸਟਰ ਹਰਚੰਦ ਸਿੰਘ, ਗੁਰਚਰਨ ਸਿੰਘ ਮਾਨ, ਗੁਰਦਾਵਰ ਸਿੰਘ ਮਹੇੜੂ, ਹਰਦੀਪ ਸਿੰਘ ਔਲਖ, ਇਕਬਾਲ ਸਿੰਘ ਹੁੰਦਲ, ਸੁਖਵਿੰਦਰ ਸਿੰਘ ਵੜੈਚ, ਅਮੋਲਕ ਸਿੰਘ ਗਾਖਲ, ਹਰਸਿਮਰਤ ਕੌਰ, ਦਵਿੰਦਰ ਸਿੰਘ ਚਾਨਾ, ਹਰਭਜਨ ਸਿੰਘ ਦੋਸਾਂਝ, ਸ਼ਰਨਪਾਲ ਸਿੰਘ ਬੈਂਸ, ਡਾ. ਜਗਤਾਰ ਸਿੰਘ, ਤਰਨਜੀਤ ਸਿੰਘ ਸੰਧੂ, ਜਸਬੀਰ ਸਿੰਘ ਤੱਖਰ, ਰਾਣਾ ਕਾਹਲੋਂ, ਪ੍ਰੀਤਮ ਸਿੰਘ ਗਰੇਵਾਲ, ਹਰਦੇਵ ਸਿੰਘ ਗਰੇਵਾਲ, ਢਾਡੀ ਲਸ਼ਕਰ ਸਿੰਘ, ਪਰਮਜੀਤ ਸਿੰਘ ਸੇਖੋਂ, ਭੁਪਿੰਦਰ ਸਿੰਘ ਢਿੱਲੋਂ, ਜਸਵਿੰਦਰ ਸਿੰਘ (ਜੱਸੀ) ਗਿੱਲ, ਇੰਦਰਜੀਤ ਸਿੰਘ ਥਿੰਦ, ਦਲਵਿੰਦਰ ਸਿੰਘ ਧੂਤ, ਹਰਜਿੰਦਰ ਸਿੰਘ ਜੌਹਲ, ਮਾਲਵਿੰਦਰ ਸਿੰਘ ਚਾਹਲ, ਲਖਬੀਰ ਸਿੰਘ ਪਟਵਾਰੀ, ਬਿਕਰਮਜੀਤ ਸਿੰਘ, ਸੁਖਵਿੰਦਰ ਸਿੰਘ, ਪ੍ਰਿੰ. ਰਾਜਪਾਲ ਸਿੰਘ, ਨਵਤੇਜ ਸਿੰਘ, ਪਾਲੀ ਮਹੇ ਅਤੇ ਮੰਗਜੀਤ ਸਿੰਘ ਸ਼ਾਮਲ ਸਨ। ਜ਼ਿਕਰਯੋਗ ਹੈ ਕਿ ਬੇਏਰੀਆ ਸਿੱਖ ਅਲਾਇੰਸ ਦੀ ਸਲੇਟ ਵਿਚ ਭਾਈ ਅਵਤਾਰ ਸਿੰਘ ਧਾਮੀ, ਭਾਈ ਗੁਰਚਰਨ ਸਿੰਘ ਮਾਨ, ਭਾਈ ਹਰਚਰਨ ਸਿੰਘ, ਭਾਈ ਜਸਵੰਤ ਸਿੰਘ ਅਤੇ ਬੀਬੀ ਰਣਬੀਰ ਕੌਰ ਸ਼ਾਮਲ ਹਨ।

ਬੇਏਰੀਆ ਸਿੱਖ ਅਲਾਇੰਸ ਦੇ ਆਗੂਆਂ ਨੇ ਦਾਅਵਾ ਕੀਤਾ ਕਿ ਜਿਸ ਤਰ੍ਹਾਂ ਇਸ ਇਕੱਤਰਤਾ ਵਿਚ ਸੰਗਤ ਹੁਮ ਹੁਮਾ ਕੇ ਪਹੁੰਚੀ, ਉਸ ਤੋਂ ਜ਼ਾਹਰ ਹੈ ਕਿ ਬਹੁਤ ਗਿਣਤੀ ਸੰਗਤ ਸਿੱਖ ਅਲਾਇੰਸ ਦੀ ਸਲੇਟ ਦੇ ਹੱਕ ਵਿਚ ਹੈ।

## 'ਆਕਾਸ਼' ਮਿਜ਼ਾਈਲ ਦੀ ਸਫ਼ਲ ਅਜ਼ਮਾਇਸ਼


**ਬਾਲਾਸੌਰ (ਉੜੀਸਾ):** ਭਾਰਤ ਨੇ ਦੇਸ਼ ਵਿਚ ਵਿਕਸਤ ਜ਼ਮੀਨ ਤੋਂ ਹਵਾ ਵਿਚ ਮਾਰ ਕਰਨ ਵਾਲੀ 'ਆਕਾਸ਼' ਮਿਜ਼ਾਈਲ ਦਾ ਇੰਟੇਗ੍ਰੇਟਿਡ ਟੈਸਟ ਰੇਂਜ ਲਾਂਚ ਕੰਪਲੈਕਸ ਚਾਂਦੀਪੁਰ ਵਿਖੇ ਸਫ਼ਲਤਾਪੂਰਵਕ ਪ੍ਰੀਖਣ ਕੀਤਾ। ਰੱਖਿਆ ਅਧਿਕਾਰੀਆਂ ਮੁਤਾਬਕ ਮਿਜ਼ਾਈਲ ਨੇ ਪਾਇਲਟ ਰਹਿਤ ਜਹਾਜ਼ 'ਲਕਸ਼ਿਆ' ਦੀ ਸਹਾਇਤਾ ਨਾਲ ਨਿਸ਼ਾਨੇ ਨੂੰ ਫੁੰਡਿਆ।



# ਸਿੱਖ ਪੰਚਾਇਤ ਦੀ ਸਲੇਟ
# SIKH PANCHAYAT SLATE


ਜਸਦੇਵ ਸਿੰਘ
JASDEV SINGH


ਲਖਵੀਰ ਸਿੰਘ
LAKHVIR SINGH


ਗੁਰਿੰਦਰ ਸਿੰਘ
GURINDER SINGH


ਤਰਸੇਮ ਸਿੰਘ
TARSEM SINGH


ਹਰਜੀਤ ਸਿੰਘ
HARJEET SINGH

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ' ਦੇ ਮਹਾਂਵਾਕ ਅਨੁਸਾਰ ਸਿੱਖ ਪੰਚਾਇਤ ਵਲੋਂ ਫਰੀਮਾਂਟ ਗੁਰਦਵਾਰਾ ਸਾਹਿਬ ਦੀ ਸੰਗਤ ਨੂੰ ਇਕ ਕੇਸਰੀ ਨਿਸ਼ਾਨ ਹੇਠ ਲਿਆਉਣ ਲਈ ਇਸ ਸਾਲ ਵੀ ਸੁਪਰੀਮ ਕੌਂਸਲ ਦੀ ਚੋਣ ਸਰਬਸੰਮਤੀ ਨਾਲ ਕਰਾਉਣ ਦਾ ਯਤਨ ਕੀਤਾ ਸੀ। ਸਿੱਖ ਇਤਿਹਾਸ ਵਿਚ 'ਗੁਰਮਤੇ' ਵਾਲੀ ਪ੍ਰੰਪਰਾ ਦੀ ਰੋਸ਼ਨੀ ਵਿਚ ਕਾਰਵਾਈ ਸ਼ੁਰੂ ਕੀਤੀ ਗਈ। ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਨੇ 'ਗੁਰਮਤਾ' ਕਰਨ ਦਾ ਸਿਧਾਂਤ ਸਿੱਖਾਂ ਨੂੰ ਦਿਤਾ। ਇਸ ਸਿਧਾਂਤ ਅਧੀਨ ਸਿੱਖ ਆਪਣੇ ਸਾਰੇ ਮਤਭੇਦ ਭੁਲਾ ਕੇ ਪੰਥ ਦੀ ਚੜ੍ਹਦੀ ਕਲ੍ਹਾ ਲਈ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠਕੇ ਸਰਬਸੰਮਤੀ ਨਾਲ ਫੈਸਲੇ ਲੈਂਦੇ ਹਨ ਅਤੇ ਇਹ ਫੈਸਲੇ ਸਿੱਖਾਂ ਲਈ ਅਟੱਲ ਹੁੰਦੇ ਹਨ।

## ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਸਿੰਘ ਚੁਣਨ ਦਾ 'ਗੁਰਮਤਾ' ਕੀਤਾ ਗਿਆ। ਇਹ ਸਾਰੀ ਪ੍ਰਕ੍ਰਿਆ ਇਮਾਨਦਰੀ ਅਤੇ ਸਿੱਖ ਸਿਧਾਂਤ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਈ।

## ਸਿੱਖ ਪੰਚਾਇਤ ਨੇ ਸਭ ਤੋ ਪਹਿਲਾਂ ਆਪਣੇ ਹੇਠ ਉਦੇਸ਼ ਮੁਕਰਰ ਕੀਤੇ।

- ਗੁਰੂ ਘਰ ਵਿਚ ਵਿਚ ਸਦ ਭਾਵਨਾ ਅਤੇ ਸਿੱਖ ਭਾਈਚਾਰੇ ਵਿਚ ਮਿਲਵਰਤਨ ਵਾਲਾ ਮਾਹੌਲ ਪੈਦਾ ਕਰਨਾ।
- ਗੁਰਪਾਂ ਨਾਲ ਸਬੰਧਤ ਨਾ ਹੋਣ ਵਾਲੇ ਸੰਗਤ ਦੇ ਮੈਬਰਾਂ ਨੂੰ ਗੁਰੂ ਘਰ ਵਿਚ ਯੋਗਤਾ ਅਨੁਸਾਰ ਸੇਵਾ ਕਰਨ ਦਾ ਮੌਕਾ ਪ੍ਰਦਾਨ ਕਰਨਾ।
- ਨੌਜਵਾਨ ਪੀੜੀ ਨੂੰ ਗੁਰੂ ਘਰ ਦੇ ਪ੍ਰਬੰਧ ਵਿਚ ਸ਼ਾਮਲ ਕਰਨਾ।
- ਗੁਰੂ ਘਰ ਦੇ ਸਾਧਨਾਂ ਦੀ ਠੀਕ ਅਤੇ ਸੁਚੱਜੀ ਵਰਤੋ ਕਰਨੀ।
- ਖਾਲਸਾ ਸਕੂਲ ਦੀ ਉਸਾਰੀ ਨੂੰ ਨੇਪਰੇ ਚਾੜਨ ਲਈ ਉਪਰਾਲਾ ਕਰਨਾ
- ਮੀਡੀਏ ਵਿਚ ਸਿੱਖ ਭਾਈਚਾਰੇ ਦੀ ਬਦਨਾਮੀ ਹੋਣ ਤੋ ਬਚਾਓ ਦੇ ਉਪਾਅ ਕਰਨੇ।
- ਗੁਰੂ ਘਰ ਦੇ ਦਰਪੇਸ਼ ਮਸਲਿਆਂ ਨੂੰ ਮਿਲ ਬੈਠ ਕੇ ਹਲ ਕਰਨ ਦਾ ਸਿਸਟਮ ਕਾਇਮ ਕਰਨਾ।
- ਸਿੱਖ ਭਾਈਚਾਰੇ ਦੇ ਬਹੁਪੱਖੀ ਵਿਕਾਸ ਲਈ ਨਵੇਂ ਉਦਮ ਆਰੰਭਣੇ ਜਿਵੇਂ ਕਿ ਬੱਚਿਆਂ ਦੀ ਪੜਾਈ, ਪ੍ਰਵਾਰਾਂ ਨੂੰ ਸਹੂਲਤਾਂ ਅਤੇ ਤਕਨੀਕੀ ਵਿਦਿਆ ਆਦਿ।

## ਅਪੀਲ

ਸਾਡੀ ਸਿੱਖ ਸੰਗਤ ਨੂੰ ਅਪੀਲ ਹੈ ਕਿ ਆਪਾਂ 'ਗੁਰਮਤੇ' ਰਾਹੀਂ ਗੁਰੂ ਦੀ ਹਜ਼ੂਰੀ ਵਿਚ ਚੁਣੇ ਸਿੰਘਾਂ ਦੇ ਹੱਕ ਵਿਚ ਡੱਟ ਕੇ ਖੜੀਏ ਅਤੇ ਸਿੱਖ ਸਿਧਾਂਤ ਨੂੰ ਖੋਰਾ ਲਾਉਣ ਵਾਲੀਆਂ ਤਾਕਤਾਂ ਨੂੰ ਕਰਾਰੀ ਭਾਂਜ ਦੇਈਏ। ਆਪਣਾ ਕੀਮਤੀ ਵੋਟ ਸਿੱਖ ਪੰਚਾਇਤ ਦੇ ਸਾਂਝੇ ਉਮੀਦਵਾਰਾਂ ਨੂੰ ਪਾ ਕੇ ਕਾਮਯਾਬ ਬਣਾਓ ਅਤੇ ਗੁਰੂ ਭਰ ਵਿਚ ਭਾਈਚਾਰੇ ਵਿਚ ਸਾਂਝੀਵਾਲਤਾ ਦਾ ਮਾਹੌਲ ਸਿਰਜਣ ਵਿਚ ਸਹਾਈ ਹੋਵੋ ਜੀ। ਧੰਨਵਾਦ।



# ਨਰਿੰਦਰ ਮੋਦੀ ਨੇ ਸਿੱਖਾਂ ਦਾ ਮਨ ਮੋਹਣ ਲਈ ਲਾਇਆ ਟਿੱਲ

**ਜਗਰਾਉਂ:** ਪ੍ਰਧਾਨ ਮੰਤਰੀ ਦੇ ਅਹੁਦੇ ਲਈ ਭਾਜਪਾ ਦੇ ਉਮੀਦਵਾਰ ਨਰਿੰਦਰ ਮੋਦੀ ਨੇ 23 ਫਰਵਰੀ ਨੂੰ ਫਤਹਿ ਰੈਲੀ ਦੌਰਾਨ ਐਲਾਨ ਕੀਤਾ ਕਿ ਗੁਜਰਾਤ ਦੇ ਕੱਛ ਖੇਤਰ ਵਿਚੋਂ ਕਿਸੇ ਵੀ ਸਿੱਖ ਕਿਸਾਨ ਨੂੰ ਉਜਾੜਿਆ ਨਹੀਂ ਜਾਵੇਗਾ। ਅਕਾਲੀ-ਭਾਜਪਾ ਦਾ ਗਠਜੋੜ ਸਿਆਸੀ ਨਹੀਂ-ਸਮਾਜਕ ਹੈ ਜੋ ਹਿੰਦੂ-ਸਿੱਖ ਏਕਤਾ ਦਾ ਪ੍ਰਤੀਕ ਬਣ ਚੁੱਕਾ ਹੈ। ਉਨ੍ਹਾਂ ਵਾਅਦਾ ਕੀਤਾ ਕਿ ਰੈਲੀ ਦੌਰਾਨ ਉਨ੍ਹਾਂ ਦੇ ਸਿਰ 'ਤੇ ਜੋ ਪੱਗ ਰੱਖੀ ਗਈ ਹੈ, ਉਹ ਉਸ ਦੇ ਸਨਮਾਨ ਦੀ ਪੂਰੀ ਰੱਖਿਆ ਕਰਨਗੇ। ਉਨ੍ਹਾਂ ਕਿਹਾ ਕਿ ਗੁਜਰਾਤ 'ਤੇ ਜਿੰਨਾ ਅਧਿਕਾਰ ਉਨ੍ਹਾਂ ਦਾ ਹੈ, ਉਨਾ ਹੀ ਉਥੇ ਵਸੇ ਸਿੱਖਾਂ ਤੇ ਕਿਸਾਨਾਂ ਦਾ ਹੈ। ਕਿਸਾਨਾਂ ਨੂੰ ਉਥੋਂ ਉਜਾੜਨ ਦੀ ਗੱਲ ਕਦੇ ਸੋਚੀ ਵੀ ਨਹੀਂ ਜਾ ਸਕਦੀ। ਕਰੀਬ 40 ਮਿੰਟ ਦੇ ਆਪਣੇ ਭਾਸ਼ਣ ਨੂੰ ਉਨ੍ਹਾਂ ਸਿੱਖਾਂ ਤੇ ਕਿਸਾਨਾਂ ਦੇ ਆਲੇ-ਦੁਆਲੇ ਹੀ ਰੱਖਿਆ ਪਰ 1984 ਦੇ ਸਿੱਖ ਕਤਲ-ਏ-ਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਬਾਰੇ ਕੋਈ ਗੱਲ ਨਹੀਂ ਕੀਤੀ।ਉਨ੍ਹਾਂ ਕਿਹਾ ਕਿ ਉਨ੍ਹਾਂ ਤੇ ਪੰਜਾਬ ਦਾ ਨਾਤਾ ਬਹੁਤ ਖਾਸ ਹੈ। ਸਿੱਖਾਂ ਦਾ ਦੇਸ਼ ਦੇ ਵਿਕਾਸ ਵਿਚ ਅਹਿਮ ਯੋਗਦਾਨ ਹੈ ਜਿਸ ਨੂੰ ਕੋਈ ਵੀ ਪਾਰਟੀ ਭੁਲਾ ਨਹੀਂ ਸਕਦੀ।ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਜਰਾਤ ਨਾਲ ਨਾਤਾ ਸੀ, ਸਿੰਧ ਜਾਣ ਲੱਗੇ ਸ੍ਰੀ ਗੁਰੂ ਨਾਨਕ ਦੇਵ ਜੀ ਗੁਜਰਾਤ ਦੇ ਕੁਝ ਜ਼ਿਲ੍ਹਿਆਂ ਵਿਚ ਰੁਕੇ ਸਨ, ਜਿਥੇ ਗੁਰਦੁਆਰਾ ਸਾਹਿਬ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰਿਆਂ ਦੇ ਵਿਚੋਂ ਇਕ ਗੁਜਰਾਤ ਦਾ ਹੀ ਸੀ।



ਮੁੱਖ ਮੰਤਰੀ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ 1982 ਦੇ ਸਿੱਖ ਕਤਲ-ਏ-ਆਮ ਦੇ ਦੋਸ਼ੀਆਂ ਲਈ ਸਜ਼ਾ ਚਾਹੁੰਦਾ ਹੈ ਤੇ ਕੇਸਾਂ ਦੀ ਸੁਣਵਾਈ ਫਾਸਟ ਕੋਰਟਾਂ ਵਿਚ ਹੋਵੇ। ਇਸ ਤੋਂ ਇਲਾਵਾ 1980 ਦੇ ਅਪਰੇਸ਼ਨ ਬਲਿਊ ਸਟਾਰ ਤੇ ਦੰਗਿਆਂ ਵਿਚ ਵਿਦੇਸ਼ੀ ਹੱਥ ਦੀ ਜਾਂਚ ਸੁਪਰੀਮ ਕੋਰਟ ਨੇ ਮੌਜੂਦਾ ਜੱਜ ਤੋਂ ਕਰਵਾਈ ਜਾਵੇ। ਉਨ੍ਹਾਂ ਮੰਗ ਕੀਤੀ ਕਿ ਖੇਤੀਬਾੜੀ ਬਜਟ ਵੀ ਰੇਲ ਬਜਟ ਵਾਂਗ ਵੱਖਰੇ ਤੌਰ 'ਤੇ ਪੇਸ਼ ਹੋਵੇ।

ਉਧਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਮੋਦੀ ਵੱਲੋਂ ਅੱਜ ਜਗਰਾਉਂ ਰੈਲੀ ਦੌਰਾਨ ਦਿੱਤੇ ਭਾਸ਼ਣ ਨੂੰ ਖੋਖਲਾ ਦੱਸਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੰਜਾਬ ਦੀ ਜ਼ਮੀਨੀ ਹਕੀਕਤ ਬਾਰੇ ਕੋਈ ਜਾਣਕਾਰੀ ਹੀ ਨਹੀਂ। ਉਹ ਗੁਜਰਾਤ ਦੇ ਸਿੱਖ ਕਿਸਾਨਾਂ ਦੀਆਂ ਸਮੱਸਿਆਵਾਂ ਸੁਣਨ ਵਿਚ ਵੀ ਨਾਕਾਮ ਰਹੇ ਜਿਨ੍ਹਾਂ ਨੂੰ ਆਪਣੀ ਜ਼ਮੀਨ ਤੋਂ ਵਾਂਝਾ ਕੀਤਾ ਜਾ ਰਿਹਾ ਹੈ।

## ਗੁਜਰਾਤੀ ਸਿੱਖਾਂ ਦੇ ਮਨਾਂ ਵਿਚ ਅਜੇ ਵੀ ਸ਼ੰਕੇ

**ਚੰਡੀਗੜ੍ਹ:** ਜਗਰਾਓਂ ਰੈਲੀ ਵਿਚ ਨਰਿੰਦਰ ਮੋਦੀ ਵੱਲੋਂ ਗੁਜਰਾਤ ਦੇ ਸਿੱਖ ਕਿਸਾਨਾਂ ਨੂੰ ਨਾ ਉਜਾੜੇ ਜਾਣ ਦੇ ਐਲਾਨ ਤੋਂ ਉਥੋਂ ਦੇ ਕਿਸਾਨਾਂ ਨੇ ਕਿਹਾ ਹੈ ਕਿ ਜੇਕਰ ਸ੍ਰੀ ਮੋਦੀ ਆਪਣੇ ਵਾਅਦੇ ਨੂੰ ਪੂਰਾ ਕਰਦੇ ਹਨ ਤਾਂ ਹੀ ਉਹ ਸੰਤੁਸ਼ਟ ਹੋਣਗੇ। ਗੁਜਰਾਤ ਦੇ ਕਿਸਾਨ ਸੁਰਿੰਦਰ ਸਿੰਘ ਭੁੱਲਰ ਨੇ ਕਿਹਾ ਕਿ ਮੋਦੀ ਵੱਲੋਂ ਜਗਰਾਓਂ ਰੈਲੀ ਵਿਚ ਦਿੱਤੇ ਬਿਆਨ ਦਾ ਸਵਾਗਤ ਕਰਦੇ ਹਨ ਪਰ ਮਨਾਂ ਵਿਚ ਅਜੇ ਵੀ ਕਈ ਸੁਆਲ ਤੇ ਸ਼ੰਕੇ ਹਨ ਜਿਨ੍ਹਾਂ ਨੂੰ ਦੂਰ ਕੀਤਾ ਜਾਣਾ ਬਾਕੀ ਹੈ। ਸ. ਭੁੱਲਰ ਨੇ ਕਿਹਾ ਕਿ ਜੇਕਰ ਗੁਜਰਾਤ ਸਰਕਾਰ ਸੁਪਰੀਮ ਕੋਰਟ ਵਿਚ ਦਾਖ਼ਲ ਕੇਸ ਨੂੰ ਵਾਪਸੀ ਦੇ ਹੁਕਮ ਦਿੰਦੀ ਹੈ ਤਾਂ ਸਿੱਖ ਕਿਸਾਨ ਸ੍ਰੀ ਮੋਦੀ ਦਾ ਨਿੱਘਾ ਸਵਾਗਤ ਕਰਨਗੇ। ਭੁੱਜ ਜ਼ਿਲ੍ਹੇ ਦੇ ਕਿਸਾਨ ਲਛਮਣ ਸਿੰਘ ਬਰਾੜ ਨੇ ਵੀ ਕਿਹਾ ਹੈ ਕਿ ਗੁਜਰਾਤ ਸਰਕਾਰ ਨੂੰ ਹੁਣ ਸੁਪਰੀਮ ਕੋਰਟ ਵਿਚ ਦਾਖ਼ਲ ਅਪੀਲ ਨੂੰ ਵਾਪਸ ਲੈ ਲੈਣਾ ਚਾਹੀਦਾ ਹੈ। ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਡਾਕਟਰ ਅਜਾਇਬ ਸਿੰਘ ਜੋ ਗੁਜਰਾਤ ਵਿਚ ਸਿੱਖ ਕਿਸਾਨਾਂ ਦੇ ਉਜਾੜੇ ਦੇ ਫ਼ੈਸਲੇ ਤੋਂ ਬਾਅਦ ਉਥੇ ਗਏ ਸਨ, ਨੇ ਕਿਹਾ ਹੈ ਕਿ ਕਿਸਾਨਾਂ ਦਾ ਗੁਜਰਾਤ ਸਰਕਾਰ 'ਤੇ ਭਰੋਸਾ ਤਾਂ ਹੀ ਕਾਇਮ ਹੋਏਗਾ ਜਦੋਂ ਉਹ ਸੁਪਰੀਮ ਕੋਰਟ ਵਿਚੋਂ ਆਪਣੀ ਅਪੀਲ ਨੂੰ ਵਾਪਸ ਲਏਗੀ।

# ਅਰਵਿੰਦ ਖੰਨਾ ਦੇ ਅਕਾਲੀ ਦਲ 'ਚ ਰਲਣ ਦੀ ਚਰਚਾ

**ਚੰਡੀਗੜ੍ਹ:** ਪੰਜਾਬ ਦੀ ਰਾਜਨੀਤੀ ਵਿਚ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਵੱਡੀਆਂ ਸਿਆਸੀ ਘਟਨਾਵਾਂ ਵਾਪਰ ਸਕਦੀਆਂ ਹਨ। ਸਿ ਵੇਲੇ ਕਾਂਗਰਸ ਦੇ ਵਿਧਾਇਕ ਅਰਵਿੰਦ ਖੰਨਾ, ਮਹਿਲ ਕਲਾਂ ਤੋਂ ਵਿਧਾਇਕ ਸ੍ਰੀਮਤੀ ਹਰਚੰਦ ਕੌਰ ਘਨੌਰੀ ਤੇ ਕਈ ਕਾਂਗਰਸੀ ਆਗੂਆਂ ਦੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦੇ ਚਰਚੇ ਹਨ। ਸੂਤਰਾਂ ਅਨੁਸਾਰ ਸ੍ਰੀ ਖੰਨਾ ਤੇ ਸ੍ਰੀਮਤੀ ਘਨੌਰੀ ਕਾਂਗਰਸ ਨੂੰ ਕਿਸੇ ਵੀ ਸਮੇਂ ਤਿਲਾਂਜਲੀ ਦੇ ਸਕਦੇ ਹਨ।

ਇਹ ਦੋਵੇਂ ਵਿਧਾਇਕ ਲੋਕ ਸਭਾ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਹਾਕਮ ਪਾਰਟੀ ਵਿਚ ਸ਼ਾਮਲ ਹੋਣ ਦੀ ਤਿਆਰੀ ਵਿਚ ਹਨ। ਉਨ੍ਹਾਂ ਦੇ ਕੱਟੜ ਹਮਾਇਤੀ ਨੇ ਆਪਣਾ ਨਾਮ ਗੁਪਤ ਰਖਦਿਆਂ ਅਰਵਿੰਦ ਖੰਨਾ ਵੱਲੋਂ ਕਾਂਗਰਸ ਨੂੰ ਛੱਡਣ ਬਾਰੇ ਕੀਤੀ ਚਰਚਾ ਦੀ ਪੁਸ਼ਟੀ ਕੀਤੀ ਹੈ। ਉਧਰ ਸ੍ਰੀ ਖੰਨਾ ਨੇ ਅਕਾਲੀ ਦਲ ਵਿਚ ਸ਼ਮੂਲੀਅਤ ਦਾ ਖੰਡਨ ਤਾਂ ਨਹੀਂ ਕੀਤਾ ਸਿਰਫ਼ ਏਨਾ ਹੀ ਕਿਹਾ ਫਿਲਹਾਲ ਅਜਿਹਾ ਕੁਝ ਨਹੀਂ ਹੋ ਰਿਹਾ।

ਸੂਤਰਾਂ ਅਨੁਸਾਰ ਮਹਿਲ ਕਲਾਂ (ਬਰਨਾਲਾ) ਤੋਂ ਵਿਧਾਇਕ ਸ੍ਰੀਮਤੀ ਹਰਚੰਦ ਕੌਰ ਵੀ ਕਾਂਗਰਸ ਨੂੰ ਛੱਡਣ ਬਾਰੇ ਆਪਣੇ ਹਮਾਇਤੀਆਂ ਨਾਲ ਸਲਾਹ ਮਸ਼ਵਰਾ ਕਰ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਨੇ ਦੋਹਾਂ ਦੇ ਪਾਰਟੀ ਬਦਲੇ ਜਾਣ ਦੀ ਪੁਸ਼ਟੀ ਕੀਤੀ ਹੈ। ਇਹ ਦੋਵੇਂ ਵਿਧਾਇਕ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਬਾਅਦ ਆਪਣੇ ਭਵਿੱਖ ਦੇ ਰਾਜਸੀ ਏਜੰਡੇ ਦਾ ਐਲਾਨ ਕਰਨਗੇ। ਇਨ੍ਹਾਂ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਲੋਕ ਸਭਾ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਪਾਰਟੀ ਬਦਲਣ ਦਾ ਫ਼ੈਸਲਾ ਇਸ ਕਰਕੇ ਕੀਤਾ ਹੈ ਕਿਉਂਕਿ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਲੋਕ ਸਭਾ ਚੋਣਾਂ ਦੇ ਨਾਲ ਹੀ ਆ ਸਕਦੀਆਂ ਹਨ। ਇਸ ਲਈ ਜੇਕਰ ਲੋਕ ਸਭਾ ਚੋਣਾਂ ਦੇ ਪ੍ਰੋਗਰਾਮ ਤੇ ਸ਼ਡਿਊਲ ਦਾ ਜਦੋਂ ਚੋਣ ਕਮਿਸ਼ਨ ਐਲਾਨ ਕਰ ਦਿੰਦਾ ਹੈ ਤਾਂ ਜ਼ਿਮਨੀ ਚੋਣਾਂ ਲੋਕ ਸਭਾ ਚੋਣਾਂ ਤੋਂ ਬਾਅਦ ਹੀ ਹੋਣ ਦੇ ਆਸਾਰ ਹਨ। ਦਲ ਬਦਲੀ ਕਾਨੂੰਨ ਮੁਤਾਬਕ ਜੇਕਰ ਕੋਈ ਚੁਣਿਆ ਹੋਇਆ ਨੁਮਾਇੰਦਾ ਪਾਰਟੀ ਬਦਲਦਾ ਹੈ ਤਾਂ ਅਸਤੀਫ਼ਾ ਦੇਣਾ ਪੈਂਦਾ ਹੈ।



ਕਾਂਗਰਸ ਦੇ ਦੋ ਵਿਧਾਇਕਾਂ ਵਲੋਂ ਪਾਰਟੀ ਛੱਡਣਾ ਪਾਰਟੀ ਲਈ ਬਹੁਤ ਵੱਡਾ ਝਟਕਾ ਹੋਵੇਗਾ। ਇਸ ਤੋਂ ਪਹਿਲਾਂ ਮੋਗਾ ਤੋਂ ਕਾਂਗਰਸ ਦੇ ਵਿਧਾਇਕ ਜੋਗਿੰਦਰ ਪਾਲ ਜੈਨ ਵੀ ਕਾਂਗਰਸ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਏ ਸਨ। ਉਹ ਮੁੜ ਮੋਗਾ ਤੋਂ ਹੀ ਅਕਾਲੀ ਦਲ ਦੀ ਟਿਕਟ 'ਤੇ ਵਿਧਾਨ ਸਭਾ ਦੀ ਚੋਣਾਂ ਜਿੱਤੇ ਹਨ। ਅਰਵਿੰਦ ਖੰਨਾ ਦੇ ਪਾਰਟੀ ਛੱਡਣ ਨਾਲ ਕਾਂਗਰਸ ਲਈ ਇਸ ਕਰਕੇ ਵੀ ਝਟਕਾ ਹੈ ਕਿਉਂਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਰਿਸ਼ਤੇਦਾਰ ਹੋਣ ਕਾਰਨ ਉਹ ਪੰਜਾਬ ਕਾਂਗਰਸ ਦੀਆਂ ਮੂਹਰਲੀਆਂ ਸਫ਼ਾਂ ਵਿਚ ਰਹੇ ਹਨ। ਉਹ ਇਸ ਤੋਂ ਪਹਿਲਾਂ ਸੰਗਰੂਰ ਤੋਂ ਕਾਂਗਰਸ ਦੇ ਵਿਧਾਇਕ ਰਹਿ ਚੁੱਕੇ ਹਨ ਤੇ ਸਾਲ 2004 ਵਿਚ ਕਾਂਗਰਸ ਦੀ ਟਿਕਟ 'ਤੇ ਲੋਕ ਸਭਾ ਦੀ ਚੋਣ ਵੀ ਲੜੀ ਸੀ। ਅੰਮ੍ਰਿਤਸਰ ਤੇ ਗੁਰਦਾਸਪੁਰ ਨਾਲ ਸਬੰਧਤ ਕੁਝ ਵਿਧਾਇਕਾਂ ਦੇ ਵੀ ਅਕਾਲੀ ਦਲ ਵਿਚ ਸ਼ਾਮਲ ਹੋਣ ਦੀਆਂ ਅਫ਼ਵਾਹਾਂ ਜ਼ੋਰਾਂ 'ਤੇ ਹਨ।

## ਅਕਾਲੀ ਦਲ (ਅ) ਨੇ ਚਾਰ ਉਮੀਦਵਾਰ ਐਲਾਨੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਲੋਕ ਸਭਾ ਦੀਆਂ ਚਾਰ ਸੀਟਾਂ ਲਈ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਪਾਰਟੀ ਵੱਲੋਂ ਭਾਈ ਧਿਆਨ ਸਿੰਘ ਮੰਡ ਨੂੰ ਫ਼ਿਰੋਜ਼ਪੁਰ ਤੋਂ ਟਿਕਟ ਦਿੱਤੀ ਗਈ ਹੈ। ਪ੍ਰੋ. ਮਹਿੰਦਰਪਾਲ ਸਿੰਘ ਨੂੰ ਪਟਿਆਲਾ ਤੋਂ ਉਮੀਦਵਾਰ ਬਣਾਇਆ ਗਿਆ ਹੈ। ਸਕੱਤਰ ਜਨਰਲ ਜਸਵੰਤ ਸਿੰਘ ਮਾਨ ਆਨੰਦਪੁਰ ਸਾਹਿਬ ਤੋਂ ਚੋਣ ਲੜਨਗੇ। ਪਾਰਟੀ ਨੇ ਹਰਿਆਣੇ ਦੇ ਕਰਨਾਲ ਹਲਕੇ ਤੋਂ ਪ੍ਰੋ. ਅਜੀਤ ਸਿੰਘ ਕਾਹਲੋਂ ਨੂੰ ਉਮੀਦਵਾਰ ਬਣਾਇਆ ਹੈ।

ਦਲ ਵੱਲੋਂ ਪੰਜਾਬ ਦੀਆਂ ਸਾਰੀਆਂ ਤੇਰਾਂ ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰਨ ਦਾ ਫੈਸਲਾ ਲਿਆ ਗਿਆ ਹੈ। ਪੰਜਾਬ ਤੋਂ ਬਾਹਰ ਰਾਜਸਥਾਨ ਦੇ ਗੰਗਾਨਗਰ ਹਲਕੇ ਤੋਂ ਉਮੀਦਵਾਰ ਖੜ੍ਹਾ ਕੀਤਾ ਜਾਵੇਗਾ। ਇਸ ਤੋਂ ਬਿਨਾਂ ਹਰਿਆਣਾ ਦੇ ਲੋਕ ਸਭਾ ਹਲਕਾ ਕੁਰੂਕਸ਼ੇਤਰ, ਅੰਬਾਲਾ, ਸਿਰਸਾ ਤੇ ਹਿਸਾਰ ਤੋਂ ਵੀ ਉਮੀਦਵਾਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਭਾਈ ਧਿਆਨ ਸਿੰਘ ਮੰਡ ਨੂੰ ਲੈ ਕੇ ਬਾਕੀ ਦੇ ਸਾਰੇ ਉਮੀਦਵਾਰ ਦਲ ਦੀ ਟਿਕਟ ਤੋਂ ਪਹਿਲੀ ਵਾਰ ਚੋਣ ਲੜ ਰਹੇ ਹਨ।

ਸ. ਸਿਮਰਨਜੀਤ ਸਿੰਘ ਮਾਨ ਨੂੰ ਚੋਣ ਲੜਾਉਣ ਲਈ ਪਾਰਟੀ ਇਕਜੁੱਟ ਨਹੀਂ ਲੱਗ ਰਹੀ। ਸਕੱਤਰ ਜਨਰਲ ਦੇ ਪਾਰਟੀ ਪ੍ਰਧਾਨ ਦਾ ਹਲਕਾ ਖਡੂਰ ਸਾਹਿਬ ਤੋਂ ਨਾਂ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਸ. ਮਾਨ ਨੇ ਕਿਹਾ ਕਿ ਉਨ੍ਹਾਂ ਬਾਰੇ ਮੀਟਿੰਗ ਵਿਚ ਕੋਈ ਫੈਸਲਾ ਨਹੀਂ ਹੋਇਆ। ਸ. ਮਾਨ ਨੇ ਸਪਸ਼ਟ ਕੀਤਾ ਕਿ ਉਹ ਪਾਰਟੀ ਦੇ ਹੁਕਮ 'ਤੇ ਹੀ ਚੋਣ ਲੜਨਗੇ ਤੇ ਹਲਕੇ ਬਾਰੇ ਫੈਸਲਾ ਪਾਰਲੀਮਾਨੀ ਬੋਰਡ ਦੇ ਮੈਂਬਰਾਂ ਵੱਲੋਂ ਕੀਤਾ ਜਾਵੇਗਾ।

# ਬਸਪਾ ਇਕੱਲੀ ਹੀ ਨਿੱਤਰੇਗੀ ਚੋਣ ਮੈਦਾਨ 'ਚ

**ਜਲੰਧਰ:** ਬਹੁਜਨ ਸਮਾਜ ਪਾਰਟੀ ਨੇ ਪੰਜਾਬ ਅੰਦਰ ਆਪਣੇ ਬਲਬੂਤੇ 'ਤੇ ਲੋਕ ਸਭਾ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਪੰਜਾਬ ਦੇ ਬਸਪਾ ਆਗੂਆਂ ਦੀ ਦਿੱਲੀ ਵਿਖੇ ਬੀਬੀ ਮਾਇਆਵਤੀ ਨਾਲ ਹੋਈ ਮੀਟਿੰਗ ਵਿਚ ਚੋਣ ਰਣਨੀਤੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਛੇ ਹਲਕਿਆਂ ਤੋਂ ਬਸਪਾ ਨੇ ਪਹਿਲਾਂ ਹੀ ਉਮੀਦਵਾਰਾਂ ਦਾ ਐਲਾਨ ਕੀਤਾ ਹੋਇਆ ਹੈ ਤੇ ਚਾਰ ਉਮੀਦਵਾਰਾਂ ਦੇ ਨਾਵਾਂ ਦੀ ਪ੍ਰਵਾਨਗੀ ਨਵੀਂ ਦਿੱਲੀ ਦੀ ਮੀਟਿੰਗ ਵਿਚ ਦੇ ਦਿੱਤੀ ਗਈ ਹੈ। ਚਾਰ ਹਲਕਿਆਂ ਲਈ ਪ੍ਰਵਾਨਗੀ ਵਾਲੇ ਨਾਵਾਂ ਵਿਚ ਫਰੀਦਕੋਟ ਤੋਂ ਸੰਤ ਰਾਮ ਮੱਲੀਆਂ, ਲੁਧਿਆਣਾ ਤੋਂ ਕੁਲਦੀਪ ਸਿੰਘ, ਅਨੰਦਪੁਰ ਸਾਹਿਬ ਤੋਂ ਉੱਘੇ ਗਾਇਕ ਕੇ.ਐਸ. ਮੱਖਣ ਤੇ ਗੁਰਦਾਸਪੁਰ ਤੋਂ ਸੁਖਵਿੰਦਰ ਸੁੱਖ ਹਨ। ਜਲੰਧਰ ਹਲਕੇ ਲਈ ਪਾਰਟੀ ਦੇ ਪੁਰਾਣੇ ਤੇ ਸੀਨੀਅਰ ਆਗੂ ਸੁਖਵਿੰਦਰ ਕੋਟਲੀ ਦਾ ਨਾਂ ਲਿਆ ਜਾ ਰਿਹਾ ਹੈ। ਸੁਖਵਿੰਦਰ ਕੋਟਲੀ ਪਿਛਲੀ ਵਾਰ ਆਦਮਪੁਰ ਵਿਧਾਨ ਸਭਾ ਹਲਕੇ ਤੋਂ ਚੋਣ ਲੜੇ ਸਨ ਤੇ 25 ਹਜ਼ਾਰ ਤੋਂ ਵਧੇਰੇ ਵੋਟ ਲੈ ਗਏ ਸਨ।

ਸੰਗਰੂਰ ਹਲਕੇ ਤੋਂ ਹਰਭਜਨ ਸਿੰਘ ਬਡਹੇੜੀ ਦਾ ਨਾਂ ਦੱਸਿਆ ਜਾ ਰਿਹਾ ਹੈ। ਹੁਸ਼ਿਆਰਪੁਰ ਹਲਕੇ ਤੋਂ ਭਗਵਾਨ ਸਿੰਘ ਚੌਹਾਨ ਪਹਿਲਾਂ ਹੀ ਉਮੀਦਵਾਰ ਐਲਾਨੇ ਜਾ ਚੁੱਕੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਪਾਰਟੀ ਨੂੰ ਮਜ਼ਬੂਤ ਕਰਨ ਤੇ ਵੋਟ ਰਾਜਨੀਤੀ ਵਿਚ ਆਪਣੀ ਸਥਿਤੀ ਨੂੰ ਸੁਧਾਰਨ ਲਈ ਬਸਪਾ ਨੇ ਇਸ ਵਾਰ ਪਾਰਟੀ ਦੇ ਸਮਰਪਿਤ ਤੇ ਪੁਰਾਣੇ ਆਗੂਆਂ ਨੂੰ ਤਰਜੀਹ ਦੇਣ ਦਾ ਫ਼ੈਸਲਾ ਕੀਤਾ ਹੈ। ਬਸਪਾ ਨੇਤਾਵਾਂ ਦਾ ਮੰਨਣਾ ਹੈ ਕਿ ਲੋਕ ਸਭਾ ਉਮੀਦਵਾਰ ਪਹਿਲੋਂ ਐਲਾਨ ਕੀਤੇ ਜਾਣ ਨਾਲ ਉਮੀਦਵਾਰਾਂ ਨੂੰ ਆਪਣੀ ਸਰਗਰਮੀ ਸ਼ੁਰੂ ਕਰਨ ਵਿਚ ਸੌਖ ਹੋਵੇਗੀ।

# ਬੈਂਸ ਭਰਾ ਮੁੜ ਦੇਣਗੇ ਅਕਾਲੀ ਦਲ ਨੂੰ ਟੱਕਰ!

**ਚੰਡੀਗੜ੍ਹ:** ਲੁਧਿਆਣਾ ਵਿਚ ਆਜ਼ਾਦ ਵਿਧਾਨ ਸਭਾ ਚੋਣ ਜਿੱਤ ਕੇ ਅਕਾਲੀ ਦਲ ਦੇ ਸਹਾਇਕ ਵਿਧਾਇਕ ਬਣੇ ਬੈਂਸ ਭਰਾਵਾਂ ਨੇ ਜਗਰਾਉਂ ਦੀ ਫਤਹਿ ਰੈਲੀ ਵਿਚ ਸ਼ਮੂਲੀਅਤ ਨਾ ਕਰਕੇ ਅਕਾਲੀ ਦਲ ਨੂੰ ਅਲਵਿਦਾ ਕਹਿਣ ਦਾ ਸੰਕੇਤ ਦਿੱਤਾ ਹੈ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਵੱਲੋਂ ਲੁਧਿਆਣਾ ਲੋਕ ਸਭਾ ਚੋਣ ਲੜਨ ਲਈ ਵੀ ਅੰਦਰੋ-ਅੰਦਰ ਤਿਆਰੀ ਖਿੱਚ ਲਈ ਹੈ। ਬਲਵਿੰਦਰ ਸਿੰਘ ਬੈਂਸ ਤੇ ਸਿਮਰਜੀਤ ਸਿੰਘ ਬੈਂਸ ਭਰਾਵਾਂ ਨੇ ਪਿਛਲੀ ਵਿਧਾਨ ਸਭਾ ਚੋਣ ਲੁਧਿਆਣਾ ਸ਼ਹਿਰ ਦੇ ਦੋ ਹਲਕਿਆਂ ਤੋਂ ਆਜ਼ਾਦ ਚੋਣ ਲੜੀ ਸੀ ਤੇ ਵੱਡੇ ਫਰਕ ਨਾਲ ਜੇਤੂ ਰਹੇ ਸਨ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬੈਂਸ ਭਰਾ ਅਕਾਲੀ ਦਲ ਦੇ ਸਰਗਰਮ ਆਗੂ ਸਨ ਪਰ ਦਲ ਵੱਲੋਂ ਬਲਵਿੰਦਰ ਸਿੰਘ ਬੈਂਸ ਨੂੰ ਟਿਕਟ ਦੇ ਦਿੱਤੀ ਤੇ ਸਿਮਰਜੀਤ ਸਿੰਘ ਬੈਂਸ ਨੂੰ ਨਹੀਂ ਦਿੱਤੀ ਗਈ ਸੀ।

ਸ. ਸਿਮਰਜੀਤ ਸਿੰਘ ਨੂੰ ਟਿਕਟ ਨਾ ਦਿੱਤੇ ਜਾਣ ਦੇ ਰੋਸ ਵਜੋਂ ਵੱਡੇ ਭਰਾ ਬੈਂਸ ਨੇ ਵੀ ਅਕਾਲੀ ਦਲ ਦੀ ਟਿਕਟ ਵਾਪਸ ਕਰ ਦਿੱਤੀ ਤੇ ਦੋਵੇਂ ਭਰਾ ਆਜ਼ਾਦ ਉਮੀਦਵਾਰ ਵਜੋਂ ਡਟ ਗਏ। ਬੈਂਸ ਭਰਾਵਾਂ ਨੇ ਚੋਣ ਜਿੱਤਣ ਬਾਅਦ ਅਕਾਲੀ ਦਲ ਨਾਲ ਹੀ ਨੇੜਤਾ ਰੱਖੀ ਤੇ ਵਿਧਾਨ ਸਭਾ ਵਿਚ ਅਕਾਲੀ ਐਸੋਸੀਏਟ ਮੈਂਬਰ ਵਜੋਂ ਹਾਜ਼ਰੀ ਲਵਾਉਂਦੇ ਰਹੇ। ਸ. ਸਿਮਰਜੀਤ ਸਿੰਘ ਬੈਂਸ ਦਾ ਕਹਿਣਾ ਹੈ ਕਿ ਵਿਧਾਨ ਸਭਾ ਚੋਣ ਜਿੱਤਣ ਬਾਅਦ ਉਹ ਨਿਰਸਵਾਰਥ ਅਕਾਲੀ ਦਲ ਨਾਲ ਜੁੜੇ ਸਨ ਪਰ ਪਾਰਟੀ ਵੱਲੋਂ ਉਨ੍ਹਾਂ ਨੂੰ ਕਦੇ ਵੀ ਬਣਦਾ ਸਨਮਾਨ ਨਹੀਂ ਦਿੱਤਾ ਗਿਆ। ਸ. ਬੈਂਸ ਨੇ ਦੱਸਿਆ ਕਿ ਹਫ਼ਤਾ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਲੁਧਿਆਣਾ ਵਿਚ ਉਸ ਦੀ ਮੁਲਾਕਾਤ ਹੋਈ ਸੀ ਤੇ ਉਸ ਮੁਲਾਕਾਤ ਵਿਚ ਹੀ ਸਪਸ਼ਟ ਕਰ ਦਿੱਤਾ ਸੀ ਕਿ ਉਨ੍ਹਾਂ ਨਾਲ ਠੀਕ ਵਰਤਾਓ ਨਹੀਂ ਹੋ ਰਿਹਾ।

# ਕਾਂਗਰਸ ਨਾਲ ਕੋਈ ਸਮਝੌਤਾ ਨਹੀਂ: ਮਨਪ੍ਰੀਤ ਸਿੰਘ ਬਾਦਲ

**ਚੰਡੀਗੜ੍ਹ:** ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਲੋਕ ਸਭਾ ਚੋਣਾਂ ਲਈ ਕਾਂਗਰਸ ਪਾਰਟੀ ਨਾਲ ਰਲੇਵੇਂ ਦੀਆਂ ਕਿਆਸ ਅਰਾਈਆਂ ਨੂੰ ਨਕਾਰਦਿਆਂ, ਪਾਰਟੀ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਅਜਿਹੇ ਕਿਸੇ ਵੀ ਚੋਣ ਸਮਝੌਤੇ ਦੀ ਸੰਭਾਵਨਾ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਂਝਾ ਮੋਰਚਾ ਇਕੱਲਿਆਂ ਹੀ ਸਾਰੀਆਂ 13 ਸੀਟਾਂ 'ਤੇ ਚੋਣ ਲੜੇਗਾ। ਸਾਂਝਾ ਮੋਰਚਾ ਪੀ.ਪੀ.ਪੀ., ਸੀ.ਪੀ.ਆਈ., ਸੀ.ਪੀ.ਐਮ. ਤੇ ਅਕਾਲੀ ਦਲ (ਲੌਂਗੋਵਾਲ) 'ਤੇ ਆਧਾਰਤ ਹੈ।

ਪੰਜਾਬ ਵਿਚ ਲੋਕ ਸਭਾ ਦੀਆਂ ਹੋਣ ਵਾਲੀਆਂ ਸਾਰੀਆਂ 13 ਸੀਟਾਂ 'ਤੇ ਸਾਂਝਾ ਮੋਰਚਾ ਆਪਣੇ ਉਮੀਦਵਾਰ ਖੜ੍ਹੇ ਕਰੇਗਾ। ਇਸ ਤੋਂ ਇਲਾਵਾ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੀ ਇਕ ਸੀਟ 'ਤੇ ਵੀ ਸਾਂਝਾ ਮੋਰਚਾ ਚੋਣ ਲੜੇਗਾ। ਸ. ਮਨਪ੍ਰੀਤ ਸਿੰਘ ਬਾਦਲ ਨੇ ਦੱਸਿਆ ਕਿ ਮੀਟਿੰਗ ਵਿਚ ਇਹ ਤੈਅ ਹੋ ਗਿਆ ਕਿ ਪੀ.ਪੀ.ਪੀ. 8 ਸੀਟਾਂ 'ਤੇ, ਖੱਬੀਆਂ ਪਾਰਟੀਆਂ 5 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗਾ। ਸੰਭਵ ਹੈ ਕਿ ਚੰਡੀਗੜ੍ਹ ਦੀ ਇਕ ਸੀਟ 'ਤੇ ਵੀ ਸਾਂਝਾ ਮੋਰਚਾ ਤਾਕਤ ਅਜ਼ਮਾਈ ਕਰੇਗਾ।



ਸ. ਬਾਦਲ ਨੇ ਕਿਹਾ ਕਿ ਸਾਂਝਾ ਮੋਰਚਾ ਇਸ ਵਾਰ ਅਕਾਲੀ ਦਲ ਦੀ ਵੱਕਾਰੀ ਸੀਟ ਬਠਿੰਡਾ ਨੂੰ ਹਰ ਹਾਲ ਵਿਚ ਖੋਹ ਲਵੇਗਾ। ਆਮ ਆਦਮੀ ਪਾਰਟੀ (ਆਪ) ਨਾਲ ਸਮਝੌਤੇ ਬਾਰੇ ਉਨ੍ਹਾਂ ਕਿਹਾ ਕਿ ਇਸ ਬਾਰੇ ਮਹੀਨਾ ਕੁ ਪਹਿਲਾਂ ਗੱਲਬਾਤ ਚੱਲੀ ਸੀ ਪਰ ਉਨ੍ਹਾਂ ਪੀ.ਪੀ.ਪੀ. ਨੂੰ 'ਆਪ' ਵਿਚ ਰਲਣ ਲਈ ਕਿਹਾ ਸੀ ਜੋ ਮਨਜ਼ੂਰ ਨਹੀਂ ਸੀ। ਸ. ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਪਾਰਟੀ ਵੱਲੋਂ ਸ਼ੁਰੂ ਕੀਤੀ ਪੁੱਤ ਬਚਾਓ ਮੁਹਿੰਮ ਦੌਰਾਨ ਰਾਜ ਵਿਚ ਵੰਡੇ ਗਏ ਫਾਰਮਾਂ 'ਤੇ ਅਧਾਰਤ ਰਿਪੋਰਟ ਮਾਰਚ ਦੇ ਪਹਿਲੇ ਹਫ਼ਤੇ ਨਸ਼ਰ ਕੀਤੀ ਜਾਵੇਗੀ।

ਕਿਹਾ ਕਿ ਪੰਜਾਬ ਵਿਚ ਇਸ ਵੇਲੇ ਆਰਥਿਕਤਾ ਨਾਲੋਂ ਨਸਲਕੁਸ਼ੀ ਦਾ ਮੁੱਦਾ ਵੱਡਾ ਬਣਿਆ ਹੋਇਆ ਹੈ ਕਿਉਂਕਿ ਸੂਬੇ ਦੀ ਨੌਜਵਾਨੀ ਨਸ਼ਿਆਂ ਵਿਚ ਗਰਕ ਹੋ ਕੇ ਰਹਿ ਗਈ ਹੈ। ਉਨ੍ਹਾਂ ਕਿਹਾ ਕਿ ਇਹ ਨਸ਼ੇ ਬਾਹਰੋਂ ਨਹੀਂ, ਬਲਕਿ ਪੰਜਾਬ ਵਿਚ ਹੀ ਬਣਦੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਜੇਕਰ ਨਸ਼ੇ ਸਰਹੱਦ ਪਾਰੋਂ ਆਉਂਦੇ ਹਨ ਤਾਂ ਜੰਮੂ-ਕਸ਼ਮੀਰ, ਗੁਜਰਾਤ ਤੇ ਰਾਜਸਥਾਨ ਸੂਬਿਆਂ ਵਿਚ ਨਸ਼ਿਆਂ ਦਾ ਪਸਾਰ ਕਿਉਂ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਸਾਕਾ ਨੀਲਾ ਤਾਰਾ ਮਾਮਲੇ 'ਤੇ ਕਾਂਗਰਸ ਤੇ ਅਕਾਲੀ ਦਲ ਰਾਜਨੀਤੀ ਕਰ ਰਹੀਆਂ ਹਨ।

# ਗੁਰਦੁਆਰਾ ਫਰੀਮਾਂਟ ਦਾ ਹਿਸਾਬ-ਕਿਤਾਬ ਬਿਲਕੁਲ ਪਾਰਦਰਸ਼ੀ ਹੈ-ਸੁਪਰੀਮ ਕੌਂਸਲ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਨੇ ਸਪਸ਼ਟ ਕੀਤਾ ਹੈ ਕਿ ਗੁਰਦੁਆਰਾ ਸਾਹਿਬ ਦਾ ਹਿਸਾਬ-ਕਿਤਾਬ ਬਿਲਕੁਲ ਪਾਰਦਰਸ਼ੀ ਹੈ ਅਤੇ ਇਹ ਹਿਸਾਬ-ਕਿਤਾਬ ਸੰਗਤ ਦੇ ਮੈਂਬਰ ਜਦੋਂ ਮਰਜ਼ੀ ਦੇਖ ਸਕਦੇ ਹਨ। ਜਿਥੋਂ ਤੱਕ ਇਸ ਨੂੰ ਇੰਟਰਨੈਟ 'ਤੇ ਪਾਉਣ ਦੀ ਗੱਲ ਹੈ, ਇਹ ਜ਼ਰੂਰੀ ਨਹੀਂ ਹੈ ਕਿਉਂਕਿ ਗੁਰਦੁਆਰਾ ਫਰੀਮਾਂਟ ਇਕ ਗੈਰ ਮੁਨਾਫਾ ਸੰਸਥਾ ਹੈ ਅਤੇ ਸ਼ਾਇਦ ਕੋਈ ਵੀ ਅਜਿਹੀ ਸੰਸਥਾ ਇੰਟਰਨੈਟ 'ਤੇ ਇਹ ਹਿਸਾਬ-ਕਿਤਾਬ ਨਹੀਂ ਪਾਉਂਦੀ। ਫਿਰ ਵੀ ਗੁਰਦੁਆਰਾ ਫਰੀਮਾਂਟ ਦਾ ਹਿਸਾਬ-ਕਿਤਾਬ ਇੰਟਰਨੈਟ 'ਤੇ ਪਾ ਦਿੱਤਾ ਗਿਆ ਹੈ।

ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਪਿਛਲੇ ਹਫਤੇ ਦੇ ਅਖਬਾਰਾਂ ਵਿਚ ਬਿਆਨ ਛਪਵਾਇਆ ਗਿਆ ਸੀ ਕਿ ਸੰਗਤ ਦਾ ਕੋਈ ਵੀ ਮੈਂਬਰ ਐਤਵਾਰ ਬਾਅਦ ਦੁਪਹਿਰ 3 ਤੋਂ 5 ਵਜੇ ਤੱਕ ਆ ਕੇ ਹਿਸਾਬ-ਕਿਤਾਬ ਦੇਖ ਸਕਦਾ ਹੈ ਪਰ ਉਥੇ ਕੋਈ ਵੀ ਨਹੀਂ ਪਹੁੰਚਿਆ। ਧਾਮੀ ਸਲੇਟ ਵਲੋਂ ਮੌਜੂਦਾ ਸੁਪਰੀਮ ਕੌਂਸਲ 'ਤੇ ਹਿਸਾਬ-ਕਿਤਾਬ ਪਾਰਦਰਸ਼ੀ ਨਾ ਹੋਣ ਦੇ ਲਾਏ ਜਾ ਰਹੇ ਇਲਜ਼ਾਮ ਸਿਰਫ ਸੰਗਤ ਨੂੰ ਗੁਮਰਾਹ ਕਰਨ ਲਈ ਹਨ।

ਸੁਪਰੀਮ ਕੌਂਸਲ ਮੈਂਬਰ ਭਾਈ ਦਵਿੰਦਰ ਸਿੰਘ ਨੇ ਕਿਹਾ, "ਅਸੀਂ ਪਹਿਲਾਂ ਵੀ ਕਈ ਵਾਰੀ ਹਿਸਾਬ-ਕਿਤਾਬ ਦਿਖਾ ਚੁੱਕੇ ਹਾਂ। ਹਰਦੇਵ ਗਰੇਵਾਲ, ਨੌਨਿਹਾਲ ਢਿੱਲੋਂ, ਮਹਿੰਦਰ ਚਾਹਲ ਅਤੇ ਹੋਠੀ ਇੱਕ ਵਾਰ ਹਿਸਾਬ ਦੇਖ ਕੇ ਸੰਤੁਸ਼ਟ ਅਤੇ ਖੁਸ਼ ਗਏ ਸਨ।" ਇਸੇ ਤਰ੍ਹਾਂ ਭਾਈ ਹਰਜੀਤ ਸਿੰਘ ਨੇ ਕਿਹਾ ਕਿ ਅਸੀਂ ਇੰਟਰਨੈਟ 'ਤੇ ਹਿਸਾਬ-ਕਿਤਾਬ ਲਾਉਣਾ ਇਸ ਕਰਕੇ ਬੰਦ ਕਰ ਦਿੱਤਾ ਸੀ ਕਿਉਂਕਿ ਹਿਸਾਬ ਸਿਰਫ ਸੰਸਥਾ ਦੇ ਮੈਂਬਰਾਂ ਲਈ ਹੁੰਦਾ ਹੈ। ਅਸੀਂ ਹਰ ਮਹੀਨੇ ਨੋਟਿਸ ਬੋਰਡ 'ਤੇ ਹਿਸਾਬ ਲਾਉਂਦੇ ਰਹੇ ਹਾਂ। ਵੈਸੇ ਵੀ ਗੁਰਦੁਆਰਾ ਸਾਹਿਬ ਦੀ ਸੰਗਤ ਨੂੰ ਸਾਲ ਦੇ 365 ਦਿਨ ਹੀ ਹਿਸਾਬ ਦੇਖਣ ਦੀ ਖੁੱਲ ਹੈ। ਉਨ੍ਹਾਂ ਦੋਸ਼ ਲਾਇਆ ਕਿ ਇੰਟਰਨੈਟ 'ਤੇ ਹਿਸਾਬ ਲਾਉਣ ਦਾ ਮੁੱਦਾ ਸਿਰਫ ਸੰਗਤ ਨੂੰ ਗੁਮਰਾਹ ਕਰਕੇ ਵੋਟਾਂ ਬਟੋਰਨ ਦਾ ਹੈ। ਭਾਈ ਹਰਜੀਤ ਸਿੰਘ ਨੇ ਕਿਹਾ ਕਿ ਵਿਰੋਧੀ ਧਿਰ ਵਾਲੇ ਆਪਣਾ ਕੋਈ ਵੀ ਅਕਾਊਟੈਂਟ ਲੈ ਕੇ ਆ ਸਕਦੇ ਹਨ ਅਤੇ ਹਿਸਾਬ ਦੇਖ ਸਕਦੇ ਹਨ ਪਰ ਸਾਨੂੰ ਪੱਕਾ ਯਕੀਨ ਹੈ ਇਹ ਕਦੇ ਵੀ ਨਹੀਂ ਆਉਣਗੇ ਕਿਉਂਕਿ ਫੇਰ ਇਨ੍ਹਾਂ ਕੋਲ ਕੋਈ ਮੁੱਦਾ ਨਹੀਂ ਰਹਿ ਜਾਏਗਾ। ਉਨ੍ਹਾਂ ਨੇ ਹਰਦੇਵ ਗਰੇਵਾਲ ਨੂੰ ਬੇਨਤੀ ਕੀਤੀ ਕਿ ਆਪਣਾ ਇਖਲਾਕੀ ਫਰਜ਼ ਸਮਝਦੇ ਹੋਏ ਮੀਡੀਆ ਨੂੰ ਦੱਸਣ ਜੇ ਉਨ੍ਹਾਂ ਨੇ ਹਿਸਾਬ ਵਿਚ ਕੋਈ ਤਰੁਟੀ ਦੇਖੀ ਹੈ।


## ਸ਼ੈਰਿਫ ਸਕਾਟ ਜੋਨਜ਼ ਨਾਲ ਮਿਲਣੀ ਪਹਿਲੀ ਮਾਰਚ ਨੂੰ

**ਸੈਕਰਾਮੈਂਟੋ (ਬਿਊਰੋ):** ਸਥਾਨਕ ਦੱਖਣ ਏਸ਼ੀਆਈ ਭਾਈਚਾਰੇ ਵਲੋਂ ਸੈਕਰਾਮੈਂਟੋ ਕਾਉਂਟੀਆਂ ਦੇ ਚੀਫ, ਲਾਅ ਇਨਫੋਰਸਮੈਂਟ ਅਫਸਰ ਸ਼ੈਰਿਫ ਸਕਾਟ ਜੋਨਜ਼ ਨਾਲ ਆਉਂਦੀ ਪਹਿਲੀ ਮਾਰਚ, ਸਨਿਚਰਵਾਰ ਨੂੰ ਇਕ ਭਾਈਚਾਰਕ ਮਿਲਣੀ ਰੱਖੀ ਗਈ ਹੈ ਜਿਸ ਵਿਚ ਅਗਲੇ ਚਾਰ ਸਾਲਾਂ ਦੌਰਾਨ ਭਾਈਚਾਰੇ ਦੀਆਂ ਲੋੜਾਂ ਅਤੇ ਦੱਖਣ ਏਸ਼ੀਆਈ ਕਾਰੋਬਾਰੀਆਂ ਤੇ ਆਮ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਉਪਰ ਵਿਚਾਰ ਕੀਤਾ ਜਾਵੇਗਾ। ਇਹ ਮਿਲਣੀ ਮਿਰਾਜ ਬੈਂਕੁਇਟ ਹਾਲ (2159 ਐਲ ਕਮੀਨੋ ਐਵਨਿਊ, ਸੈਕਰਾਮੈਂਟੋ) ਵਿਚ ਸ਼ਾਮੀ 6 ਤੋਂ 8:30 ਵਜੇ ਤੱਕ ਹੋਵੇਗੀ।

ਇਸ ਭਾਈਚਾਰਕ ਮਿਲਣੀ ਦੌਰਾਨ ਸ਼ੈਰਿਫ ਜੋਨਜ਼ ਦੇ ਨਾਲ ਹੋਰ ਲਾਅ ਇਨਫੋਰਸਮੈਂਟ ਅਫਸਰ ਵੱਖ ਵੱਖ ਅਹੁਦਿਆਂ ਲਈ ਉਮੀਦਵਾਰ ਅਤੇ ਪ੍ਰਸ਼ਾਸਕੀ ਅਧਿਕਾਰੀ ਸ਼ਾਮਲ ਹੋਣਗੇ। ਇਨ੍ਹਾਂ ਵਿਚ ਸੱਤਵੇਂ ਕਾਂਗਰਸ ਡਿਸਟ੍ਰਿਕਟ ਤੋਂ ਉਮੀਦਵਾਰ ਡੱਗ ਓਸ, ਸੈਕਰਾਮੈਂਟੋ ਡਿਸਟ੍ਰਿਕਟ ਅਟਾਰਨੀ ਲਈ ਉਮੀਦਵਾਰ ਐਨੀ ਮੈਰੀਜ਼ ਅਤੇ ਕੈਲੀਫੋਰਨੀਆ ਅਸੈਂਬਲੀ ਲਈ ਉਮੀਦਵਾਰ ਕੈਪਟਨ ਜਿਮ ਕੂਪਰ ਵੀ ਸ਼ਾਮਲ ਹਨ। ਇਸ ਮਿਲਣੀ ਦੇ ਪ੍ਰਬੰਧਕਾਂ ਵਲੋਂ ਦੱਖਣ ਏਸ਼ੀਆਈ ਮੂਲ ਦੇ ਕਾਰੋਬਾਰੀਆਂ ਅਤੇ ਆਮ ਲੋਕਾਂ ਨੂੰ ਇਸ ਮਿਲਣੀ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ। ਹੋਰ ਜਾਣਕਾਰੀ ਲਈ ਫੋਨ 916-960-8210 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਫੇਸਬੁੱਕ ਦੀ ਈਮੇਲ ਸੇਵਾ ਬੰਦ ਹੋਵੇਗੀ

**ਸੈਨ ਫਰਾਂਸਿਸਕੋ:** ਦੁਨੀਆਂ ਦੀ ਸਭ ਤੋਂ ਵੱਡੀ ਸੋਸ਼ਲ ਨੈੱਟਵਰਕਿੰਗ ਸਾਈਟ ਫੇਸਬੁੱਕ, ਆਪਣੀ ਈਮੇਲ ਸੇਵਾ ਬੰਦ ਕਰ ਰਹੀ ਹੈ। ਕੰਪਨੀ ਨੇ ਇਹ ਕਦਮ ਇਸ ਲਈ ਉਠਾਇਆ ਕਿਉਂਕਿ ਫੇਸਬੁੱਕ ਵਰਤਣ ਵਾਲੇ ਇਸ ਈਮੇਲ ਸਰਵਿਸ ਵਿਚ ਕੋਈ ਦਿਲਚਸਪੀ ਨਹੀਂ ਵਿਖਾ ਰਹੇ। ਫੇਸਬੁੱਕ ਦੇ ਨੁਮਾਇੰਦੇ ਮੁਤਾਬਕ ਈਮੇਲ ਸੇਵਾ ਬੰਦ ਕੀਤੀ ਜਾ ਰਹੀ ਹੈ ਕਿਉਂਕਿ ਜ਼ਿਆਦਾਤਰ ਲੋਕ ਆਪਣੇ ਫੇਸਬੁੱਕ ਈਮੇਲ ਐਡਰੈੱਸ ਦੀ ਵਰਤੋਂ ਨਹੀਂ ਕਰਦੇ। ਕੰਪਨੀ ਹੁਣ ਆਪਣੇ ਮੋਬਾਈਲ ਮੈਸੇਜਿੰਗ ਤਜਰਬੇ ਨੂੰ ਤਰਜੀਹ ਦੇਵੇਗੀ।

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available
India Vacation tour package also available.

Emirates Asiana Airlines KOREAN AIR Singapore Airlines Cathay Pacific Lufthansa China Airlines

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Want to Sell Your Home
We can sell your home fast @ best price.
ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ

Sohanpreet (Sam) Chahal
CA Lic. 01504071
Realtor/Notary Public
email:samchahal@hotmail.com
Sacramento, Stockton, Roseville area prices are on the rise.
Please call me to find out value of your home.
If you are thinking to Buy or Sell a Home, please give us a chance
Call: Sohanpreet 'Sam' Chahal
@916-612-5773
Serving from Bay Area to Sacramento
Multi-Million Dollars Producer-2007 to 2012
Golden State Realty
Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

# ਗਿਆਨੀ ਪੂਰਨ ਸਿੰਘ ਤੇ ਪੁੱਤਰ ਸਮੇਤ ਅੱਠਾਂ ਖਿਲਾਫ ਕੇਸ ਦਰਜ

**ਅੰਮ੍ਰਿਤਸਰ:** ਨਵੰਬਰ 1984 ਦੇ ਦੰਗਾ ਪੀੜਤਾਂ ਦੀ ਕਲੋਨੀ ਵਿਚ ਜਾ ਕੇ ਦੰਗਾ ਪੀੜਤਾਂ ਦੀ ਕੁੱਟਮਾਰ ਕਰਨ ਦੇ ਮਾਮਲੇ ਵਿਚ ਚਾਟੀਵਿੰਡ ਥਾਣੇ ਦੀ ਪੁਲਿਸ ਨੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਪੂਰਨ ਸਿੰਘ ਅਤੇ ਉਨ੍ਹਾਂ ਦੇ ਬੇਟੇ ਸਮੇਤ ਅੱਠ ਖ਼ਿਲਾਫ ਕੇਸ ਦਰਜ ਕਰ ਲਿਆ ਹੈ। ਇਹ ਕੇਸ ਆਈ.ਪੀ.ਸੀ. ਦੀ ਧਾਰਾ 323, 506, 447, 148, 149 ਹੇਠ ਕੇਸ ਦਰਜ ਕੀਤਾ ਗਿਆ ਹੈ। ਕੇਸ ਵਿਚ ਗਿਆਨੀ ਪੂਰਨ ਸਿੰਘ ਤੇ ਉਨ੍ਹਾਂ ਦੇ ਬੇਟੇ ਅਜੇ ਸਿੰਘ ਤੋਂ ਇਲਾਵਾ, ਭਤੀਜੇ ਅਜਮੇਰ ਸਿੰਘ, ਤਿੰਨ ਅੰਗ ਰੱਖਿਅਕਾਂ ਅਤੇ ਦੋ ਅਣਪਛਾਤੇ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ।

ਦੰਗਾ ਪੀੜਤ ਸੰਘਰਸ਼ ਕਮੇਟੀ ਦੇ ਪ੍ਰਧਾਨ ਕਸ਼ਮੀਰ ਸਿੰਘ ਨੇ ਆਖਿਆ ਕਿ ਪੀੜਤਾਂ ਦੀ ਮੰਗ ਹੈ ਕਿ ਇਸ ਮਾਮਲੇ ਵਿਚ ਧਾਰਾ 452 ਹੇਠ, ਘਰ ਆ ਕੇ ਹਮਲਾ ਕਰਨ ਦੇ ਦੋਸ਼ ਹੇਠ ਕੇਸ ਦਰਜ ਹੋਵੇ ਪਰ ਫਿਲਹਾਲ ਪੁਲਿਸ ਨੇ ਇਸ ਧਾਰਾ ਨੂੰ ਸ਼ਾਮਲ ਨਹੀਂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਅੰਮ੍ਰਿਤਸਰ ਦਿਹਾਤੀ ਪੁਲਿਸ ਦੇ ਅਧਿਕਾਰੀ ਨੇ ਪੀੜਤ ਪਰਿਵਾਰ ਅਤੇ ਜਥੇਬੰਦੀ ਨਾਲ ਗੱਲਬਾਤ ਕੀਤੀ ਸੀ ਪਰ ਪੁਲਿਸ ਦਾ ਵਤੀਰਾ ਟਾਲ-ਮਟੋਲ ਵਾਲਾ ਹੀ ਸੀ। ਜਥੇਬੰਦੀ ਦੀ ਅੰਮ੍ਰਿਤਸਰ-ਤਰਨ ਤਾਰਨ ਰੋਡ ਜਾਮ ਕਰਨ ਦੀ ਚਿਤਾਵਨੀ ਤੋਂ ਬਾਅਦ ਹੀ ਕੇਸ ਦਰਜ ਕੀਤਾ ਗਿਆ। ਹੁਣ ਉਹ ਧਾਰਾ 452 ਸ਼ਾਮਲ ਕਰਾਉਣ ਲਈ ਜ਼ੋਰ ਪਾਉਣਗੇ। ਇਸ ਦੌਰਾਨ ਦੰਗਾ ਪੀੜਤ ਕਲੋਨੀ 'ਤੇ ਕੀਤੇ ਹੋਏ ਨਾਜਾਇਜ਼ ਕਬਜ਼ੇ ਨੂੰ ਖਾਲੀ ਕਰਾਉਣ ਦੀ ਮੰਗ ਸਬੰਧੀ ਭੁੱਖ ਹੜਤਾਲ ਜਾਰੀ ਹੈ।



ਹਮਲੇ ਵਿਚ ਜ਼ਖਮੀ ਹਰਪਾਲ ਸਿੰਘ।



ਗਿਆਨੀ ਪੂਰਨ ਸਿੰਘ

ਦੱਸਣਯੋਗ ਹੈ ਕਿ ਭੁੱਖ ਹੜਤਾਲ ਦੌਰਾਨ ਗਿਆਨੀ ਪੂਰਨ ਸਿੰਘ ਦੇ ਅੰਗ ਰੱਖਿਅਕਾਂ ਵੱਲੋਂ ਹਰਪਾਲ ਸਿੰਘ ਦੀ ਕੁੱਟਮਾਰ ਗਈ ਸੀ। ਇਸ ਸਬੰਧੀ ਕਸ਼ਮੀਰ ਸਿੰਘ ਨੇ ਦੱਸਿਆ ਕਿ ਘਟਨਾ ਸਮੇਂ ਸਾਬਕਾ ਜਥੇਦਾਰ, ਉਨ੍ਹਾਂ ਦਾ ਬੇਟਾ ਤੇ ਭਤੀਜਾ ਲਾਲ ਬੱਤੀ ਵਾਲੀ ਗੱਡੀ ਵਿਚ ਮੌਕੇ 'ਤੇ ਆਏ ਸਨ ਅਤੇ ਉਨ੍ਹਾਂ ਪਹਿਲਾਂ ਹਰਪਾਲ ਸਿੰਘ ਦੇ ਮੋਟਰਸਾਈਕਲ ਵਿਚ ਟੱਕਰ ਮਾਰੀ ਜਿਸ ਨਾਲ ਉਹ ਹੇਠਾਂ ਡਿੱਗ ਗਿਆ ਅਤੇ ਮਗਰੋਂ ਅੰਗ ਰੱਖਿਅਕਾਂ ਨੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਜਦੋਂ ਹੜਤਾਲ 'ਤੇ ਬੈਠੀਆਂ ਬੀਬੀਆਂ ਨੇ ਬਚਾਅ ਕਰਨ ਦਾ ਯਤਨ ਕੀਤਾ ਤਾਂ ਉਨ੍ਹਾਂ ਨਾਲ ਵੀ ਬਦਸਲੂਕੀ ਕੀਤੀ ਗਈ।

ਦੰਗਾ ਪੀੜਤ ਕਲੋਨੀ ਬਾਰੇ ਕਸ਼ਮੀਰ ਸਿੰਘ ਨੇ ਦੱਸਿਆ ਕਿ ਇਸ ਕਲੋਨੀ ਲਈ 1986 ਵਿਚ 4 ਕਿੱਲੇ 2 ਮਰਲੇ ਜ਼ਮੀਨ ਸਮੂਹਿਕ ਰੂਪ ਵਿਚ ਖਰੀਦੀ ਗਈ ਸੀ। ਜ਼ਮੀਨ ਦੀ ਰਜਿਸਟਰੀ ਕਮੇਟੀ ਦੇ ਨਾਂ ਹੈ। ਉਸ ਵੇਲੇ ਕੁਝ ਨੇੜਲੀ ਜ਼ਮੀਨ ਸਾਬਕਾ ਜਥੇਦਾਰ ਨੇ ਵੀ ਖਰੀਦੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਸਾਬਕਾ ਜਥੇਦਾਰ ਵੱਲੋਂ ਦੰਗਾ ਪੀੜਤ ਕਲੋਨੀ ਦੀ ਜ਼ਮੀਨ ਦੇ ਕੁਝ ਹਿੱਸੇ ਉਤੇ ਕਬਜ਼ਾ ਕਰ ਲਿਆ ਗਿਆ ਹੈ। ਇਸੇ ਕਬਜ਼ੇ ਨੂੰ ਖਾਲੀ ਕਰਾਉਣ ਲਈ ਭੁੱਖ ਹੜਤਾਲ ਸ਼ੁਰੂ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਗਿਆਨੀ ਪੂਰਨ ਸਿੰਘ ਦੇ ਬੇਟੇ ਅਜੇ ਸਿੰਘ ਜਿਸ ਨੂੰ ਇਸ ਮਾਮਲੇ ਵਿਚ ਨਾਮਜ਼ਦ ਕੀਤਾ ਗਿਆ ਹੈ, ਨੂੰ ਜਨਵਰੀ ਵਿਚ ਹੀ ਕੈਨੇਡਾ ਸਰਕਾਰ ਵਲੋਂ ਭਾਰਤ ਵਾਪਸ ਭੇਜਿਆ ਗਿਆ ਹੈ। ਉਸ ਖਿਲਾਫ ਕੈਨੇਡਾ ਵਿਚ ਨਾਬਾਲਗ ਕੁੜੀ ਨਾਲ ਬਦਸਲੂਕੀ ਦਾ ਕੇਸ ਦਰਜ ਹੋਇਆ ਸੀ। ਉਸ ਨੂੰ 90 ਦਿਨ ਕੈਦ ਦੀ ਸਜ਼ਾ ਵੀ ਹੋਈ ਸੀ।

# ਪੰਜਾਬ ਸਰਕਾਰ ਨੇ ਨਵੀਂ ਆਬਕਾਰੀ ਨੀਤੀ ਐਲਾਨੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਅਗਲੇ ਵਿੱਤੀ ਵਰ੍ਹੇ ਤੋਂ ਸੂਬੇ ਵਿਚ ਸ਼ਰਾਬ ਦੇ ਭਾਅ ਵਿਚ ਵਾਧੇ ਦਾ ਫੈਸਲਾ ਲਿਆ ਹੈ। ਪੰਜਾਬ ਮੰਤਰੀ ਮੰਡਲ ਨੇ ਆਬਕਾਰੀ ਨੀਤੀ ਨੂੰ ਪ੍ਰਵਾਨਗੀ ਦਿੰਦਿਆਂ ਪਿਆਕੜਾਂ ਦੀਆਂ ਜੇਬਾਂ 'ਤੇ 724 ਕਰੋੜ ਰੁਪਏ ਦਾ ਹੋਰ ਵਾਧੂ ਭਾਰ ਪਾ ਦਿੱਤਾ ਹੈ। ਸਰਕਾਰ ਨੇ ਪਿਛਲੇ ਸਾਲ ਸ਼ਰਾਬ ਦੇ ਠੇਕਿਆਂ ਤੋਂ 3947 ਕਰੋੜ ਰੁਪਏ ਮਾਲੀਏ ਦਾ ਟੀਚਾ ਮਿਥਿਆ ਸੀ ਤੇ ਇਸ ਸਾਲ 724 ਕਰੋੜ ਰੁਪਏ ਦੀ ਵਾਧੂ ਆਮਦਨ ਹੋਣ ਦਾ ਅਨੁਮਾਨ ਹੈ।

ਆਬਕਾਰੀ ਵਿਭਾਗ ਮੁਤਾਬਕ ਪਹਿਲੀ ਅਪਰੈਲ ਤੋਂ ਬਾਅਦ ਦੇਸੀ ਸ਼ਰਾਬ ਦੀ ਬੋਤਲ ਵਿਚ 10 ਰੁਪਏ ਔਸਤਨ ਤੇ ਅੰਗਰੇਜ਼ੀ ਸ਼ਰਾਬ ਵਿਚ ਪ੍ਰਤੀ ਬਰਾਂਡ 15 ਤੋਂ 20 ਰੁਪਏ ਪ੍ਰਤੀ ਬੋਤਲ ਦਾ ਵਾਧਾ ਕੀਤਾ ਗਿਆ ਹੈ ਇਸ ਨਾਲ ਮਾਲੀਆ 4671 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ। ਅੰਗਰੇਜ਼ੀ ਸ਼ਰਾਬ ਦੇ ਰੇਟ ਘਟਾਉਣ ਦੇ ਲਈ ਵਿਭਾਗ ਨੇ ਅੰਗਰੇਜ਼ੀ ਸ਼ਰਾਬ 'ਤੇ ਵਾਧੂ ਲਾਇਸੈਂਸ ਫੀਸ ਦੇ ਰੇਟ ਵਿਚ ਕਮੀ ਕੀਤੀ ਹੈ ਤੇ ਗੁਆਂਢੀ ਰਾਜ ਹਰਿਆਣਾ ਦੇ ਬਰਾਬਰ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਠੇਕਿਆਂ ਦੀ ਗਿਣਤੀ ਪਿਛਲੇ ਸਾਲ ਜਿੰਨੀ ਹੀ ਰੱਖੀ ਗਈ ਹੈ।

ਦੇਸੀ ਸ਼ਰਾਬ ਦਾ ਕੋਟਾ 920 ਲੱਖ ਪਰੂਫ ਲਿਟਰ ਤੋਂ ਵਧਾ ਕੇ 950 ਲੱਖ ਪਰੂਫ ਲਿਟਰ ਕਰ ਦਿੱਤਾ ਗਿਆ ਹੈ। ਅੰਗਰੇਜ਼ੀ ਸ਼ਰਾਬ ਦਾ ਕੋਟਾ 440 ਲੱਖ ਪਰੂਫ ਲਿਟਰ ਤੋਂ ਵਧਾ ਕੇ 450 ਲੱਖ ਪਰੂਫ ਲਿਟਰ ਕਰ ਦਿੱਤਾ ਗਿਆ ਹੈ। ਇਸ ਨੀਤੀ ਦੇ ਨਤੀਜੇ ਵਜੋਂ ਵਿਭਾਗ ਪਿਛਲੇ ਸਾਲ ਦੇ 3947 ਕਰੋੜ ਦੇ ਮੁਕਾਬਲੇ 4671 ਕਰੋੜ ਦਾ ਮਾਲੀਆ ਆਉਣ ਦੀ ਉਮੀਦ ਕਰਦਾ ਹੈ। ਠੇਕੇਦਾਰਾਂ ਦਾ ਏਕਾਅਧਿਕਾਰ ਤੋੜਨ ਲਈ ਪਿਛਲੇ ਸਾਲ ਨਾਲੋਂ ਗਰੁੱਪਾਂ ਦੀ ਗਿਣਤੀ ਤਕਰੀਬਨ ਦੁੱਗਣੀ ਕਰ ਦਿੱਤੀ ਹੈ।

# ਡਰੱਗ ਕੇਸ: ਬਾਦਲਾਂ ਨੂੰ ਫਿਰ ਨਮੋਸ਼ੀ

*(ਸਫਾ ਇਕ ਦੀ ਬਾਕੀ)*

ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਗੰਭੀਰ ਮਾਮਲੇ 'ਤੇ ਸ. ਸਰਵਣ ਸਿੰਘ ਫਿਲੌਰ ਦੀ ਜਵਾਬ ਤਲਬੀ ਕੀਤੀ ਹੈ। ਸੂਤਰਾਂ ਅਨੁਸਾਰ ਸ. ਬਾਦਲ ਨੇ ਜੇਲ੍ਹ ਮੰਤਰੀ ਨੂੰ ਇਸ ਮਾਮਲੇ 'ਤੇ ਸਥਿਤੀ ਸਪਸ਼ਟ ਕਰਨ ਲਈ ਕਿਹਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਧਿਕਾਰਤ ਤੌਰ 'ਤੇ ਇਹੀ ਆਖ ਰਹੇ ਹਨ ਕਿ ਦਮਨਬੀਰ ਸਿੰਘ ਦੇ ਮਾਮਲੇ ਵਿਚ ਕਾਨੂੰਨ ਆਪਣੇ ਮੁਤਾਬਕ ਕਾਰਵਾਈ ਕਰੇਗਾ।

ਉਂਜ ਉਹ ਇਸ ਮਾਮਲੇ ਤੋਂ ਕਾਫ਼ੀ ਪ੍ਰੇਸ਼ਾਨ ਹਨ। ਉਨ੍ਹਾਂ ਨੂੰ ਡਰ ਹੈ ਕਿ ਇਹ ਮਸਲਾ ਕਿਤੇ ਲੋਕ ਸਭਾ ਚੋਣਾਂ ਉਤੇ ਅਸਰ ਨਾ ਪਾ ਜਾਵੇ। ਇਸ ਮਾਮਲੇ ਨੂੰ ਪਾਰਟੀ ਅਤੇ ਸਰਕਾਰ, ਦੋਹਾਂ ਪੱਧਰਾਂ 'ਤੇ ਹੀ ਵਿਚਾਰਿਆ ਜਾ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਨਮੋਸ਼ੀ ਇਸ ਗੱਲ ਤੋਂ ਵੀ ਜ਼ਾਹਿਰ ਹੁੰਦੀ ਹੈ ਕਿ ਤਸਕਰੀ ਦੇ ਮਾਮਲੇ ਵਿਚ ਪਟਿਆਲਾ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਮਾਝੇ ਨਾਲ ਸਬੰਧਤ ਦੋ ਵਿਅਕਤੀਆਂ ਦੀ ਅਕਾਲੀ ਸੰਸਦ ਮੈਂਬਰ ਰਤਨ ਸਿੰਘ ਅਜਨਾਲਾ ਦੀ ਨੇੜਤਾ ਬਾਰੇ ਖੁਲਾਸਾ ਹੋ ਗਿਆ ਸੀ। ਇਸੇ ਕਰ ਕੇ ਹੁਣ ਪਾਰਟੀ ਨੇ ਸ. ਅਜਨਾਲਾ ਦਾ ਆਗਾਮੀ ਲੋਕ ਸਭਾ ਚੋਣਾਂ ਵਿਚ ਉਮੀਦਵਾਰੀ ਤੋਂ ਪੱਤਾ ਸਾਫ਼ ਕਰ ਦਿੱਤਾ ਹੈ। ਯਾਦ ਰਹੇ ਕਿ ਡਰੱਗ ਮਾਮਲੇ ਵਿਚ ਦੋ ਸਾਲਾਂ ਦੇ ਬਹੁਤ ਥੋੜ੍ਹੇ ਅਰਸੇ ਦੌਰਾਨ ਦੋ ਮੰਤਰੀ ਕੁਰਸੀ ਤੋਂ ਹੱਥ ਧੋ ਬੈਠੇ ਹਨ ਤੇ ਤਿੰਨ ਮੰਤਰੀਆਂ 'ਤੇ ਗੰਭੀਰ ਕਿਸਮ ਦੇ ਦੋਸ਼ ਲੱਗੇ ਹਨ।

# ਸਰਕਾਰ ਟਰੈਵਲ ਏਜੰਟਾਂ 'ਤੇ ਮਿਹਰਬਾਨ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਵੱਲੋਂ ਕੁਝ ਮਹੱਤਵਪੂਰਨ ਬਿੱਲਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਮਨੁੱਖੀ ਤਸਕਰੀ ਕਾਨੂੰਨ ਨਰਮ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਹੈ। ਇਹ ਬਿੱਲ ਆਗਾਮੀ ਵਿਧਾਨ ਸਭਾ ਸੈਸ਼ਨ ਦੌਰਾਨ ਪੇਸ਼ ਕੀਤਾ ਜਾਵੇਗਾ। ਪੰਜਾਬ ਮਨੁੱਖੀ ਤਸਕਰੀ ਰੋਕਥਾਮ ਐਕਟ, 2012 ਤੇ ਇਸ ਅਧੀਨ ਨਿਯਮਾਂ ਵਿਚ ਲੋੜੀਂਦੀਆਂ ਸੋਧਾਂ ਨੂੰ ਪ੍ਰਵਾਨਗੀ ਦਿੰਦਿਆਂ ਇਸ ਐਕਟ ਦਾ ਨਾਮ ਬਦਲ ਕੇ 'ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ' ਰੱਖਣ ਤੇ ਇਸ ਐਕਟ ਅਧੀਨ ਲੋੜੀਂਦੀਆਂ ਸੋਧਾਂ ਕੀਤੀਆਂ ਜਾਣਗੀਆਂ ਜਿਨ੍ਹਾਂ ਵਿਚ ਰੱਦ ਕੀਤੇ ਗਏ ਲਾਇਸੰਸਾਂ ਲਈ ਮੁੜ ਅਰਜ਼ੀਆਂ ਦੀ ਪ੍ਰਕਿਰਿਆ ਆਰੰਭੀ ਜਾਵੇਗੀ। ਘੱਟੋ-ਘੱਟ ਤਿੰਨ ਸਾਲ ਦੀ ਸਜ਼ਾ ਦੀ ਮਦ ਹੁਣ ਖ਼ਤਮ ਕਰ ਦਿੱਤੀ ਗਈ ਹੈ ਤੇ ਇਸ ਨੂੰ ਅਦਾਲਤਾਂ ਦੀ ਮਰਜ਼ੀ 'ਤੇ ਛੱਡ ਦਿੱਤਾ ਗਿਆ ਹੈ। ਟਰੈਵਲ ਏਜੰਟ ਦੇ ਦਫ਼ਤਰ ਦੀ ਤਲਾਸ਼ੀ ਤੇ ਜ਼ਬਤੀ ਬਾਰੇ ਸ਼ਕਤੀਆਂ ਕੇਵਲ ਜ਼ਿਲ੍ਹਾ ਮੈਜਿਸਟ੍ਰੇਟ ਦੇ ਲਿਖਤੀ ਹੁਕਮਾਂ 'ਤੇ ਹੀ ਅਮਲ ਵਿਚ ਲਿਆਂਦੀਆਂ ਜਾ ਸਕਣਗੀਆਂ। ਹੁਣ ਲਾਇਸੰਸ ਫੀਸ ਦੀ ਅਦਾਇਗੀ ਦਾ ਭੁਗਤਾਨ ਕਿਸ਼ਤਾਂ ਵਿਚ ਕਰਨ ਲਈ ਵੀ ਸਹੂਲਤ ਪ੍ਰਦਾਨ ਕੀਤੀ ਗਈ ਹੈ।

# ਹਰਿਆਣਾ ਵਿਚ ਵੱਖਰੀ ਸ਼੍ਰੋਮਣੀ ਕਮੇਟੀ ਲਈ ਫਿਰ ਮੋਰਚਾ

*(ਸਫਾ ਇਕ ਦੀ ਬਾਕੀ)*

ਪਹੁੰਚ ਕਰ ਕੇ ਇਸ ਮਾਮਲੇ ਵਿਚ ਅੜਿੱਕਾ ਡਾਹ ਦਿੱਤਾ। ਹਰਿਆਣਾ ਦੇ ਸਿੱਖਾਂ ਦਾ ਸ਼ਿਕਵਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਇਥੋਂ ਦੀ ਸਿੱਖ ਵੱਸੋਂ ਨੂੰ ਕਦੇ ਵੀ ਤਵੱਜੋ ਨਹੀਂ ਦਿੱਤੀ। ਹਰਿਆਣਾ ਦੇ ਸਿੱਖ ਪਿਛਲੇ 10 ਸਾਲਾਂ ਤੋਂ ਹਰਿਆਣਾ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਤੋਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਮੰਗ ਕਰਦੇ ਆ ਰਹੇ ਹਨ ਪਰ ਉਨ੍ਹਾਂ ਦਾ ਕਿਸੇ ਨੇ ਪੱਲਾ ਨਹੀਂ ਫੜਿਆ। ਹਰਿਆਣਾ ਕਾਂਗਰਸ ਵੱਲੋਂ ਤਾਂ ਇਸ ਮੁੱਦੇ ਨੂੰ ਚੋਣ ਮਨੋਰਥ ਪੱਤਰ ਵਿਚ ਵੀ ਸ਼ਾਮਲ ਕੀਤਾ ਗਿਆ ਸੀ ਪਰ ਇਹ ਮੰਗ ਪੂਰੀ ਨਹੀਂ ਹੋਈ। ਇਸ ਕਾਰਨ ਹਰਿਆਣਾ ਦੇ ਸਿੱਖ ਕਾਂਗਰਸ ਤੋਂ ਪੂਰੀ ਤਰ੍ਹਾਂ ਨਾਰਾਜ਼ ਤੇ ਨਿਰਾਸ਼ ਹਨ ਤੇ ਹੁਣ ਉਨ੍ਹਾਂ ਆਪਣੇ ਪੱਧਰ 'ਤੇ ਲੜਾਈ ਸ਼ੁਰੂ ਕੀਤੀ ਹੈ। ਇਸ ਤਹਿਤ ਸਿਰਸਾ ਵਿਚ ਹਰਿਆਣਾ ਕਾਂਗਰਸ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਅਸ਼ੋਕ ਤੰਵਰ ਦੇ ਘਰ ਦੇ ਬਾਹਰ ਮਰਨ ਵਰਤ ਸ਼ੁਰੂ ਕੀਤਾ ਗਿਆ ਹੈ।

ਏਲਨਾਬਾਦ ਵਾਸੀ ਜਰਨੈਲ ਸਿੰਘ ਬਰਾੜ 21 ਫਰਵਰੀ ਤੋਂ ਮਰਨ ਵਰਤ 'ਤੇ ਬੈਠੇ ਹਨ। ਸ. ਬਰਾੜ (41 ਸਾਲ) ਵਕੀਲ ਹਨ ਪਰ ਉਨ੍ਹਾਂ ਦਾ ਪਰਿਵਾਰ ਖੇਤੀਬਾੜੀ ਦੇ ਧੰਦੇ ਨਾਲ ਜੁੜਿਆ ਹੋਇਆ ਹੈ। ਹਰਿਆਣਾ ਸਿੱਖ ਗੁਰਦੁਆਰਾ ਐਡਹਾਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਜਥੇਬੰਦੀ ਹੁਣ ਆਰ-ਪਾਰ ਦੀ ਲੜਾਈ ਲੜਨ ਲਈ ਤਿਆਰ ਹੈ। ਸ. ਝੀਂਡਾ ਨੇ ਦੱਸਿਆ ਕਿ ਮਰਨ ਵਰਤ 'ਤੇ ਬੈਠੇ ਸ. ਬਰਾੜ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਕਰਨ ਦੀ ਮੰਗ ਨੂੰ ਲੈ ਕੇ ਦ੍ਰਿੜ ਹਨ। ਵੱਖਰੀ ਕਮੇਟੀ ਦੇ ਸਮਰਥਕ ਦੀਦਾਰ ਸਿੰਘ ਨਲਵੀ ਦਾ ਕਹਿਣਾ ਹੈ ਕਿ ਉਹ ਭਾਵੇਂ ਸ. ਝੀਂਡਾ ਤੋਂ ਵੱਖ ਹਨ, ਪਰ ਵੱਖਰੀ ਕਮੇਟੀ ਦੀ ਮੰਗ ਦਾ ਸਮਰਥਨ ਕਰ ਰਹੇ ਹਨ। ਸ. ਨਲਵੀ ਨੇ ਪਿਛਲੇ ਵਰ੍ਹੇ ਦਸੰਬਰ ਵਿਚ ਆਪਣੀ ਸਿਆਸੀ ਜਥੇਬੰਦੀ ਹਰਿਆਣਾ ਜਨ ਸ਼ਕਤੀ ਪਾਰਟੀ ਦੀ ਸਥਾਪਨਾ ਕੀਤੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਜਰਨੈਲ ਸਿੰਘ ਬਰਾੜ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ ਅਤੇ ਉਹ ਮਰਨ ਵਰਤ ਦੇ ਧਰਨੇ ਵਿਚ ਵੀ ਸ਼ਾਮਲ ਹੋਏ ਹਨ। ਵੱਖਰੀ ਕਮੇਟੀ ਦੀ ਮੰਗ ਲਈ ਹਰ ਸੰਭਵ ਯਤਨ ਕੀਤਾ ਜਾ ਚੁੱਕਾ ਹੈ ਪਰ ਉਹ ਸਫਲ ਨਹੀਂ ਹੋਏ।

ਉਹ ਦੋ ਵਾਰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਦੋ ਵਾਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਇਕ ਵਾਰ ਰਾਹੁਲ ਗਾਂਧੀ ਅਤੇ ਹੁਣ ਹਾਲ ਹੀ ਵਿਚ ਸ੍ਰੀ ਸ਼ਕੀਲ ਅਹਿਮਦ ਨੂੰ ਮਿਲੇ ਹਨ। ਹੁਣ ਹਰਿਆਣਾ ਦੇ ਸਿੱਖਾਂ ਨੂੰ ਕਾਂਗਰਸ ਤੋਂ ਕੋਈ ਉਮੀਦ ਬਾਕੀ ਨਹੀਂ ਰਹਿ ਗਈ। ਇਸੇ ਲਈ ਹੁਣ ਹਰਿਆਣਾ ਦੇ ਸਿੱਖਾਂ ਦੀ ਸਿਆਸੀ ਹੋਂਦ ਸਥਾਪਤ ਕਰਨ ਵਾਸਤੇ ਹਰਿਆਣਾ ਜਨ ਸ਼ਕਤੀ ਪਾਰਟੀ ਬਣਾਈ ਗਈ ਹੈ। ਪਾਰਟੀ ਵੱਲੋਂ ਸਿਰਸਾ ਤੇ ਕੁਰੂਕਸ਼ੇਤਰ ਤੋਂ ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰੇ ਜਾਣਗੇ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਰਿੰਦਰ ਸਿੰਘ ਗਿੱਲ



**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਤੀਜੇ ਮੁਹਾਜ਼ ਲਈ 11 ਪਾਰਟੀਆਂ ਇਕਜੁੱਟ



**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਦੇ ਮਾਮਲੇ ਨੂੰ ਪਿੱਛੇ ਛੱਡਦਿਆਂ ਗਿਆਰਾਂ ਧਰਮਨਿਰਪੱਖ ਅਤੇ ਖੱਬੀਆਂ ਪਾਰਟੀਆਂ ਨੇ ਸਾਂਝਾ ਮੁਹਾਜ਼ ਉਸਾਰਦਿਆਂ ਕਾਂਗਰਸ ਤੇ ਭਾਜਪਾ ਨੂੰ ਹਰਾਉਣ ਲਈ ਕਮਰਕੱਸ ਲਈ ਹੈ। ਇਸ ਸਬੰਧੀ ਐਲਾਨ ਇੱਥੇ ਜਨਤਾ ਦਲ (ਯੂ), ਸਮਾਜਵਾਦੀ ਪਾਰਟੀ, ਅੰਨਾ ਡੀ.ਐਮ.ਕੇ., ਜਨਤਾ ਦਲ (ਸੈਕੂਲਰ), ਝਾਰਖੰਡ ਵਿਕਾਸ ਮੋਰਚਾ ਅਤੇ ਚਾਰ ਖੱਬੀਆਂ ਪਾਰਟੀਆਂ ਨੇ ਆਗੂਆਂ ਨੇ ਮੀਟਿੰਗ ਤੋਂ ਬਾਅਦ ਕੀਤਾ ਹੈ। ਇਹ ਮੀਟਿੰਗ ਕੋਈ ਇਕ ਘੰਟਾ ਚੱਲੀ। ਇਨ੍ਹਾਂ ਗਿਆਰਾਂ ਪਾਰਟੀਆਂ ਨੇ ਮੀਟਿੰਗ ਤੋਂ ਬਾਅਦ ਸਾਂਝਾ ਐਲਾਨਨਾਮਾ ਵੀ ਜਾਰੀ ਕੀਤਾ ਜਿਸ ਵਿਚ ਕਿਹਾ ਗਿਆ ਹੈ, "ਇਹ ਸਮਾਂ ਤਬਦੀਲੀ ਦਾ ਹੈ ਅਤੇ ਕਾਂਗਰਸ ਨੂੰ ਸੱਤਾ ਤੋਂ ਲਾਂਭੇ ਕਰਨਾ ਚਾਹੀਦਾ ਹੈ। ਭਾਜਪਾ ਤੇ ਹੋਰ ਫਿਰਕਾਪ੍ਰਸਤ ਸ਼ਕਤੀਆਂ ਨੂੰ ਵੀ ਹਰਾਇਆ ਜਾਣਾ ਚਾਹੀਦਾ ਹੈ।"

ਕਾਂਗਰਸ ਉੱਤੇ ਸੱਤਾ ਦੀ ਦੁਰਵਰਤੋਂ ਕਰਨ, ਵਿਆਪਕ ਭ੍ਰਿਸ਼ਟਾਚਾਰ, ਕੀਮਤਾਂ ਵਿਚ ਅਥਾਹ ਵਾਧੇ ਤੇ ਸਮਾਜ ਵਿਚ ਨਾ-ਬਰਾਬਰੀ ਪੈਦਾ ਕਰਨ ਦਾ ਦੋਸ਼ ਲਾਉਂਦਿਆਂ ਸੀ.ਪੀ.ਐਮ. ਦੇ ਜਨਰਲ ਸਕੱਤਰ ਪ੍ਰਕਾਸ਼ ਕਰਤ ਨੇ ਕਿਹਾ ਕਿ ਉਹ ਸਾਰੇ ਕਾਂਗਰਸ ਨੂੰ ਹਰਾਉਣ ਲਈ ਕੰਮ ਕਰਨਗੇ। ਭਾਜਪਾ ਵਿਚ ਵੀ ਕਾਂਗਰਸ ਨਾਲੋਂ ਕੋਈ ਬਹੁਤਾ ਫਰਕ ਨਹੀਂ ਹੈ। ਪਿਛਲੇ ਸਮੇਂ ਦੌਰਾਨ ਕੇਂਦਰ ਵਿਚ ਭਾਜਪਾ ਦੇ ਰਾਜ ਵਿਚ ਕਾਂਗਰਸ ਤੋਂ ਵੀ ਵੱਧ ਭ੍ਰਿਸ਼ਟਾਚਾਰ ਹੋਇਆ। ਭਾਜਪਾ ਦੇ ਰਾਜ ਵਾਲੇ ਸੂਬਿਆਂ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਭਾਜਪਾ ਅਤੇ ਕਾਂਗਰਸ ਇਕ ਹੀ ਸਿੱਕੇ ਦੇ ਦੋ ਪਹਿਲੂ ਹਨ।

ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ ਨੇ ਦਆਵਾ ਕੀਤਾ ਛੇਤੀ ਹੀ ਇਹ ਗਿਆਰਾਂ ਪਾਰਟੀਆਂ ਪੰਦਰਾਂ ਹੋ ਜਾਣਗੀਆਂ। ਉਨ੍ਹਾਂ ਇਸ਼ਾਰਾ ਕੀਤਾ ਕਿ ਗੱਠਜੋੜ ਨੂੰ ਕਾਂਗਰਸ ਦੀ ਹਮਾਇਤ ਦੀ ਲੋੜ ਨਹੀਂ ਪਵੇਗੀ। ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਾਰੇ ਸ੍ਰੀ ਯਾਦਵ ਤੇ ਕਾਮਰੇਡ ਕਰਤ ਨੇ ਕਿਹਾ ਕਿ ਇਹ ਮਾਮਲਾ ਚੋਣਾਂ ਤੋਂ ਬਾਅਦ ਵਿਚਾਰਿਆ ਜਾਵੇਗਾ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825
EARLY BIRD SALE!!!!
India $545
London $250

To Advertise with Punjab Times Call: 847-359-0746

COVERED CALIFORNIA™
ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ
ਲਿਵਿੰਗਸਟਨ, ਮਰਸਡ, ਐਟਵਾਟਰ, ਟਰਲੱਕ, ਮਾਡੈਸਟੋ ਅਤੇ ਸੈਂਟਰ ਵੈਲੀ ਦੇ ਹੋਰ ਸ਼ਹਿਰਾਂ ਵਿਚ
ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਅਰਜੀਆਂ ਮੁਫਤ ਭਰਦੇ ਹਾਂ
ਆਪਣਾ ਨਾਂ ਤੁਰੰਤ ਇਨਰੋਲ ਕਰਾਓ ਕਿਉਂਕਿ ਇਨਰੋਲਮੈਂਟ 31 ਮਾਰਚ 2014 ਤਕ ਹੀ ਹੈ।
ਆਪਣੇ ਸਰਟੀਫਾਈਡ ਇੰਸ਼ਰੈਂਸ ਏਜੈਂਟ ਨਾਲ ਸੰਪਰਕ ਕਰੋ
Jarnail Singh Lallria (License # 0C19939)
Phone: (209) 394-9191
E-mail: Jarnail_lallria@yahoo.com

ਇੰਡੀਅਨ ਰੈਸਟੋਰੈਂਟ ਲਈ ਲੋੜ ਹੈ
ਬੇਏਰੀਆ ਵਿਚ ਚੰਗੇ ਚਲਦੇ ਰੈਸਟੋਰੈਂਟ ਲਈ ਤੰਦੂਰੀਏ ਕੁਕ, ਫੂਡ ਸਰਵਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ।

ਸੰਪਰਕ ਕਰੋ, ਬਲਦੇਵ ਮਾਨ
ਫੋਨ: 650-630-8588

Best Bay Area Truck Driving School, Inc.
3150 Kenneth Street, Santa Clara, CA 95050
- ਕਲਾਸ 'ਏ' ਅਤੇ 'ਬੀ' ਲਾਇਸੈਂਸ ਦੀ ਗਾਰੰਟੀ।
- ਵਧੀਆ ਤੇ ਫਾਸਟ ਸਰਵਿਸ।
- ਤਜ਼ਰਬੇਕਾਰ ਅਤੇ ਮਿਲਾਪੜੇ ਇੰਸਟ੍ਰਕਟਰ।
- ਟਰੱਕ ਸਿੱਖਣ ਲਈ ਬਹੁਤ ਹੀ ਵਾਜਿਬ ਫੀਸ।
- ਬਾਹਰੋਂ ਆਏ ਵੀਰਾਂ ਲਈ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਪ੍ਰਬੰਧ।
- ਰਿਹਾਇਸ਼ ਦਾ ਪ੍ਰਬੰਧ।

ਫਰੀਮਾਂਟ, ਯੂਨੀਅਨ ਸਿਟੀ ਤੇ ਹੇਵਰਡ ਦੇ ਵੀਰਾਂ ਲਈ ਫਰੀ ਰਾਈਡ

*ਲਿਖਤੀ ਟੈਸਟ ਪਾਸ ਕਰਨ ਲਈ ਵਿਸ਼ੇਸ਼ ਪ੍ਰਬੰਧ।
*ਕਲਾਸ 'ਏ' ਅਤੇ 'ਬੀ' ਲਾਇਸੈਂਸ ਰਿਨਿਊ ਕਰਨ ਦਾ ਬਹੁਤ ਹੀ ਸਸਤਾ ਪ੍ਰਬੰਧ।
ਅੱਜ ਹੀ ਕਾਲ ਕਰੋ:
ਬੱਗਾ > ਫੋਨ 510-786-8143 (ਸੈਲ)
408-988-2100 (ਦਫਤਰ)

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ
ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%
ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
Transportation Funding Group, Inc.
Minneapolis, MN 55426

# ਬਾਦਲਾਂ ਦੇ ਬਚਾਅ ਵਿਚ ਨਿੱਤਰ ਪਈ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਆਮ ਆਦਮੀ ਪਾਰਟੀ ਦੇ ਆਗੂ ਤੇ ਉਘੇ ਸਿੱਖ ਵਕੀਲ ਐਚ.ਐਸ. ਫੂਲਕਾ ਵਿਚਾਲੇ ਨਵੰਬਰ 1984 ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਦੇ ਕੇਸ ਲੜਨ ਲਈ ਫੀਸ ਲੈਣ ਸਬੰਧੀ ਚੱਲ ਰਹੀ ਸ਼ਬਦੀ ਜੰਗ ਦੌਰਾਨ ਸ਼੍ਰੋਮਣੀ ਕਮੇਟੀ ਬਾਦਲਾਂ ਦੇ ਬਚਾਅ ਵਿਚ ਨਿੱਤਰੀ ਹੈ। ਸ਼੍ਰੋਮਣੀ ਕਮੇਟੀ ਨੇ ਆਖਿਆ ਹੈ ਕਿ ਸ. ਫੂਲਕਾ ਵੱਲੋਂ ਸਿਫਾਰਸ਼ ਕੀਤੇ ਗਏ ਵਕੀਲਾਂ ਨੂੰ 42 ਲੱਖ ਰੁਪਏ ਦਿੱਤੇ ਗਏ ਸਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਵੱਲੋਂ ਜਾਰੀ ਬਿਆਨ ਵਿਚ ਦੱਸਿਆ ਗਿਆ ਕਿ ਸ਼੍ਰੋਮਣੀ ਕਮੇਟੀ ਨੇ 1984 ਸਿੱਖ ਕਤਲੇਆਮ ਦੇ ਪੀੜਤਾਂ ਦਾ ਕੇਸ ਲੜਨ ਲਈ ਐਚ.ਐਸ. ਫੂਲਕਾ ਦੇ ਸਿਫਾਰਸ਼ ਕੀਤੇ ਵਕੀਲਾਂ ਦੇ ਪੈਨਲ ਨੂੰ 42 ਲੱਖ ਰੁਪਏ ਦੀ ਫੀਸ ਦਿੱਤੀ। ਸ. ਫੂਲਕਾ ਦੇ ਪ੍ਰਸਤਾਵ ਉਤੇ ਸ਼੍ਰੋਮਣੀ ਕਮੇਟੀ ਨੇ ਅਪਰੈਲ 2010 ਤੇ ਅਗਸਤ 2010 ਵਿਚ ਦੋ ਮਤੇ ਪਾਸ ਕੀਤੇ ਸਨ ਜਿਨ੍ਹਾਂ ਵਿਚ ਉਕਤ 5 ਵਕੀਲਾਂ ਨੂੰ ਫੀਸ ਦੇਣ ਲਈ ਪ੍ਰਵਾਨਗੀ ਦਿੱਤੀ ਗਈ।ਇਨ੍ਹਾਂ ਵਕੀਲਾਂ ਨੂੰ 1984 ਸਿੱਖ ਕਤਲੇਆਮ ਦੇ ਪੀੜਤਾਂ ਦਾ ਕੇਸ ਲੜਨ ਲਈ ਦਿੱਲੀ ਦੀਆਂ ਵੱਖ-ਵੱਖ ਅਦਾਲਤਾਂ ਵਿਚ ਕੇਸ ਲੜਨ ਦੀ ਜ਼ਿੰਮੇਵਾਰੀ ਦਿੱਤੀ ਗਈ। ਇਸ ਦੌਰਾਨ ਸ. ਫੂਲਕਾ ਨੇ ਜਦੋਂ ਵੀ ਸ਼੍ਰੋਮਣੀ ਕਮੇਟੀ ਨੂੰ ਇਸ ਸਬੰਧੀ ਫੀਸ ਦਾ ਬਿੱਲ ਦਿੱਤਾ, ਉਸ ਦੀ ਤੁਰੰਤ ਅਦਾਇਗੀ ਕੀਤੀ ਗਈ। ਇਨ੍ਹਾਂ ਸਾਰੇ ਕੇਸਾਂ ਦੀ ਪੈਰਵੀ ਕਰਨ ਦੀ ਸਾਰੀ ਜ਼ਿੰਮੇਵਾਰੀ ਸ. ਫੂਲਕਾ ਨੂੰ ਦਿੱਤੀ ਗਈ ਸੀ ਜਦੋਂਕਿ ਉਨ੍ਹਾਂ ਨੇ ਇਨ੍ਹਾਂ ਕੇਸਾਂ ਦੀ ਕੋਈ ਸਟੇਟਸ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਨਹੀਂ ਦਿੱਤੀ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਸਿੱਖ ਕਤਲੇਆਮ ਦੇ ਪੀੜਤਾਂ ਦੇ ਕੇਸਾਂ ਦੀ ਪੂਰੀ ਪੈਰਵੀ ਕੀਤੀ ਹੈ ਤੇ ਇਸ ਬਾਰੇ ਸ. ਫੂਲਕਾ ਵੱਲੋਂ ਇਕੱਲੇ ਹੀਰੋ ਬਣਨਾ ਜਾਇਜ਼ ਨਹੀਂ ਹੈ। ਇਸ ਸਬੰਧੀ ਕੇਸ ਦੇ ਅੱਠ ਪੀੜਤ ਅਦਾਲਤਾਂ ਵਿਚ ਕੇਸ ਹਾਰ ਗਏ ਸਨ ਤਾਂ ਸ਼੍ਰੋਮਣੀ ਕਮੇਟੀ ਨੇ ਹਾਈਕੋਰਟ ਵਿਚ ਰੀਵਿਊ ਪਟੀਸ਼ਨਾਂ ਪਾਈਆਂ ਜਿਨ੍ਹਾਂ ਉਤੇ ਸ਼੍ਰੋਮਣੀ ਕਮੇਟੀ ਨੇ ਲੱਖਾਂ ਰੁਪਏ ਦੀ ਅਦਾਇਗੀ ਕੀਤੀ।

ਦੂਜੇ ਪਾਸੇ ਸ. ਫੂਲਕਾ ਨੇ ਆਖਿਆ ਹੈ ਕਿ ਉਹ ਇਕੱਲੇ ਨਹੀਂ ਸਗੋਂ ਹੋਰ ਕਈ ਸੀਨੀਅਰ ਵਕੀਲ ਹਨ ਜਿਨ੍ਹਾਂ ਨੇ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਕੋਈ ਫੀਸ ਨਹੀਂ ਵਸੂਲ ਕੀਤੀ ਸੀ। ਉਨ੍ਹਾਂ ਵਿਚੋਂ ਵਕੀਲ ਦੁਸ਼ਿਅੰਤ ਦਵੇ ਵੀ ਸ਼ਾਮਲ ਸਨ ਜਿਨ੍ਹਾਂ ਦੀ ਆਮ ਫੀਸ ਸੱਤ ਲੱਖ ਰੁਪਏ ਹੈ। ਉਹ ਸੱਜਣ ਕੁਮਾਰ ਕੇਸ ਵਿਚ ਬਿਨਾਂ ਕੋਈ ਫੀਸ ਲਏ ਲੜੇ ਸਨ। ਇਸੇ ਤਰ੍ਹਾਂ ਸੀਨੀਅਰ ਐਡਵੋਕੇਟ ਰਵੀ ਸ਼ੰਕਰ ਪ੍ਰਸਾਦ ਜਿਨ੍ਹਾਂ ਦੀ ਆਮ ਫੀਸ ਚਾਰ ਲੱਖ ਰੁਪਏ ਹੈ, ਨੇ ਵੀ ਬਿਨਾਂ ਫੀਸ ਲਏ ਕੇਸ ਲੜਿਆ। ਨਵੰਬਰ 1984 ਸਿੱਖ ਵਿਰੋਧੀ ਦੰਗਿਆਂ ਦੇ ਕੇਸਾਂ ਵਿਚ



ਉਨ੍ਹਾਂ ਕਦੇ ਵੀ ਸ਼੍ਰੋਮਣੀ ਕਮੇਟੀ ਜਾਂ ਦਿੱਲੀ ਕਮੇਟੀ ਕੋਲੋਂ ਕੋਈ ਫੀਸ ਨਹੀਂ ਲਈ ਹੈ। ਇਸ ਮਾਮਲੇ ਤੋਂ ਇਲਾਵਾ ਹੋਰ ਕੇਸਾਂ ਵਿਚ ਆਪਣੇ ਕਿੱਤੇ ਦੇ ਆਧਾਰ 'ਤੇ ਜ਼ਰੂਰ ਫੀਸ ਲਈ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ ਦਿੱਲੀ ਪ੍ਰਦੇਸ਼ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਮਨਜਿੰਦਰ ਸਿੰਘ ਸਿਰਸਾ ਨੇ ਸਾਂਝੇ ਤੌਰ 'ਤੇ ਐਡਵੋਕੇਟ ਐਚ.ਐਸ. ਫੂਲਕਾ ਦੇ ਖਿਲਾਫ ਮੋਰਚਾ ਖੋਲ੍ਹਦਿਆਂ ਪੁੱਛਿਆ ਕਿ ਉਹ ਕਿਸ ਨੈਤਿਕਤਾ ਦੇ ਆਧਾਰ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਤੌਰ 'ਤੇ ਚੋਣ ਲੜ ਰਹੇ ਹਨ ਜਦੋਂਕਿ ਉਸ ਪਾਰਟੀ ਨੇ ਦਿੱਲੀ ਵਿਚ ਕਾਂਗਰਸ ਨਾਲ ਮਿਲ ਕੇ ਸਰਕਾਰ ਕਾਇਮ ਕੀਤੀ ਸੀ। ਉਕਤ ਆਗੂਆਂ ਨੇ ਦਾਅਵਾ ਕੀਤਾ ਕਿ ਫੂਲਕਾ ਦੇ ਕਹਿਣ 'ਤੇ ਕਰੋੜਾਂ ਰੁਪਏ ਕਮੇਟੀ ਵੱਲੋਂ ਫੂਲਕਾ ਵੱਲੋਂ ਨਾਮਜ਼ਦ ਵਕੀਲਾਂ ਦੇ ਪੈਨਲ ਨੂੰ ਦਿੱਤੇ ਗਏ ਤੇ ਨਾਲ ਹੀ ਅਫਸੋਸ ਪ੍ਰਗਟਾਇਆ ਕਿ ਬੀਤੇ 29 ਸਾਲਾਂ ਵਿਚ ਫੂਲਕਾ ਪੈਨਲ ਵਲੋਂ ਲੜੇ ਗਏ ਪੀੜਤ ਪਰਿਵਾਰਾਂ ਦੇ ਮੁਕੱਦਮੇ ਕਿਸੇ ਸਨਮਾਨਜਨਕ ਅੰਤ ਤੱਕ ਨਹੀਂ ਪੁੱਜ ਸਕੇ। ਉਨ੍ਹਾਂ ਦੋਸ਼ ਲਾਇਆ ਕਿ ਫੂਲਕਾ ਕੌਮ ਨੂੰ ਮੰਝਧਾਰ ਵਿਚ ਹੀ ਛੱਡ ਕੇ ਆਪਣੀ ਸਿਆਸਤ ਵਿਚ ਰੁੱਝ ਗਏ ਹਨ।

## ਵਕੀਲਾਂ ਨੂੰ ਸਿਰਫ ਸੱਤ ਲੱਖ ਰੁਪਏ ਦਿੱਤੇ: ਫੂਲਕਾ

**ਲੁਧਿਆਣਾ:** ਲੋਕ ਸਭਾ ਹਲਕਾ ਲੁਧਿਆਣਾ ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਐਡਵੋਕੇਟ ਐਚ.ਐਸ. ਫੂਲਕਾ ਨੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵੱਲੋਂ ਉਨ੍ਹਾਂ ਉਪਰ ਪੈਸੇ ਲੈ ਕੇ ਕੇਸ ਲੜਨ ਦੇ ਲਾਏ ਦੋਸ਼ਾਂ ਦੇ ਖੰਡਨ ਤੋਂ ਬਾਅਦ ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੇ ਦੋਸ਼ਾਂ ਦਾ ਵੀ ਖੰਡਨ ਕੀਤਾ ਹੈ।

ਜਥੇਦਾਰ ਮੱਕੜ ਨੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਸ. ਫੂਲਕਾ ਵੱਲੋਂ ਸੁਝਾਏ ਵਕੀਲਾਂ ਦੇ ਪੈਨਲ ਨੂੰ 42 ਲੱਖ ਰੁਪਏ ਅਦਾ ਕੀਤੇ ਹਨ। ਸ. ਫੂਲਕਾ ਨੇ ਇਸ ਦੇ ਜੁਆਬ ਵਿਚ ਕਿਹਾ ਹੈ ਕਿ ਵਕੀਲਾਂ ਨੂੰ ਹਾਲੇ ਤੱਕ ਸੱਤ ਲੱਖ ਰੁਪਏ ਹੀ ਦਿੱਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਸਿਧੇ ਤੌਰ 'ਤੇ ਪੰਜ ਵਕੀਲਾਂ ਨੂੰ ਜਗਦੀਸ਼ ਟਾਈਟਲਰ ਤੇ ਸੱਜਣ ਕੁਮਾਰ ਦੇ ਕੇਸਾਂ ਵਿਚ 42 ਲੱਖ ਰੁਪਏ ਦੇਣੇ ਤੈਅ ਕੀਤੇ ਸਨ। ਉਨ੍ਹਾਂ ਨੇ ਇਨ੍ਹਾਂ ਵਕੀਲਾਂ ਤੋਂ ਪਤਾ ਕੀਤਾ ਹੈ ਇਨ੍ਹਾਂ ਨੂੰ ਸੱਤ ਲੱਖ ਰੁਪਏ ਹੀ ਦਿੱਤੇ ਗਏ ਹਨ। 42 ਲੱਖ ਰੁਪਏ ਦੀ ਰਕਮ ਅਦਾ ਕਰਨ ਦਾ ਬਿਆਨ ਦੇ ਕੇ ਜਥੇਦਾਰ ਨੇ ਸਿੱਖ ਸੰਗਤਾਂ ਨੂੰ ਗੁੰਮਰਾਹ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਕੀਲਾਂ ਵਿਚ ਕਾਮਨਾ ਵੋਹਰਾ ਨੂੰ 20 ਕੇਸ ਲੜਨ ਲਈ 5 ਲੱਖ, ਗੁਰਬਖਸ਼ ਸਿੰਘ ਨੂੰ ਚਾਰ ਕੇਸਾਂ ਲਈ ਇਕ ਲੱਖ, ਜਗਜੀਤ ਸਿੰਘ ਨੂੰ ਪੰਜ ਕੇਸ ਲੜਨ ਲਈ ਇਕ ਲੱਖ ਦਿੱਤੇ ਹਨ, ਜਦਕਿ ਜਸਮੀਤ ਸਿੰਘ ਨੂੰ 5 ਕੇਸ ਲੜਨ ਬਦਲੇ ਹਾਲੇ ਤੱਕ ਫੁੱਟੀ ਕੌਡੀ ਵੀ ਨਹੀਂ ਦਿੱਤੀ ਗਈ। 42 ਲੱਖ ਦੀ ਅਦਾਇਗੀ ਦੱਸ ਕੇ ਇਨ੍ਹਾਂ ਵਕੀਲਾਂ ਦੀ ਤੌਹੀਨ ਕੀਤੀ ਹੈ। ਜਦਕਿ ਇੰਨੀ ਘੱਟ ਫੀਸ 'ਤੇ ਲੜਨ ਬਦਲੇ ਵਕੀਲਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਸ਼੍ਰੋਮਣੀ ਕਮੇਟੀ ਦੇ ਦੇਣ-ਲੈਣ ਦਾ ਉਨ੍ਹਾਂ ਨਾਲ ਕੋਈ ਸਬੰਧ ਨਹੀਂ।

# ਸਿੱਖ ਕਤਲੇਆਮ ਦੀ ਜਲਦ ਜਾਂਚ ਲਈ ਕੇਜਰੀਵਾਲ ਨੇ ਲਿਖੀ ਚਿੱਠੀ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਉਪ ਰਾਜਪਾਲ ਨਜੀਬ ਜੰਗ ਨੂੰ ਬੇਨਤੀ ਕੀਤੀ ਹੈ ਕਿ ਉਹ 1984 ਦੇ ਸਿੱਖ ਵਿਰੋਧੀ ਦੰਗਿਆਂ ਲਈ ਵਿਸ਼ੇਸ਼ ਜਾਂਚ ਟੀਮ ਬਣਾਉਣ ਦੀ ਪ੍ਰਕਿਰਿਆ ਛੇਤੀ ਸ਼ੁਰੂ ਕਰਨ। ਸ. ਜੰਗ ਨੂੰ ਲਿਖੀ ਚਿੱਠੀ ਵਿਚ ਸ੍ਰੀ ਕੇਜਰੀਵਾਲ ਨੇ ਕਿਹਾ ਹੈ ਕਿ ਕੁਝ ਗਵਾਹ ਬਹੁਤ ਹੀ ਬਜ਼ੁਰਗ ਹਨ ਤੇ ਵਿਸ਼ੇਸ਼ ਜਾਂਚ ਟੀਮ ਬਣਾ ਕੇ ਉਨ੍ਹਾਂ ਨੂੰ ਇਨਸਾਫ ਦਿੱਤਾ ਜਾ ਸਕਦਾ ਹੈ। ਇਸ ਲਈ ਉਹ ਟੀਮ ਦੇ ਗਠਨ ਵਿਚ ਤੇਜ਼ੀ ਲਿਆਉਣ ਦੀ ਬੇਨਤੀ ਕਰਦੇ ਹਨ।

ਚਿੱਠੀ ਵਿਚ ਸ੍ਰੀ ਕੇਜਰੀਵਾਲ ਨੇ ਉਨ੍ਹਾਂ ਦੀ ਸਰਕਾਰ ਦੇ ਫੈਸਲੇ ਨੂੰ ਹਮਾਇਤ ਦੇਣ ਲਈ ਸ੍ਰੀ ਜੰਗ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਦੇਸ਼ ਦੀ ਰਾਜਧਾਨੀ ਦੇ ਇਤਿਹਾਸ ਵਿਚ ਵਾਪਰੇ ਦਰਦਨਾਕ ਦੰਗਿਆਂ ਦੀ ਢੁਕਵੀਂ ਤੇ ਨਿਰਪੱਖ ਜਾਂਚ ਲਈ ਦਿੱਲੀ ਤੋਂ ਬਾਹਰ ਦੇ ਪੁਲਿਸ ਅਧਿਕਾਰੀਆਂ ਨੂੰ ਨਿਯੁਕਤ



ਕੀਤਾ ਜਾਵੇ। ਸ੍ਰੀ ਕੇਜਰੀਵਾਲ ਨੇ ਵਿਸ਼ੇਸ਼ ਜਾਂਚ ਟੀਮ ਵਿਚ ਤਾਇਨਾਤੀ ਲਈ ਦਿੱਲੀ ਤੋਂ ਬਾਹਰ ਦੇ ਤਿੰਨ ਸੀਨੀਅਰ ਆਈ.ਪੀ.ਐਸ. ਅਧਿਕਾਰੀਆਂ ਦੇ ਨਾਂ ਵੀ ਸੁਝਾਏ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਛੇ ਫਰਵਰੀ ਨੂੰ ਸਿੱਖ ਵਿਰੋਧੀ ਦੰਗਿਆਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਦੇ ਗਠਨ ਵਾਸਤੇ ਉਪ ਰਾਜਪਾਲ ਨੂੰ ਸਿਫਾਰਸ਼ ਕੀਤੀ ਸੀ। ਉਪ ਰਾਜਪਾਲ ਨੇ ਸਿਫਾਰਸ਼ ਪ੍ਰਵਾਨ ਕੀਤੀ ਸੀ।

## ਜਗਦੀਸ਼ ਟਾਈਟਲਰ ਨੂੰ ਪੇਸ਼ ਹੋਣ ਦਾ ਹੁਕਮ

**ਨਵੀਂ ਦਿੱਲੀ:** ਸਿੱਖ ਕਤਲੇਆਮ ਦੇ ਕੇਸਾਂ ਵਿਚ ਪੀੜਤਾਂ ਵੱਲੋਂ ਪੇਸ਼ ਹੋਣ ਵਾਲੇ ਵਕੀਲ ਵੱਲੋਂ ਦਾਇਰ ਹੱਤਕ ਦੇ ਕੇਸ ਵਿਚ ਦਿੱਲੀ ਦੀ ਅਦਾਲਤ ਨੇ ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ 31 ਮਈ ਨੂੰ ਪੇਸ਼ ਹੋਣ ਦਾ ਹੁਕਮ ਦਿੱਤਾ ਹੈ। ਵਧੀਕ ਚੀਫ ਮੈਟਰੋਪਾਲੀਟਨ ਮੈਜਿਸਟਰੇਟ ਗੌਰਵ ਰਾਓ ਨੇ ਟਾਈਟਲਰ ਨੂੰ 31 ਮਈ ਨੂੰ ਖੁਦ ਪੇਸ਼ ਹੋਣ ਲਈ ਕਿਹਾ ਹੈ। ਉਸ ਦਿਨ ਹੀ ਅਦਾਲਤ ਵੱਲੋਂ ਉਨ੍ਹਾਂ ਵਿਰੁੱਧ ਦੋਸ਼ ਆਇਦ ਕਰਨ ਦੀ ਸੰਭਾਵਨਾ ਹੈ। ਸੁਣਵਾਈ ਦੌਰਾਨ ਟਾਈਟਲਰ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਕਾਂਗਰਸ ਆਗੂ ਨੂੰ ਖੁਦ ਪੇਸ਼ ਹੋਣ ਲਈ ਨਹੀਂ ਕਿਹਾ ਜਾ ਸਕਦਾ।

ਟਾਈਟਲਰ ਵਿਰੁੱਧ ਇਹ ਕੇਸ ਵਕੀਲ ਐਚ. ਐਸ. ਫੂਲਕਾ ਨੇ ਦਾਇਰ ਕੀਤਾ ਸੀ। ਉਨ੍ਹਾਂ ਦੋਸ਼ ਲਾਇਆ ਸੀ ਕਿ ਇਕ ਚੈਨਲ 'ਤੇ 7 ਸਤੰਬਰ 2004 ਨੂੰ ਪ੍ਰਸਾਰਤ ਪ੍ਰੋਗਰਾਮ ਵਿਚ ਕਾਂਗਰਸ ਆਗੂ ਨੇ ਉਨ੍ਹਾਂ ਵਿਰੁੱਧ ਟਿੱਪਣੀਆਂ ਕੀਤੀਆਂ। ਸ. ਫੂਲਕਾ ਨੇ ਇਹ ਸ਼ਿਕਾਇਤ 2006 ਵਿਚ ਦਾਇਰ ਕੀਤੀ ਸੀ। ਸ. ਫੂਲਕਾ ਵੱਲੋਂ ਪੇਸ਼ ਵਕੀਲ ਕਾਮਨਾ ਵੋਹਰਾ ਨੇ ਇਸ ਤੋਂ ਪਹਿਲਾਂ ਅਦਾਲਤ ਨੂੰ ਦੱਸਿਆ ਸੀ ਕਿ ਟਾਈਟਲਰ ਵਿਰੁੱਧ ਆਈ.ਪੀ.ਸੀ. ਦੀ ਧਾਰਾ 506 ਅਧੀਨ ਫੌਜਦਾਰੀ ਸਾਜ਼ਿਸ਼ ਦੇ ਦੋਸ਼ ਤਹਿਤ ਵੀ ਸੁਣਵਾਈ ਹੋਵੇ।

# ਸ਼ਮਸ਼ੇਰ ਸਿੰਘ ਤੇ ਗੁਰਮੀਤ ਸਿੰਘ ਦੀ ਰਿਹਾਈ ਲਈ ਬਾਦਲ ਨੇ ਭਰੀ ਹਾਮੀ

**ਚੰਡੀਗੜ੍ਹ:** ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਤਲ ਕੇਸ ਦੇ ਦੋਸ਼ੀਆਂ ਨੂੰ ਰਿਹਾਅ ਕਰਨ ਲਈ ਤਾਮਿਲਨਾਡੂ ਸਰਕਾਰ ਦੇ ਫੈਸਲੇ ਤੋਂ ਦੋ ਦਿਨਾਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਸ਼ਮਸ਼ੇਰ ਸਿੰਘ ਤੇ ਗੁਰਮੀਤ ਸਿੰਘ ਦੇ ਕੇਸਾਂ 'ਤੇ ਕਾਨੂੰਨੀ ਤੌਰ 'ਤੇ ਘੋਖ ਕਰੇਗੀ ਕਿ ਕੀ ਕੁਝ ਹੋ ਸਕਦਾ ਹੈ।



ਪੰਜਾਬ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸ਼ਨ ਨੂੰ ਇਕ ਕਰੋੜ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕਰਨ ਮਗਰੋਂ ਸ. ਬਾਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਤਾਮਿਲਨਾਡੂ ਸਰਕਾਰ ਦੇ ਫੈਸਲੇ 'ਤੇ ਕੋਈ ਵੀ ਕਿੰਤੂ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਇੰਨਾ ਕਿਹਾ ਕਿ ਸ਼ਮਸ਼ੇਰ ਸਿੰਘ ਤੇ ਗੁਰਮੀਤ ਸਿੰਘ ਦੀ ਰਿਹਾਈ ਦੇ ਕੇਸਾਂ 'ਤੇ ਕਾਨੂੰਨੀ ਨੁਕਤਾ ਨਿਗਾਹ ਤੋਂ ਘੋਖ ਕੀਤੀ ਜਾਵੇਗੀ। ਹਾਈ ਕੋਰਟ ਇਨ੍ਹਾਂ ਦੀ ਅਗਾਊਂ ਰਿਹਾਈ ਦੀਆਂ ਅਪੀਲਾਂ ਬਾਰੇ ਕੇਂਦਰ ਸਰਕਾਰ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਫੈਸਲਾ ਕਰਨ ਬਾਰੇ ਪਹਿਲਾਂ ਹੀ ਆਖ ਚੁੱਕੀ ਹੈ। ਬੁੜੈਲ ਜੇਲ੍ਹ ਵਿਚ ਬੰਦ ਸ਼ਮਸ਼ੇਰ ਸਿੰਘ ਤੇ ਗੁਰਮੀਤ ਸਿੰਘ ਨੇ ਆਪਣੀ ਅਪੀਲ ਵਿਚ ਕਿਹਾ ਸੀ ਕਿ ਹੋਰਨਾਂ ਕੈਦੀਆਂ ਨੂੰ 14 ਸਾਲਾਂ ਦੀ ਕੈਦ ਪੂਰੀ ਹੋਣ ਤੋਂ ਬਾਅਦ ਰਿਹਾਈ ਕੀਤੀ ਜਾਂਦੀ ਹੈ ਪਰ ਉਨ੍ਹਾਂ ਨਾਲ ਭੇਦਭਾਵ ਕੀਤਾ ਗਿਆ ਹੈ ਤੇ ਸਰਕਾਰ ਜਾਣਬੁੱਝ ਕੇ ਉਨ੍ਹਾਂ ਦੇ ਕੇਸਾਂ 'ਤੇ ਗੌਰ ਨਹੀਂ ਕਰ ਰਹੀ।

# ਅਕਾਲੀ ਦਲ ਵਿਰੁਧ ਜਾਰੀ ਚਿੱਠੀਆਂ ਤੋਂ ਕਾਂਗਰਸ ਵਿਚ ਕਲੇਸ਼

## ਸੁਖਪਾਲ ਸਿੰਘ ਖਹਿਰਾ ਵਿਰੁਧ ਮਾਨਹਾਨੀ ਦਾ ਕੇਸ ਠੋਕਣ ਦੀ ਦਿੱਤੀ ਧਮਕੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਰਾਜਨਬੀਰ ਸਿੰਘ ਨੇ ਆਪਣੀ ਹੀ ਪਾਰਟੀ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ 'ਤੇ ਝੂਠੀ ਬਿਆਨਬਾਜ਼ੀ ਕਰਨ ਦੇ ਦੋਸ਼ ਲਾਉਂਦਿਆਂ ਉਨ੍ਹਾਂ ਵਿਰੁੱਧ ਮਾਨਹਾਨੀ ਦਾ ਕੇਸ ਠੋਕਣ ਦੀ ਚਿਤਾਵਨੀ ਦਿੱਤੀ ਹੈ। ਪੰਜਾਬ ਦੇ ਤਿੰਨ ਵਾਰ ਵਿੱਤ ਮੰਤਰੀ ਰਹਿ ਮਰਹੂਮ ਬਲਵੰਤ ਸਿੰਘ ਦੇ ਪੁੱਤਰ ਤੇ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਰਾਜਨਬੀਰ ਸਿੰਘ ਨੇ ਪ੍ਰੈੱਸ ਕਾਨਫਰੰਸ ਕਰਕੇ ਦੋਸ਼ ਲਾਇਆ ਕਿ ਸ. ਖਹਿਰਾ ਨੇ ਉਨ੍ਹਾਂ ਦੇ ਪਿਤਾ ਦੀ ਫਰਜ਼ੀ ਚਿੱਠੀ ਜਾਰੀ ਕਰਕੇ ਝੂਠੇ ਦੋਸ਼ ਮੜੇ ਹਨ।

ਉਨ੍ਹਾਂ ਸ. ਖਹਿਰਾ ਨੂੰ ਕਿਹਾ ਕਿ ਉਹ ਤੁਰੰਤ ਉਨ੍ਹਾਂ ਦੇ ਪਿਤਾ ਦੇ ਨਾਂ ਨਾਲ ਜੋੜ ਕੇ ਜਾਰੀ ਕੀਤੀ ਗਈ ਝੂਠੀ ਚਿੱਠੀ ਬਾਰੇ ਮੁਆਫੀ ਮੰਗਣ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਮੁਆਫੀ ਨਾ ਮੰਗੀ ਗਈ ਤਾਂ ਉਹ ਮਾਨਹਾਨੀ ਦਾ ਕੇਸ ਦਾਇਰ ਕਰੇਗਾ। ਪਿਛਲੇ ਦਿਨੀਂ ਪੰਜਾਬ ਕਾਂਗਰਸ ਦੇ ਬੁਲਾਰੇ ਸ. ਖਹਿਰਾ ਨੇ ਪ੍ਰੈੱਸ ਕਾਨਫਰੰਸ ਕਰਕੇ ਸ. ਬਲਵੰਤ ਸਿੰਘ ਵੱਲੋਂ ਦੇਸ਼ ਦੀ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ



ਨੂੰ ਲਿਖਿਆ ਪੱਤਰ ਜਾਰੀ ਕਰਕੇ ਦੋਸ਼ ਲਾਇਆ ਸੀ ਕਿ ਉਨ੍ਹਾਂ ਨੇ ਸਾਕਾ ਨੀਲਾ ਤਾਰਾ ਦਾ ਸਮਰਥਨ ਕੀਤਾ ਸੀ। ਰਾਜਨਬੀਰ ਨੇ ਆਪਣੇ ਪਿਤਾ ਬਲਵੰਤ ਸਿੰਘ ਦੇ ਪੁਰਾਣੇ ਪਾਸਪੋਰਟ ਦਿਖਾਉਂਦਿਆਂ ਵੇਰਵਿਆਂ ਸਹਿਤ ਦੱਸਿਆ ਕਿ 9 ਜੂਨ, 1984 ਨੂੰ ਉਨ੍ਹਾਂ ਦੇ ਪਿਤਾ ਦੇਸ਼ ਵਿਚ ਹੀ ਨਹੀਂ ਸਨ। ਸ. ਖਹਿਰਾ ਨੇ ਦਾਅਵਾ ਕੀਤਾ ਸੀ ਕਿ ਸ. ਬਲਵੰਤ ਸਿੰਘ ਨੇ 9 ਜੂਨ, 1984 ਨੂੰ ਸ੍ਰੀਮਤੀ ਇੰਦਰਾ ਗਾਂਧੀ ਨੂੰ ਪੱਤਰ ਲਿਖਿਆ ਸੀ। ਰਾਜਨਬੀਰ ਨੇ ਕਿਹਾ ਕਿ ਇਹ ਮੁੱਦਾ ਉਹ ਪਾਰਟੀ ਪਲੇਟਫਾਰਮ 'ਤੇ ਉਠਾ ਕੇ ਸ. ਖਹਿਰਾ ਵਿਰੁੱਧ ਕਾਰਵਾਈ ਕਰਨ ਦੀ ਮੰਗ ਕਰਨਗੇ।

ਉਨ੍ਹਾਂ ਦੱਸਿਆ ਕਿ ਉਸ ਸਮੇਂ ਉਹ ਅਮਰੀਕਾ ਵਿਚ ਪੜ੍ਹਾਈ ਕਰ ਰਿਹਾ ਸੀ ਤੇ ਉਸਦੇ ਪਿਤਾ ਉਸ ਦੀ ਕਾਨਵੋਕੇਸ਼ਨ ਵਿਚ ਸ਼ਾਮਲ ਹੋਣ ਲਈ ਅਮਰੀਕਾ ਗਏ ਸਨ। ਉਸ ਸਮੇਂ ਸਾਕਾ ਨੀਲਾ ਤਾਰਾ ਕਾਰਨ ਚੰਡੀਗੜ੍ਹ ਵਿਚ ਕਰਫਿਊ ਲੱਗਿਆ ਸੀ। ਉਨ੍ਹਾਂ ਦੇ ਪਿਤਾ 10 ਜੂਨ, 1984 ਨੂੰ ਦਿੱਲੀ ਹਵਾਈ ਅੱਡੇ 'ਤੇ ਉਤਰੇ ਸਨ ਜਿਸ ਤੋਂ ਸਪਸ਼ਟ ਹੈ ਕਿ 9 ਜੂਨ ਨੂੰ ਉਨ੍ਹਾਂ ਦੇ ਪਿਤਾ ਭਾਰਤ ਵਿਚ ਹੀ ਨਹੀਂ ਸਨ ਤੇ ਇਸ ਦਿਨ ਉਨ੍ਹਾਂ ਦੇ ਨਾਂ ਹੇਠ ਇੰਦਰਾ ਗਾਂਧੀ ਨੂੰ ਲਿਖੀ ਗਈ ਚਿੱਠੀ ਫਰਜ਼ੀ ਹੈ। ਰਾਜਨਬੀਰ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਮਾੜੇ ਦੌਰ ਦੌਰਾਨ ਸੰਤ ਹਰਚਰਨ ਸਿੰਘ ਲੌਂਗੋਵਾਲ ਤੇ ਉਨ੍ਹਾਂ ਦੇ ਪਿਤਾ ਪੰਜਾਬ ਵਿਚ ਸ਼ਾਂਤੀ ਲਿਆਉਣ ਲਈ ਪੰਜਾਬ ਸਮਝੌਤੇ ਲਈ ਮੋਹਰੀ ਭੂਮਿਕਾ ਨਿਭਾਉਂਦੇ ਰਹੇ ਸਨ। ਉਨ੍ਹਾਂ ਦੇ ਪਿਤਾ ਹਮੇਸ਼ਾ ਪੰਜਾਬ ਦੇ ਹਿੱਤਾਂ ਲਈ ਜੂਝਦੇ ਰਹੇ ਸਨ ਤੇ ਉਨ੍ਹਾਂ ਨੇ ਕਦੇ ਵੀ ਸਾਕਾ ਨੀਲਾ ਤਾਰਾ ਦਾ ਸਮਰਥਨ ਨਹੀਂ ਕੀਤਾ ਸੀ।

## ਰਾਜਨਬੀਰ ਅਕਾਲੀ ਦਲ ਦੇ ਹੱਥਾਂ ਵਿਚ ਖੇਡ ਰਿਹਾ: ਖਹਿਰਾ

**ਚੰਡੀਗੜ੍ਹ:** ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਉਹ ਆਪਣੇ ਸਟੈਂਡ 'ਤੇ ਕਾਇਮ ਹੈ ਤੇ ਰਾਜਨਬੀਰ ਨੂੰ ਪੁਸਤਕ 'ਚੱਕਰਵਿਊ' ਦੇ ਲੇਖਕ ਗੁਰਤੇਜ ਸਿੰਘ (ਸਾਬਕਾ ਆਈ.ਏ.ਐਸ.) ਤੇ



ਪ੍ਰਕਾਸ਼ਕ ਖ਼ਿਲਾਫ਼ ਮਾਨਹਾਨੀ ਦਾ ਦਾਅਵਾ ਕਰਨ ਦੀ ਜੁਰਅਤ ਦਿਖਾਉਣੀ ਚਾਹੀਦੀ ਹੈ। ਸ. ਖਹਿਰਾ ਨੇ ਦੋਸ਼ ਲਾਇਆ ਕਿ ਅਜਿਹਾ ਕਰਕੇ ਰਾਜਨਬੀਰ ਅਕਾਲੀ ਦਲ ਦੇ ਹੱਥਾਂ ਵਿਚ ਖੇਡ ਰਹੇ ਹਨ। ਉਨ੍ਹਾਂ ਵੱਲੋਂ ਗੁਰਤੇਜ ਸਿੰਘ ਦੀ ਕਿਤਾਬ ਵਿਚ ਦਰਜ ਪੱਤਰ ਹੀ ਜੱਗ ਜ਼ਾਹਰ ਕੀਤਾ ਗਿਆ ਹੈ।

ਸ. ਖਹਿਰਾ ਨੇ ਹੋਰ ਦੋਸ਼ ਲਾਇਆ ਕਿ 1986 ਦੇ ਅਪਰੇਸ਼ਨ ਬਲੈਕ ਥੰਡਰ ਮੌਕੇ ਮਰਹੂਮ ਬਲਵੰਤ ਸਿੰਘ ਦਾ ਰੋਲ ਉਸ ਦੇ ਭਾਰਤ ਸਰਕਾਰ ਦੇ ਏਜੰਟ ਵਜੋਂ ਕੰਮ ਕਰਨ ਨੂੰ ਹੋਰ ਪੁਖ਼ਤਾ ਕਰਦਾ ਹੈ। ਸਾਲ 1986 ਵਿਚ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਅਪਰੇਸ਼ਨ ਬਲੈਕ ਥੰਡਰ ਤਹਿਤ ਪੁਲਿਸ ਨੂੰ ਦਰਬਾਰ ਸਾਹਿਬ ਵਿਚ ਦਾਖ਼ਲ ਹੋਣ ਦੀ ਆਗਿਆ ਦਿੱਤੀ ਸੀ ਤੇ ਵਿੱਤ ਵਿਭਾਗ ਨਾਲ ਕੈਬਨਿਟ ਦੇ ਦੂਸਰੇ ਨੰਬਰ ਦੇ ਮੰਤਰੀ ਹੋਣ ਕਾਰਨ ਬਲਵੰਤ ਸਿੰਘ ਪੁਲਿਸ ਦੇ ਸ੍ਰੀ ਹਰਿਮੰਦਰ ਸਾਹਿਬ ਵਿਚ ਦਾਖ਼ਲੇ ਦੇ ਮੁੱਖ ਘਾੜਤਾ ਵੀ ਸਨ। ਉਨ੍ਹਾਂ ਦੋਸ਼ ਲਾਇਆ ਕਿ ਰਾਜਨਬੀਰ ਦਲਬਦਲੂ ਹੈ। ਇਸ ਬਾਰੇ ਪੁਸਤਕ ਦੇ ਲੇਖਕ ਗੁਰਤੇਜ ਸਿੰਘ ਨੇ ਕਿਹਾ ਕਿ ਬਲਵੰਤ ਸਿੰਘ ਵੱਲੋਂ ਇੰਦਰਾ ਗਾਂਧੀ ਨੂੰ ਲਿਖਿਆ ਪੱਤਰ 1984 ਵਿਚ ਹੀ ਜੱਗ ਜ਼ਾਹਰ ਹੋ ਗਿਆ ਸੀ। ਉਨ੍ਹਾਂ ਨੇ ਤਾਂ 15 ਸਾਲ ਬਾਅਦ 1999 ਵਿਚ ਪੁਸਤਕ ਲਿਖੀ ਸੀ। ਉਨ੍ਹਾਂ ਕਿਹਾ ਕਿ ਇਸ ਪੱਤਰ ਵਿਚ ਕੋਈ ਕੱਚ ਨਹੀਂ ਹੈ ਪਰ ਉਹ ਬਲਵੰਤ ਸਿੰਘ ਦੇ ਪੁੱਤਰ ਦੇ ਦੁੱਖ ਨੂੰ ਸਮਝਦੇ ਹਨ।

# ਸਰਕਾਰ ਹਰਸਿਮਰਤ ਦੇ ਹਲਕੇ 'ਤੇ ਮਿਹਰਬਾਨ

**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਵੀ.ਆਈ.ਪੀ. ਸੰਸਦੀ ਹਲਕੇ ਬਠਿੰਡਾ ਦੇ 25 ਸਰਕਾਰੀ ਸਕੂਲਾਂ ਨੂੰ ਅਪਗਰੇਡ ਕਰ ਦਿੱਤਾ ਗਿਆ ਹੈ ਜਦੋਂਕਿ ਬਾਕੀ ਪੰਜਾਬ ਵਿਚੋਂ ਕੋਈ ਵੀ ਸਕੂਲ ਅਪਗਰੇਡ ਨਹੀਂ ਕੀਤਾ ਗਿਆ ਹੈ। ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਸਿੱਖਿਆ ਵਿਭਾਗ ਨੇ ਇਹ ਸਕੂਲ ਅਪਗਰੇਡ ਕੀਤੇ ਹਨ। ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਵੱਲੋਂ ਇਨ੍ਹਾਂ ਸਕੂਲਾਂ ਨੂੰ ਅਪਗਰੇਡ ਕਰਨ ਵਾਸਤੇ ਪੰਜਾਬ ਸਰਕਾਰ ਕੋਲ ਪੈਰਵੀ ਕੀਤੀ ਜਾ ਰਹੀ ਸੀ।

ਪੰਜਾਬ ਸਰਕਾਰ ਵੱਲੋਂ ਕਰੀਬ 12 ਸਾਲਾਂ ਮਗਰੋਂ ਸਕੂਲ ਅਪਗਰੇਡ ਕੀਤੇ ਗਏ ਹਨ। ਆਖਰੀ ਵਾਰ ਅਕਾਲੀ ਭਾਜਪਾ ਸਰਕਾਰ ਨੇ ਹੀ ਸਾਲ 2001 2002 ਵਿਚ 1604 ਸਰਕਾਰੀ ਸਕੂਲਾਂ ਨੂੰ ਅਪਗਰੇਡ ਕੀਤਾ ਸੀ ਤੇ ਉਸ ਮਗਰੋਂ ਸਿਰਫ਼ ਇੱਕਾ-ਦੁੱਕਾ ਸਕੂਲ ਹੀ ਅਪਗਰੇਡ ਹੋਏ ਸਨ। ਹੁਣ ਸਰਕਾਰ ਨੇ ਬਠਿੰਡਾ ਜ਼ਿਲ੍ਹੇ ਦੇ 18 ਸਰਕਾਰੀ ਸਕੂਲਾਂ ਤੇ ਮਾਨਸਾ ਜ਼ਿਲ੍ਹੇ ਦੇ ਸੱਤ ਸਰਕਾਰੀ ਸਕੂਲਾਂ ਨੂੰ ਅਪਗਰੇਡ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਸਾਰੇ ਸਰਕਾਰੀ ਸਕੂਲ ਦਸਵੀਂ ਕਲਾਸ ਤੋਂ ਅਪਗਰੇਡ ਕਰਕੇ ਬਾਰ੍ਹਵੀਂ ਕਲਾਸ ਦੇ ਸਰਕਾਰੀ ਸਕੂਲ ਬਣਾ ਦਿੱਤੇ ਗਏ ਹਨ। ਇਨ੍ਹਾਂ ਪਿੰਡਾਂ ਦੇ ਵਿਦਿਆਰਥੀਆਂ ਨੂੰ ਇਸ ਦਾ ਫਾਇਦਾ ਹੋਵੇਗਾ ਤੇ ਨਾਲ ਹੀ ਹਾਕਮ ਧਿਰ ਵੀ ਚੋਣਾਂ ਮੌਕੇ ਇਸ ਦਾ ਸਿਆਸੀ ਲਾਹਾ ਲੈਣ ਦੀ ਆਸ ਰੱਖ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬਠਿੰਡਾ ਜ਼ਿਲ੍ਹੇ ਦੇ ਪਿੰਡ ਜੀਦਾ, ਪਥਰਾਲਾ, ਸਿਰੀਏਵਾਲਾ, ਗੁੰਮਟੀ ਕਲਾਂ, ਭੁੱਚੋ ਖੁਰਦ, ਅਕਲੀਆਂ ਕਲਾਂ, ਜੰਡਾਵਾਲਾ, ਗਹਿਰੀ ਦੇਵੀ ਨਗਰ, ਕੌਰੇਆਣਾ, ਸੇਖੂ, ਤਿਉਣਾ ਪੁਜਾਰੀਆਂ, ਜੀਵਨ ਸਿੰਘ ਵਾਲਾ, ਮੌੜ ਕਲਾਂ, ਪਿੱਥੋ, ਰਾਏਖਾਨਾ, ਝੰਡੂਕੇ, ਹਮੀਰਗੜ੍ਹ, ਰਾਈਆ ਦੇ ਸਰਕਾਰੀ ਸਕੂਲ ਬਾਰ੍ਹਵੀਂ ਕਲਾਸ ਦੇ ਬਣਾ ਦਿੱਤੇ ਗਏ ਹਨ। ਇਨ੍ਹਾਂ ਸਕੂਲਾਂ ਵਿਚ ਤਿੰਨ ਸਕੂਲ ਸਿੱਖਿਆ ਮੰਤਰੀ ਪੰਜਾਬ ਦੇ ਹਲਕਾ ਰਾਮਪੁਰਾ ਫੂਲ ਦੇ ਵੀ ਹਨ। ਇਸੇ ਤਰ੍ਹਾਂ ਹੀ ਮਾਨਸਾ ਜ਼ਿਲ੍ਹੇ ਦੇ ਅਤਲਾ ਕਲਾਂ, ਜੌੜਕੀਆਂ, ਰਾਮਗੜ੍ਹ ਸਾਹਪੁਰੀਆਂ, ਸੈਦੇਵਾਲਾ, ਬਖਸ਼ੀਵਾਲਾ, ਆਲਮਪੁਰ ਮੰਦਰਾਂ, ਕਿਸ਼ਨਗੜ੍ਹ ਦੇ ਸਰਕਾਰੀ ਸਕੂਲ ਦਸਵੀਂ ਕਲਾਸ ਤੋਂ ਬਾਰ੍ਹਵੀਂ ਕਲਾਸ ਤੱਕ ਅਪਗਰੇਡ ਕਰ ਦਿੱਤੇ ਗਏ ਹਨ।



# ਤੋਪਾਂ ਦੇ ਸਾਏ ਹੇਠ ਲੋਕਾਂ ਦੀ ਸੇਵਾ ਵਿਚ ਜੁਟਿਆ ਭਾਰਤੀ ਡਾਕਟਰ

**ਕੰਧਾਰ:** ਭਾਰਤ ਦੇ ਡਾਕਟਰ ਸ਼ਾਹਨਵਾਜ਼ ਨੂੰ ਅਫਗਾਨਿਸਤਾਨ ਵਿਚ ਤਾਲਿਬਾਨ ਦੇ ਜਨਮ ਸਥਾਨ ਕੰਧਾਰ ਵਿਚ ਲੋਕਾਂ ਦੇ ਦੁੱਖ ਦੂਰ ਕਰਦਿਆਂ ਤਕਰੀਬਨ 10 ਸਾਲ ਹੋ ਗਏ ਹਨ। ਖਤਰਨਾਕ ਮਾਹੌਲ ਵਿਚ ਉਹ ਇਨਸਾਨੀਅਤ ਦੀ ਸੇਵਾ ਨੂੰ ਆਪਣਾ ਧਰਮ ਮੰਨਦੇ ਹਨ ਤੇ ਬੇਖੌਫ ਹੋ ਕੇ ਬਿਮਾਰਾਂ ਨੂੰ ਚੰਗਾ ਕਰ ਰਹੇ ਹਨ। ਇਹ 45 ਸਾਲਾ ਡਾਕਟਰ ਕੰਧਾਰ ਦੇ ਪ੍ਰਾਈਵੇਟ ਹਸਪਤਾਲ ਵਿਚ ਹਨ। ਅਫਗਾਨਿਸਤਾਨ ਆਉਣ ਦੇ ਆਪਣੇ ਸਫਰ ਬਾਰੇ ਉਨ੍ਹਾਂ ਦੱਸਿਆ ਕਿ ਇਸ ਮੁਲਕ ਦੇ ਇਕ ਕਾਰੋਬਾਰੀ ਨੇ ਉਨ੍ਹਾਂ ਦੇ ਪਰਿਵਾਰ ਨਾਲ ਭਾਰਤ ਵਿਚ ਸੰਪਰਕ ਕੀਤਾ ਸੀ।

ਉਸ ਨੇ ਕਿਹਾ ਕਿ ਜੇ ਉਹ (ਨਵਾਜ਼) ਅਫਗਾਨਿਸਤਾਨ ਵਿਚ ਆ ਕੇ ਲੋਕਾਂ ਦਾ ਇਲਾਜ ਕਰਨ ਤਾਂ ਇਹ ਇਨਸਾਨੀਅਤ ਦੀ ਵੱਡੀ ਸੇਵਾ ਹੋਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਸੁੱਕੇ ਮੇਵਿਆਂ ਦੇ ਕਾਰੋਬਾਰੀ ਨੂੰ ਕਿਹਾ ਕਿ ਉਹ ਉਥੇ ਹਸਪਤਾਲ ਬਣਾਉਣ ਤੇ ਉਹ ਰਾਜ਼ੀ ਹੋ ਗਏ। ਇਸ ਮੁਲਕ ਦੇ ਲੋਕ ਬਹੁਤ ਸਿੱਧੇ ਸਾਦੇ ਹਨ ਤੇ ਇਨ੍ਹਾਂ ਦੀਆਂ ਲੋੜਾਂ ਸੀਮਤ ਹਨ। ਇਥੇ ਇਲਾਜ ਦੀਆਂ ਮੁੱਢਲੀਆਂ ਸਹੂਲਤਾਂ ਨਹੀਂ ਹਨ। ਉਹ ਸਾਲ 2005 ਤੋਂ ਇਥੇ ਹਨ ਤੇ ਉਨ੍ਹਾਂ ਦਾ ਪਰਿਵਾਰ ਮਲੇਸ਼ੀਆ ਵਿਚ ਹੈ। ਉਹ ਪਰਿਵਾਰ ਕੋਲ ਸਾਲ ਵਿਚ ਦੋ-ਤਿੰਨ ਵਾਰ ਜਾਂਦਾ ਹੈ ਤੇ ਉਹ ਸਾਲ ਵਿਚ ਇਕ ਵਾਰ ਭਾਰਤ ਜਾਂਦਾ ਹੈ। ਮਹਾਰਾਸ਼ਟਰ ਦੇ ਪਿਛੋਕੜ ਵਾਲੇ ਡਾਕਟਰ ਨਵਾਜ਼ ਕੰਧਾਰ ਵਿਚ ਭਾਰਤੀ ਕੌਂਸਲਖਾਨੇ ਦੇ ਭਾਰਤੀ ਸਟਾਫ ਤੋਂ ਇਲਾਵਾ ਇਕੋ-ਇਕ ਭਾਰਤੀ ਹਨ। ਆਪਣੀ ਕੰਧਾਰ ਦੀ ਜ਼ਿੰਦਗੀ ਬਾਰੇ ਉਨ੍ਹਾਂ ਕਿਹਾ ਕਿ ਸ਼ਹਿਰ ਵਿਚ ਉਹ ਇਕੋ-ਇਕ ਭਾਰਤੀ ਹਨ। ਇਥੇ ਸ਼ਾਮ ਹੁੰਦੇ ਹੀ ਲੋਕ ਘਰੋਂ ਬਾਹਰ ਨਹੀਂ ਨਿਕਲਦੇ। ਲੋਕ ਤੜਕੇ ਉੱਠ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇਥੇ ਭਾਰਤੀ ਖਾਣੇ ਨਹੀਂ ਮਿਲਦੇ। ਇਸ ਲਈ ਜਦੋਂ ਕਦੇ ਦਿੱਲੀ ਜਾਂਦੇ ਹਨ ਤਾਂ ਸਭ ਤੋਂ ਪਹਿਲਾਂ ਕਿਸੇ ਚੰਗੇ ਹੋਟਲ ਵਿਚ ਜਾ ਕੇ ਭਾਰਤੀ ਖਾਣੇ ਦਾ ਆਨੰਦ ਮਾਣਦੇ ਹਨ।

ਖੁਸ਼ਕਿਸਮਤੀ ਨਾਲ ਸਾਰੇ ਸੈਟੇਲਾਈਟ ਚੈਨਲ ਕੰਧਾਰ ਵਿਚ ਉਪਲਬਧ ਹਨ। ਇਥੇ ਹਿੰਦੀ ਫ਼ਿਲਮਾਂ ਨੂੰ ਸਥਾਨਕ ਪਸ਼ਤੋ ਭਾਸ਼ਾ ਵਿਚ ਡੱਬ ਕਰਕੇ ਦਿਖਾਇਆ ਜਾਂਦਾ ਹੈ। ਅਮਿਤਾਭ ਬਚਨ, ਸਲਮਾਨ ਖਾਨ ਤੇ ਸੰਨੀ ਦਿਓਲ ਇਥੇ ਬਹੁਤ ਮਕਬੂਲ ਹਨ। ਸ਼ਹਿਰ ਤੋਂ ਬਾਹਰ ਬਿਜਲੀ ਨਹੀਂ ਤੇ ਟੀ.ਵੀ. ਨਹੀਂ। ਇਥੇ ਬਹੁਤੇ ਲੋਕਾਂ ਦਾ ਮਨੋਰੰਜਨ ਰੇਡੀਓ ਕਰਦਾ ਹੈ।

# ਅਕਾਲੀ-ਭਾਜਪਾ ਲਈ ਫਿਲਮੀ ਸਿਤਾਰੇ ਕਰਨਗੇ ਚੋਣ ਪ੍ਰਚਾਰ

**ਜਲੰਧਰ:** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਆਪਣੀਆਂ ਪ੍ਰਾਪਤੀਆਂ ਦੱਸਣ ਲਈ ਹਿੰਦੀ ਤੇ ਪੰਜਾਬੀ ਕਲਾਕਾਰਾਂ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ ਹੈ। ਇਸ ਕੰਮ ਲਈ ਮੋਟਾ ਬਜਟ ਵੀ ਰੱਖਿਆ ਗਿਆ ਹੈ। ਲੋਕਾਂ ਦੇ ਮਨਾਂ ਵਿਚ ਸਰਕਾਰ ਦੀ ਛਾਪ ਛੱਡਣ ਲਈ ਨਾਮਵਰ ਕਲਾਕਾਰ ਓਮ ਪੁਰੀ ਨੂੰ ਬਰਾਂਡ ਅੰਬੈਸੇਡਰ ਬਣਾਇਆ ਗਿਆ ਹੈ।

ਹੋਰ ਕਲਾਕਾਰਾਂ ਵਿਚ ਜੈਜ਼ੀ ਬੈਂਸ, ਮਿਸ ਪੂਜਾ, ਸਤਿੰਦਰ ਸੱਤੀ ਤੇ ਦਿਲਜੀਤ ਦੁਸਾਂਝ ਸ਼ਾਮਲ ਹਨ। ਇਹ ਸਾਰੇ ਕਲਾਕਾਰ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦਾ ਟੀ.ਵੀ., ਰੇਡੀਓ ਤੇ ਹੋਰ ਮਾਧਿਅਮਾਂ ਰਾਹੀਂ ਪ੍ਰਚਾਰ ਕਰਨਗੇ। ਇਨ੍ਹਾਂ ਕਲਾਕਾਰਾਂ ਦੀ ਚੋਣ ਨੌਜਵਾਨ ਵਰਗ ਨੂੰ ਮੁੱਖ ਰੱਖ ਕੇ ਕੀਤੀ ਗਈ ਦੱਸੀ ਜਾਂਦੀ ਹੈ। ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦੱਸਣ ਲਈ ਇਨ੍ਹਾਂ ਕਲਾਕਾਰਾਂ ਦੀ ਚੋਣ ਲੋਕ ਸੰਪਰਕ ਵਿਭਾਗ ਦੀ ਇਕ ਉੱਚ ਪੱਧਰੀ ਕਮੇਟੀ ਦੀ ਮੀਟਿੰਗ ਵਿਚ ਕੀਤੀ ਗਈ।

ਓਮ ਪੁਰੀ 'ਤੇ ਫਿਲਮਾਏ ਗਏ ਇਸ਼ਤਿਹਾਰ ਪਹਿਲਾਂ ਹੀ ਟੈਲੀਕਾਸਟ ਹੋਣੇ ਸ਼ੁਰੂ ਹੋ ਚੁੱਕੇ ਹਨ। ਇਨ੍ਹਾਂ ਰਾਹੀਂ ਵਪਾਰੀਆਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਰਾਜ ਸਰਕਾਰ ਨੂੰ ਉਨ੍ਹਾਂ ਦੀ ਕਿੰਨੀ ਚਿੰਤਾ ਹੈ। ਉਨ੍ਹਾਂ ਦੇ ਵੈਟ ਰਿਫੰਡ ਦਾ ਕਿਵੇਂ ਸਰਲ ਢੰਗ ਨਾਲ ਭੁਗਤਾਨ ਕੀਤਾ ਜਾਵੇਗਾ। ਓਮ ਪੁਰੀ 'ਤੇ ਫਿਲਮਾਏ ਗਏ ਇਸ਼ਤਿਹਾਰ ਜਿੱਥੇ ਟੀ.ਵੀ. ਚੈਨਲਾਂ 'ਤੇ ਚਲਣਗੇ, ਉਥੇ ਉਨ੍ਹਾਂ ਨੂੰ ਵੱਖ-ਵੱਖ ਐਫ.ਐਮ. ਰੇਡੀਓ 'ਤੇ ਵੀ ਚਲਾਇਆ ਜਾਵੇਗਾ। ਸੂਤਰਾਂ ਅਨੁਸਾਰ ਸਰਕਾਰ ਨੂੰ ਇਸ ਗੱਲ ਦੀ ਕਾਹਲੀ ਹੈ ਕਿ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ-ਪਹਿਲਾਂ ਇਹ ਇਸ਼ਤਿਹਾਰ ਲੋਕਾਂ ਦੇ ਸਾਹਮਣੇ ਆ ਜਾਣ।

ਗਾਇਕ ਜੈਜ਼ੀ ਬੈਂਸ 'ਤੇ ਵੀ 60 ਸਕਿੰਟਾਂ ਦੇ ਆਡੀਓ-ਵੀਡੀਓ ਕਲਿੱਪ ਤਿਆਰ ਕੀਤੇ ਗਏ ਹਨ ਜਿਹੜੇ ਕਿ ਪੰਜਾਬ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਤੇ ਖੇਡਾਂ ਨੂੰ ਉਤਸ਼ਾਹਤ ਕਰਨ ਦੇ ਉਦਮਾਂ ਬਾਰੇ ਹਨ। ਹਾਸਲ ਜਾਣਕਾਰੀ ਅਨੁਸਾਰ ਪਿਛਲੇ ਦਸੰਬਰ ਮਹੀਨੇ ਵਿਚ ਰਾਜ ਸਰਕਾਰ ਨੇ ਅਮਰੀਕਾ ਦੀ ਇਕ ਕੰਪਨੀ ਨਾਲ ਦੋ ਸਾਲ ਲਈ ਸਕੀਮਾਂ ਦੀ ਪ੍ਰੋਮੋਸ਼ਨ ਬਾਰੇ ਸਮਝੌਤਾ ਕੀਤਾ ਹੈ। ਅਮਰੀਕਾ ਦੀ ਇਸ ਕੰਪਨੀ ਦੀ ਸਾਲਾਨਾ ਫੀਸ 2.23 ਕਰੋੜ ਹੈ। ਦਿਲਚਸਪ ਗੱਲ ਇਹ ਹੈ ਕਿ ਇਹੋ ਅਮਰੀਕੀ ਕੰਪਨੀ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਭਾਜਪਾ ਦੇ ਦਾਅਵੇਦਾਰ ਨਰਿੰਦਰ ਮੋਦੀ ਦੇ 'ਅਕਸ' ਨੂੰ ਸੁਧਾਰਨ ਦਾ ਕੰਮ ਕਰ ਰਹੀ ਹੈ।

# ਮੇਰੀਆਂ ਰਗਾਂ 'ਚ ਲਾਹੌਰੀ ਖ਼ੂਨ ਰਚਿਆ: ਮੀਰਾ ਨਾਇਰ

**ਲਾਹੌਰ:** ਉੱਘੀ ਭਾਰਤੀ ਫ਼ਿਲਮਸਾਜ਼ ਮੀਰਾ ਨਾਇਰ ਨੇ 'ਲਾਹੌਰ ਸਾਹਿਤ ਮੇਲੇ' ਵਿਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਉਹ ਲਾਹੌਰੀਆਂ ਵੱਲੋਂ ਹਮੇਸ਼ਾ ਦਿੱਤੇ ਨਿੱਘੇ ਪਿਆਰ ਨੂੰ ਕਦੇ ਵੀ ਭੁਲਾ ਨਹੀਂ ਸਕੇਗੀ। ਮੀਰਾ ਦੇ ਪਿਤਾ ਲਾਹੌਰ ਵਿਚ ਜਨਮੇ ਤੇ ਵੱਡੇ ਹੋਏ ਸਨ। ਇਸ ਲਈ ਉਸ ਦਾ ਇਸ ਸ਼ਹਿਰ ਤੇ ਵਸਨੀਕਾਂ ਨਾਲ ਅਪਣੱਤ ਵਾਲਾ ਰਿਸ਼ਤਾ ਹੈ। ਆਪਣੀ 2004 ਦੀ ਪਹਿਲੀ ਲਾਹੌਰ ਫੇਰੀ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਨ੍ਹਾਂ ਦੇ ਪਿਤਾ ਇਥੇ ਸਰਕਾਰੀ ਕਾਲਜ ਵਿਚ ਪੜ੍ਹੇ ਸਨ, ਇਸ ਲਈ ਲਾਹੌਰ ਉਨ੍ਹਾਂ ਦੇ ਖ਼ੂਨ ਵਿਚ ਰਚਿਆ ਹੋਇਆ ਹੈ।

ਸਾਹਿਤ ਮੇਲੇ ਵਿਚ ਮੀਰਾ ਨਾਇਰ ਨੇ ਥੀਏਟਰ ਦੇ ਪਿਛੋਕੜ ਤੇ ਆਪਣੇ ਅਦਾਕਾਰੀ ਦੇ ਤਜਰਬੇ ਨੂੰ ਵੀ ਸਾਂਝਾ ਕੀਤਾ। ਮੁੰਬਈ ਦੇ ਗਲੀ-ਮੁਹੱਲਿਆਂ ਦੇ ਬੱਚਿਆਂ 'ਤੇ ਬਣਾਈ ਫ਼ਿਲਮ 'ਸਲਾਮ ਬਾਂਬੇ' ਬਾਰੇ ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦੀ ਪਹਿਲੀ ਫ਼ਿਲਮ ਸੀ। ਉਨ੍ਹਾਂ 'ਇੰਡੀਆ ਕੈਬਰੇ' ਸਮੇਤ ਕਈ ਦਸਤਾਵੇਜ਼ੀ ਫ਼ਿਲਮਾਂ ਵੀ ਬਣਾਈਆਂ। ਦਸਤਾਵੇਜ਼ੀ ਫ਼ਿਲਮਾਂ ਬਾਰੇ ਮੀਰਾ ਨਾਇਰ ਨੇ ਕਿਹਾ ਕਿ ਜਿਸ ਸਮੇਂ ਉਸ ਨੇ ਦਸਤਾਵੇਜ਼ੀ ਫ਼ਿਲਮਾਂ ਬਣਾਈਆਂ ਤਾਂ ਬਹੁਤ ਹੀ ਘੱਟ ਲੋਕ ਇਹ ਫ਼ਿਲਮਾਂ ਦੇਖਦੇ ਸਨ।



ਮੀਰਾ ਨਾਇਰ

ਉਸ ਸਮੇਂ ਕਿਹਾ ਜਾਂਦਾ ਸੀ ਕਿ ਜੇਕਰ ਸੌਣਾ ਚਾਹੁੰਦੇ ਹੋ ਤਾਂ ਦਸਤਾਵੇਜ਼ੀ ਫ਼ਿਲਮ ਦੇਖਣੀ ਚਾਹੀਦੀ ਹੈ। ਵਿਵਾਦਤ ਫ਼ਿਲਮ 'ਇੰਡੀਆ ਕੈਬਰੇ' ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਕੈਬਰੇ ਡਾਂਸਰਾਂ ਦੀ ਹਕੀਕਤ ਦਿਖਾਉਣ ਲਈ ਉਹ ਇਨ੍ਹਾਂ ਨਾਲ ਵੀ ਰਹੇ। ਮੀਰਾ ਨਾਇਰ ਨੇ ਕਿਹਾ ਕਿ ਸਲਾਮ ਬਾਂਬੇ ਦੇ ਮੁਨਾਫੇ ਨਾਲ ਉਨ੍ਹਾਂ ਗਲੀਆਂ ਦੇ ਬੱਚਿਆਂ ਲਈ 'ਸਲਾਮ ਬਾਲਕ ਟਰੱਸਟ' ਬਣਾਇਆ। ਸਾਹਿਤ ਮੇਲੇ ਵਿਚ ਉੱਘੇ ਭਾਰਤੀ ਡਿਜ਼ਾਇਨਰ ਰਾਜੀਵ ਸੇਠੀ ਤੇ ਲੇਖਕ ਵਿਸ਼ਵਜੋਤੀ ਘੋਸ਼ ਨੇ ਵੀ ਹਾਜ਼ਰੀ ਲਵਾਈ।

ਸ੍ਰੀ ਸੇਠੀ ਦੀ ਲਾਹੌਰ ਵਿਚ ਇਹ ਪਹਿਲੀ ਫੇਰੀ ਸੀ ਜਿਥੇ ਉਨ੍ਹਾਂ ਦੀ ਮਾਤਾ ਤੇ ਭੈਣ ਦਾ ਜਨਮ ਹੋਇਆ ਸੀ। ਉਨ੍ਹਾਂ ਭਾਰਤ ਦੇ ਬਹੁ-ਭਾਸ਼ੀ ਸੱਭਿਆਚਾਰ, ਪਕਵਾਨਾਂ ਤੇ ਹੋਰ ਦਿਲਕਸ਼ ਨਜ਼ਾਰਿਆਂ ਬਾਰੇ ਰੋਸ਼ਨੀ ਪਾਈ। ਵਿਸ਼ਵਜੋਤੀ ਘੋਸ਼ ਨੇ ਆਪਣੀ ਕਿਤਾਬ ਦਾ ਜ਼ਿਕਰ ਕਰਦਿਆਂ ਕਿਹਾ ਕਿ 'ਦਿਸ ਸਾਈਡ, ਦੈਟ ਸਾਈਡ: ਰਿਸਟੋਰਿੰਗ ਪਾਰਟੀਸ਼ਨ' ਵਿਚ ਪਾਕਿਸਤਾਨ, ਭਾਰਤ ਤੇ ਬੰਗਲਾਦੇਸ਼ ਦੀ ਵੰਡ ਬਾਰੇ ਸਚਾਈ ਬਿਆਨ ਕੀਤੀ ਹੈ। ਸਾਹਿਤ ਮੇਲੇ ਦੌਰਾਨ ਕਿਤਾਬਾਂ ਤੇ ਲੇਖਕਾਂ ਤੋਂ ਇਲਾਵਾ ਤਾਲਿਬਾਨ ਦੀਆਂ ਧਮਕੀਆਂ ਦੇ ਭਖਦੇ ਮਸਲਿਆਂ 'ਤੇ ਵੀ ਵਿਚਾਰਾਂ ਹੋਈਆਂ।

# ਡਾਕਟਰਾਂ ਨੂੰ ਮਹਿੰਗੀ ਪਏਗੀ ਸਰਕਾਰੀ ਨੌਕਰੀ ਛੱਡਣੀ

**ਚੰਡੀਗੜ੍ਹ:** ਪੰਜਾਬ ਵਿਚ ਹੁਣ ਮੋਟੀਆਂ ਤਨਖਾਹਾਂ ਵਾਸਤੇ ਸਰਕਾਰੀ ਹਸਪਤਾਲ ਦੀ ਨੌਕਰੀ ਛੱਡ ਕੇ ਪ੍ਰਾਈਵੇਟ ਹਸਪਤਾਲਾਂ ਵਿਚ ਜਾਣ ਵਾਲੇ ਡਾਕਟਰਾਂ ਤੋਂ ਸਰਕਾਰ 50 ਲੱਖ ਰੁਪਏ ਵਸੂਲਿਆ ਕਰੇਗੀ।

ਇਹ ਸ਼ਰਤ ਉਨ੍ਹਾਂ ਡਾਕਟਰਾਂ 'ਤੇ ਲਾਗੂ ਹੋਵੇਗੀ ਜਿਹੜੇ ਡਾਕਟਰ ਆਪਣੀ ਨੌਕਰੀ ਦੌਰਾਨ ਸਰਕਾਰੀ ਖਰਚੇ 'ਤੇ ਉਚੇਰੀ ਪੜ੍ਹਾਈ ਭਾਵ ਪੋਸਟ ਗ੍ਰੈਜੂਏਸ਼ਨ (ਐਮ.ਡੀ./ਐਮ.ਐਸ.) ਕਰਦੇ ਹਨ ਪਰ ਬਾਅਦ ਵਿਚ ਸਰਕਾਰੀ ਹਸਪਤਾਲਾਂ ਨੂੰ ਅਲਵਿਦਾ ਆਖ ਕੇ ਪ੍ਰਾਈਵੇਟ ਹਸਪਤਾਲਾਂ ਵਿਚ ਚਲੇ ਜਾਂਦੇ ਹਨ।

ਅਜਿਹੇ 3 ਹਜ਼ਾਰ ਸਰਕਾਰੀ ਡਾਕਟਰ ਨੌਕਰੀ ਛੱਡ ਕੇ ਪ੍ਰਾਈਵੇਟ ਹਸਪਤਾਲਾਂ ਵਿਚ ਜਾ ਚੁੱਕੇ ਹਨ। ਇਸ ਰੁਝਾਨ ਨੂੰ ਨੱਥ ਪਾਉਣ ਲਈ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਸਰਕਾਰੀ ਹਸਪਤਾਲਾਂ ਦੇ ਜਿਹੜੇ ਐਮ. ਬੀ. ਬੀ. ਐਸ. ਡਾਕਟਰਾਂ ਦੀ ਦੋ ਸਾਲ ਦੀ ਨੌਕਰੀ ਪੂਰੀ ਹੋ ਜਾਂਦੀ ਹੈ ਤਾਂ ਉਹ ਨੌਕਰੀ 'ਤੇ ਰਹਿੰਦਿਆਂ ਹੀ ਉੱਚ ਪੜ੍ਹਾਈ ਭਾਵ ਪੋਸਟ ਗ੍ਰੈਜੂਏਸ਼ਨ ਕਰਨ ਲਈ ਯੋਗ ਮੰਨੇ ਜਾਂਦੇ ਹਨ। ਦੋ ਸਾਲ ਦੀ ਸਰਕਾਰੀ ਨੌਕਰੀ ਪੂਰੀ ਕਰਨ ਵਾਲਿਆਂ ਲਈ ਸਰਕਾਰ ਨੇ ਬਾਕਾਇਦਾ 60% ਕੋਟਾ ਰੱਖਿਆ ਹੋਇਆ ਹੈ।

ਪੋਸਟ ਗ੍ਰੈਜੂਏਸ਼ਨ ਦੀ ਪੜ੍ਹਾਈ ਦੌਰਾਨ ਸਰਕਾਰ ਵੱਲੋਂ ਉਨ੍ਹਾਂ ਨੂੰ ਤਨਖਾਹ ਮਿਲਦੀ ਹੀ ਰਹਿੰਦੀ ਹੈ। ਸਰਕਾਰ ਨੇ ਇਨ੍ਹਾਂ ਡਾਕਟਰਾਂ ਲਈ 'ਬਾਂਡ ਮਨੀ' ਤੇ ਸਮੇਂ ਦੀ ਸ਼ਰਤ ਰੱਖੀ ਹੋਈ ਹੈ ਜਿਸ ਤਹਿਤ ਪੜ੍ਹਾਈ ਪੂਰੀ ਹੋਣ ਮਗਰੋਂ ਇਹ ਲਾਜ਼ਮੀ ਸੀ ਕਿ ਉਨ੍ਹਾਂ ਨੂੰ 10 ਸਾਲ ਤੱਕ ਸਰਕਾਰੀ ਹਸਪਤਾਲਾਂ ਵਿਚ ਸੇਵਾਵਾਂ ਦੇਣੀਆਂ ਪੈਣਗੀਆਂ ਤੇ ਜੇ ਉਹ 10 ਸਾਲ ਤੋਂ ਪਹਿਲਾਂ ਸਰਕਾਰੀ ਨੌਕਰੀ ਛੱਡਦਾ ਹੈ ਤਾਂ ਉਸ ਨੂੰ 40 ਲੱਖ ਰੁਪਏ ਬਾਂਡ ਮਨੀ ਵਜੋਂ ਸਰਕਾਰ ਨੂੰ ਜਮ੍ਹਾ ਕਰਾਉਣੇ ਪੈਣਗੇ ਜਦਕਿ ਜਿਹੜੇ ਡਾਕਟਰ ਪੋਸਟ-ਗ੍ਰੈਜੂਏਟ ਡਿਪਲੋਮਾ ਕਰਦੇ ਹਨ, ਉਨ੍ਹਾਂ ਲਈ ਬਾਂਡ ਮਨੀ 25 ਲੱਖ ਰੁਪਏ ਤੇ ਸਮਾਂ ਸੀਮਾ ਛੇ ਸਾਲ ਦੀ ਸ਼ਰਤ ਹੈ।

ਹੁਣ ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ ਮੈਡਮ ਵਿੰਨੀ ਮਹਾਜਨ ਵੱਲੋਂ ਜਾਰੀ ਨੋਟੀਫਿਕੇਸ਼ਨ ਵਿਚ ਕਿਹਾ ਗਿਆ ਹੈ ਕਿ ਹੁਣ ਪੋਸਟ ਗ੍ਰੈਜੂਏਟ ਡਿਗਰੀ ਕਰਨ ਵਾਲੇ ਡਾਕਟਰਾਂ ਲਈ ਬਾਂਡ ਮਨੀ 40 ਲੱਖ ਨਹੀਂ ਬਲਕਿ 50 ਲੱਖ ਰੁਪਏ ਹੋਵੇਗੀ। ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਇਸ ਦੀ ਪੁਸ਼ਟੀ ਕੀਤੀ ਹੈ।


## ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ ਚੋਣਾਂ ਦੇ ਮੁੱਦੇ ਉਤੇ ਇਸ ਹਫਤੇ ਰੇਡੀਉ ਅਤੇ ਟੀ ਵੀ ਪ੍ਰੋਗਰਾਮ

ਗੁਰਦੁਆਰਾ ਫਰੀਮਾਂਟ ਦੇ ਸਮੂਹ ਵੋਟਰਾਂ ਨੂੰ ਅਪੀਲ ਹੈ ਕਿ 9 ਮਾਰਚ ਨੂੰ ਹੋਣ ਵਾਲੀਆਂ ਸੁਪਰੀਮ ਕੌਂਸਲ ਚੋਣਾਂ ਲਈ ਸੰਗਤ ਦੇ ਮਨ ਵਿਚ ਕਈ ਸੁਆਲ ਹੋ ਸਕਦੇ ਹਨ। ਇਸ ਲਈ ਸਿੱਖ ਪੰਚਾਇਤ ਨੇ ਮੀਡੀਆ ਵਿਚ ਕੁਝ ਪ੍ਰੋਗਰਾਮ ਕਰਨ ਦਾ ਫੈਸਲਾ ਲਿਆ ਹੈ। ਸਾਡੀ ਧਾਮੀ ਸਲੇਟ ਨੂੰ ਵੀ ਬੇਨਤੀ ਹੈ ਕਿ ਉਹ ਵੀ ਇਨ੍ਹਾਂ ਪ੍ਰੋਗਰਾਮਾਂ ਦੌਰਾਨ ਖੁੱਲੀ ਬਹਿਸ ਲਈ ਸ਼ਾਮਿਲ ਹੋਣ।

### ਪ੍ਰੋਗਰਾਮਾਂ ਦਾ ਵੇਰਵਾ

ਪੰਜਾਬੀ ਰੇਡੀਓ ਯੂ ਐਸ ਏ
ਪਹਿਲੀ ਮਾਰਚ 2014
ਦਿਨ ਸਨਿਚਰਵਾਰ
ਸਮਾਂ: ਸ਼ਾਮ 8 ਵਜੇ

ਜਸ ਟੀ ਵੀ-ਮੁੱਦਾ ਪ੍ਰੋਗਰਾਮ
(ਚੈਨਲ 739)
ਹੋਸਟ ਹਰਵਿੰਦਰ ਰਿਆੜ
28 ਫਰਵਰੀ 2014, ਸ਼ੁਕਰਵਾਰ
ਸਮਾਂ: ਸ਼ਾਮ 6 ਵਜੇ

ਗਲੋਬਲ ਟੀ ਵੀ (ਚੈਨਲ 736)
ਪਹਿਲੀ ਮਾਰਚ 2014
ਦਿਨ ਸਨਿਚਰਵਾਰ
ਸਮਾਂ: ਸਵੇਰੇ 9 ਵਜੇ
2 ਮਾਰਚ 2014, ਐਤਵਾਰ
ਸਮਾਂ: ਸ਼ਾਮ 8 ਵਜੇ

ਬੇਨਤੀ ਕਰਤਾ: ਸਿੱਖ ਪੰਚਾਇਤ

# ਅਕਾਲੀ-ਭਾਜਪਾ ਸਰਕਾਰ ਤੋਂ ਨਹੀਂ ਟਲਿਆ 'ਭੋਲਾ ਗ੍ਰਹਿ'

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਤੋਂ 'ਭੋਲਾ ਗ੍ਰਹਿ' ਟਲਦਾ ਨਜ਼ਰ ਨਹੀਂ ਆ ਰਿਹਾ। ਕੌਮਾਂਤਰੀ ਡਰੱਗ ਮਾਫ਼ੀਆ ਦੇ ਸਰਗਨਾ ਜਗਦੀਸ਼ ਸਿੰਘ ਭੋਲਾ ਵੱਲੋਂ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਜੇਲ੍ਹ ਮੰਤਰੀ ਸਰਵਨ ਸਿੰਘ ਫਿਲੌਰ ਦੇ ਪੁੱਤਰ ਦਮਨਵੀਰ ਸਿੰਘ ਦੀ 6000 ਕਰੋੜ ਰੁਪਏ ਦੇ ਸਿੰਥੈਟਿਕ ਡਰੱਗ ਧੰਦੇ ਵਿਚ ਸ਼ਮੂਲੀਅਤ ਬਾਰੇ ਹੋਰ ਵਿਸਥਾਰ ਨਾਲ ਖ਼ੁਲਾਸੇ ਕੀਤੇ ਗਏ ਹਨ। ਇਸ ਦੇ ਆਧਾਰ 'ਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਦਮਨਵੀਰ ਸਿੰਘ ਨੂੰ ਤਲਬ ਕੀਤਾ ਗਿਆ ਹੈ ਤੇ ਬਿਕਰਮ ਸਿੰਘ ਮਜੀਠੀਆ ਨੂੰ ਤਲਬ ਕਰਨ ਦੀ ਤਿਆਰੀ ਹੈ। ਮਜੀਠੀਆ ਤੋਂ ਪੁੱਛ-ਪੜਤਾਲ ਕੀਤੇ ਜਾਣ ਬਾਰੇ ਹਾਲੇ ਤੱਕ ਕੋਈ ਤਰੀਕ ਤੈਅ ਨਹੀਂ ਕੀਤੀ ਗਈ।

ਭੋਲਾ ਵੱਲੋਂ ਕੀਤੇ ਗਏ ਖ਼ੁਲਾਸੇ ਅਨੁਸਾਰ ਦਮਨਵੀਰ ਨੇ ਦਿੱਲੀ ਵਾਸੀ ਵਰਿੰਦਰ ਰਾਜਾ ਜੋ ਸਿੰਥੈਟਿਕ ਡਰੱਗ ਸਪਲਾਇਰ ਹੈ ਤੇ ਇਸ ਸਮੇਂ ਪਟਿਆਲਾ ਜੇਲ੍ਹ ਵਿਚ ਬੰਦ ਹੈ, ਨੂੰ ਚੂਨੀ ਲਾਲ ਗਾਬਾ ਨਾਲ ਮਿਲਾਇਆ ਸੀ। ਚੂਨੀ ਲਾਲ ਗਾਬਾ ਨਾਲ ਗੁਰਾਇਆ ਦਾ ਕਾਰੋਬਾਰੀ ਹੈ ਤੇ ਸਵਰਨ ਸਿੰਘ ਫਿਲੌਰ ਦਾ ਨਜ਼ਦੀਕੀ ਹੈ। ਵਰਿੰਦਰ ਰਾਜਾ ਵੱਲੋਂ ਕੈਨੇਡਾ ਵਿਚ ਸਿੰਥੈਟਿਕ ਡਰੱਗ ਦੀ ਸਪਲਾਈ ਕੀਤੀ ਜਾਂਦੀ ਸੀ ਜਿਸ ਲਈ 'ਆਈਸ' ਡਰੱਗ ਦੀ ਸਪਲਾਈ ਉਹ ਚੂਨੀ ਲਾਲ ਗਾਬਾ ਤੋਂ ਲੈਂਦਾ ਸੀ।

ਸੂਤਰਾਂ ਅਨੁਸਾਰ ਈ.ਡੀ. ਵੱਲੋਂ ਦਮਨਵੀਰ ਸਿੰਘ ਨੂੰ 15 ਦਿਨਾਂ ਬਾਅਦ ਪੁੱਛ ਪੜਤਾਲ ਵਾਸਤੇ ਪੇਸ਼ ਹੋਣ ਲਈ ਬੁਲਾਇਆ ਗਿਆ ਹੈ ਜਦਕਿ ਮਜੀਠੀਆ ਨੂੰ ਇਕ ਮਹੀਨੇ ਦੇ ਅੰਦਰ ਤਲਬ ਕੀਤੇ ਜਾਣ ਦੀ ਤਿਆਰੀ ਚੱਲ ਰਹੀ ਹੈ। ਭੋਲੇ ਦਾ ਇਹ ਬਿਆਨ ਈ.ਡੀ. ਵੱਲੋਂ ਰਿਕਾਰਡ ਕੀਤਾ ਗਿਆ ਹੈ। ਡਰੱਗ ਸਪਲਾਈ ਬਾਰੇ ਪੂਰੇ ਵੇਰਵੇ ਦਿੰਦਿਆਂ ਜਗਦੀਸ਼ ਭੋਲਾ ਨੇ ਦੱਸਿਆ ਕਿ ਉਹ ਕਰਨਾਲ (ਹਰਿਆਣਾ) ਵਾਸੀ ਕੁਲਬੀਰ ਸਿੰਘ ਤੋਂ 'ਆਈਸ' ਡਰੱਗ ਦੀ ਸਪਲਾਈ ਲੈਂਦਾ ਸੀ ਤੇ ਅੰਮ੍ਰਿਤਸਰ ਵਾਸੀ ਅਮਰਿੰਦਰ ਸਿੰਘ ਲਾਡੀ ਜੋ ਕੈਨੇਡਾ ਰਹਿੰਦਾ ਹੈ, ਨੂੰ ਵੇਚਦਾ ਸੀ।

ਦਿਲਚਸਪ ਗੱਲ ਇਹ ਹੈ ਕਿ ਭੋਲੇ ਨੇ ਜ਼ੀਰਕਪੁਰ ਦੇ ਅਨੂਪ ਸਿੰਘ ਕਾਹਲੋਂ ਨਾਲ ਜਾਣ ਪਛਾਣ ਹੋਣ ਦੀ ਗੱਲ ਤਾਂ ਕਬੂਲੀ ਹੈ ਪਰ ਉਸ ਨੇ ਕਿਹਾ ਹੈ ਕਿ ਉਹ ਕਾਹਲੋਂ ਨਾਲ ਕੋਈ ਕਾਰੋਬਾਰ ਨਹੀਂ ਕਰਦਾ ਸੀ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿੱਟੂ ਔਲਖ ਉਰਫ਼ ਮਨਜਿੰਦਰ ਸਿੰਘ ਤੇ ਜਗਜੀਤ ਸਿੰਘ ਚਾਹਲ ਵੱਲੋਂ ਵੀ ਅਮਰਿੰਦਰ ਲਾਡੀ ਨੂੰ 'ਆਈਸ' ਡਰੱਗ ਦਿੱਤੀ ਜਾਂਦੀ ਸੀ। ਭੋਲਾ ਨੇ ਪੰਜਾਬੀ ਵਿਚ ਲਿਖੇ ਬਿਆਨ ਵਿਚ ਕਿਹਾ ਹੈ ਕਿ ਇਕ ਵਾਰ ਬਿੱਟੂ ਔਲਖ ਤੇ ਜਗਜੀਤ ਸਿੰਘ ਚਾਹਲ ਨੇ ਕੈਨੇਡਾ ਦੇ ਪਰਬਿੰਦਰ ਸਿੰਘ ਪਿੰਦੀ ਨੂੰ ਘਟੀਆ ਮਿਆਰ ਦੀ ਆਈਸ ਡਰੱਗ ਵੇਚ ਦਿੱਤੀ ਸੀ। ਪਿੰਦੀ ਨੇ ਦੋਵਾਂ ਨੂੰ ਆਪਣੀ ਡੇਢ ਕਰੋੜ ਦੀ ਰਕਮ ਵਾਪਸ ਕਰਨ ਲਈ ਆਖਿਆ ਸੀ।

ਭੋਲਾ ਨੇ ਕਿਹਾ ਹੈ ਕਿ ਬਿੱਟੂ ਔਲਖ ਨੇ ਉਸ ਨੂੰ ਦੱਸਿਆ ਸੀ ਕਿ ਉਸ ਦੇ ਕਹਿਣ 'ਤੇ ਜਗਜੀਤ ਚਾਹਲ ਨੇ ਪਿੰਦੀ ਤੇ ਕੈਨੇਡਾ ਰਹਿੰਦੇ ਸੱਤੇ ਨੂੰ ਆਈਸ ਡਰੱਗ ਨਹੀਂ ਸੀ ਦਿੱਤੀ ਸਗੋਂ ਉਸ ਨੇ ਬਿਕਰਮ ਸਿੰਘ ਮਜੀਠੀਆ ਦੇ ਕਹਿਣ 'ਤੇ ਪਿੰਦੀ ਤੇ ਸੱਤੇ ਨੂੰ ਡਰੱਗ ਸਪਲਾਈ ਕੀਤੀ ਸੀ। ਪਿੰਦੀ ਤੇ ਸੱਤਾ ਕੈਨੇਡਾ ਤੋਂ ਭਾਰਤ ਵਿਚ ਬਿਕਰਮ ਸਿੰਘ ਮਜੀਠੀਆ ਦੇ ਵਿਆਹ ਸਮਾਗਮ ਵਿਚ ਸ਼ਿਰਕਤ ਕਰਨ ਲਈ ਵੀ ਆਏ ਸਨ।



## ਕਾਂਗਰਸ ਕਰ ਰਹੀ ਹੈ ਸਾਜ਼ਿਸ਼: ਮਜੀਠੀਆ

**ਚੰਡੀਗੜ੍ਹ:** ਭੋਲੇ ਵੱਲੋਂ ਲਾਏ ਦੋਸ਼ਾਂ ਬਾਰੇ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਹ ਕਾਂਗਰਸ ਦੀ ਇਕ 'ਸਾਜ਼ਿਸ਼' ਹੈ। ਉਨ੍ਹਾਂ ਕਿਹਾ ਕਿ ਜੇਕਰ ਉਹ ਇਸ ਸਭ ਵਿਚ ਸ਼ਾਮਲ ਹੁੰਦਾ ਤਾਂ ਪੰਜਾਬ ਪੁਲਿਸ 10 ਮਹੀਨੇ ਭੋਲੇ ਦਾ ਪਿੱਛਾ ਕਰਨ ਮਗਰੋਂ ਉਸ ਨੂੰ ਕਿਉਂ ਫੜਦੀ। ਭੋਲੇ ਨੂੰ ਕਿਸੇ ਕੇਂਦਰੀ ਏਜੰਸੀ ਨੇ ਨਹੀਂ ਫੜਿਆ ਜਦਕਿ ਉਸ ਕੋਲੋਂ ਸਾਰੀਆਂ ਬਰਾਮਦਗੀਆਂ ਹੋਰ ਰਾਜਾਂ ਤੋਂ ਹੋਈਆਂ ਹਨ। ਭੋਲਾ ਆਪਣੀ ਗ੍ਰਿਫ਼ਤਾਰੀ ਤੋਂ ਦੋ ਮਹੀਨੇ ਬਾਅਦ ਹੀ ਕਿਉਂ ਬੋਲਿਆ। ਉਸ ਨਾਲ ਜੇਲ੍ਹ ਵਿਚ ਕਾਂਗਰਸੀ ਆਗੂਆਂ ਨੇ ਸੰਪਰਕ ਕੀਤਾ ਤੇ ਉਹ ਉਨ੍ਹਾਂ ਦੇ ਇਸ਼ਾਰਿਆਂ 'ਤੇ ਨੱਚਣ ਲੱਗਿਆ। ਉਨ੍ਹਾਂ ਭੋਲੇ ਨੂੰ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦਾ ਪੁਰਾਣਾ ਮਿੱਤਰ ਦੱਸਿਆ। ਉਨ੍ਹਾਂ ਕਿਹਾ ਕਿ ਇਹ ਸਾਰੀ ਖੇਡ ਕਾਂਗਰਸ ਦੀ ਸਾਜ਼ਿਸ਼ ਹੈ।

## ਅਕਾਲੀਆਂ ਦੀ ਮਿਲੀਭੁਗਤ ਜੱਗ ਜ਼ਾਹਰ: ਕਾਂਗਰਸ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਕੋਲੋਂ ਡਰੱਗ ਮਾਫੀਆ ਮਾਮਲੇ ਵਿਚ ਪੁੱਛ ਪੜਤਾਲ ਕੀਤੇ ਜਾਣ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ।

ਸ. ਬਾਜਵਾ ਨੇ ਦੋਸ਼ ਲਾਇਆ ਕਿ ਈ.ਡੀ. ਵੱਲੋਂ ਅਕਾਲੀ ਆਗੂਆਂ ਤੋਂ ਪੁੱਛ ਪੜਤਾਲ ਕਰਨ ਦਾ ਫ਼ੈਸਲਾ ਲੈਣ ਤੋਂ ਸਪਸ਼ਟ ਹੋ ਗਿਆ ਹੈ ਕਿ ਕੌਮਾਂਤਰੀ ਡਰੱਗ ਮਾਫੀਆ ਦੇ ਸਰਗਨੇ ਡੀ.ਐਸ.ਪੀ. ਜਗਦੀਸ਼ ਸਿੰਘ ਭੋਲਾ ਨਾਲ ਕੁਝ ਅਕਾਲੀ ਮੰਤਰੀ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਮਿਲੀਭੁਗਤ ਹੈ। ਉਨ੍ਹਾਂ ਕਿਹਾ ਕਿ ਹੁਣ ਤੁਰੰਤ ਬਿਕਰਮ ਸਿੰਘ ਮਜੀਠੀਆ ਨੂੰ ਗ੍ਰਿਫ਼ਤਾਰ ਕਰਕੇ ਇਹ ਮਾਮਲਾ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਹਵਾਲੇ ਕਰ ਦੇਣਾ ਚਾਹੀਦਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਈ.ਡੀ. ਨੂੰ ਦਿੱਤੇ ਬਿਆਨ ਵਿਚ ਭੋਲਾ ਨੇ ਸ. ਮਜੀਠੀਆ ਤੇ ਜੇਲ੍ਹ ਮੰਤਰੀ ਸਰਵਣ ਸਿੰਘ ਫਿਲੌਰ ਦੇ ਬੇਟੇ ਦਮਨਜੀਤ ਸਿੰਘ ਦਾ ਨਾਂ ਲਿਆ ਹੈ। ਭੋਲਾ ਪਹਿਲਾਂ ਹੀ ਇਸ ਮਾਮਲੇ ਵਿਚ ਮਜੀਠੀਆ ਦੀ ਮਿਲੀਭੁਗਤ ਦਾ ਖ਼ੁਲਾਸਾ ਕਰ ਚੁੱਕਿਆ ਹੈ। ਉਸ ਨੇ ਨਸ਼ਿਆਂ ਦੇ ਮਾਮਲੇ ਵਿਚ ਦੋ ਹੋਰ ਸੀਨੀਅਰ ਮੰਤਰੀਆਂ ਦੇ ਸ਼ਾਮਲ ਹੋਣ ਦੇ ਸੰਕੇਤ ਵੀ ਦਿੱਤੇ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭੋਲਾ ਵੱਲੋਂ ਲਾਏ ਦੋਸ਼ਾਂ ਤੋਂ ਬਾਅਦ ਮਜੀਠੀਆ ਨੂੰ ਬਿਨਾਂ ਕਿਸੇ ਜਾਂਚ ਤੋਂ ਹੀ ਕਲੀਨ ਚਿੱਟ ਦੇ ਦਿੱਤੀ ਸੀ।

# ਜੇਲ੍ਹ ਮੰਤਰੀ ਦਾ ਕਰੀਬੀ ਵੀ ਆਇਆ ਅੜਿੱਕੇ

**ਚੰਡੀਗੜ੍ਹ:** ਆਮਦਨ ਕਰ ਵਿਭਾਗ ਦੇ ਅਧਿਕਾਰੀਆਂ ਨੂੰ ਪੰਜਾਬ ਦੇ ਜੇਲ੍ਹ ਮੰਤਰੀ ਸਰਵਣ ਸਿੰਘ ਫਿਲੌਰ ਦੇ ਕਰੀਬੀ ਤੇ ਗੋਰਾਇਆ ਦੇ ਕਾਰੋਬਾਰੀ ਚੁੰਨੀ ਲਾਲ ਗਾਬਾ ਦੇ ਟਿਕਾਣੇ ਤੋਂ ਮਿਲੀ 'ਡਾਇਰੀ' ਤੋਂ ਅਹਿਮ ਜਾਣਕਾਰੀ ਮਿਲ ਸਕਦੀ ਹੈ ਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਕੁਝ ਵੱਡੇ ਬੰਦਿਆਂ ਨੂੰ ਘੇਰਿਆ ਜਾ ਸਕਦਾ ਹੈ। ਈ.ਡੀ. ਨੇ ਆਮਦਨ ਕਰ ਵਿਭਾਗ ਨੂੰ 18 ਫਰਵਰੀ ਦੇ ਛਾਪੇ ਦੌਰਾਨ ਗਾਬਾ ਦੀਆਂ ਫੈਕਟਰੀਆਂ ਵਿਚੋਂ ਮਿਲੇ ਸਾਰੇ ਸਬੂਤ ਤੇ ਦਸਤਾਵੇਜ਼ ਉਸ ਨਾਲ ਸਾਂਝੇ ਕਰਨ ਲਈ ਕਿਹਾ ਹੈ।

ਗਾਬਾ ਦਾ ਨਾਂ ਸਾਬਕਾ ਪੁਲਿਸ ਅਫਸਰ ਜਗਦੀਸ਼ ਭੋਲੇ ਵੱਲੋਂ ਚਲਾਏ ਜਾਂਦੇ 6000 ਕਰੋੜ ਦੇ ਸਿੰਥੈਟਿਕ ਡਰੱਗ ਗਰੋਹ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ। ਗਾਬਾ ਦੀ ਗੁੱਡੀ ਦਿਨਾਂ ਵਿਚ ਅੰਬਰੀਂ ਚੜ੍ਹਨ ਦੇ ਚਰਚੇ ਵੀ ਛਿੜ ਪਏ ਹਨ। ਪਤਾ ਲੱਗਿਆ ਹੈ ਕਿ ਚੁੰਨੀ ਲਾਲ ਗਾਬਾ ਦੋ ਦਹਾਕੇ ਪਹਿਲਾਂ ਗੋਗਲਿਆ ਦੇ ਬੱਸ ਅੱਡੇ 'ਤੇ ਮੱਕੀ ਦੇ ਦਾਣੇ ਵੇਚਿਆ ਕਰਦਾ ਸੀ ਤੇ ਹੁਣ ਇਸ ਦਾ ਨਾਂ ਖਿੱਤੇ ਦੇ ਚੋਣਵੇਂ ਰਈਸਾਂ ਵਿਚ ਗਿਣਿਆ ਜਾਂਦਾ ਹੈ।

ਉਹ ਫਗਵਾੜਾ-ਫਿਲੌਰ ਪੱਟੀ ਦਾ ਵੱਡਾ ਰੀਅਲ ਅਸਟੇਟ ਕਾਰੋਬਾਰੀ ਹੈ ਤੇ ਉਸ ਦੇ ਕਈ ਕੋਲਡ ਸਟੋਰ ਤੇ ਹੋਰ ਕਾਰੋਬਾਰੀ ਇਕਾਈਆਂ ਹਨ। ਹਿਮਾਚਲ ਪ੍ਰਦੇਸ਼ ਵਿੱਚ ਉਸ ਦੀਆਂ ਦਵਾਈਆਂ ਦੀ ਫੈਕਟਰੀ ਵੀ ਹੈ। ਆਮਦਨ ਕਰ ਵਿਭਾਗ ਵੱਲੋਂ 18 ਫਰਵਰੀ ਨੂੰ ਮਾਰੇ ਗਏ ਛਾਪੇ ਦੌਰਾਨ ਗਾਬਾ ਦੇ ਕਾਰੋਬਾਰੀ ਅਦਾਰਿਆਂ ਨੇ 16 ਕਰੋੜ ਰੁਪਏ ਦੀ ਵਾਧੂ ਆਮਦਨ ਸਰੰਡਰ ਕਰ ਦਿੱਤੀ ਸੀ ਤੇ ਇਸ ਤੋਂ ਹੀ ਉਸ ਦੇ ਤਾਣੇ ਦੀ ਤੰਦ ਉਧੜੀ ਸੀ। ਕਾਰੋਬਾਰ ਚਮਕਣ ਤੋਂ ਬਾਅਦ ਉਸ ਨੇ ਸਿਆਸਤ ਵਿਚ ਹੱਥ ਅਜ਼ਮਾਉਣੇ ਸ਼ੁਰੂ ਕਰ ਦਿੱਤੇ ਤੇ ਅਕਾਲੀ ਆਗੂ ਸਰਵਣ ਸਿੰਘ ਫਿਲੌਰ ਦਾ ਕਰੀਬੀ ਮੰਨਿਆ ਜਾਂਦਾ ਹੈ। ਉਸ ਦਾ ਪੁੱਤਰ ਗੁਰਮੇਜ ਗਾਬਾ ਗੋਰਾਇਆ ਨਗਰ ਕੌਂਸਲ ਦਾ ਮੀਤ ਪ੍ਰਧਾਨ ਬਣ ਗਿਆ ਸੀ।

# ਦੋ ਬੱਚਿਆਂ ਦੇ ਕਾਤਲ ਪਿਤਾ ਨੂੰ ਮੌਤ ਦੀ ਸਜ਼ਾ

**ਪਠਾਨਕੋਟ:** ਪਤਨੀ 'ਤੇ ਸ਼ੱਕ ਕਾਰਨ ਆਪਣੇ ਦੋ ਬੱਚਿਆਂ ਨੂੰ ਜ਼ਹਿਰੀਲਾ ਦੁੱਧ ਪਿਲਾ ਕੇ ਮਾਰ ਦੇਣ ਦੇ ਕੇਸ ਵਿਚ ਜ਼ਿਲ੍ਹਾ ਸੈਸ਼ਨ ਜੱਜ ਬੀ. ਐਸ. ਸੰਧੂ ਨੇ ਪਤੀ ਸੁਰੇਸ਼ ਕੁਮਾਰ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਉਪ ਜ਼ਿਲ੍ਹਾ ਅਟਾਰਨੀ ਜੇ.ਪੀ. ਬੈਂਸ ਨੇ ਦੱਸਿਆ ਕਿ ਸੁਰੇਸ਼ ਕੁਮਾਰ ਦੀ ਪਤਨੀ ਸ਼ੀਤਲ ਸ਼ਰਮਾ ਦੇ ਬਿਆਨਾਂ 'ਤੇ ਪਿਛਲੇ ਸਾਲ 30 ਜੁਲਾਈ ਨੂੰ ਕੇਸ ਦਰਜ ਕੀਤਾ ਗਿਆ ਸੀ ਤੇ ਦੋਸ਼ ਲਾਇਆ ਸੀ ਕਿ ਉਸ ਦੇ ਪਤੀ ਸੁਰੇਸ਼ ਕੁਮਾਰ ਨੇ ਡੇਢ ਸਾਲ ਦੀ ਬੱਚੀ ਨਿਵਿਆ ਤੇ ਦੋ ਮਹੀਨਿਆਂ ਦੇ ਬੱਚੇ ਸੁਮਿਤ ਨੂੰ ਜ਼ਹਿਰੀਲਾ ਦੁੱਧ ਪਿਲਾ ਦਿੱਤਾ ਜਿਸ ਨਾਲ ਉਨ੍ਹਾਂ ਦੀ ਮੌਤ ਹੋ ਗਈ।

ਸ਼ੀਤਲ ਅਨੁਸਾਰ ਉਸ ਦਾ ਵਿਆਹ ਢਾਈ ਸਾਲ ਪਹਿਲਾਂ ਛੋਟੇਪੁਰ ਵਾਸੀ ਸੁਰੇਸ਼ ਨਾਲ ਹੋਇਆ ਸੀ। ਆਰਥਿਕ ਤੰਗੀ ਕਾਰਨ ਉਹ ਸੁਰੇਸ਼ ਦੇ ਜੱਦੀ ਮਕਾਨ ਛੋਟੇਪੁਰ ਵਿਖੇ ਸਾਂਝੇ ਪਰਿਵਾਰ ਵਿਚ ਰਹਿਣ ਲੱਗੇ। ਸ਼ੀਤਲ ਗੁੱਸੇ ਵਿਚ ਆਪਣੇ ਮਾਪਿਆਂ ਕੋਲ ਸੀ। ਸੁਰੇਸ਼ ਦੋਵੇਂ ਬੱਚੇ ਆਪਣੇ ਨਾਲ ਲੈ ਕੇ ਵਾਪਸ ਸ਼ਾਮ ਨੂੰ ਪਿੰਡ ਛੋਟੇਪੁਰ ਪੁੱਜ ਗਿਆ ਤੇ ਰਾਤ ਨੂੰ ਇਹ ਕਾਰਾ ਕਰ ਦਿੱਤਾ।

# ਜਮਾਤੀਆਂ ਦੇ ਕੁੱਟਣ ਤੋਂ ਬਾਅਦ ਵਿਦਿਆਰਥੀ ਨੇ ਕੀਤੀ ਖ਼ੁਦਕੁਸ਼ੀ

**ਹੁਸ਼ਿਆਰਪੁਰ:** ਸਥਾਨਕ ਕ੍ਰਿਸ਼ਨਾ ਨਗਰ ਮੁਹੱਲੇ ਵਿਚ ਦਸਵੀਂ ਜਮਾਤ ਦੇ ਵਿਦਿਆਰਥੀ ਨੇ ਸਹਿਪਾਠੀਆਂ ਵੱਲੋਂ ਕੁੱਟਮਾਰ ਕੀਤੇ ਜਾਣ ਕਾਰਨ ਨਮੋਸ਼ੀ ਮਹਿਸੂਸ ਕਰਦਿਆਂ ਆਤਮ-ਹੱਤਿਆ ਕਰ ਲਈ। ਮ੍ਰਿਤਕ ਕੁਲਰਾਜ ਬੇਦੀ ਪੁੱਤਰ ਵਿਸ਼ਾਲ ਬੇਦੀ, ਸਥਾਨਕ ਜੈਮਜ਼ ਕੈਂਬਰਿਜ ਇੰਟਰਨੈਸ਼ਨਲ ਸਕੂਲ ਦਾ ਵਿਦਿਆਰਥੀ ਸੀ। ਉਸ ਦੇ ਪਿਤਾ ਅਨੁਸਾਰ ਕੁਲਰਾਜ ਨੂੰ ਛੁੱਟੀ ਤੋਂ ਬਾਅਦ ਘਰ ਆਉਂਦਿਆਂ ਕੁਝ ਸਹਿਪਾਠੀਆਂ ਨੇ ਸਕੂਲ ਦੀ ਬੱਸ ਵਿਚ ਕੁੱਟਿਆ ਤੇ ਉਸ ਨਾਲ ਗਾਲੀ-ਗਲੋਚ ਕੀਤੀ।

ਉਸ ਨੇ ਇਸ ਬਾਰੇ ਆਪਣੇ ਮਾਪਿਆਂ ਨੂੰ ਦੱਸਿਆ ਤੇ ਇਹ ਮਾਮਲਾ ਸਕੂਲ ਪ੍ਰਿੰਸੀਪਲ ਦੇ ਧਿਆਨ ਵਿਚ ਲਿਆਉਣ ਲਈ ਕਿਹਾ। ਵਿਸ਼ਾਲ ਬੇਦੀ ਨੇ ਦੱਸਿਆ ਕਿ ਪਹਿਲਾਂ ਵੀ ਇਹ ਲੜਕੇ ਉਸ ਦੇ ਪੁੱਤਰ ਨੂੰ ਤੰਗ-ਪ੍ਰੇਸ਼ਾਨ ਕਰਦੇ ਰਹੇ ਹਨ। ਉਨ੍ਹਾਂ ਸੋਚਿਆ ਸੀ ਕਿ ਉਹ ਸਕੂਲ ਜਾ ਕੇ ਪ੍ਰਿੰਸੀਪਲ ਨੂੰ ਇਸ ਦੀ ਸ਼ਿਕਾਇਤ ਕਰਨਗੇ ਪਰ ਪਤਾ ਨਹੀਂ ਸੀ ਕਿ ਇਸ ਤੋਂ ਪਹਿਲਾਂ ਉਨ੍ਹਾਂ ਦਾ ਪੁੱਤਰ ਇੰਨਾ ਸਖਤ ਕਦਮ ਉਠਾ ਲਵੇਗਾ।

ਵਿਸ਼ਾਲ ਨੇ ਦੱਸਿਆ ਕਿ ਸਕੂਲੋਂ ਆਉਣ ਤੋਂ ਬਾਅਦ ਕੁਲਰਾਜ ਗੁੰਮਸੁੰਮ ਸੀ ਤੇ ਉਸ ਨੇ ਰੋਟੀ ਵੀ ਨਹੀਂ ਸੀ ਖਾਧੀ। ਸਕੂਲੋਂ ਆਉਣ ਤੋਂ ਬਾਅਦ ਉਹ ਬਿਸਤਰ ਵਿਚ ਹੀ ਪਿਆ ਰਿਹਾ। ਸਵੇਰੇ ਜਦੋਂ ਉਹ ਘਰ ਦੀ ਪਹਿਲੀ ਮੰਜ਼ਲ 'ਤੇ ਸਥਿਤ ਆਪਣੇ ਕਮਰੇ ਵਿਚੋਂ ਉਠ ਕੇ ਹੇਠਾਂ ਆਇਆ ਤਾਂ ਉਸ ਦੇ ਮੂੰਹ ਵਿਚੋਂ ਝੱਗ ਨਿਕਲ ਰਹੀ ਸੀ। ਓ

ਉਸ ਨੇ ਦੱਸਿਆ ਕਿ ਉਸ ਨੇ ਕਣਕ ਵਿਚ ਰੱਖਣ ਵਾਲੀਆਂ ਚਾਰ ਗੋਲੀਆਂ ਖਾ ਲਈਆਂ ਹਨ। ਉਹ ਕੁਲਰਾਜ ਨੂੰ ਤੁਰੰਤ ਹਸਪਤਾਲ ਲੈ ਗਏ ਜਿਥੇ ਉਸ ਨੇ ਦਮ ਤੋੜ ਦਿੱਤਾ। ਮ੍ਰਿਤਕ ਦੇ ਪਿਤਾ ਨੇ ਦੱਸਿਆ ਕਿ ਉਹ ਆਪਣੀ ਇਕ ਕਾਪੀ ਵਿਚ ਉਨ੍ਹਾਂ ਲੜਕਿਆਂ ਦੇ ਨਾਮ ਤੇ ਪਤੇ ਲਿਖ ਗਿਆ ਹੈ ਜਿਨ੍ਹਾਂ ਤੋਂ ਤੰਗ ਆ ਕੇ ਉਸ ਨੇ ਖ਼ੁਦਕੁਸ਼ੀ ਕੀਤੀ।

# ਡੀ.ਜੀ.ਪੀ. ਸੁਮੇਧ ਸੈਣੀ ਦੀਆਂ ਮੁਸ਼ਕਲਾਂ ਹੋਰ ਵਧੀਆਂ

**ਚੰਡੀਗੜ੍ਹ:** ਪੰਜਾਬ ਦੇ ਪੁਲਿਸ ਮੁਖੀ ਸੁਮੇਧ ਸੈਣੀ ਦੀਆਂ ਮੁਸ਼ਕਲਾਂ ਵਿਚ ਉਸ ਸਮੇਂ ਹੋਰ ਵਾਧਾ ਹੋ ਗਿਆ ਜਦੋਂ ਉਨ੍ਹਾਂ ਵਿਰੁੱਧ ਦਿੱਲੀ ਦੀ ਤੀਸ ਹਜ਼ਾਰੀ ਸੀ.ਬੀ.ਆਈ. ਵਿਸ਼ੇਸ਼ ਅਦਾਲਤ ਵਿਚ ਚੱਲ ਰਹੇ ਕਰੀਬ ਦੋ ਦਹਾਕੇ ਪੁਰਾਣੇ ਲੁਧਿਆਣਾ ਅਗਵਾ ਕੇਸ ਵਿਚ ਰਹਿੰਦੀਆਂ ਗਵਾਹੀਆਂ ਸ਼ੁਰੂ ਹੋ ਗਈਆਂ ਹਨ। ਇਸ ਦੌਰਾਨ ਕੇਂਦਰੀ ਜਾਂਚ ਬਿਊਰੋ ਤੇ ਸ਼ਿਕਾਇਤਕਰਤਾ ਅਸ਼ੀਸ਼ ਕੁਮਾਰ ਵੱਲੋਂ ਉਕਤ ਅਦਾਲਤ ਕੋਲ ਲਿਖਤੀ ਤੌਰ 'ਤੇ ਜਵਾਬ ਦਾਇਰ ਕਰਦਿਆਂ ਸੈਣੀ ਵੱਲੋਂ ਮੰਗੀ ਜਾ ਰਹੀ ਨਿੱਜੀ ਪੇਸ਼ੀ ਤੋਂ ਛੋਟ ਦਾ ਸਖ਼ਤ ਵਿਰੋਧ ਦਰਜ ਕੀਤਾ ਗਿਆ।



ਸੀ.ਬੀ.ਆਈ. ਵਿਸ਼ੇਸ਼ ਜੱਜ ਅਨੁਪ ਕੁਮਾਰ ਮਹਿੰਦੀਰੱਤਾ ਦੀ ਅਦਾਲਤ ਵਿਚ ਜਿੱਥੇ ਸੀਨੀਅਰ ਵਕੀਲ ਕੇ.ਕੇ. ਸੂਦ ਵੱਲੋਂ ਅਸ਼ੀਸ਼ ਕੁਮਾਰ ਕੋਲੋਂ ਸਵਾਲ ਜਵਾਬ ਕੀਤੇ ਗਏ, ਉਥੇ ਹੀ ਸੀ.ਬੀ.ਆਈ. ਤੇ ਅਸ਼ੀਸ਼ ਕੁਮਾਰ ਦੇ ਵਕੀਲਾਂ ਨੇ ਇਕ ਵਾਰ ਫਿਰ ਅਦਾਲਤ ਨੂੰ ਕਿਹਾ ਕਿ ਅਗਲੀਆਂ ਪੇਸ਼ੀਆਂ ਦੌਰਾਨ ਸੈਣੀ ਦੀ ਨਿੱਜੀ ਤੌਰ 'ਤੇ ਮੌਜੂਦਗੀ ਯਕੀਨੀ ਬਣਾ ਕੇ ਇਸ ਵਰ੍ਹਿਆਂ ਪੁਰਾਣੇ ਕੇਸ ਨੂੰ ਨਿਬੇੜੇ ਵੱਲ ਲਿਜਾਇਆ ਜਾਏ। ਇਹ ਕੇਸ ਲੁਧਿਆਣਾ ਆਧਾਰਤ ਸੈਣੀ ਮੋਟਰਜ਼ ਦੇ ਫਾਈਨਾਂਸਰ ਰਹੇ ਤੇ ਹਾਲੀਆ ਕੇਸ ਵਿਚ ਮੁੱਖ ਸ਼ਿਕਾਇਤਕਰਤਾ ਅਸ਼ੀਸ਼ ਕੁਮਾਰ ਦੇ ਭਰਾ ਵਿਨੋਦ ਕੁਮਾਰ ਤੇ ਜੀਜਾ ਅਸ਼ੋਕ ਕੁਮਾਰ ਤੇ ਉਨ੍ਹਾਂ ਦੇ ਡਰਾਈਵਰ ਮੁਖਤਿਆਰ ਸਿੰਘ ਦੀ ਭੇਤਭਰੀ ਗੁੰਮਸ਼ੁਦਗੀ ਨਾਲ ਸਬੰਧਤ ਹੈ।

# ਲੋਕ ਸਭਾ ਚੋਣਾਂ ਵਿਚ ਪ੍ਰਚਾਰ ਕਰਨਗੇ ਪਰਵਾਸੀ

**ਵਾਸ਼ਿੰਗਟਨ:** ਭਾਰਤ ਵਿਚ ਹੋਣ ਵਾਲੀਆਂ ਅਗਾਮੀ ਲੋਕ ਸਭਾ ਚੋਣਾਂ ਵਿਚ ਪ੍ਰਚਾਰ ਕਰਨ ਵਿਚ ਭਾਰਤੀ ਮੂਲ ਦੇ ਅਮਰੀਕੀ ਵੀ ਪਿੱਛੇ ਨਹੀਂ ਰਹਿਣਗੇ। ਇਹ ਲੋਕ ਅਮਰੀਕਾ ਵਿਚ ਬੈਠੇ ਹੀ ਸੂਚਨਾ ਤਕਨੀਕ ਦੀ ਮਦਦ ਨਾਲ ਆਪੋ-ਆਪਣੀ ਪਸੰਦ ਦੇ ਉਮੀਦਵਾਰਾਂ ਤੇ ਪਾਰਟੀਆਂ ਦੇ ਹੱਕ ਵਿਚ ਡਟੇ ਨਜ਼ਰ ਆਉਣਗੇ। ਕੁਝ ਨੇ ਤਾਂ ਹੁਣੇ ਤੋਂ ਹੀ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਭਾਰਤੀ ਅਮਰੀਕੀਆਂ ਵਿਚ ਭਾਜਪਾ ਤੇ 'ਆਪ' ਦੇ ਸਮਰਥਨ ਬਹੁਤ ਉਤਸ਼ਾਹਤ ਹਨ। ਇਨ੍ਹਾਂ ਦੋਵਾਂ ਪਾਰਟੀਆਂ ਦੇ ਅਮਰੀਕੀ ਸਮਰਥਕ ਚੋਣਾਂ ਵਿਚ ਖ਼ੁਦ ਪ੍ਰਚਾਰ ਕਰਨ ਲਈ ਭਾਰਤ ਪੁੱਜ ਰਹੇ ਹਨ। ਇਹ ਗਿਣਤੀ ਸੈਂਕੜਿਆਂ ਵਿਚ ਹੋ ਸਕਦੀ ਹੈ। ਇਸ ਤੋਂ ਇਲਾਵਾ ਅਮਰੀਕਾ ਵਿਚ ਬੈਠੇ ਹਜ਼ਾਰਾਂ ਭਾਰਤੀ ਆਪਣੇ ਭਾਰਤ ਵਿਚਲੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਸੂਚਨਾ ਤਕਨੀਕ ਰਾਹੀਂ ਆਪਣੇ ਮਨਪਸੰਦ ਉਮੀਦਵਾਰ ਜਾਂ ਪਾਰਟੀ ਨੂੰ ਵੋਟ ਪਾਉਣ ਲਈ ਤਿਆਰ ਕਰਨਗੇ। ਭਾਜਪਾ ਤੇ ਆਪ ਦੇ ਅਮਰੀਕਾ ਵਿਚਲੇ ਸਮਰਥਕਾਂ ਨੂੰ ਇਨ੍ਹਾਂ ਦੋਵੇਂ ਪਾਰਟੀਆਂ ਨੇ ਇਕ ਮਹੀਨੇ ਤੋਂ ਸੰਪਰਕ ਕੀਤਾ ਹੋਇਆ ਹੈ। ਇਨ੍ਹਾਂ ਲੋਕਾਂ ਨੇ ਇਥੇ ਚੋਣਾਂ ਲਈ ਫੰਡ ਜੁਟਾਉਣ ਦੇ ਨਾਲ-ਨਾਲ ਫੋਨ ਮੁਹਿੰਮ ਵੀ ਸ਼ੁਰੂ ਕਰ ਦਿੱਤੀ ਹੈ। ਓਵਰਸੀਜ਼ ਫਰੈਂਡਜ਼ ਆਫ ਬੀ.ਜੇ.ਪੀ.-ਯੂ.ਐਸ.ਏ. ਦੇ ਪ੍ਰਮੁੱਖ ਚੰਦਰਕਾਂਤ ਪਟੇਲ ਨੇ ਦੱਸਿਆ ਕਿ ਇਹ ਚੋਣਾਂ ਇਤਿਹਾਸਕ ਹਨ ਤੇ ਸਾਰੇ ਭਾਰਤੀ ਅਮਰੀਕੀਆਂ ਨੂੰ ਇਨ੍ਹਾਂ ਵਿਚ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਹੈ। ਇਸ ਤੋਂ ਇਲਾਵਾ ਭਾਜਪਾ ਦੇ ਸੈਂਕੜੇ ਸਮਰਥਕ ਭਾਰਤ ਜਾਣ ਦੀ ਤਿਆਰੀ ਵਿਚ ਹਨ। ਆਪ-ਯੂ.ਐਸ.ਏ. ਦੇ ਆਗੂ ਪ੍ਰਾਣ ਕੁਰੂਪ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਗੂਗਲ ਰਾਹੀਂ ਪਰਵਾਸੀ ਭਾਰਤੀਆਂ ਨਾਲ ਸੰਪਰਕ ਬਣਾ ਰਹੀ ਹੈ। ਦਿੱਲੀ ਵਿੱਚ ਪਾਰਟੀ ਦੀ ਜਿੱਤ ਤੋਂ ਆਪ ਦੇ ਸਮਰਥਕਾਂ ਵਿੱਚ ਉਤਸ਼ਾਹ ਹੈ ਤੇ ਉਹ ਲੋਕ ਸਭਾ ਹਲਕਿਆਂ ਨੂੰ 'ਗੋਦ ਲੈਣ' ਦੀ ਤਿਆਰੀ ਵਿਚ ਹਨ ਤਾਂ ਜੋ ਪ੍ਰਭਾਵਸ਼ਾਲੀ ਪ੍ਰਚਾਰ ਕੀਤਾ ਜਾ ਸਕੇ।





# ‘ਰੇਡੀਓ ਵਤਨੋਂ ਦੂਰ’ ਵਲੋਂ ਬੱਚਿਆਂ ਲਈ ਗੁਰਮਤਿ ਸੰਗੀਤ ਕਲਾਸਾਂ ਸ਼ੁਰੂ

**ਫਰਿਜ਼ਨੋ (ਬਿਊਰੋ):** ‘ਰੇਡੀਓ ਵਤਨੋਂ ਦੂਰ’ ਵਲੋਂ ਪਿਛਲੇ 4 ਸਾਲਾਂ ਤੋਂ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜੀ ਰੱਖਣ ਦੇ ਮਨੋਰਥ ਨਾਲ ਪੰਜਾਬੀ ਲੋਕ ਨ੍ਰਿਤਾਂ-ਗਿੱਧਾ, ਭੰਗੜਾ ਅਤੇ ਪੰਜਾਬੀ ਸਾਹਿਤ ਨਾਲ ਜੋੜਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸੇ ਮਨੋਰਥ ਨਾਲ ਧਾਰਮਿਕ ਖੇਤਰ ਵਿਚ ਪਹਿਲ ਕਰਦਿਆਂ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਸਿੱਖ ਧਰਮ ਨਾਲ ਜੋੜੀ ਰੱਖਣ ਲਈ ਗੁਰਮਤਿ ਸੰਗੀਤ ਅਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਦੇਣ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ।

ਇਸ ਬਾਰੇ ਇਕ ਮੀਟਿੰਗ ਫਰਿਜ਼ਨੋ ਵਿਖੇ ਹੋਈ ਜਿਸ ਵਿਚ ਵੱਡੀ ਗਿਣਤੀ ਵਿਚ ਬੱਚਿਆਂ ਦੇ ਮਾਂ ਬਾਪ ਅਤੇ ਸਹਿਯੋਗੀ ਸ਼ਾਮਲ ਹੋਏ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਵੀਰ ਹੇਅਰ, ਕੁਲਜੀਤ ਸਿੰਘ, ਸਾਹਿਬ ਕਵੀਸ਼ਰ ਸਿੰਘ, ਲਵਲੀਨ ਕੌਰ, ਸਿਮਰਨ ਹੇਅਰ, ਹਰਬਾਵਰੀ ਕੌਰ, ਖੇਵਨ ਖੁਦਾਈ ਕੌਰ ਅਤੇ ਭੁਪਿੰਦਰ ਕੌਰ ਨੇ ਵੀ ਹਿੱਸਾ ਲਿਆ। ਮੀਟਿੰਗ ਵਿਚ ਵਿਸਾਖੀ ਮੌਕੇ ਬੱਚਿਆਂ ਦਾ ਨਿਰੋਲ ਕੀਰਤਨ ਸਮਾਗਮ ਕਰਵਾਉਣ ਦਾ ਫੈਸਲਾ ਲਿਆ ਗਿਆ। ਇਸੇ ਮੌਕੇ ਗੁਰਬਾਣੀ ਕੰਠ, ਦਸਤਾਰ ਅਤੇ ਬੱਚਿਆਂ ਦੇ ਲੰਬੇ ਵਾਲਾਂ ਦੇ ਮੁਕਾਬਲੇ ਕਰਵਾਏ ਜਾਣਗੇ। ਇਹ ਕਲਾਸਾਂ ਬਿਲਕੁਲ ਮੁਫਤ ਹੋਣਗੀਆਂ।

# ਸੈਕਰਾਮੈਂਟੋ ਵਿਚ ਗੁਰੂ ਰਵਿਦਾਸ ਪੁਰਬ ਮੌਕੇ ਨਗਰ ਕੀਰਤਨ 9 ਨੂੰ

**ਸੈਕਰਾਮੈਂਟੋ (ਬਿਊਰੋ):** ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦੀਆਂ ਸੰਗਤਾਂ ਵਲੋਂ ਗੁਰੂ ਰਵਿਦਾਸ ਜੀ ਦੇ 637ਵੇਂ ਆਗਮਨ ਪੁਰਬ ਮੌਕੇ ਇਕ ਮਹਾਨ ਨਗਰ ਕੀਰਤਨ ਆਉਂਦੀ 9 ਮਾਰਚ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ। ਨਗਰ ਕੀਰਤਨ ਸਵੇਰੇ 11.30 ਵਜੇ ਗੁਰਦੁਆਰਾ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿਚ ਅਰੰਭ ਹੋਵੇਗਾ। ਇਸ ਸਬੰਧੀ ਅਖੰਡਪਾਠ ਦਾ ਅਰੰਭ 7 ਮਾਰਚ ਸ਼ੁਕਰਵਾਰ ਨੂੰ ਹੋਵੇਗਾ ਅਤੇ ਭੋਗ ਸਵੇਰੇ 9 ਵਜੇ ਪਵੇਗਾ। ਉਪਰੰਤ ਪੰਥ ਪ੍ਰਸਿਧ ਰਾਗੀ ਜਥੇ ਅਤੇ ਕਥਾਕਾਰ ਗੁਰਬਾਣੀ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਪ੍ਰਬੰਧਕ ਕਮੇਟੀ ਵਲੋਂ ਦਿਤੀ ਗਈ ਜਾਣਕਾਰੀ ਅਨੁਸਾਰ ਐਤਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 11 ਵਜੇ ਹੋਵੇਗੀ। ਇਨ੍ਹਾਂ ਸਮਾਗਮਾਂ ਮੌਕੇ ਸ਼ੁਕਰਵਾਰ ਨੂੰ ਇਕ ਖੂਨਦਾਨ ਕੈਂਪ ਵੀ ਲਾਇਆ ਜਾਏਗਾ।


## Matrimonial

### ਵਰ ਦੀ ਲੋੜ

ਕੰਬੋਜ ਸਿੱਖ 5'-5", ਉਮਰ 32 ਸਾਲ, ਯੂ ਐਸ ਸਿਟੀਜ਼ਨ, ਕਾਇਰੋਪਰੈਕਟਰ ਲੜਕੀ ਲਈ ਪ੍ਰੋਫੈਸ਼ਨਲ ਅਮਰੀਕੀ/ਕੈਨੇਡੀਅਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਕੰਬੋਜ ਸਿੱਖ ਲੜਕੇ ਦੀ ਲੋੜ ਹੈ। ਅਮੈਰਿਕਾ ਜਾਂ ਕੈਨੇਡਾ ਦਾ ਪੜ੍ਹਿਆ ਲਿਖਿਆ, ਚੰਗਾ ਪਰਿਵਾਰ ਹੋਵੇ। ਸੰਪਰਕ ਕਰੋ, ਫੋਨ: 661-993-6583

---

ਕੰਬੋਜ ਸਿੱਖ ਅਮਰੀਕੀ ਸਿਟੀਜ਼ਨ, 26 ਸਾਲ, ਕੱਦ 5'-5", ਬੀ ਐਸ ਸੀ, ਬਿਜਨਸ ਐਨਾਲਾਈਜ਼ਰ ਵਜੋਂ ਕੰਮ ਕਰਦੀ ਲੜਕੀ ਲਈ ਢੁਕਵੇਂ ਵਰ ਦੀ ਲੋੜ ਹੈ। ਐਚ-1 ਜਾਂ ਸਟੂਡੈਂਟ ਵੀਜ਼ੇ ‘ਤੇ ਆਏ ਲੜਕੇ ‘ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 601-473-9617, ਈਮੇਲ: santokh01@hotmail.com


# ਗਦਰੀ ਬਾਬਿਆਂ ਦੀ ਯਾਦ ‘ਚ 14ਵਾਂ ਮੇਲਾ 22 ਮਾਰਚ ਤੋਂ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਇਸ ਸਾਲ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ 22-23 ਮਾਰਚ ਨੂੰ ਕਰਵਾਇਆ ਜਾਵੇਗਾ ਜਿਸ ਲਈ ਤਿਆਰੀਆਂ ਜ਼ੋਰਾਂ ‘ਤੇ ਕੀਤੀਆਂ ਜਾ ਰਹੀਆਂ ਹਨ।

ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਗਦਰੀ ਬਾਬਿਆਂ ਦੀ ਯਾਦ ਵਿਚ ਇਹ 14ਵਾਂ ਮੇਲਾ ਕਾਮਾਗਾਟਾਮਾਰੂ ਦੀ ਸ਼ਤਾਬਦੀ ਨੂੰ ਸਮਰਪਿਤ ਹੈ। ਮੇਲੇ ਦੇ ਮੁੱਖ ਮਹਿਮਾਨ ਪੰਜਾਬ ਦੇ ਜ਼ਿਲ੍ਹਾ ਜਲੰਧਰ ਦੇ ਪਿੰਡ ਦੁਸਾਂਝ ਕਲਾਂ ਦੇ ਜੰਮਪਲ ਅਤੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਪ੍ਰੀਮੀਅਰ ਰਹਿ ਉਜਲ ਸਿੰਘ ਦੁਸਾਂਝ ਹੋਣਗੇ। 22 ਮਾਰਚ ਨੂੰ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਜਾਣਗੇ। 23 ਮਾਰਚ ਨੂੰ ਰੀਜੈਂਸੀ ਪੈਲੇਸ ਵਿਚ ਹੋ ਰਹੇ ਪ੍ਰੋਗਰਾਮ ਵਿਚ ਬੱਚਿਆਂ ਦੇ ਗਿੱਧੇ- ਭੰਗੜੇ ਤੋਂ ਇਲਾਵਾ ਗਾਇਕ ਅਨੂਪ ਚੀਮਾ, ਅਮਰਜੀਤ ਸਿੰਘ ਦੁਲੇ ਅਤੇ ਤਰਲੋਕ ਸਿੰਘ (ਸੰਗੀਤ ਗਰੁਪ ਆਫ ਕੈਲੀਫੋਰਨੀਆ), ਧਰਮਵੀਰ ਥਾਂਦੀ, ਰਾਜ ਬਰਾੜ ਆਦਿ ਗਾਇਕੀ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰਨਗੇ। ਸ. ਮਨਜੀਤ ਸਿੰਘ ਪੱਤੜ ਦਾ ਕਵੀਸ਼ਰੀ ਜਥਾ ਗਦਰੀ ਬਾਬਿਆਂ ਦਾ ਇਤਿਹਾਸ ਕਵੀਸ਼ਰੀ ਰਾਹੀਂ ਪੇਸ਼ ਕਰੇਗਾ। ਮੰਚ ਸੰਚਾਲਨ ਆਸ਼ਾ ਸ਼ਰਮਾ ਕਰੇਗੀ।

# ਅਮਰੀਕੀ ਫੌਜੀ ਦੀ ਨਫ਼ਰੀ ਘਟਾਉਣ ਦੀ ਯੋਜਨਾ

**ਨਿਊ ਯਾਰਕ** ਅਮਰੀਕਾ ਨੇ ਆਪਣੀ ਫੌਜ ਦਾ ਆਕਾਰ ਘਟਾ ਕੇ ਦੂਜੀ ਆਲਮੀ ਜੰਗ ਤੋਂ ਪਹਿਲਾਂ ਦੇ ਪੱਧਰ ‘ਤੇ ਲਿਆਉਣ ਦੀ ਵਿਉਂਤ ਬਣਾਈ ਹੈ ਅਤੇ ਹਵਾਈ ਫੌਜ ਦੇ ਲੜਾਕੂ ਜਹਾਜ਼ਾਂ ਦਾ ਪੂਰਾ ਦਸਤਾ ਹੀ ਖਤਮ ਕਰਨ ਦਾ ਫੈਸਲਾ ਕੀਤਾ ਹੈ।

‘ਦਿ ਨਿਊ ਯਾਰਕ ਟਾਈਮਜ਼’ ਦੀ ਇਕ ਰਿਪੋਰਟ ਮੁਤਾਬਕ ਰੱਖਿਆ ਮੰਤਰੀ ਚੱਕ ਹੈਜਲ ਦੀ ਇਹ ਤਜਵੀਜ਼ ਸਰਕਾਰ ਵੱਲੋਂ ਬਚਤ ਦੇ ਮੱਦੇਨਜ਼ਰ ਰੱਖਿਆ ਖਰਚ ਵਿਚ ਕਟੌਤੀ ਕਰਨ ਦੇ ਇਰਾਦੇ ਨਾਲ ਕੀਤੀ ਜਾ ਰਹੀ ਹੈ। ਪੈਂਟਾਗਨ ਦੇ ਕਈ ਅਫਸਰ ਇਸ ਦਾ ਪਹਿਲਾਂ ਹੀ ਖੁਲਾਸਾ ਕਰ ਚੁੱਕੇ ਹਨ ਅਤੇ ਰਾਸ਼ਟਰਪਤੀ ਬਰਾਕ ਓਬਾਮਾ ਵੀ ਇਰਾਕ ਅਤੇ ਅਫਗਾਨਿਸਤਾਨ ਵਿਚ ਅਮਰੀਕੀ ਜੰਗ ਦੇ ਖਾਤਮੇ ਤੋਂ ਬਾਅਦ ਫੌਜੀ ਨਫ਼ਰੀ ਘਟਾਉਣ ਦਾ ਅਹਿਦ ਪ੍ਰਗਟ ਕਰ ਚੁੱਕੇ ਹਨ। ਪੈਂਟਾਗਨ ਅਧਿਕਾਰੀਆਂ ਦੇ ਹਵਾਲੇ ਨਾਲ ਅਖ਼ਬਾਰ ਨੇ ਲਿਖਿਆ ਕਿ ਇਸ ਵਿਉਂਤ ਦੇ ਅਮਲ ‘ਚ ਆਉਣ ਨਾਲ ਫੌਜ ਕਿਸੇ ਵੀ ਤਰ੍ਹਾਂ ਦੇ ਬਾਹਰੀ ਹਮਲੇ ਨਾਲ ਨਜਿੱਠਣ ਦੇ ਪੂਰੀ ਤਰ੍ਹਾਂ ਸਮਰੱਥ ਹੋਵੇਗੀ ਪਰ ਲੰਮੇ ਸਮੇਂ ਤੱਕ ਕਿਸੇ ਇਲਾਕੇ ‘ਤੇ ਇਸ ਦਾ ਕਬਜ਼ਾ ਰੱਖਣਾ ਮੁਸ਼ਕਲ ਬਣ ਜਾਵੇਗਾ। ਇਸ ਦੇ ਨਾਲ ਹੀ ਜੇ ਇਸ ਨੂੰ ਇਕੋ ਸਮੇਂ ਦੋ ਥਾਈਂ ਵੱਡੀਆਂ ਫੌਜੀ ਮੁਹਿੰਮਾਂ ਵਿੱਢਣੀਆਂ ਪੈਣ ਤਾਂ ਵੀ ਇਸ ਲਈ ਮੁਸ਼ਕਲ ਪੇਸ਼ ਆਵੇਗੀ।

ਪੈਂਟਾਗਨ ਅਧਿਕਾਰੀ ਨੇ ਕਿਹਾ, “ਸਫਲਤਾ ਲਈ ਲੰਮਾ ਸਮਾਂ ਲੱਗੇਗਾ ਅਤੇ ਜਾਨੀ ਨੁਕਸਾਨ ਦਾ ਜੋਖਮ ਵੀ ਵਧ ਜਾਵੇਗਾ। ਤੁਹਾਨੂੰ ਆਪਣੀ ਸੰਸਥਾ ਹਰ ਸਮੇਂ ਤਿਆਰ ਬਰ ਤਿਆਰ ਰੱਖਣੀ ਪੈਂਦੀ ਹੈ ਪਰ ਤੁਸੀਂ ਇਕ ਵੱਡ-ਆਕਾਰੀ ਰੱਖਿਆ ਢਾਂਚਾ ਕਾਇਮ ਨਹੀਂ ਰੱਖ ਸਕਦੇ ਜਦੋਂ ਕੋਈ ਜ਼ਮੀਨੀ ਲੜਾਈ ਨਾ ਹੋ ਰਹੀ ਹੋਵੇ।” ਅਧਿਕਾਰੀਆਂ ਦਾ ਕਹਿਣਾ ਹੈ ਕਿ ਕੁੱਲ ਮਿਲਾ ਕੇ ਹੈਜਲ ਦੀ ਤਜਵੀਜ਼ ਰਾਸ਼ਟਰਪਤੀ ਓਬਾਮਾ ਦੇ ਕੌਮੀ ਸੁਰੱਖਿਆ ਬਾਰੇ ਦਿਸ਼ਾ ਮਾਰਗਾਂ ਨੂੰ ਪੂਰਾ ਕਰੇਗੀ। ਇਨ੍ਹਾਂ ਦਿਸ਼ਾ ਮਾਰਗਾਂ ਵਿਚ ਅਮਰੀਕੀ ਖੇਤਰ ਅਤੇ ਕੌਮ ਦੇ ਬਾਹਰੀ ਹਿੱਤਾਂ ਦੀ ਸੁਰੱਖਿਆ ਅਤੇ ਬਾਹਰੋਂ ਹਮਲੇ ਦੀ ਧਮਕੀ ਨੂੰ ਪਸਤ ਕਰਨਾ ਅਤੇ ਜੇ ਲੜਾਈ ਦਾ ਹੁਕਮ ਦਿੱਤਾ ਜਾਵੇ ਤਾਂ ਨਿਸ਼ਚਤ ਰੂਪ ਵਿਚ ਜਿੱਤ ਹਾਸਲ ਕਰਨਾ ਸ਼ਾਮਲ ਹਨ। ਅਧਿਕਾਰੀ ਨੇ ਕਿਹਾ ਕਿ ਅਮਰੀਕੀ ਫੌਜ ਦਾ ਆਕਾਰ ਤਾਂ ਵੀ ਕਾਫੀ ਵੱਡਾ ਰਹੇਗਾ ਪਰ ਹੁਣ ਇਹ ਵਧੇਰੇ ਫੁਰਤੀਲੀ, ਸਮਰੱਥ ਅਤੇ ਆਧੁਨਿਕ ਬਣ ਜਾਵੇਗੀ। ਇਹ ਪੂਰੀ ਤਰ੍ਹਾਂ ਸਿਖਲਾਈ ਯਾਫਤਾ ਹੋਵੇਗੀ। ਹੈਜਲ ਦੀ ਤਜਵੀਜ਼ ਅਮਰੀਕੀ ਥਲ ਸੈਨਾ ਦੀ ਕਾਇਆਕਲਪ ਕਰੇਗੀ ਜਿਸ ਵਿਚ ਡਿਊਟੀ ਦੇ ਰਹੇ ਫੌਜੀ, ਨੈਸ਼ਨਲ ਗਾਰਡ ਅਤੇ ਰਿਜ਼ਰਵ ਫੌਜੀ ਵੀ ਸ਼ਾਮਲ ਹਨ। ਅਫਗਾਨਿਸਤਾਨ ਅਤੇ ਇਰਾਕ ਵਿਚ ਕਾਫੀ ਜਾਨੀ ਨੁਕਸਾਨ ਕਰਵਾਉਣ ਤੋਂ ਬਾਅਦ ਅਮਰੀਕੀ ਫੌਜ ਦੀ ਨਫ਼ਰੀ 490,000 ਹੈ ਜੋ 9/11 ਸਾਕੇ ਵੇਲੇ ਸਭ ਤੋਂ ਵੱਧ 5,70,000 ਸੀ। ਅਖ਼ਬਾਰ ਨੇ ਲਿਖਿਆ ਕਿ ਹੈਜਲ ਦੀ ਤਜਵੀਜ਼ ਮੁਤਾਬਕ ਅਮਰੀਕੀ ਫੌਜ ਦੀ ਨਫ਼ਰੀ 4,40,000 ਤੋਂ 4,50,000 ਵਿਚਕਾਰ ਰਹੇਗੀ।

# ਕੇ.ਐਸ. ਮੱਖਣ ਅਨੰਦਪੁਰ ਸਾਹਿਬ ਤੋਂ ਬਸਪਾ ਉਮੀਦਵਾਰ

**ਸ੍ਰੀ ਅਨੰਦਪੁਰ ਸਾਹਿਬ:** ਬਹੁਜਨ ਸਮਾਜ ਪਾਰਟੀ ਵੱਲੋਂ ਗਾਇਕ ਕੇ.ਐੱਸ. ਮੱਖਣ ਨੂੰ ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਰਸਮੀ ਤੌਰ ‘ਤੇ ਉਮੀਦਵਾਰ ਐਲਾਨ ਦਿੱਤਾ ਗਿਆ ਹੈ।

ਇਸ ਸਬੰਧੀ ਮੁਹਾਲੀ ਵਿਖੇ ਕੀਤੀ ਰੈਲੀ ਮੌਕੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਤੇ ਰਾਜ ਸਭਾ ਮੈਂਬਰ ਨਰਿੰਦਰ ਕਸ਼ਯਪ ਨੇ ਕਿਹਾ ਕਿ ਬਸਪਾ ਦੀ ਰਾਸ਼ਟਰੀ ਪ੍ਰਧਾਨ ਕੁਮਾਰੀ ਮਾਇਆਵਤੀ ਦੇ ਹੁਕਮਾਂ ਅਨੁਸਾਰ ਕੇ.ਐੱਸ. ਮੱਖਣ ਨੂੰ ਉਮੀਦਵਾਰ ਐਲਾਨਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿਹਾ ਕਿ ਮੱਖਣ ਨੂੰ ਉਮੀਦਵਾਰ ਥਾਪੇ ਜਾਣ ਨਾਲ ਹਲਕੇ ਦੇ ਸਿਆਸੀ ਸਮੀਕਰਨ ਬਦਲ ਗਏ ਹਨ।

ਇਸ ਮੌਕੇ ਕੇ. ਐੱਸ. ਮੱਖਣ ਨੇ ਕਿਹਾ ਕਿ ਉਹ ਲੋਕ ਸਭਾ ਚੋਣ ਜਿੱਤਣ ਤੋਂ ਬਾਅਦ ਹਲਕੇ ਦੇ ਲੋਕਾਂ ਦੀ ਦਿਨ ਰਾਤ ਸੇਵਾ ਕਰਨਗੇ। ਇਸ ਮੌਕੇ ਪਾਰਟੀ ਦੀ ਪੰਜਾਬ ਇਕਾਈ ਦੇ ਇੰਚਾਰਜ ਪ੍ਰਕਾਸ਼ ਭਾਰਤੀ, ਸੂਬਾ ਪ੍ਰਧਾਨ ਪ੍ਰਕਾਸ਼ ਸਿੰਘ ਜੰਡਾਲੀ, ਜ਼ੋਨ ਇੰਚਾਰਜ ਰਸ਼ਪਾਲ ਰਾਜੂ, ਸੂਬਾ ਜਨਰਲ ਸਕੱਤਰ ਨਛੱਤਰ ਪਾਲ, ਲੋਕ ਸਭਾ ਇੰਚਾਰਜ ਰਜਿੰਦਰ ਸਿੰਘ ਠੇਕੇਦਾਰ, ਨਿਰਮਲ ਸਿੰਘ ਸੁਮਨ, ਰਾਜਵਿੰਦਰ ਸਿੰਘ ਰਾਜਾ, ਪ੍ਰਵੀਨ ਬੰਗਾ, ਸੋਹਣ ਸਿੰਘ ਬਾਵਾ, ਵਿਨੋਦ ਕੁਮਾਰ, ਚਰਨਜੀਤ ਸਿੰਘ ਘਈ ਤੋਂ ਇਲਾਵਾ ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਦੀ ਸਮੁੱਚੀ ਲੀਡਰਸ਼ਿਪ ਮੌਜੂਦ ਸੀ।


## Are You Tired Of All Treatments?

### Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

Homeopathic natural medicines supply



Gurdip Singh Sandhu

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**



ਪੰਜਾਬ ਟਾਈਮਜ਼

*ਸਨਿਚਰਵਾਰ, ਪਹਿਲੀ ਮਾਰਚ 2014*

## ਸਾਡੇ ਪੰਜਾਬ ਵਿਚ ਬਾਦਲਾਂ ਦਾ ਮੋਦੀ

ਭਾਰਤੀ ਜਨਤਾ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨਰੇਂਦਰ ਮੋਦੀ ਦੀ ਪੰਜਾਬ ਰੈਲੀ ਆਖਰਕਾਰ ਸਿਰੇ ਚੜ੍ਹ ਗਈ। ਇਹ ਰੈਲੀ ਪਹਿਲਾਂ ਕਿਸੇ ਨਾ ਕਿਸੇ ਕਾਰਨ ਵਾਰ-ਵਾਰ ਮੁਲਤਵੀ ਹੁੰਦੀ ਰਹੀ ਹੈ। ਕੁਝ ਧਿਰਾਂ ਵੱਲੋਂ ਉਸ ਦੀ ਪੰਜਾਬ ਆਮਦ ਦਾ ਬਹੁਤ ਤਿੱਖਾ ਵਿਰੋਧ ਕੀਤਾ ਗਿਆ। ਇਸ ਤਰ੍ਹਾਂ ਦੇ ਵਿਰੋਧ ਦਾ ਸਾਹਮਣਾ ਕੁਝ ਸਮਾਂ ਪਹਿਲਾਂ ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੂੰ ਕਰਨਾ ਪਿਆ ਸੀ। ਉਦੋਂ ਅਡਵਾਨੀ ਦੀ ਸਵੈ-ਜੀਵਨੀ 'ਮਾਈ ਕੰਟਰੀ ਮਾਈ ਲਵ' ਅਜੇ ਨਵੀਂ-ਨਵੀਂ ਛਪੀ ਸੀ ਅਤੇ ਇਸ ਕਿਤਾਬ ਵਿਚ ਸ੍ਰੀ ਹਰਿਮੰਦਰ ਸਾਹਿਬ ਉਤੇ ਫੌਜੀ ਚੜ੍ਹਾਈ ਬਾਰੇ ਟਿੱਪਣੀਆਂ ਕੀਤੀਆਂ ਹੋਈਆਂ ਸਨ। ਇਨ੍ਹਾਂ ਟਿੱਪਣੀਆਂ ਤੋਂ ਨਾਰਾਜ਼ ਸਿੱਖਾਂ ਨੇ ਉਸ ਦਾ ਰਾਹ ਡੱਕਣ ਦਾ ਯਤਨ ਕੀਤਾ ਸੀ ਪਰ ਉਸ ਸਮੇਂ ਵੀ ਅੱਜ ਵਾਂਗ ਹੀ ਪੰਜਾਬ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ। ਉਦੋਂ ਪੰਜਾਬ ਪੁੱਜਣ 'ਤੇ ਅਡਵਾਨੀ ਦਾ ਭਰਵਾਂ ਸਵਾਗਤ ਕੀਤਾ ਗਿਆ ਸੀ। ਅੱਜ ਵੀ ਸ. ਬਾਦਲ ਨੇ ਮੋਦੀ ਦੀ ਰੈਲੀ ਲਈ ਜੀਅ-ਤੋੜ ਕੋਸ਼ਿਸ਼ ਕੀਤੀ। ਇਸ ਦਾ ਇਕ ਅਤੇ ਦਿਸਦਾ ਕਾਰਨ ਤਾਂ ਲੋਕ ਸਭਾ ਚੋਣਾਂ ਵੀ ਹਨ ਪਰ ਅਸਲ ਕਾਰਨ ਹੋਰ ਵੀ ਕਈ ਹਨ। ਪਿਛਲੇ ਸਾਲਾਂ ਦੌਰਾਨ ਬਾਦਲ ਪਿਉ-ਪੁੱਤ ਗਾਹੇ-ਬਗਾਹੇ ਨਰੇਂਦਰ ਮੋਦੀ ਨਾਲ ਨਿੱਜੀ ਅਪਣੱਤ ਵੀ ਦਿਖਾਉਂਦੇ ਰਹੇ ਹਨ ਅਤੇ ਉਸ ਵੱਲੋਂ ਪ੍ਰਚਾਰੀ ਜਾ ਰਹੀ 'ਵਿਕਾਸ ਸਿਆਸਤ' ਦੀ ਚਰਚਾ ਕਰਦੇ ਰਹੇ ਹਨ। ਮੋਦੀ ਵੀ ਪੰਜਾਬ ਪੁੱਜ ਕੇ ਸਿੱਖਾਂ ਨਾਲ ਸਾਂਝ ਦੀ ਚਰਚਾ ਛੇੜਦਾ ਹੈ ਅਤੇ ਆਪਣੀ ਇਸ ਚਰਚਾ ਵਿਚ ਗੁਰੂ ਨਾਨਕ ਦੀ ਗੁਜਰਾਤ ਯਾਤਰਾ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਦੇ ਪੰਜ ਪਿਆਰਿਆਂ ਵਿਚ ਗੁਜਰਾਤੀ ਪਿਆਰਾ ਸ਼ਾਮਲ ਹੋਣ ਦਾ ਚੇਤਾ ਕਰਵਾਉਂਦਾ ਹੈ। ਆਪਣੀ ਅਤੇ ਬਾਦਲ ਜਾਂ ਭਾਰਤੀ ਜਨਤਾ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਸਾਂਝ ਨੂੰ ਉਹ ਹਿੰਦੂ-ਸਿੱਖ ਏਕਤਾ ਦੇ ਰੰਗ ਵਿਚ ਭਿਉਂ ਕੇ ਪੇਸ਼ ਕਰਦਾ ਹੈ। ਉਹ ਭੁੱਲ ਜਾਂਦਾ ਹੈ ਕਿ ਅਜੇ ਇਕ ਦਿਨ ਪਹਿਲਾਂ ਹੀ ਉਹ ਅਰੁਣਾਚਲ ਪ੍ਰਦੇਸ਼ ਵਿਚ ਕੀ ਭਾਸ਼ਣ ਦੇ ਕੇ ਆਇਆ ਹੈ। ਇਹ ਭਾਸ਼ਣ ਉਸ ਨੇ ਮੁਸਲਮਾਨ ਬੰਗਲਾਦੇਸ਼ੀਆਂ ਦੀ ਭਾਰਤ ਵਿਚ ਆਮਦ ਦੇ ਵਿਰੁਧ ਅਤੇ ਬੰਗਲਾਦੇਸ਼ੀ ਹਿੰਦੂਆਂ ਦੇ ਹੱਕ ਵਿਚ ਦਿੱਤਾ ਸੀ। ਸਿੱਖੀ ਵਿਚ ਤਾਂ ਇਸ ਤਰ੍ਹਾਂ ਦੀ ਦਵੈਤ ਲਈ ਕੋਈ ਥਾਂ ਨਹੀਂ ਹੈ ਪਰ ਮੋਦੀ ਦੇ ਰਾਜ ਵਿਚ ਤਾਂ ਇਸੇ ਦਵੈਤ ਤਹਿਤ 2002 'ਚ ਗੁਜਰਾਤ ਵਿਚ ਰਾਤੋ-ਰਾਤ 1000 ਤੋਂ ਵੱਧ ਮੁਸਲਮਾਨ ਮਾਰ ਦਿੱਤੇ ਗਏ ਸਨ। ਇਸੇ ਕਰ ਕੇ ਦਿੱਲੀ ਦੇ ਸਿੱਖ ਕਤਲੇਆਮ ਬਾਰੇ ਉਸ ਨੇ ਇਕ ਸ਼ਬਦ ਵੀ ਨਹੀਂ ਬੋਲਿਆ ਹੈ; ਹਾਲਾਂਕਿ ਪਿਛਲੇ ਦਿਨਾਂ ਦੌਰਾਨ ਪੰਜਾਬ ਵਿਚ ਕਾਂਗਰਸ ਇਸ ਮਾਮਲੇ ਬੜੀ ਕਸੂਤੀ ਫਸੀ ਹੋਈ ਸੀ। ਹਾਂ, ਉਸ ਨੇ ਗੁਜਰਾਤ ਦੇ ਉਜਾੜੇ ਜਾ ਰਹੇ ਪੰਜਾਬੀ/ਸਿੱਖ ਕਿਸਾਨਾਂ ਦਾ ਜ਼ਿਕਰ ਜ਼ਰੂਰ ਕੀਤਾ, ਪਰ ਭਾਸ਼ਣ ਦੇ ਇਹ ਚੰਦ ਸ਼ਬਦ ਵੋਟ ਸਿਆਸਤ ਦੇ ਨਖ਼ੂਣੇ ਤੋਂ ਵੱਧ ਕੁਝ ਵੀ ਨਹੀਂ ਸਨ।

ਉਂਜ, ਇਕ ਗੱਲ ਨੋਟ ਕਰਨ ਵਾਲੀ ਹੈ ਕਿ ਮੋਦੀ ਜਿੱਥੇ ਵੀ ਜਾਂਦਾ ਹੈ, ਇਕੱਠ ਵਾਹਵਾ ਭਰਵਾਂ ਹੁੰਦਾ ਹੈ। ਉਸ ਦੀ ਪਾਰਟੀ ਵਾਲੇ ਇਕੱਠਾਂ ਲਈ ਤਰੱਦਦ ਵੀ ਬੜਾ ਕਰਦੇ ਹਨ, ਪਰ ਸਿਆਸੀ ਵਿਸ਼ਲੇਸ਼ਕਾਂ ਨੇ ਵੀ ਮਲਵੀਂ ਜੀਭੇ ਮੋਦੀ ਦੀ ਚੜ੍ਹਾਈ ਵਾਲਾ ਤੱਥ ਸਵੀਕਾਰ ਕਰ ਲਿਆ ਜਾਪਦਾ ਹੈ। ਇਨ੍ਹਾਂ ਵਿਸ਼ਲੇਸ਼ਕਾਂ ਨੇ ਭਾਰਤ ਵਿਚ ਅਮਰੀਕੀ ਸਫੀਰ ਨੈਨਸੀ ਪਾਵੈਲ ਦੀ ਮੋਦੀ ਨਾਲ ਮੁਲਾਕਾਤ ਨੂੰ ਇਸੇ ਚੜ੍ਹਾਈ ਦਾ ਹਿੱਸਾ ਸਵੀਕਾਰ ਕੀਤਾ ਹੈ। ਗੁਜਰਾਤ ਕਤਲੇਆਮ ਦੇ ਮਾਮਲੇ ਵਿਚ ਅਮਰੀਕਾ ਦਾ ਹੁਣ ਤੱਕ ਮੋਦੀ ਪ੍ਰਤੀ ਰਵੱਈਆ ਬੜਾ ਸਖਤ ਰਿਹਾ ਹੈ, ਪਰ ਹੁਣ ਇਹ ਸਖਤੀ, ਨਰਮੀ ਵਿਚ ਬਦਲਦੀ ਜਾਪਦੀ ਹੈ। ਸਿਆਸੀ ਵਿਸ਼ਲੇਸ਼ਕ ਇਸ ਚੜ੍ਹਾਈ ਬਾਰੇ ਆਪੋ-ਆਪਣੀਆਂ ਟੀਕਾ-ਟਿੱਪਣੀਆਂ ਕਰ ਰਹੇ ਹਨ। ਉਂਜ ਇਕ ਤੱਥ ਤਾਂ ਹੁਣ ਚਿੱਟੇ ਦਿਨ ਵਾਂਗ ਸਾਫ ਹੈ ਕਿ ਮੋਦੀ ਦੀ ਇਸ ਅਸਲੀ ਜਾਂ ਨਕਲੀ ਚੜ੍ਹਾਈ ਵਿਚ ਕਾਂਗਰਸ ਦਾ ਚੋਖਾ ਯੋਗਦਾਨ ਹੈ। ਕਾਂਗਰਸ ਦੇ ਦਸ ਸਾਲਾਂ ਦੇ ਰਾਜ ਤੋਂ ਬਾਅਦ ਆਮ ਲੋਕਾਂ ਦਾ ਇਸ ਪਾਰਟੀ ਤੋਂ ਬੁਰੀ ਤਰ੍ਹਾਂ ਮੋਹ-ਭੰਗ ਹੋ ਚੁੱਕਾ ਹੈ। ਤੀਜੇ ਮੋਰਚੇ ਦਾ ਮੂੰਹ-ਮੱਥਾ ਫਿਲਹਾਲ ਬਣ ਨਹੀਂ ਰਿਹਾ, ਇਸ ਦੀ ਸਾਰਥਿਕਤਾ ਬਾਰੇ ਤਾਂ ਸਦਾ ਸਵਾਲ ਉਠਦੇ ਰਹੇ ਹਨ। ਸੋ, ਲੈ-ਦੇ ਕੇ ਸਿਰਫ ਮੋਦੀ ਹੀ ਬਚਦਾ ਹੈ। ਜ਼ਾਹਿਰ ਹੈ ਕਿ ਮੋਦੀ ਆਮ ਲੋਕਾਂ ਦੀ ਪਸੰਦ ਨਹੀਂ, ਪਰ ਲੋਕਾਂ ਕੋਲ ਹੋਰ ਕੋਈ ਤੋੜ ਵੀ ਕਿੱਥੇ ਹੈ? ਇਹੀ ਕਾਰਨ ਹੈ ਕਿ ਮੌਜੂਦਾ ਹਾਲਾਤ ਚੁੱਪ-ਚੁਪੀਤੇ ਮੋਦੀ ਦੇ ਹੱਕ ਵਿਚ ਚਲੇ ਗਏ ਹਨ ਅਤੇ ਮੀਡੀਆ ਜਿਸ ਦੇ ਵੱਡੇ ਹਿੱਸੇ ਉਤੇ ਹੁਣ ਧਨਾਢ ਕਾਰੋਬਾਰੀਆਂ ਦਾ ਕਬਜ਼ ਹੈ, ਤਾਂ ਪਹਿਲਾਂ ਹੀ ਮੋਦੀ-ਮੋਦੀ ਦਾ ਰਾਗ ਅਲਾਪ ਰਿਹਾ ਹੈ। ਇਨ੍ਹਾਂ ਹਾਲਾਤ ਵਿਚ ਮੋਦੀ ਦੀ ਪੰਜਾਬ ਫੇਰੀ ਦੇ ਵਿਸ਼ੇਸ਼ ਅਰਥ ਬਣ ਜਾਂਦੇ ਹਨ। ਮੋਦੀ ਵਾਲੀ ਸਟੇਜ ਉਤੋਂ ਹੀ ਸ. ਪ੍ਰਕਾਸ਼ ਸਿੰਘ ਬਾਦਲ ਕੇਂਦਰ ਸਰਕਾਰ ਉਤੇ ਦੋਸ਼ ਲਾਉਂਦਾ ਹੈ ਕਿ ਇਹ ਸਿੱਖਾਂ ਨੂੰ ਵੱਖਵਾਦੀ ਅਤੇ ਅਤਿਵਾਦੀ ਗਰਦਾਨਦੀ ਰਹੀ ਹੈ। ਇਹ ਅਸਲ ਵਿਚ 'ਵੋਟਾਂ ਦੀ ਫਿਰਕਾਪ੍ਰਸਤ ਸਿਆਸਤ' ਹੈ ਜਿਹੜੀ ਅਕਾਲੀ ਦਲ ਅਤੇ ਭਾਜਪਾ ਹੀ ਨਹੀਂ, ਕਾਂਗਰਸ ਵੀ ਅਕਸਰ ਅਜਿਹੇ ਮੌਕਿਆਂ ਉਤੇ ਕਰਦੀ ਰਹੀ ਹੈ। ਇਕ ਲਿਹਾਜ਼ ਨਾਲ ਤੱਤੀਆਂ ਸਿੱਖ ਜਥੇਬੰਦੀਆਂ ਵੀ ਸਿੱਧੇ-ਅਸਿੱਧੇ ਢੰਗ ਨਾਲ ਇਸੇ ਸਿਆਸਤ ਨਾਲ ਜਾ ਜੁੜਦੀਆਂ ਹਨ। ਸਮਝਣ ਵਾਲਾ ਨੁਕਤਾ ਹੈ ਕਿ ਇਸ ਫਿਰਕਾਪ੍ਰਸਤ ਸਿਆਸਤ ਦਾ ਰਾਹ ਆਖਰਕਾਰ ਹਿੰਸਾ ਵੱਲ ਜਾ ਖੁੱਲ੍ਹਦਾ ਹੈ। ਨਾਲੇ ਇਕ ਹੋਰ ਗੱਲ ਸਾਫ ਹੋ ਜਾਣੀ ਚਾਹੀਦੀ ਹੈ ਕਿ ਹਿੰਦੂ ਫਿਰਕਾਪ੍ਰਸਤੀ ਦਾ ਤੋੜ ਸਿੱਖ ਜਾਂ ਮੁਸਲਿਮ ਫਿਰਕਾਪ੍ਰਸਤੀ ਨਹੀਂ ਹੈ। ਇਹ ਤਿੰਨੇ ਤਾਂ ਸਗੋਂ ਇਕ-ਦੂਜੇ ਦੀਆਂ ਪੂਰਕ ਹਨ ਅਤੇ ਇਨ੍ਹਾਂ ਤਿੰਨਾਂ (ਹਿੰਦੂ-ਮੁਸਲਿਮ-ਸਿੱਖ ਫਿਰਕਾਪ੍ਰਸਤੀ) ਦੀ ਵਿਚਾਰਧਾਰਕ ਸਾਂਝ ਵੀ ਹੈ। ਤਿੰਨੇ ਹੀ ਆਪਣੀਆਂ ਲੜੀਆਂ ਇਤਿਹਾਸਕ ਮਹਾਨਤਾ ਨਾਲ ਜੋੜਦੀਆਂ ਹਨ। ਇਸ ਇਤਿਹਾਸਕ ਮਹਾਨਤਾ ਵਿਚ ਫਿਰ ਅਗਾਂਹ ਵਿਸ਼ੇਸ਼ ਗੁਣ ਜੋੜ ਲਈ ਜਾਂਦੇ ਹਨ। ਇਸ ਤੋਂ ਬਾਅਦ ਵੱਖਰੇਪਣ ਦੀ ਚਰਚਾ ਚੱਲ ਪੈਂਦੀ ਹੈ। ਹਿੰਦੂ ਫਿਰਕਾਪ੍ਰਸਤ ਹੁਣ ਤੱਕ ਇਹੀ ਕਰਦੇ ਆਏ ਹਨ। ਇਸ ਜਾਲ ਨੂੰ ਤੋੜਨ ਦੀ ਲੋੜ ਹੈ। ਮੋਦੀ ਦੀ ਪੰਜਾਬ ਫੇਰੀ ਨੂੰ ਇਸ ਨਜ਼ਰ ਤੋਂ ਵੀ ਦੇਖਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨਾਗ ਨਾਲੇ ਨਮੋ ਨਮੋ?*

ਖਾਨਦਾਨੀ ਰਾਜ ਦੀ ਸਥਾਪਤੀ ਦੇ ਦੇਖ ਕਾਰੇ, ਲੋਕ ਰਾਜ ਉਤੋਂ ਵਿਸ਼ਵਾਸ਼ ਜਾਵੇ ਖੁਰਦਾ।
ਸੌੜੀਆਂ ਸਿਆਸਤਾਂ ਤੇ ਨੇਤਾ ਬਦਨੀਤਿਆਂ ਨੇ, ਰੱਖ'ਤਾ ਬਣਾ ਕੇ ਨਿਰਾ ਵੋਟਰਾਂ ਨੂੰ ਮੁਰਦਾ।
'ਆਪ' ਬਾਰੇ ਆਪ ਸੋਚੋ ਮਗਰੋਂ ਨ੍ਹੀਂ ਫਾਇਦਾ ਹੋਣਾ, ਮੂੰਹੋਂ ਮੂੰਹੀਂ ਕੀਤੀ ਜਾਂਦੀ ਫੋਕੀ 'ਚੁਰ ਚੁਰ' ਦਾ।
'ਆਮ ਆਦਮੀ' ਨੂੰ ਹੁਣ ਲਗਦੈ ਗਿਆਨ ਹੋਇਆ! ਚੰਗਾ ਨਤੀਜਾ ਆਉਂਦੈ ਹੋਇਆਂ 'ਇਕ ਸੁਰ' ਦਾ!
ਰੋਕਣਾ ਏਂ ਕਿੱਦਾਂ? ਹੁਣੇ ਸੋਚੋ ਦੇਸ਼ ਵਾਸੀਉ ਜੀ, ਆ ਰਿਹਾ ਜੋ ਦਿੱਲੀ ਵੱਲੇ ਹੌਲੀ ਹੌਲੀ ਤੁਰਦਾ।
ਮਾਰਦਾ ਫੁੰਕਾਰੇ ਜ਼ਹਿਰੀਲੇ ਸਦਾ ਭਾਸ਼ਣਾ 'ਚ, ਨਮੋ ਨਮੋ ਕਰੇ ਉਂਜ ਨਾਗ, ਨਾਗਪੁਰ ਦਾ!

# ਕਿਸ ਦੀ ਫਤਿਹ ਹੈ ਮੋਦੀ ਦੀ ਫਤਿਹ ਰੈਲੀ

**ਬੂਟਾ ਸਿੰਘ**

**ਫੋਨ: 91-94634-74342**

ਲੋਕ ਸਭਾ ਚੋਣਾਂ-2014 ਦੀ ਮੁਹਿੰਮ 'ਤੇ ਨਿਕਲੀ ਭਾਜਪਾ ਦੀ ਹਾਲੀਆ ਜਗਰਾਓਂ 'ਫ਼ਤਹਿ ਰੈਲੀ' ਅਤੇ ਨਰੇਂਦਰ ਮੋਦੀ ਦੇ ਤਕਰੀਰ-ਲੇਖਕਾਂ ਵਲੋਂ ਮੈਨੇਜ ਕੀਤੀਆਂ ਤਕਰੀਰਾਂ ਦੇ ਬੋਲ ਕੁਲ ਮੌਕਾਪ੍ਰਸਤ ਲੱਫ਼ਾਜ਼ੀ ਦੇ ਬਾਵਜੂਦ ਇਸ ਮੁਲਕ ਦੇ ਭਵਿੱਖ ਤੇ ਅਵਾਮ ਦੀ ਬਿਹਤਰੀ ਦੇ ਰਾਹ ਤੋਂ ਐਨ ਉਲਟ ਦਿਸ਼ਾ ਵੱਲ ਸੇਧਤ ਹਨ। ਇਸੇ ਲਈ, ਮੁਲਕ ਦੇ ਅਹਿਮ ਸਮਾਜੀ-ਸਿਆਸੀ ਸਵਾਲਾਂ ਤੇ ਅਰਥਚਾਰੇ ਦੇ ਬੁਨਿਆਦੀ ਮਸਲਿਆਂ ਬਾਰੇ ਸਰੋਕਾਰਾਂ ਅਤੇ ਸੰਜੀਦਗੀ ਦਾ ਕੋਈ ਇਸ਼ਾਰਾ ਉਨ੍ਹਾਂ ਦੇ ਪ੍ਰੋਗਰਾਮਾਂ, ਨੀਤੀ ਬਿਆਨਾਂ ਤੇ ਚੋਣ ਮੁਹਿੰਮਾਂ ਵਗੈਰਾ ਵਿਚ ਕਿਤੇ ਵੀ ਨਜ਼ਰ ਨਹੀਂ ਆ ਰਿਹਾ। ਸਿਆਸੀ ਸੂਝ ਰੱਖਦੇ ਕਿਸੇ ਬੰਦੇ ਨੂੰ ਇਨ੍ਹਾਂ ਦੀ ਬਦਨੀਅਤ ਬਾਰੇ ਸ਼ਾਇਦ ਹੀ ਕੋਈ ਭੁਲੇਖਾ ਹੋਵੇ।

ਜੇ ਮੋਦੀ ਮੁਹਿੰਮ ਵਲੋਂ ਕੀਤੇ ਜਾ ਰਹੇ ਸਿਆਸੀ ਹਮਲਿਆਂ ਦੀ ਗੱਲ ਕਰਨੀ ਹੋਵੇ ਤਾਂ ਕਾਂਗਰਸ ਦੀ ਅਗਵਾਈ ਵਾਲੇ ਸਾਂਝੇ ਪ੍ਰਗਤੀਸ਼ੀਲ ਗੱਠਜੋੜ (ਯੂ.ਪੀ.ਏ.) ਦੇ ਬੇਮਿਸਾਲ ਭ੍ਰਿਸ਼ਟਾਚਾਰ, ਇਸ ਦੀ ਲੀਡਰਸ਼ਿਪ ਦੀ ਮੁਲਕ ਦੇ ਹਿੱਤਾਂ ਦੀ ਕੀਮਤ 'ਤੇ ਦੁਨੀਆਂ ਦੀ ਕਾਰਪੋਰੇਟ ਸਰਮਾਏਦਾਰੀ ਦੀ ਬੇਹਯਾ ਖ਼ਿਦਮਤ ਅਤੇ ਨਹਿਰੂ ਖ਼ਾਨਦਾਨ ਦੁਆਲੇ ਘੁੰਮਦੀ ਕਾਂਗਰਸ ਦੀ ਦਲਾਲਨੁਮਾ ਸਿਆਸਤ ਦੇ ਇਲਜ਼ਾਮਾਂ ਵਿਚੋਂ ਕੁਝ ਵੀ ਗ਼ਲਤ ਨਹੀਂ ਹੈ; ਪਰ ਕੀ ਭਾਜਪਾ ਵਾਲੇ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਵਿਚ ਸ਼ਾਮਲ ਕਿਸੇ ਵੀ ਸਿਆਸੀ ਪਾਰਟੀ ਦਾ ਸਿਆਸੀ ਕਿਰਦਾਰ ਕਾਂਗਰਸ ਅਤੇ ਕਾਂਗਰਸ ਦੀ ਅਗਵਾਈ ਵਾਲੇ ਗੱਠਜੋੜ ਦੇ ਭਾਈਵਾਲਾਂ ਤੋਂ ਕਿਸੇ ਪੱਖੋਂ ਵੱਖਰਾ ਹੈ? ਨਰੇਂਦਰ ਮੋਦੀ ਅਤੇ ਭਾਜਪਾ ਦੀ ਅਗਵਾਈ ਵਾਲੇ ਜਿਸ ਐਨ.ਡੀ.ਏ. ਨੂੰ ਅਵਾਮ ਦੇ ਭਵਿੱਖ ਦੀ ਬੇੜੀ ਨੂੰ ਬੰਨੇ ਲਾਉਣ ਵਾਲਾ ਵਾਹਦ ਮਲਾਹ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ, ਉਸ ਦੀ ਮੁੱਖ ਤਾਕਤ - ਭਾਜਪਾ - ਦੇ ਖੁੱਲ੍ਹੇ ਹਿੰਦੂਤਵੀ ਏਜੰਡੇ ਨੂੰ ਛੱਡ ਕੇ ਕਾਂਗਰਸ ਦੀ ਅਗਵਾਈ ਵਾਲੇ ਗੱਠਜੋੜ ਤੋਂ ਉਨ੍ਹਾਂ ਦਾ ਬਾਕੀ ਪ੍ਰੋਗਰਾਮ ਕਿਸੇ ਪੱਖੋਂ ਵੀ ਵੱਖਰਾ ਨਹੀਂ ਹੈ। ਮੋਦੀ ਤੇ ਭਾਜਪਾ ਲੀਡਰਸ਼ਿਪ ਨੇ ਆਪਣੀ ਸੁਰ ਹੁਣ ਕਾਰਪੋਰੇਟ ਸਰਮਾਏਦਾਰੀ ਦੇ ਮਸ਼ਵਰੇ ਨਾਲ ਅਤੇ ਆਪਣੇ ਵੋਟ ਬੈਂਕ ਦਾ ਘੇਰਾ ਵਧਾਉਣ ਦੀ ਸਿਆਸੀ ਗਰਜ ਵਿਚੋਂ ਥੋੜ੍ਹੀ ਨਰਮ ਕਰ ਲਈ ਹੈ। ਮੋਦੀ ਦੀਆਂ ਤਕਰੀਰਾਂ ਵਿਚ ਮੰਦਰ ਦੀ ਥਾਂ ਪਖ਼ਾਨਿਆਂ ਨੂੰ ਤਰਜੀਹੀ ਆਧਾਰ 'ਤੇ ਬਣਾਉਣ ਨੇ ਲੈ ਲਈ ਹੈ। ਲਿਹਾਜ਼ਾ, ਇਨ੍ਹਾਂ ਗੱਠਜੋੜਾਂ ਦਰਮਿਆਨ ਦੋਸਤਾਨਾ ਸਿਆਸੀ ਮੈਚ ਉਹ ਅਸਲ ਹਕੀਕਤ ਹੈ ਜਿਸ ਨੂੰ ਦੋਵਾਂ ਦੀਆਂ ਚੋਣ ਮੁਹਿੰਮਾਂ ਦੇ ਧੂਮ-ਧੜੱਕੇ ਹੇਠ ਲੁਕੋ ਦਿੱਤਾ ਗਿਆ ਹੈ। ਫ਼ਤਹਿ ਰੈਲੀ ਦੇ ਐਲਾਨ, ਵਾਅਦੇ ਅਤੇ ਦਾਅਵੇ ਵੀ ਦੋਵਾਂ ਹੁਕਮਰਾਨ ਗੱਠਜੋੜਾਂ ਦੇ ਸਾਂਝੇ ਕਰੂਰੇ ਦੀ ਦੱਸ ਹੀ ਪਾਉਂਦੇ ਹਨ।

ਜਿਵੇਂ ਸੂਬੇ ਦੀ ਪੂਰੀ ਰਾਜ-ਮਸ਼ੀਨਰੀ ਤੇ ਵਸੀਲੇ ਇਸ ਰੈਲੀ ਦੀ ਤਿਆਰੀ, ਨਰੇਂਦਰ ਮੋਦੀ ਦੀ ਸੁਰੱਖਿਆ ਤੇ ਸ਼ਾਹੀ ਪ੍ਰਾਹੁਣਾਚਾਰੀ ਦੇ ਇੰਤਜ਼ਾਮਾਂ ਅਤੇ ਰੈਲੀ ਲਈ ਭੀੜਾਂ ਜੁਟਾਉਣ ਵਿਚ ਝੋਕੇ ਗਏ, ਉਸ ਤੋਂ ਤਾਕਤ ਦੀ ਨੁਮਾਇਸ਼ ਦੀ ਲਾਲਸਾ ਡੁੱਲ੍ਹ-ਡੁੱਲ੍ਹ ਪੈਂਦੀ ਸੀ। ਇਸ ਦਾ ਉਦੇਸ਼ ਸੂਬੇ ਦੇ ਵੋਟਰਾਂ 'ਤੇ ਇਹ ਪ੍ਰਭਾਵ ਪਾਉਣਾ ਸੀ ਕਿ ਮੁਲਕ ਦੇ ਭਵਿੱਖ ਦੀ ਵਾਗ 'ਲੋਹ-ਪੁਰਸ਼' ਮੋਦੀ ਦੇ ਹੱਥ ਵਿਚ ਹੈ। ਕੇਂਦਰ ਵਿਚ ਅਗਲੀ ਹਕੂਮਤ ਇਸ ਗੱਠਜੋੜ ਦੀ ਹੀ ਬਣੇਗੀ ਜਿਸ ਦਾ ਪ੍ਰਧਾਨ ਮੰਤਰੀ ਮੋਦੀ ਹੋਵੇਗਾ।

ਉਧਰ ਮੋਦੀ ਜਿਥੇ ਵੀ ਜਾਂਦਾ ਹੈ, ਆਪਣੇ ਫਾਸ਼ੀਵਾਦੀ ਕਿਰਦਾਰ ਨੂੰ ਲੁਕੋਣ ਲਈ ਉੱਥੋਂ ਦੇ ਸੱਭਿਆਚਾਰ ਦੀ ਪ੍ਰਤੀਕ ਪਗੜੀ/ਟੋਪੀ ਸਿਰ 'ਤੇ ਰੱਖਣੀ ਨਹੀਂ ਭੁੱਲਦਾ। ਇਹ ਜੁਗਤ ਮੋਦੀ ਦੇ ਗਿਰਗਟੀ ਕਿਰਦਾਰ ਦੇ ਐਨ ਅਨੁਸਾਰੀ ਹੈ। ਮੁਸਲਮਾਨਾਂ ਦੀ ਕਲੰਦਰੀ ਟੋਪੀ, ਬਿਹਾਰ, ਅਸਾਮ ਤੇ ਅਰੁਨਾਂਚਲ ਪ੍ਰਦੇਸ਼ ਦੀਆਂ ਖ਼ਾਸ ਪਗੜੀਆਂ ਤੋਂ ਪਿੱਛੋਂ ਜਗਰਾਓਂ ਵਿਚ ਸਿਰ 'ਤੇ ਕੇਸਰੀ ਦਸਤਾਰ ਦਾ ਸਟੇਜੀ ਆਡੰਬਰ ਕੀ ਇਸ ਕੌੜੀ ਹਕੀਕਤ ਨੂੰ ਛੁਪਾ ਸਕਦਾ ਹੈ ਕਿ ਸੰਘ ਪਰਿਵਾਰ ਦਾ ਵਾਹਦ ਏਜੰਡਾ ਤਾਂ ਇਸ ਸਰ-ਜ਼ਮੀਨ ਦੀ ਸਮਾਜੀ-ਸਭਿਆਚਾਰਕ ਵੰਨ-ਸੁਵੰਨਤਾ ਦਾ ਬੀਜ-ਨਾਸ਼ ਕਰ ਕੇ ਇਕਹਿਰੀ ਹਿੰਦੂ ਸੰਸਕ੍ਰਿਤੀ ਮੁੜ ਥੋਪਣਾ ਅਤੇ ਜਹਾਲਤ ਦਾ ਪ੍ਰਤੀਕ 'ਸੁਨਹਿਰੀ ਯੁਗ' ਵਾਪਸ ਲਿਆਉਣਾ ਹੈ? ਇਕੱਲੀ ਕੇਸਰੀ ਦਸਤਾਰ ਬੰਨ੍ਹ ਕੇ ਅਤੇ ਸਿੱਖ ਇਤਿਹਾਸ ਦੇ ਚੰਦ ਹਵਾਲੇ ਦੇ ਕੇ ਉਹ ਘੱਟ-ਗਿਣਤੀਆਂ ਦੇ ਦੁਸ਼ਮਣ ਕਿਰਦਾਰ ਨੂੰ ਕਿਵੇਂ ਛੁਪਾ ਲਵੇਗਾ?

ਮੋਦੀ ਨੇ ਆਪਣੀ ਤਕਰੀਰ ਅੰਦਰ ਬਾਬਾ ਨਾਨਕ ਦੇ ਸਿੰਧ ਜਾਣ ਤੋਂ ਪਹਿਲਾਂ ਗੁਜਰਾਤ ਵਿਚ ਪੜਾਅ ਕਰਨ, ਉਨ੍ਹਾਂ ਦੀ ਯਾਦ ਵਿਚ ਬਣਾਇਆ ਗੁਰਦੁਆਰਾ ਕੁਦਰਤੀ ਆਫ਼ਤ ਨਾਲ ਨੁਕਸਾਨੇ ਜਾਣ 'ਤੇ ਆਪਣੀ ਹੱਥੀਂ ਇਸ ਦੀ ਦੁਬਾਰਾ ਤਾਮੀਰ ਕਰਵਾਉਣ ਅਤੇ ਸਿੱਖ ਤਵਾਰੀਖ਼ ਦੇ ਪੰਜ ਪਿਆਰਿਆਂ ਵਿਚੋਂ ਇਕ ਸ਼ਖਸੀਅਤ ਦੇ ਦਵਾਰਕਾ (ਗੁਜਰਾਤ) ਦਾ ਵਾਸੀ ਹੋਣ ਦੇ ਉਚੇਚੇ ਹਵਾਲੇ ਦਿੱਤੇ। ਮਕਸਦ ਸੀ ਸਿੱਖ ਭਾਵਨਾਵਾਂ ਨੂੰ ਆਪਣੇ ਸੌੜੇ ਮੁਫ਼ਾਦ ਲਈ ਵਰਤਣਾ, ਕਿ ਦੇਖੋ ਗੁਜਰਾਤ ਤੇ ਸਿੱਖ ਭਾਈਚਾਰੇ ਦੀ ਐਨੀ ਪੁਰਾਣੀ ਸਾਂਝ ਹੈ, ਮੇਰੇ ਗੱਠਜੋੜ ਨੂੰ ਜਿਤਾਉਣਾ ਤਾਂ ਸਿੱਖ ਭਾਈਚਾਰੇ ਨੂੰ ਆਪਣਾ ਧਾਰਮਿਕ ਫਰਜ਼ ਸਮਝਣਾ ਚਾਹੀਦਾ ਹੈ। ਉਹ ਇਹ ਜ਼ੋਰ ਦੇਣਾ ਵੀ ਨਹੀਂ ਭੁੱਲਿਆ ਕਿ ਭਾਜਪਾ-ਅਕਾਲੀ ਦਲ ਦੀ ਜੋਟੀ ਮਹਿਜ਼ ਨਿਰਾ ਸਿਆਸੀ ਗੱਠਜੋੜ ਨਹੀਂ, ਸਗੋਂ ਇਹ ਤਾਂ ਹਿੰਦੂ-ਸਿੱਖ ਏਕਤਾ ਹੈ। ਕਿਸੇ ਧਾਰਮਿਕ ਘੱਟ-ਗਿਣਤੀ ਨਾਲ ਹਿੰਦੂਤਵੀ ਕਿਹੋ ਜਿਹੀ ਸਾਂਝ ਸਿਰਜਦੇ ਹਨ, ਇਸ ਬਾਬਤ ਚਰਚਾ ਕਰਦੇ ਵਕਤ ਨਾ ਤਾਂ ਕੋਈ ਇਤਿਹਾਸ ਦਾ ਜਾਣੂ ਬੰਦਾ ਮੋਦੀ ਦੀ ਅਗਵਾਈ ਹੇਠ ਗੁਜਰਾਤ ਵਿਚ, ਤੇ ਹੋਰ ਥਾਈਂ ਹਿੰਦੂਤਵੀ ਜਰਵਾਣਿਆਂ ਵਲੋਂ ਮੁਸਲਮਾਨਾਂ ਦੇ ਘਾਣ ਅਤੇ ਈਸਾਈਆਂ ਨੂੰ ਜਿਉਂਦੇ ਸਾੜਨ ਨੂੰ ਭੁੱਲ ਸਕਦਾ ਹੈ ਅਤੇ ਨਾ 1984 ਵਿਚ ਸਿੱਖਾਂ ਦੀ ਕਤਲੋਗ਼ਾਰਤ ਅੰਦਰ ਆਰ.ਐੱਸ.ਐੱਸ. ਦੇ ਸੋਇਮ ਸੇਵਕਾਂ ਦੀ ਭੂਮਿਕਾ ਨੂੰ ਜਿਨ੍ਹਾਂ ਦੇ ਬਹੁਤ ਸਾਰੇ ਨਾਵਾਂ ਦੀ ਸੂਚੀ ਪੀ.ਯੂ.ਡੀ.ਆਰ. ਅਤੇ ਪੀ.ਯੂ.ਸੀ.ਐੱਲ. ਨੇ ਆਪਣੀ ਤੱਥ-ਖੋਜ ਰਿਪੋਰਟ 'ਦੋਸ਼ੀ ਕੌਣ ਹਨ?' ਵਿਚ ਦਰਜ ਕੀਤੀ ਹੋਈ ਹੈ।

ਮੋਦੀ ਨੇ ਕਾਂਗਰਸ ਦੇ ਰਾਜ ਵਿਚ ਹੋਏ ਮਹਾਂ ਘੁਟਾਲਿਆਂ ਦੀ ਤਫ਼ਸੀਲ ਪੇਸ਼ ਕਰਦਿਆਂ ਉਚੇਚਾ ਜ਼ੋਰ ਦਿੱਤਾ ਕਿ ਜੇ ਭਾਜਪਾ ਦੀ ਅਗਵਾਈ ਵਿਚ ਸਰਕਾਰ ਬਣਾ ਕੇ ਉਸ ਨੂੰ ਸਰਕਾਰੀ ਖ਼ਜ਼ਾਨੇ ਦਾ 'ਚੌਕੀਦਾਰ' ਬਿਠਾ ਦਿੱਤਾ ਜਾਵੇ ਤਾਂ ਖ਼ਜ਼ਾਨਾ ਘੁਟਾਲੇਬਾਜ਼ਾਂ ਦੇ 'ਪੰਜਿਆਂ' ਤੋਂ ਮਹਿਫੂਜ਼ ਹੋ ਜਾਵੇਗਾ। ਉਹ ਸਮਝਦਾ ਹੈ ਕਿ ਸ਼ਾਇਦ ਭਗਵੇਂ ਬ੍ਰਿਗੇਡ ਅਤੇ ਉਸ ਦੇ ਜੋਟੀਦਾਰ ਬਾਦਲਾਂ ਦੇ ਮਹਾਂ ਘੁਟਾਲਿਆਂ ਨਾਲ ਕਲੰਕਤ ਚਿਹਰੇ ਕਿਸੇ ਨੂੰ ਚੇਤੇ ਨਹੀਂ ਹਨ।

ਪੰਜਾਬ ਦੇ ਕਿਸਾਨਾਂ ਨੂੰ ਭਰਮਾਉਣ ਲਈ ਉਹ ਗੁਜਰਾਤ ਦੇ ਕਿਸਾਨਾਂ ਦਾ ਉਜਾੜਾ ਨਾ ਹੋਣ ਦੇਣ ਦੀ ਹਿੱਕ ਥਾਪੜਦਾ ਰਿਹਾ ਜਦਕਿ ਹਕੀਕਤ ਵਿਚ ਕਿਸਾਨਾਂ ਨੂੰ ਉਜਾੜ ਵੀ ਉਸੇ ਦੀ ਹਕੂਮਤ ਰਹੀ ਸੀ ਅਤੇ ਵਿਰੋਧ ਖੜ੍ਹਾ ਹੋਣ ਕਾਰਨ ਹੀ ਉਸ ਨੂੰ ਉਜਾੜੇ ਦਾ ਬੁਲਡੋਜ਼ਰ ਰੋਕਣਾ ਪਿਆ ਸੀ। ਗੁਜਰਾਤ ਦੇ ਪੰਜਾਬੀ ਕਿਸਾਨਾਂ ਦੇ ਮੁੱਦੇ ਨੂੰ ਉਠਾ ਕੇ ਮੋਦੀ ਦੀਆਂ ਲੇਲ੍ਹੜੀਆਂ ਕੱਢਣਾ ਬਾਦਲਾਂ ਦੀ ਸਿਆਸੀ ਮਜਬੂਰੀ ਸੀ ਨਹੀਂ ਤਾਂ ਇਸ ਦਾ ਲਾਹਾ ਸਿਆਸੀ ਸ਼ਰੀਕ ਕਾਂਗਰਸੀਆਂ ਨੇ ਲੈ ਜਾਣਾ ਸੀ। ਖੇਤੀ ਸੰਕਟ ਦੇ ਹੱਲ ਤੋਂ ਸੱਖਣਾ ਮੋਦੀ ਕਿਸਾਨਾਂ ਨੂੰ ਟਮਾਟਰ ਬੀਜਣ ਤਕ ਮਹਿਦੂਦ ਰਹਿਣ ਦੀ ਥਾਂ ਇਨ੍ਹਾਂ ਦੀ 'ਕੈਚ ਅੱਪ' (ਚੱਟਣੀ) ਤਿਆਰ ਕਰ ਕੇ ਵੇਚਣ ਤੇ ਖੁਸ਼ਹਾਲ ਹੋਣ ਦੇ ਗੁਰ ਸਮਝਾਉਂਦਾ ਰਿਹਾ ਹੈ। ਉਸ ਨੇ ਕਾਂਗਰਸ ਦੀ ਅਨਾਜ ਦੀ ਸੰਭਾਲ ਪ੍ਰਤੀ ਲਾਪ੍ਰਵਾਹੀ ਨੂੰ ਖ਼ਤਮ ਕਰਨ ਲਈ ਐੱਫ.ਸੀ.ਆਈ. ਨੂੰ ਤਿੰਨ ਹਿੱਸਿਆਂ 'ਚ ਵੰਡਣ ਦਾ ਮਸ਼ਵਰਾ ਦਿੱਤਾ ਜੋ ਅਨਾਜ ਨੂੰ ਬਰਬਾਦ ਕਰ ਕੇ ਸ਼ਰਾਬ ਦੇ ਕਾਰਖ਼ਾਨਿਆਂ ਨੂੰ ਸਪਲਾਈ ਕਰਦੀ ਹੈ। ਇਸ ਪ੍ਰਸੰਗ 'ਚ ਅਤੇ ਜਦੋਂ ਉਸ ਨੇ ਸਰਹੱਦ ਪਾਰੋਂ ਨਸ਼ਿਆਂ ਤੇ ਨਕਲੀ ਨੋਟਾਂ ਦੀ ਤਸਕਰੀ ਰੋਕਣ ਲਈ ਸਰਹੱਦਾਂ ਦੀ ਪਹਿਰੇਦਾਰੀ ਮਜ਼ਬੂਤ ਬਣਾਉਣ 'ਤੇ ਜ਼ੋਰ ਦਿੱਤਾ ਤਾਂ ਉਹ ਪੂਰੀ ਬੇਹਯਾਈ ਨਾਲ ਇਹ ਤੱਥ ਛੁਪਾ ਗਿਆ ਕਿ ਪੰਜਾਬ ਵਿਚ ਨਸ਼ਿਆਂ ਦੀ ਤਸਕਰੀ ਅਤੇ ਸ਼ਰਾਬ ਮਾਫ਼ੀਏ ਦੇ ਸਭ ਤੋਂ ਵੱਡੇ ਖ਼ੈਰ-ਖਵਾਹ ਤੇ ਭਾਈਵਾਲ ਤਾਂ ਉਸ ਦੇ ਅਕਾਲੀ ਮੇਜ਼ਬਾਨ ਹਨ ਜਿਨ੍ਹਾਂ ਦੇ ਕੈਬਨਿਟ ਮੰਤਰੀਆਂ ਦੀ ਅਜੇ ਹੁਣੇ ਜਿਹੇ ਹੀ ਨਸ਼ਾ-ਮਾਫ਼ੀਆ ਨਾਲ ਮਿਲੀਭੁਗਤ ਚਰਚਾ ਦਾ ਵਿਸ਼ਾ ਬਣੀ ਹੈ ਅਤੇ ਹਾਲ ਹੀ ਵਿਚ 'ਪੰਥਕ' ਸਰਕਾਰ ਨੇ ਸ਼ਰਾਬ ਦੇ 19 ਹੋਰ ਕਾਰਖ਼ਾਨੇ ਲਾਉਣ ਦੀ 'ਵਿਕਾਸ ਯੋਜਨਾ' ਨੂੰ ਮਨਜ਼ੂਰੀ ਦਿੱਤੀ ਹੈ।

ਕੁਲ ਢੌਂਗੀ ਲਫ਼ਾਜ਼ੀ ਅਤੇ ਤਕਰੀਰ ਮੈਨੇਜਮੈਂਟ ਦੇ ਬਾਵਜੂਦ ਉਸ ਦੀ ਸੁਰ ਹਿੰਦੂਤਵੀ ਸੀ। ਸੁਰੱਖਿਆ ਨੂੰ ਖ਼ਤਰੇ ਦੇ ਕੌਮੀ ਜਨੂੰਨ ਭੜਕਾਊ ਹਊਏ ਦੀ ਬੁਨਿਆਦ ਉਪਰ ਹਿੰਦੁਸਤਾਨੀ ਰਾਜਤੰਤਰ ਨੂੰ ਹੋਰ ਵੀ ਜਾਬਰ ਤੇ ਜ਼ਾਹਰਾ ਤਾਨਾਸ਼ਾਹ ਬਣਾਉਣ ਦੇ ਉਸ ਦੇ ਸੰਘੀ ਇਰਾਦੇ ਗੁੱਝੇ ਨਹੀਂ ਰਹੇ ਜਦੋਂ ਉਸ ਨੇ ਸਰਹੱਦਾਂ ਨੂੰ ਮਜ਼ਬੂਤ ਕਰਨ ਦਾ ਬੇਸੁਰਾ ਰਾਗ ਅਲਾਪਿਆ। ਇਥੇ ਤਾਂ ਉਹ ਥੋੜ੍ਹਾ ਸੰਜਮੀ ਸੀ। ਜਦਕਿ ਇਹ ਇਕ ਦਿਨ ਪਹਿਲਾਂ ਹੀ ਅਸਾਮ, ਅਰੁਨਾਂਚਲ ਪ੍ਰਦੇਸ਼ ਅਤੇ ਤ੍ਰਿਪੁਰਾ ਵਿਚ ਕੀਤੀਆਂ ਉਪਰੋਥਲੀ ਤਿੰਨ ਰੈਲੀਆਂ ਅੰਦਰ ਬੰਗਲਾਦੇਸ਼ੀ ਸ਼ਰਨਾਰਥੀਆਂ ਖ਼ਿਲਾਫ਼ ਅਸਾਮੀ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਅਤੇ ਪਾਕਿਸਤਾਨ ਤੇ ਚੀਨ ਵਿਰੁੱਧ ਜ਼ਹਿਰ ਉਗਲਣ ਦੀ ਉਸ ਦੀ ਕਵਾਇਦ ਹੋਰ ਵੀ ਜ਼ਹਿਰੀਲੀ ਸੀ ਜਿਥੇ ਉਹ ਹਿੰਦੁਸਤਾਨੀ ਹੁਕਮਰਾਨ ਜਮਾਤਾਂ ਦੀ ਪਸਾਰਵਾਦੀ ਲਾਲਸਾ ਦਾ ਸ਼ਿਕਾਰ ਹੋਈਆਂ ਕੌਮੀਅਤਾਂ ਦੀ ਸਰ-ਜ਼ਮੀਨ 'ਤੇ ਖੜ੍ਹ ਕੇ ਚੀਨ ਨੂੰ ਪਸਾਰਵਾਦ ਦੀ ਜ਼ਹਿਨੀਅਤ ਤਿਆਗ ਕੇ ਵਿਕਾਸ ਦੀ ਜ਼ਿਹਨੀਅਤ ਅਪਣਾਉਣ ਦੀ ਨਸੀਹਤ ਦੇਣ ਦੇ ਨਾਲ ਨਾਲ ਇਹ ਜੰਗੀ ਲਲਕਾਰਾ ਵੀ ਮਾਰ ਕੇ ਆਇਆ ਸੀ ਕਿ ਉਹ ਇਸ ਮੁਲਕ ਦੀ 'ਏਕਤਾ' ਨੂੰ ਆਂਚ ਨਹੀਂ ਆਉਣ ਦੇਵੇਗਾ।

ਦਿਲਚਸਪ ਪਹਿਲੂ ਇਹ ਵੀ ਰਿਹਾ ਕਿ ਉਸ ਨੇ ਇਕ ਵਾਰ ਵੀ ਸੰਘੀ ਢਾਂਚੇ, ਕੇਂਦਰ-ਰਾਜ ਸਬੰਧਾਂ, ਪੰਜਾਬ ਨਾਲ ਧੱਕੇ-ਵਿਤਕਰੇ ਅਤੇ '84 ਦੇ ਦਿੱਲੀ ਕਤਲੇਆਮ ਵਰਗੇ ਉਨ੍ਹਾਂ ਅਹਿਮ ਸਵਾਲਾਂ ਬਾਰੇ ਇਕ ਲਫ਼ਜ਼ ਵੀ ਨਹੀਂ ਬੋਲਿਆ ਜਿਨ੍ਹਾਂ ਬਾਰੇ ਮੌਕਾਪ੍ਰਸਤ ਅਕਾਲੀ ਆਗੂ ਅਕਸਰ ਹੀ ਚੋਣਾਂ ਮੌਕਾ ਬੂ-ਦੁਹਾਈ ਪਾਉਂਦੇ ਜ਼ਰ ਆਉਂਦੇ ਹਨ। ਇਥੇ ਬਾਦਲ ਪਿਓ-ਪੁੱਤ ਦੀ ਮੌਕਾਪ੍ਰਸਤੀ ਵੀ ਸਿਰ ਚੜ੍ਹ ਬੋਲ ਰਹੀ ਸੀ ਜਦੋਂ ਉਹ ਵੀ ਸੰਘੀਆਂ ਦੀ ਸੁਰ 'ਚ ਸੁਰ ਮਿਲਾਉਂਦੇ ਹੇ। ਬਜ਼ੁਰਗ ਬਾਦਲ ਖ਼ੁਦ ਨੂੰ ਸਿਆਸੀ ਨਜ਼ੂਮੀ ਐਲਾਨ ਕੇ ਇਹ ਖ਼ੁਸ਼ਾਮਦਨੁਮਾ ਪੇਸ਼ੀਨਗੋਈ ਹੀ ਕਰਦਾ ਰਿਹਾ ਕਿ ਮੋਦੀ ਲਹਿਰ ਹੁਣ ਤੂਫ਼ਾਨ ਬਣ ਕੇ ਪੂਰੇ ਮੁਲਕ ਵਿਚ ਕਾਂਗਰਸ ਨੂੰ ਹੂੰਝਾ ਫੇਰ ਕੇ ਮੋਦੀ ਦਾ ਬੋਲਬਾਲਾ ਕਰ ਦੇਵੇਗੀ ਤੇ ਇਹ ਚੋਣਾਂ ਆਜ਼ਾਦੀ ਤੋਂ ਪਿੱਛੋਂ 'ਤੀਜਾ ਸਿਆਸੀ ਸੰਗਰਾਮ' ਹੋਣਗੀਆਂ। ਸ਼ਾਇਦ ਉਹ ਨਹੀਂ ਜਾਣਦਾ ਕਿ ਉਸ ਦਾ ਚਹੇਤਾ ਤੂਫ਼ਾਨਾਂ ਦਾ ਸ਼ਾਹ-ਅਸਵਾਰ ਮੋਦੀ ਤਾਂ ਅਜੇ ਵੀ ਰਾਜਕੋਟ (ਗੁਜਰਾਤ) ਵਾਲੇ ਮਸ਼ਹੂਰ ਨਜ਼ੂਮੀ ਪ੍ਰਣਬ ਕੁਮਾਰ ਭੱਟ ਨੂੰ ਪੱਤਰੀ ਦਿਖਾਉਣ ਪਿੱਛੋਂ ਹੀ ਰੈਲੀਆਂ ਲਈ ਨਿਕਲਦਾ ਹੈ।

ਸੋ, ਜਿਸ ਵਕਤ ਹਿੰਦੁਸਤਾਨ ਦਾ ਅਵਾਮ ਖੁੱਲ੍ਹੀ ਮੰਡੀ ਵਾਲੀ ਬੇਲਗਾਮ ਸਰਮਾਏਦਾਰੀ ਦੀ ਆਦਮਖ਼ੋਰ ਜਕੜ 'ਚ ਫਸਿਆ ਛਟਪਟਾ ਰਿਹਾ ਹੈ, ਉਦੋਂ ਉਸ ਦੀ ਬੰਦ-ਖ਼ਲਾਸੀ ਦੀ ਮੁੱਢਲੀ ਸ਼ਰਤ ਹੈ, ਖੁੱਲ੍ਹੀ ਮੰਡੀ ਦੇ ਨੀਤੀ ਢਾਂਚੇ ਨੂੰ ਤੁਰੰਤ ਖ਼ਤਮ ਕਰਨਾ। ਅਵਾਮ ਦੀ ਜ਼ਿੰਦਗੀ ਦੀ ਸੁਰੱਖਿਆ

*(ਬਾਕੀ ਅਗਲੇ ਸਫੇ 'ਤੇ)*

> ***ਮੋਦੀ ਨੇ ਆਪਣੀ ਤਕਰੀਰ ਅੰਦਰ ਬਾਬਾ ਨਾਨਕ ਦੇ ਸਿੰਧ ਜਾਣ ਤੋਂ ਪਹਿਲਾਂ ਗੁਜਰਾਤ ਵਿਚ ਪੜਾਅ ਕਰਨ, ਉਨ੍ਹਾਂ ਦੀ ਯਾਦ ਵਿਚ ਬਣਾਇਆ ਗੁਰਦੁਆਰਾ ਕੁਦਰਤੀ ਆਫ਼ਤ ਨਾਲ ਨੁਕਸਾਨੇ ਜਾਣ 'ਤੇ ਆਪਣੀ ਹੱਥੀਂ ਇਸ ਦੀ ਦੁਬਾਰਾ ਤਾਮੀਰ ਕਰਵਾਉਣ ਅਤੇ ਸਿੱਖ ਤਵਾਰੀਖ਼ ਦੇ ਪੰਜ ਪਿਆਰਿਆਂ ਵਿਚੋਂ ਇਕ ਸ਼ਖਸੀਅਤ ਦੇ ਦਵਾਰਕਾ (ਗੁਜਰਾਤ) ਦਾ ਵਾਸੀ ਹੋਣ ਦੇ ਉਚੇਚੇ ਹਵਾਲੇ ਦਿੱਤੇ।***

# ਖੇਤਰੀ ਪਛਾਣ ਅਤੇ ਭਾਰਤ ਦਾ ਜਮਹੂਰੀ ਢਾਂਚਾ

**ਭੁਬਨੇਸ਼ਵਰ ਵਿਚ ਹੋਰਡਿੰਗ ਲੱਗੇ ਹੋਏ ਹਨ ਜਿਨ੍ਹਾਂ 'ਤੇ ਬੀਜੂ ਪਟਨਾਇਕ ਨਵੀਨ ਵੱਲ ਉਂਗਲ ਕਰ ਰਹੇ ਹਨ, ਜਿਵੇਂ ਧਿਆਨ ਦਿਵਾ ਰਹੇ ਹੋਣ ਕਿ ਉਨ੍ਹਾਂ ਦਾ ਉਤਰਾਧਿਕਾਰੀ ਉਨ੍ਹਾਂ ਦਾ ਬੇਟਾ ਹੈ। ਜਿਸ ਤਰ੍ਹਾਂ ਪੰਜਾਬ ਵਿਚ ਸੁਖਬੀਰ ਸਿੰਘ ਬਾਦਲ, ਉੱਤਰ ਪ੍ਰਦੇਸ਼ ਵਿਚ ਅਖਿਲੇਸ਼ ਯਾਦਵ ਅਤੇ ਜੰਮੂ-ਕਸ਼ਮੀਰ ਵਿਚ ਉਮਰ ਅਬਦੁੱਲਾ ਹਨ, ਉਸੇ ਤਰ੍ਹਾਂ ਨਵੀਨ ਪਟਨਾਇਕ ਦੀ ਪੂੰਜੀ ਵੀ ਉਨ੍ਹਾਂ ਦਾ ਵੰਸ਼ ਹੈ। ਉਧਰ, ਤਕਰੀਬਨ 50 ਦਿਨਾਂ ਤੱਕ ਆਮ ਆਦਮੀ ਪਾਰਟੀ ਸੱਤਾ ਵਿਚ ਰਹੀ ਅਤੇ ਇਸ ਨੇ ਖੜੋਤ ਦਾ ਸ਼ਿਕਾਰ ਹੋਏ ਉਸ ਸ਼ਾਸਨ ਦਾ ਪਰਦਾਫਾਸ਼ ਕਰ ਦਿੱਤਾ ਜਿਸ ਨੂੰ ਕਾਂਗਰਸ ਅਤੇ ਭਾਜਪਾ ਵਰਗੀਆਂ ਮੁੱਖਧਾਰਾ ਦੀਆਂ ਪਾਰਟੀਆਂ ਪਿਛਲੇ ਤਿੰਨ ਦਹਾਕਿਆਂ ਤੋਂ ਚਲਾ ਰਹੀਆਂ ਹਨ। ਆਮ ਆਦਮੀ ਪਾਰਟੀ ਦਿੱਲੀ ਦੀ ਸਭ ਤੋਂ ਤਾਕਤਵਰ ਪਾਰਟੀ ਬਣ ਗਈ।**


ਭਾਰਤ ਭਾਵੇਂ ਖੰਡ-ਖੰਡ ਨਾ ਹੋਇਆ ਹੋਵੇ, ਪਰ ਇਸ ਦਾ ਰਾਜਤੰਤਰ ਇਸੇ ਤਰ੍ਹਾਂ ਦੀ ਹਾਲਤ ਵਿਚ ਆ ਗਿਆ ਹੈ। ਕੇਂਦਰੀ ਮੰਤਰੀ ਆਪਸ ਵਿਚ ਹੀ ਲੜ ਰਹੇ ਹਨ। ਪ੍ਰਸ਼ਾਸਨਿਕ ਅਧਿਕਾਰੀਆਂ ਦੇ ਆਪਸੀ ਝਗੜੇ ਸਾਹਮਣੇ ਆ ਰਹੇ ਹਨ। ਇਥੋਂ ਤੱਕ ਕਿ ਆਈ.ਬੀ. ਅਤੇ ਸੀ.ਬੀ.ਆਈ. ਵਰਗੀਆਂ ਖੁਫੀਆ ਏਜੰਸੀਆਂ ਵੀ ਇਕ-ਦੂਜੀ ਨਾਲ ਭਿੜ ਰਹੀਆਂ ਹਨ। ਨੌਕਰਸ਼ਾਹੀ ਅਤੇ ਸ਼ਾਸਨ ਚਲਾਉਣ ਵਾਲਿਆਂ ਵਿਚਕਾਰਲੀ ਸਮਝ

**ਕੁਲਦੀਪ ਨਈਅਰ**

ਵੀ ਕਾਫੀ ਘੱਟ ਰਹਿ ਗਈ ਹੈ। ਹਾਲਤ ਇਥੋਂ ਤੱਕ ਪਹੁੰਚ ਗਏ ਹਨ ਕਿ ਵਿੱਤ ਮੰਤਰੀ ਪੀ. ਚਿਦੰਬਰਮ ਇਕ ਸਿਖਰਲੇ ਅਧਿਕਾਰੀ ਨੂੰ ਅੰਗਰੇਜ਼ੀ ਸੁਧਾਰਨ ਲਈ ਕਹਿੰਦੇ ਹਨ ਅਤੇ ਅਧਿਕਾਰੀ ਅੱਗਿਉਂ ਆਪਣੇ ਵਿਭਾਗ ਦੇ ਮੰਤਰੀ ਕੋਲ ਸ਼ਿਕਾਇਤ ਕਰ ਦਿੰਦਾ ਹੈ।

ਇਸ ਸਭ ਕੁਝ ਤੋਂ ਉਪਰ ਉਹ ਤਰੀਕਾ ਆਉਂਦਾ ਹੈ ਜਿਸ ਰਾਹੀਂ ਆਂਧਰਾ ਪ੍ਰਦੇਸ਼ ਦੀ ਵੰਡ ਦਾ ਬਿੱਲ ਲੋਕ ਸਭਾ ਵਿਚ ਪਾਸ ਕੀਤਾ ਗਿਆ। ਲੋਕ ਸਭਾ ਦੀ ਕਾਰਵਾਈ ਪ੍ਰਸਾਰਿਤ ਕਰ ਰਹੇ ਲੋਕ ਸਭਾ ਟੀ.ਵੀ. ਨੂੰ ਬੰਦ ਕਰ ਦਿੱਤਾ ਗਿਆ। ਇਸ ਨਾਲ ਪਾਰਦਰਸ਼ਤਾ ਦੇ ਦਾਅਵੇ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਸਾਂਝੇ ਆਂਧਰਾ ਪ੍ਰਦੇਸ਼ ਦੀ ਹਮਾਇਤ ਕਰਨ ਵਾਲੇ ਸੰਸਦ ਮੈਂਬਰਾਂ ਨੂੰ ਬਹਿਸ ਵਿਚ ਹਿੱਸਾ ਨਹੀਂ ਲੈਣ ਦਿੱਤਾ ਗਿਆ। ਅਜਿਹੇ 17 ਸੰਸਦ ਮੈਂਬਰਾਂ ਜਿਨ੍ਹਾਂ ਵਿਚ ਕਾਂਗਰਸ ਦੇ ਮੰਤਰੀ ਵੀ ਸ਼ਾਮਿਲ ਸਨ, ਨੂੰ ਸੰਸਦ ਤੋਂ ਇਕ-ਦੋ ਦਿਨ ਪਹਿਲਾਂ ਹੀ ਬਾਹਰ ਕਰ ਦਿੱਤਾ ਗਿਆ ਸੀ ਕਿਉਂਕਿ ਉਨ੍ਹਾਂ ਨੇ ਬਿੱਲ ਦਾ ਪਾਸ ਹੋਣਾ ਅਸੰਭਵ ਬਣਾ ਦਿੱਤਾ ਸੀ। ਕਾਂਗਰਸ ਨੇ ਜੋ ਰਵਾਇਤ ਬਣਾ ਦਿੱਤੀ ਹੈ, ਮੇਰੀ ਚਿੰਤਾ ਉਸ ਬਾਰੇ ਹੈ ਅਤੇ ਲੋਕ ਸਭਾ ਦੀ ਸਪੀਕਰ ਵੱਲੋਂ ਕਾਰਵਾਈ ਚਲਾਉਣ ਦੇ ਢੰਗ-ਤਰੀਕੇ ਬਾਰੇ ਹੈ। ਕੱਲ੍ਹ ਨੂੰ ਜੇ ਭਾਰਤੀ ਜਨਤਾ ਪਾਰਟੀ ਸੱਤਾ ਵਿਚ ਆਉਂਦੀ ਹੈ ਅਤੇ ਘੱਟ-ਗਿਣਤੀਆਂ 'ਤੇ ਬੰਦਿਸ਼ਾਂ ਲਾਉਣ ਵਾਲਾ ਕੋਈ ਬਿੱਲ ਲਿਆਉਂਦੀ ਹੈ ਤਾਂ ਉਸ ਨੂੰ ਸਿਰਫ ਇਹ ਦੱਸਣਾ ਪਵੇਗਾ ਕਿ ਉਸ ਵੇਲੇ ਸੱਤਾਧਾਰੀ ਕਾਂਗਰਸ ਪਾਰਟੀ ਨੇ ਸੰਸਦੀ ਲੋਕਤੰਤਰ ਦੇ ਬੁਨਿਆਦੀ ਨਿਯਮਾਂ ਨੂੰ ਰੱਦ ਕਰ ਦਿੱਤਾ ਸੀ।

ਤਕਰੀਬਨ 50 ਦਿਨਾਂ ਤੱਕ ਆਮ ਆਦਮੀ ਪਾਰਟੀ ਸੱਤਾ ਵਿਚ ਰਹੀ ਅਤੇ ਇਸ ਨੇ ਖੜੋਤ ਦਾ ਸ਼ਿਕਾਰ ਹੋਏ ਉਸ ਸ਼ਾਸਨ ਦਾ ਪਰਦਾਫਾਸ਼ ਕਰ ਦਿੱਤਾ ਜਿਸ ਨੂੰ ਕਾਂਗਰਸ ਅਤੇ ਭਾਜਪਾ ਵਰਗੀਆਂ ਮੁੱਖਧਾਰਾ ਦੀਆਂ ਪਾਰਟੀਆਂ ਪਿਛਲੇ ਤਿੰਨ ਦਹਾਕਿਆਂ ਤੋਂ ਚਲਾ ਰਹੀਆਂ ਹਨ। ਇਕ ਤਰ੍ਹਾਂ ਨਾਲ ਆਮ ਆਦਮੀ ਪਾਰਟੀ ਵੀ ਉਸੇ ਤਰ੍ਹਾਂ ਦਿੱਲੀ ਦੀ ਸਭ ਤੋਂ ਤਾਕਤਵਰ ਪਾਰਟੀ ਬਣ ਗਈ ਹੈ, ਜਿਵੇਂ ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਅਤੇ ਉੜੀਸਾ ਵਿਚ ਨਵੀਨ ਪਟਨਾਇਕ ਦਾ ਬੀਜੂ ਜਨਤਾ ਦਲ ਹੈ।



ਅਸਲ ਵਿਚ ਪਛਾਣ ਦੀ ਰਾਜਨੀਤੀ ਜਮਹੂਰੀ ਸ਼ਾਸਨ ਲਈ ਸਭ ਤੋਂ ਵੱਡਾ ਖਤਰਾ ਹੈ। ਦੇਸ਼ ਦੇ ਆਜ਼ਾਦੀ ਸੰਘਰਸ਼ ਤੋਂ ਵਿਰਾਸਤ ਵਿਚ ਮਿਲੇ ਬਹੁਲਵਾਦ ਦੇ ਸਭਿਆਚਾਰ ਨੂੰ ਜੋ ਨੁਕਸਾਨ ਭਾਜਪਾ ਪਹੁੰਚਾ ਰਹੀ ਹੈ, ਉਸ ਦੀ ਪੂਰਤੀ ਨਹੀਂ ਹੋ ਰਹੀ। ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਹਿੰਦੂਆਂ ਨੂੰ ਹਿੰਦੂ ਰਾਸ਼ਟਰਵਾਦ ਅਪਣਾਉਣ ਦੀ ਅਪੀਲ ਕਰ ਰਹੇ ਹਨ ਅਤੇ ਵੱਡੀਆਂ ਭੀੜਾਂ ਜੁਟਾ ਰਹੇ ਹਨ। ਮੁਸਲਮਾਨ ਠੀਕ ਹੀ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ ਕਿਉਂਕਿ ਨਰਮ ਹਿੰਦੁਤਵ ਵੱਧ ਤੋਂ ਵੱਧ ਲੋਕਾਂ ਨੂੰ ਦੂਸ਼ਿਤ ਕਰ ਰਿਹਾ ਹੈ। ਇਸ ਖਤਰਨਾਕ ਰੁਝਾਨ ਨੂੰ ਰੋਕਣ ਪੱਖੋਂ ਕਾਂਗਰਸ ਬਹੁਤ ਕਮਜ਼ੋਰ ਹੈ ਅਤੇ ਉਸ ਨੂੰ ਇਹ ਪਤਾ ਵੀ ਨਹੀਂ ਕਿ ਉਹ ਦੇਸ਼ ਨੂੰ ਕਿਵੇਂ ਸ਼ੀਸ਼ਾ ਦਿਖਾਏ? ਖੇਤਰੀ ਪਾਰਟੀਆਂ ਮਹਿਸੂਸ ਕਰਦੀਆਂ ਹਨ ਕਿ ਉਹ ਕਾਂਗਰਸ ਵੱਲੋਂ ਖਾਲੀ ਕੀਤੀ ਜਾ ਰਹੀ ਜਗ੍ਹਾ ਨੂੰ ਭਰ ਸਕਦੀਆਂ ਹਨ। ਅਸਲ ਵਿਚ ਜੋ ਸੰਵਿਧਾਨ ਦੇਸ਼ ਦੇ ਸਾਰੇ ਹਿੱਸਿਆਂ ਨੂੰ ਜੋੜਦਾ ਹੈ, ਕੁਝ ਖੇਤਰੀ ਪਾਰਟੀਆਂ ਉਸ ਦੀ ਉਲੰਘਣਾ ਕਰ ਰਹੀਆਂ ਹਨ। ਜਿਸ ਸੰਘੀ ਢਾਂਚੇ ਨੂੰ ਸੰਵਿਧਾਨ ਸਭਾ ਨੇ ਚੰਗਾ ਅਤੇ ਪਵਿੱਤਰ ਮੰਨ ਕੇ ਸੰਵਿਧਾਨ ਵਿਚ ਰੱਖਿਆ ਹੈ, ਉਸ ਦਾ ਹੋਰ ਕੋਈ ਬਦਲ ਨਹੀਂ ਹੈ। ਉੜੀਸਾ ਇਸ ਗੱਲ ਦੀ ਉਦਾਹਰਨ ਹੈ ਕਿ ਭਾਰਤੀ ਸ਼ਾਸਨ ਪ੍ਰਣਾਲੀ ਕਿਸ ਤਰ੍ਹਾਂ ਕੰਮ ਕਰ ਰਹੀ ਹੈ। ਰਾਜ ਆਪਣੇ ਢਾਂਚੇ ਪੱਖੋਂ ਸੰਘੀ ਹੈ ਪਰ ਸ਼ਾਸਨ ਦੇ ਲਿਹਾਜ਼ ਨਾਲ ਇਹ ਵੰਸ਼ਵਾਦੀ ਹੈ। ਨਵੀਨ ਪਟਨਾਇਕ ਦਾ ਸ਼ਾਸਨ ਵਿਅਕਤੀ ਕੇਂਦਰਿਤ ਹੈ ਅਤੇ ਉਹ ਆਪਣੇ ਪਿਤਾ ਮਰਹੂਮ ਬੀਜੂ ਪਟਨਾਇਕ ਦੀਆਂ ਪੈੜਾਂ 'ਤੇ ਚਲਦੇ ਹਨ। ਬੀਜੂ ਨੇ ਸਨਕੀ ਅਤੇ ਭ੍ਰਿਸ਼ਟ ਤਰੀਕੇ ਨਾਲ ਰਾਜ ਕੀਤਾ ਸੀ। ਉਹ ਅਜੇ ਵੀ ਯਾਦ ਕੀਤੇ ਜਾਂਦੇ ਹਨ, ਕਿਉਂਕਿ ਉਨ੍ਹਾਂ ਨੇ ਉੜੀਆ ਲੋਕਾਂ ਨੂੰ ਪਛਾਣ ਦਿੱਤੀ ਜੋ ਆਪਣੀ ਜਗ੍ਹਾ ਬਣਾਉਣ ਲਈ ਅਜੇ ਵੀ ਸੰਘਰਸ਼ ਕਰ ਰਹੇ ਹਨ। ਨਵੀਨ ਲੋਕਾਂ ਨੂੰ ਆਪਣੇ ਪਿਤਾ ਦੀ ਵਿਰਾਸਤ ਦੀ ਯਾਦ ਦਿਵਾਉਂਦੇ ਰਹਿੰਦੇ ਹਨ। ਆਪਣੀ ਭੁਬਨੇਸ਼ਵਰ ਯਾਤਰਾ ਦੌਰਾਨ ਮੈਂ ਦੇਖਿਆ ਕਿ ਪੂਰੇ ਸ਼ਹਿਰ ਵਿਚ ਹੋਰਡਿੰਗ ਲੱਗੇ ਹੋਏ ਹਨ ਜਿਨ੍ਹਾਂ 'ਤੇ ਬੀਜੂ ਪਟਨਾਇਕ ਨਵੀਨ ਵੱਲ ਉਂਗਲ ਕਰ ਰਹੇ ਹਨ, ਜਿਵੇਂ ਧਿਆਨ ਦਿਵਾ ਰਹੇ ਹੋਣ ਕਿ ਉਨ੍ਹਾਂ ਦਾ ਉਤਰਾਧਿਕਾਰੀ ਉਨ੍ਹਾਂ ਦਾ ਬੇਟਾ ਹੈ। ਜਿਸ ਤਰ੍ਹਾਂ ਪੰਜਾਬ ਵਿਚ ਸੁਖਬੀਰ ਸਿੰਘ ਬਾਦਲ, ਉੱਤਰ ਪ੍ਰਦੇਸ਼ ਵਿਚ ਅਖਿਲੇਸ਼ ਯਾਦਵ ਅਤੇ ਜੰਮੂ-ਕਸ਼ਮੀਰ ਵਿਚ ਉਮਰ ਅਬਦੁੱਲਾ ਹਨ, ਉਸੇ ਤਰ੍ਹਾਂ ਨਵੀਨ ਪਟਨਾਇਕ ਦੀ ਪੂੰਜੀ ਵੀ ਉਨ੍ਹਾਂ ਦਾ ਵੰਸ਼ ਹੈ। ਭਾਰਤੀ ਲੋਕਤੰਤਰ ਵਿਚ ਲੋਕਾਂ ਦੀ ਅਹਿਮੀਅਤ ਚੋਣਾਂ ਤੱਕ ਹੀ ਸੀਮਤ ਹੁੰਦੀ ਹੈ। ਉਸ ਤੋਂ ਬਾਅਦ ਰਾਜ ਵਿਧਾਨ ਸਭਾ ਦੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਲੋਕਾਂ ਦੀ ਕੋਈ ਗਿਣਤੀ ਨਹੀਂ ਰਹਿੰਦੀ। ਨਵੀਨ ਕੁਝ ਚੋਣਵੇਂ ਨੌਕਰਸ਼ਾਹਾਂ ਦੇ ਸਹਾਰੇ ਸੂਬੇ ਦਾ ਸ਼ਾਸਨ ਚਲਾ ਰਹੇ ਹਨ ਜਦੋਂ ਕਿ ਲੋਕ ਤਕਲੀਫ ਅਤੇ ਲਾਚਾਰੀ ਵਿਚ ਹਨ। ਇਹ ਅਤਿਅੰਤ ਮਾੜਾ ਹੈ। ਉਨ੍ਹਾਂ ਨੇ ਆਪਣੀ ਪਾਰਟੀ ਦੇ ਸਾਰੇ ਆਗੂਆਂ ਦਾ ਯੋਜਨਾਬੱਧ ਢੰਗ ਨਾਲ ਸਫਾਇਆ ਕਰ ਦਿੱਤਾ ਹੈ। ਉਹ ਅਜਿਹੇ ਬਣ ਗਏ ਹਨ ਜਿਨ੍ਹਾਂ ਬਿਨਾਂ ਕੰਮ ਨਹੀਂ ਚਲ ਸਕਦਾ। ਉਨ੍ਹਾਂ ਦੀ ਤਾਕਤ ਇਹ ਹੈ ਕਿ ਉਨ੍ਹਾਂ ਦੀ ਪਾਰਟੀ ਵਿਚ ਅਤੇ ਉਨ੍ਹਾਂ ਦੇ ਵਿਰੋਧ ਵਿਚ ਖੜ੍ਹੀ ਕਾਂਗਰਸ ਵਿਚ ਕੋਈ ਨੇਤਾ ਨਹੀਂ ਹੈ। ਸਾਬਕਾ ਮੁੱਖ ਮੰਤਰੀ ਜੇ.ਬੀ. ਪਟਨਾਇਕ ਨੇ ਕਾਂਗਰਸ ਅੰਦਰ ਵਧਦੇ ਝਗੜਿਆਂ ਨੂੰ ਵੇਖਦਿਆਂ ਆਸਾਮ ਦਾ ਰਾਜਪਾਲ ਬਣਨਾ ਪਸੰਦ ਕੀਤਾ।

ਮੈਨੂੰ ਸਭ ਤੋਂ ਜ਼ਿਆਦਾ ਹੈਰਾਨੀ ਇਹ ਹੋਈ ਕਿ ਸੂਬੇ ਵਿਚ ਆਮ ਆਦਮੀ ਪਾਰਟੀ ਦੀ ਕੋਈ ਫੁੰਕਾਰ ਸੁਣਾਈ ਨਹੀਂ ਦੇ ਰਹੀ। ਮੈਂ ਸੋਚਿਆ ਸੀ ਕਿ ਉੜੀਸਾ ਜਿਥੇ ਕੋਈ ਵਿਰੋਧੀ ਧਿਰ ਨਹੀਂ ਹੈ, ਆਮ ਆਦਮੀ ਪਾਰਟੀ ਲਈ ਆਦਰਸ਼ ਜਗ੍ਹਾ ਹੋਵੇਗੀ। ਜਾਪਦਾ ਨਹੀਂ ਹੈ ਕਿ ਪਾਰਟੀ ਦਿੱਲੀ, ਪੱਛਮੀ ਉੱਤਰ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਦੇ ਕੁਝ ਹਿੱਸਿਆਂ ਤੋਂ ਅੱਗੇ ਜਾ ਸਕੀ ਹੈ। ਬੇਸ਼ੱਕ ਇਸ ਦੇ ਜਨਮ ਅਤੇ ਦਿੱਲੀ ਵਿਚ ਮਿਲੀ ਸਫਲਤਾ ਤੋਂ ਆਦਰਸ਼ਵਾਦ ਦੀ ਝਲਕ ਜ਼ਰੂਰ ਦਿਖਾਈ ਦਿੱਤੀ ਹੈ ਪਰ ਅਰਵਿੰਦ ਕੇਜਰੀਵਾਲ ਪਾਰਟੀ ਦੇ ਸਮਾਨਾਰਥੀ ਬਣ ਗਏ ਹਨ। ਉਨ੍ਹਾਂ ਨੇ ਕਿਸੇ ਨੂੰ ਉੱਭਰਨ ਦਾ ਮੌਕਾ ਨਹੀਂ ਦਿੱਤਾ। ਅਸਲ ਵਿਚ ਉਨ੍ਹਾਂ ਦੇ ਕਾਰਨਾਮਿਆਂ ਨੇ ਉਨ੍ਹਾਂ ਬੁੱਧੀਜੀਵੀਆਂ ਦੀਆਂ ਉਮੀਦਾਂ ਬੁਝਾ ਦਿੱਤੀਆਂ ਹਨ ਜਿਨ੍ਹਾਂ ਨੂੰ ਉਨ੍ਹਾਂ ਵਿਚ ਇਕ ਬਦਲ ਨਜ਼ਰ ਆਇਆ ਸੀ। ਰੱਬ ਦਾ ਸ਼ੁਕਰ ਹੈ ਕਿ ਕੁਝ ਹੋਰ ਵੀ ਨਾਂ ਜ਼ਾਹਰ ਹੋਏ ਹਨ ਜੋ ਲੋਕ ਸਭਾ ਦੀਆਂ ਚੋਣਾਂ ਲੜਨਗੇ। ਹੁਣ ਉਨ੍ਹਾਂ ਨੂੰ ਸਮੂਹਿਕ ਲੀਡਰਸ਼ਿਪ ਦੀ ਲੋੜ 'ਤੇ ਜ਼ੋਰ ਦੇਣਾ ਚਾਹੀਦਾ ਹੈ। ਦਰਜਨਾਂ ਸਵੈ-ਸੇਵੀ ਸੰਸਥਾਵਾਂ ਜਿਨ੍ਹਾਂ ਦਾ ਰਿਕਾਰਡ ਕੇਜਰੀਵਾਲ ਤੋਂ ਵੀ ਬਿਹਤਰ ਹੈ, ਆਮ ਆਦਮੀ ਪਾਰਟੀ ਤੋਂ ਦੂਰ ਹਨ। ਉਨ੍ਹਾਂ ਨੂੰ ਵੀ ਪਾਰਟੀ ਵਿਚ ਸ਼ਾਮਿਲ ਹੋਣ ਲਈ ਰਾਜ਼ੀ ਕਰਨਾ ਚਾਹੀਦਾ ਹੈ, ਕਿਉਂਕਿ ਇਹ ਦੇਸ਼ ਵਿਚ ਚੱਲ ਰਹੇ ਹਜ਼ਾਰਾਂ ਅੰਦੋਲਨਾਂ ਲਈ ਇਕ ਮੰਚ ਹੈ। ਆਮ ਆਦਮੀ ਪਾਰਟੀ ਨੂੰ ਆਪਣੇ ਆਰਥਿਕ ਏਜੰਡੇ ਨਾਲ ਸਾਹਮਣੇ ਆਉਣਾ ਚਾਹੀਦਾ ਹੈ ਕਿਉਂਕਿ ਲੋਕਾਂ ਨੇ ਕਾਂਗਰਸ ਤੇ ਭਾਜਪਾ ਖਿਲਾਫ ਇਸ ਨੂੰ ਵੋਟ ਦਿੱਤੀ ਹੈ।

ਆਮ ਆਦਮੀ ਪਾਰਟੀ ਨੇ ਕੁਦਰਤੀ ਗੈਸ ਦੀ ਕੀਮਤ ਵਧਾਉਣ ਦੇ ਮਾਮਲੇ ਵਿਚ ਕੇਂਦਰ ਸਰਕਾਰ ਦਾ ਪਰਦਾਫਾਸ਼ ਕਰ ਕੇ ਚੰਗਾ ਕੀਤਾ ਹੈ। ਪ੍ਰਾਈਵੇਟ ਕੰਪਨੀ ਨੇ ਗੈਸ ਖਰੀਦਣ ਦੇ ਠੇਕੇ 'ਤੇ 2017 ਤੱਕ ਲਈ 2.5 ਡਾਲਰ ਪ੍ਰਤੀ ਬੀ.ਟੀ.ਯੂ. ਦੀ ਦਰ ਨਾਲ ਦਸਤਖਤ ਕੀਤੇ, ਫਿਰ ਵੀ ਇਹ ਦਰਾਂ ਵਧਾ ਕੇ 8 ਡਾਲਰ ਪ੍ਰਤੀ ਯੂਨਿਟ ਕਰ ਦਿੱਤੀਆਂ ਗਈਆਂ। ਸਪਸ਼ਟ ਹੈ ਕਿ ਪੈਟਰੋਲੀਅਮ ਮੰਤਰੀ ਵੀਰੱਪਾ ਮੋਇਲੀ ਜਿਨ੍ਹਾਂ ਨੇ ਕੀਮਤਾਂ ਵਿਚ ਵਾਧੇ ਦਾ ਬਚਾਅ ਕੀਤਾ ਹੈ, ਦੀ ਯਕੀਨੀ ਤੌਰ 'ਤੇ ਇਸ ਘੁਟਾਲੇ ਵਿਚ ਮਿਲੀਭੁਗਤ ਹੈ। ਇਹ ਮਨਮੋਹਨ ਸਿੰਘ ਸਰਕਾਰ ਦੇ ਕਾਰਜਕਾਲ ਦਾ ਇਕ ਹੋਰ ਘੁਟਾਲਾ ਹੈ, ਹਾਲਾਂਕਿ ਇਸ ਦੇ ਸਿਰਫ ਦੋ ਮਹੀਨੇ ਹੀ ਬਚੇ ਹਨ। ਵੱਖ-ਵੱਖ ਘੁਟਾਲਿਆਂ ਲਈ ਕਾਂਗਰਸ ਨਿਸ਼ਾਨੇ 'ਤੇ ਹੋਵੇਗੀ ਪਰ ਪਾਰਟੀ ਨੇ ਫਿਰਕਾਪ੍ਰਸਤੀ ਨੂੰ ਮੁੱਖ ਮੁੱਦਾ ਬਣਾਇਆ ਹੈ। ਭ੍ਰਿਸ਼ਟਾਚਾਰ ਅਤੇ ਫਿਰਕਾਪ੍ਰਸਤੀ, ਦੋਵਾਂ ਦਾ ਸਾਹਮਣਾ ਸਾਫ਼-ਸੁਥਰੇਪਣ ਅਤੇ ਬਹੁਲਵਾਦ ਵਾਲੇ ਮੁਹਾਜ਼ ਤੋਂ ਕੀਤਾ ਜਾਣਾ ਚਾਹੀਦਾ ਹੈ। ਆਮ ਆਦਮੀ ਪਾਰਟੀ ਇਨ੍ਹਾਂ ਤਾਰਾਂ ਨੂੰ ਜੋੜ ਸਕਦੀ ਹੈ, ਬਸ਼ਰਤੇ ਉਹ ਇਕੱਠੀ ਰਹੇ।

# ਆਮ ਆਦਮੀ ਪਾਰਟੀ ਦੀਆਂ ਖਾਸ ਚੋਣਾਂ

ਦਿੱਲੀ ਦੀ ਸੱਤਾ ਤਿਆਗ ਕੇ ਅਤੇ ਕੌਮੀ ਰਾਜਨੀਤੀ ਵਿਚ ਦਾਖਲ ਹੋ ਕੇ ਆਮ ਆਦਮੀ ਪਾਰਟੀ (ਆਪ) ਨੇ ਚੁਸਤ ਅਤੇ ਗਿਣਤੀ-ਮਿਣਤੀ ਭਰਿਆ ਕਦਮ ਚੁੱਕਿਆ ਹੈ। ਦਿੱਲੀ ਵਿਧਾਨ ਸਭਾ 'ਚ ਜਨ ਲੋਕਪਾਲ ਬਿੱਲ ਪੇਸ਼ ਕੀਤੇ ਜਾਣ ਖਿਲਾਫ਼ ਭੁਗਤੀਆਂ ਵੋਟਾਂ ਇਸ ਦਾ ਜ਼ਾਹਰਾ ਕਾਰਨ ਬਣਿਆ। ਇਹ ਬਿੱਲ ਪੇਸ਼ ਕਰਨ ਦੀ ਕੇਂਦਰ ਨੇ ਪ੍ਰਵਾਨਗੀ ਨਹੀਂ ਸੀ ਦਿੱਤੀ। 'ਆਪ' ਨੇ ਇਸ ਨੂੰ ਕਾਂਗਰਸ-ਭਾਰਤੀ ਜਨਤਾ ਪਾਰਟੀ ਦੀ ਮਿਲੀਭੁਗਤ ਕਰਾਰ ਦਿੱਤਾ। ਇਹ ਵੀ ਕਿਹਾ ਕਿ ਗੈਸ ਦੀਆਂ ਕੀਮਤਾਂ ਵਧਾਉਣ ਦੇ ਮੁੱਦੇ 'ਤੇ ਮੁਕੇਸ਼ ਅੰਬਾਨੀ ਅਤੇ ਵੀਰੱਪਾ ਮੋਇਲੀ ਖਿਲਾਫ਼ ਕਾਨੂੰਨੀ ਕਾਰਵਾਈ

**ਪ੍ਰਫੁੱਲ ਬਿਦਵਈ**

ਸ਼ੁਰੂ ਕਰਨ ਦੇ ਕੇਜਰੀਵਾਲ ਦੇ ਫ਼ੈਸਲੇ ਕਾਰਨ ਇਹ ਮਿਲੀਭੁਗਤ ਇਕਦਮ ਹਰਕਤ 'ਚ ਆਈ। ਦੋਸ਼ ਸਹੀ ਜਾਪਦੇ ਹਨ ਪਰ ਬਿੱਲ ਪੇਸ਼ ਕੀਤੇ ਜਾਣ ਦੇ ਮਾਮਲੇ ਵਿਚ 'ਆਪ' ਕਾਨੂੰਨੀ ਤੌਰ 'ਤੇ ਗ਼ਲਤ ਸੀ। ਕੌਮੀ ਰਾਜਧਾਨੀ ਖੇਤਰ ਐਕਟ ਤਹਿਤ ਕੇਂਦਰ ਦੀ ਸਹਿਮਤੀ ਤੋਂ ਬਿਨਾਂ ਦਿੱਲੀ ਵਿਧਾਨ ਸਭਾ ਵਿਚ ਕੋਈ ਵੀ ਵਿੱਤੀ ਬਿੱਲ ਪੇਸ਼ ਨਹੀਂ ਕੀਤਾ ਜਾ ਸਕਦਾ। ਉਂਜ ਇਹ ਸ਼ਰਤ ਜਮਹੂਰੀ ਨਹੀਂ, ਕਿਉਂਕਿ ਦਿੱਲੀ ਦੀ ਆਬਾਦੀ ਕਈ ਹੋਰਾਂ ਸੂਬਿਆਂ ਤੋਂ ਵੱਧ ਹੈ ਅਤੇ ਇਸ ਦੀ ਚੁਣੀ ਹੋਈ ਵਿਧਾਨ ਸਭਾ ਨੂੰ ਇਹ ਫ਼ੈਸਲਾ ਕਰਨ ਦਾ ਹੱਕ ਹੋਣਾ ਚਾਹੀਦਾ ਹੈ ਕਿ ਕਿਹੜਾ ਬਿੱਲ ਪੇਸ਼ ਕੀਤਾ ਜਾਵੇਗਾ ਅਤੇ ਕਿਸ 'ਤੇ ਬਹਿਸ ਕੀਤੀ ਜਾਵੇਗੀ।

ਆਮ ਆਦਮੀ ਪਾਰਟੀ ਨੇ ਉਹ ਸਭ ਕੁਝ ਕਰਨ ਲਈ ਲੋਕਪਾਲ ਬਿੱਲ ਦੀ ਇਕ ਬਹਾਨੇ ਵਜੋਂ ਵਰਤੋਂ ਕੀਤੀ ਜੋ ਇਹ ਕਰਨਾ ਚਾਹੁੰਦੀ ਸੀ। ਬਿਜਲੀ, ਪਾਣੀ ਦੀਆਂ ਦਰਾਂ ਘਟਾਉਣ ਦਾ ਸਿਹਰਾ ਲੈਣ ਅਤੇ 'ਗੰਢ-ਤੁੱਪ ਵਾਲੇ ਪੂੰਜੀਵਾਦ' ਉਤੇ ਧਾਵਾ ਬੋਲਣ ਤੋਂ ਬਾਅਦ ਇਸ ਨੇ ਸਪਸ਼ਟ ਕਰ ਦਿੱਤਾ ਕਿ ਇਹ ਸੱਤਾ ਦੀ ਕੁਰਬਾਨੀ ਦੇਣ ਲਈ ਤਿਆਰ ਹੈ। ਆਮ ਆਦਮੀ ਪਾਰਟੀ ਦੇ ਆਗੂਆਂ ਨੇ ਗਿਣਤੀ-ਮਿਣਤੀ ਕਰ ਲਈ ਸੀ ਕਿ ਲੋਕ ਸਭਾ ਚੋਣਾਂ ਦੀ ਮੁਹਿੰਮ ਸ਼ੁਰੂ ਕਰਨ ਵਿਚ ਹੋਰ ਦੇਰੀ ਹੋਈ ਤਾਂ ਉਸ ਦਾ ਮੱਧ ਵਰਗ ਅਤੇ ਉੱਚ ਮੱਧ ਵਰਗ ਵਾਲਾ ਆਧਾਰ ਹੋਰ ਖਿਸਕੇਗਾ ਹੀ। ਇਹ ਵਰਗ ਆਮ ਆਦਮੀ ਪਾਰਟੀ ਦੀ ਅੰਦੋਲਨ ਕੇਂਦਰਿਤ ਪਹੁੰਚ ਅਤੇ ਪਾਰਟੀ ਵੱਲੋਂ 'ਮੁਹੱਲਾ ਲੋਕਤੰਤਰ' ਆਦਿ ਉਤੇ ਜ਼ੋਰ ਦੇਣ ਕਾਰਨ ਪਹਿਲਾਂ ਹੀ ਪਾਰਟੀ ਤੋਂ ਨਾਖੁਸ਼ ਹੈ।

ਅਜੇ ਇਹ ਸਪਸ਼ਟ ਨਹੀਂ ਹੈ ਕਿ ਆਮ ਆਦਮੀ ਪਾਰਟੀ ਆਪਣੀ ਗ਼ਰੀਬ ਪੱਖੀ ਪਹੁੰਚ ਨੂੰ ਤਰਕਪੂਰਨ ਅੰਜਾਮ 'ਤੇ ਪਹੁੰਚਾਉਣ ਦੀ ਚੁਣੌਤੀ 'ਤੇ ਪੂਰੀ ਉਤਰ ਸਕੇਗੀ ਜਾਂ ਨਹੀਂ। ਉਂਝ ਜੋ ਵੀ ਹੋਵੇ, ਆਪਣੀਆਂ ਘਾਟਾਂ ਦੇ ਬਾਵਜੂਦ ਆਮ ਆਦਮੀ ਪਾਰਟੀ ਨੇ ਦਿੱਲੀ ਦੀ ਰਾਜਨੀਤੀ ਨੂੰ ਝੰਜੋੜਿਆ ਹੈ ਅਤੇ ਹੁਣ ਇਹ ਕੌਮੀ ਪੱਧਰ 'ਤੇ ਹਲਚਲ ਪੈਦਾ ਕਰਨਾ ਚਾਹੁੰਦੀ ਹੈ। ਫਿਰ ਵੀ ਆਪਣੇ ਸਮਾਜਿਕ ਆਧਾਰ ਪੱਖੋਂ ਇਹ ਅਸਪਸ਼ਟ ਹੈ ਅਤੇ ਇਸ ਕੋਲ ਵਿਆਪਕ ਸਿਆਸੀ ਸਮਝ ਦੀ ਵੀ ਘਾਟ ਨਜ਼ਰ ਆਉਂਦੀ ਹੈ, ਕਿਉਂਕਿ ਪਾਰਟੀ ਅਜੇ ਤੱਕ ਇਕ ਤਰਕਸੰਗਤ ਵਿਚਾਰਧਾਰਾ ਪੇਸ਼ ਨਹੀਂ ਕਰ ਸਕੀ। ਦੇਸ਼ ਸਾਹਮਣੇ ਗ਼ਰੀਬੀ, ਗ਼ੈਰ-ਬਰਾਬਰੀ, ਜਾਤੀਵਾਦ, ਨਸਲੀ ਸ਼ੋਸ਼ਣ ਅਤੇ ਵਧਦੀ ਫਿਰਕਾਪ੍ਰਸਤੀ ਆਦਿ ਵਰਗੀਆਂ ਅਨੇਕਾਂ ਸਮੱਸਿਆਵਾਂ ਮੌਜੂਦ ਹਨ; ਪਰ ਥੋੜ੍ਹ-ਚਿਰੀਆਂ ਨੀਤੀਆਂ 'ਤੇ ਆਧਾਰਿਤ ਪਹੁੰਚ ਕਾਰਨ ਆਮ ਆਦਮੀ ਪਾਰਟੀ ਅਜੇ ਤੱਕ ਭ੍ਰਿਸ਼ਟਾਚਾਰ ਵਿਰੋਧੀ ਏਜੰਡੇ ਤੋਂ ਵਧ ਕੇ ਇਨ੍ਹਾਂ ਸਮੱਸਿਆਵਾਂ ਨੂੰ ਸੰਬੋਧਤ ਨਹੀਂ ਹੋ ਸਕੀ। ਉਂਝ ਆਮ ਆਦਮੀ ਪਾਰਟੀ ਨੇ ਕੁਝ ਅਜਿਹਾ ਕੀਤਾ ਹੈ ਜੋ ਕਿਸੇ ਸਿਆਸੀ ਪਾਰਟੀ ਨੇ ਪਿਛਲੇ ਲੰਮੇ ਸਮੇਂ ਦੌਰਾਨ ਨਹੀਂ ਕੀਤਾ। ਇਸ ਨੇ ਰਿਲਾਇੰਸ ਅਤੇ ਗੁਜਰਾਤ ਦੇ ਅਦਾਨੀ ਗਰੁੱਪ ਵਰਗੇ ਤਾਕਤਵਰ ਕਾਰਪੋਰੇਟ ਘਰਾਣਿਆਂ ਨੂੰ ਚੁਣੌਤੀ ਦਿੱਤੀ ਹੈ ਅਤੇ ਉਨ੍ਹਾਂ ਦੀਆਂ ਸਿਆਸੀ ਸੌਦੇਬਾਜ਼ੀਆਂ ਦਾ ਪਰਦਾਫਾਸ਼ ਕੀਤਾ ਹੈ।

ਆਮ ਆਦਮੀ ਪਾਰਟੀ ਲਈ ਦੂਜੀ ਵੱਡੀ ਚੁਣੌਤੀ ਅਤੇ ਪਰਖ ਗੁਜਰਾਤ ਵਿਚ ਹੈ, ਜਿਥੇ ਇਸ ਨੇ ਸਾਰੀਆਂ 26 ਲੋਕ ਸਭਾ ਸੀਟਾਂ 'ਤੇ ਚੋਣ ਲੜਨ ਦਾ ਫ਼ੈਸਲਾ ਕੀਤਾ ਹੈ। ਅਜਿਹਾ ਹੋਣ ਨਾਲ ਪਾਰਟੀ ਨਰੇਂਦਰ ਮੋਦੀ ਦੀ ਫ਼ਿਰਕੂ ਤੇ ਵਪਾਰ ਪੱਖੀ ਰਾਜਨੀਤੀ ਨਾਲ ਸਿੱਧੀ ਟੱਕਰ ਵਿਚ ਆ ਗਈ ਹੈ।

ਆਮ ਆਦਮੀ ਪਾਰਟੀ ਵੱਲੋਂ ਜਾਰੀ ਕੀਤੀ ਗਈ ਲੋਕ ਸਭਾ ਚੋਣਾਂ ਦੇ ਉਮੀਦਵਾਰਾਂ ਦੀ ਪਹਿਲੀ ਸੂਚੀ ਮਿਲੇ-ਜੁਲੇ ਪ੍ਰਭਾਵ ਵਾਲੀ ਹੀ ਰਹੀ ਹੈ। ਹੁਣ ਤੱਕ ਦੇ ਚੋਣ ਸਰਵੇਖਣਾਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਨੂੰ ਕੌਮੀ ਵੋਟਾਂ ਵਿਚ 6 ਤੋਂ 8 ਫ਼ੀਸਦੀ ਹਿੱਸਾ ਹੀ ਹਾਸਲ ਹੋ ਸਕੇਗਾ ਅਤੇ ਇਹ 6 ਤੋਂ 12 ਲੋਕ ਸਭਾ ਸੀਟਾਂ ਜਿੱਤ ਸਕਦੀ ਹੈ (ਦਿੱਲੀ ਵਿਚੋਂ 3-4 ਅਤੇ ਬਾਕੀ ਬਹੁਤਾ ਕਰ ਕੇ ਹਰਿਆਣਾ 'ਚੋਂ)। ਸੁਭਾਵਿਕ ਤੌਰ 'ਤੇ ਜਿਵੇਂ-ਜਿਵੇਂ ਆਮ ਆਦਮੀ ਪਾਰਟੀ ਹੋਰ ਵਿਕਸਿਤ ਹੋਵੇਗੀ, ਇਨ੍ਹਾਂ ਅੰਕੜਿਆਂ ਵਿਚ ਤਬਦੀਲੀ ਆਏਗੀ। ਦੱਸਿਆ ਜਾਂਦਾ ਹੈ ਕਿ ਪਾਰਟੀ 97 ਲੱਖ ਮੈਂਬਰ ਬਣਾ ਚੁੱਕੀ ਹੈ। ਕੁੱਲ ਵੋਟਾਂ ਵਿਚ 6 ਫ਼ੀਸਦੀ ਹਿੱਸੇ ਨਾਲ ਪਾਰਟੀ ਬਸਪਾ ਦੇ ਬਰਾਬਰ ਪਹੁੰਚ ਜਾਂਦੀ ਹੈ ਜਿਸ ਕੋਲ ਲੋਕ ਸਭਾ ਦੀਆਂ 21 ਸੀਟਾਂ ਹਨ। ਅਹਿਮ ਨੁਕਤਾ ਇਹ ਹੈ ਕਿ ਆਮ ਆਦਮੀ ਪਾਰਟੀ ਰਣਨੀਤਕ ਢੰਗ ਨਾਲ ਆਪਣੀਆਂ ਵੋਟਾਂ 'ਤੇ ਧਿਆਨ ਕੇਂਦਰਤ ਕਰੇ (ਖਾਸ ਕਰਕੇ ਸ਼ਹਿਰਾਂ ਵਿਚ) ਜਿਸ ਰਾਹੀਂ ਇਹ ਕਮਜ਼ੋਰ ਕਾਂਗਰਸ ਨੂੰ ਹਰਾਉਣ ਦੇ ਨਾਲ-ਨਾਲ ਨਰੇਂਦਰ ਮੋਦੀ ਦੇ ਵੇਗ ਨੂੰ ਵੀ ਰੋਕ ਸਕੇ। ਭਾਜਪਾ ਜੇ ਖ਼ੁਦ 200 ਸੀਟਾਂ ਜਿੱਤਦੀ ਹੈ ਤਾਂ ਫਿਰ ਹੀ ਇਹ ਅਜਿਹਾ ਕੇਂਦਰ ਸਥਾਪਤ ਕਰ ਸਕਦੀ ਹੈ ਜਿਸ ਦੁਆਲੇ ਸਹਿਯੋਗੀ ਧਿਰਾਂ ਇਕੱਠੀਆਂ ਹੋਣ ਅਤੇ ਅੰਕੜਾ 272 ਤੱਕ ਪਹੁੰਚ ਜਾਵੇ। ਇੰਨੀਆਂ ਸੀਟਾਂ ਜਿੱਤਣ ਲਈ ਭਾਜਪਾ ਨੂੰ ਤਿੰਨਾਂ ਵੱਡੇ ਸੂਬਿਆਂ (ਉੱਤਰ ਪ੍ਰਦੇਸ਼, ਮਹਾਰਾਸ਼ਟਰ ਤੇ ਬਿਹਾਰ) 'ਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣੀ ਹੋਵੇਗੀ ਅਤੇ ਇਥੋਂ ਦੀਆਂ ਕੁੱਲ 168 ਸੀਟਾਂ 'ਚੋਂ ਦੋ-ਤਿਹਾਈ ਸੀਟਾਂ ਹਾਸਲ ਕਰਨੀਆਂ ਹੋਣਗੀਆਂ ਪਰ ਅਜਿਹਾ ਕਰਨਾ ਸੌਖਾ ਨਹੀਂ ਹੈ। ਮਹਾਰਾਸ਼ਟਰ ਵਿਚ ਸ਼ਿਵ ਸੈਨਾ ਨਾਲ ਗਠਜੋੜ ਤੋਂ ਬਾਅਦ ਭਾਜਪਾ ਨੂੰ ਮਹਾਰਾਸ਼ਟਰ ਨਵਨਿਰਮਾਣ ਸੈਨਾ ਤੋਂ ਸਖ਼ਤ ਮੁਕਾਬਲੇ ਦਾ ਸਾਹਮਣਾ ਕਰਨਾ ਪਵੇਗਾ। ਉੱਤਰ ਪ੍ਰਦੇਸ਼ ਅਤੇ ਬਿਹਾਰ ਵਿਚ ਸਮਾਜਵਾਦੀ ਪਾਰਟੀ, ਬਸਪਾ ਅਤੇ ਰਾਸ਼ਟਰੀ ਜਨਤਾ ਦਲ ਵੱਲੋਂ ਭਾਜਪਾ ਨੂੰ ਵੱਡੀ ਟੱਕਰ ਦਿੱਤੀ ਜਾਵੇਗੀ। ਮੋਦੀ ਨੂੰ ਅਜੇ ਵੀ ਰੋਕਿਆ ਜਾ ਸਕਦਾ ਹੈ। ਇਸ ਵਿਚ 'ਆਪ' ਇਨ੍ਹਾਂ ਦੋਵਾਂ ਰਾਜਾਂ ਵਿਚ ਆਪਣਾ ਯੋਗਦਾਨ ਪਾ ਸਕੇਗੀ ਜਾਂ ਨਹੀਂ, ਇਹ ਅਜੇ ਵੇਖਣ ਵਾਲੀ ਗੱਲ ਹੈ।

## ਕਿਸ ਦੀ ਫਤਿਹ ਹੈ ਮੋਦੀ ਦੀ ਫਤਿਹ ਰੈਲੀ

ਅਤੇ ਬਿਹਤਰੀ ਦੀ ਗੱਲ ਫਿਰ ਹੀ ਤੁਰ ਸਕਦੀ ਹੈ ਪਰ ਮੋਦੀ ਅਤੇ ਉਸ ਦੇ ਕੌਮੀ ਜਮਹੂਰੀ ਗੱਠਜੋੜ ਵਾਲੇ ਸਮੂਹ ਭਾਈਵਾਲ ਸਿਆਸੀ ਧੜਿਆਂ ਦਾ ਚਹੇਤਾ ਆਰਥਿਕ ਵਿਕਾਸ ਮਾਡਲ ਖੁੱਲ੍ਹੀ ਮੰਡੀ ਦੇ ਹੱਥ ਹੋਰ ਮਜ਼ਬੂਤ ਕਰਨ ਵਾਲਾ ਹੈ। ਉਹ ਨਾ ਸਿਰਫ਼ ਖੁੱਲ੍ਹੀ ਮੰਡੀ ਦੇ ਪ੍ਰਜੋਸ਼ ਅਤੇ ਬੇਸ਼ਰਤ ਪੈਰੋਕਾਰ ਹਨ ਸਗੋਂ ਆਲਮੀ ਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਮੋਦੀ ਨੂੰ ਇਸ ਕਰ ਕੇ ਵੀ ਅੱਗੇ ਲਿਆਉਣਾ ਚਾਹੁੰਦੀ ਹੈ ਕਿਉਂਕਿ ਲਾਸਾਨੀ ਮਹਾਂ ਘੁਟਾਲਿਆਂ ਕਾਰਨ ਹੋਈ ਘੋਰ ਬਦਨਾਮੀ ਅਤੇ ਨਾਲ ਹੀ ਪਾਏਦਾਰ ਤੇ ਪ੍ਰਭਾਵਸ਼ਾਲੀ ਲੀਡਰਸ਼ਿਪ ਦੀ ਅਣਹੋਂਦ ਵਿਚ ਕਾਂਗਰਸ ਦਾ ਗੱਠਜੋੜ ਉਹ 'ਸਿਆਸੀ ਸਥਿਰਤਾ' ਮੁਹੱਈਆ ਨਹੀਂ ਕਰ ਸਕਦਾ ਜੋ ਇਸ ਕਾਰਪੋਰੇਟਤੰਤਰ ਦੀ ਆਰਥਿਕ ਸੁਧਾਰਾਂ ਦਾ ਅਗਲਾ ਗੇੜ ਇਸ ਮੁਲਕ ਉਪਰ ਥੋਪਣ ਦੀ ਅਣਸਰਦੀ ਲੋੜ ਹੈ। ਹੋਰ ਵੀ ਖੁੱਲ੍ਹ-ਮ-ਖੁੱਲ੍ਹਾ ਤਾਨਾਸ਼ਾਹ ਰਾਜਤੰਤਰ ਚਲਾਉਣ ਲਈ ਮੋਦੀ ਵਰਗਾ 'ਲੋਹ-ਪੁਰਸ਼' ਦਰਕਾਰ ਹੈ। ਇਸੇ ਲਈ ਉਸ ਨੇ ਕਿਹਾ ਕਿ ਚੋਣਾਂ ਜਿੱਤ ਕੇ ਉਸ ਦਾ ਕੌਮੀ ਜਮਹੂਰੀ ਗੱਠਜੋੜ ਕੌਮੀ ਵਿਕਾਸ ਗੱਠਜੋੜ 'ਚ ਬਦਲ ਜਾਵੇਗਾ। ਕੂੜ ਦਾ ਸੌਦਾ ਵੇਚਣ ਲਈ ਉਸ ਨੂੰ ਤੇ ਉਸ ਦੇ ਅਕਾਲੀ ਭਾਈਵਾਲਾਂ ਨੂੰ ਕਿੰਨੇ ਝੂਠ ਘੜਨੇ ਪੈ ਰਹੇ ਹਨ!

'ਬੋਲੇ ਸੋ ਨਿਹਾਲ' ਅਤੇ 'ਦੇਹਿ ਸ਼ਿਵਾ ਵਰ ਮੋਹਿ ਇਹੈ' ਦੇ ਖ਼ਾਲਸਈ ਬੋਲਿਆਂ ਦੀ ਓਟ ਲੈ ਕੇ ਕੂੜ ਦਾ ਸੌਦਾ ਵੇਚਣ ਵਾਲਾ ਮੋਦੀ ਅਤੇ ਉਸ ਦੇ ਅਕਾਲੀ ਭਾਈਵਾਲ ਸੱਤਾ ਦੇ ਗ਼ਰੂਰ ਵਿਚ ਗੁਰਬਾਣੀ ਵਿਚ ਅੰਕਿਤ ਇਹ ਸਚਾਈ ਭੁਲਾਈ ਬੈਠੇ ਹਨ: 'ਕੂੜ ਨਿਖੁਟੇ ਨਾਨਕਾ, ਓੜਕ ਸਚਿ ਰਹੀ।'



ਚਿੱਤ ਚੇਤਾ

ਕਾਨਾ ਸਿੰਘ
ਫੋਨ: 91-95019-44944

# ਕਦੇ ਪਰਜਾ ਵੀ ਬਦਲੀ...?

***ਵਤਨਾਂ ਵਿਚ ਮੇਰੇ ਵੀਰਾਂ ਦਾ ਲਿਬਾਸ ਕਮੀਜ਼ ਪਜਾਮਾ ਹੀ ਸੀ। ਇਥੇ ਸਥਾਨਕ ਨੱਢਿਆਂ ਦੀ ਦੇਖਾ-ਦੇਖੀ ਪਾਲ ਵੀਰ ਜੀ ਨੇ ਬਨੈਨ ਤੇ ਲਾਚੇ ਨਾਲ ਨਵਾਂ ਹੀ ਰੂਪ ਕੱਢ ਲਿਆ। ਉਹ ਮਾਂ ਤੋਂ ਖੁੱਲ੍ਹੇ ਪੈਸੇ ਮੰਗਣ, ਸੌ ਦੋ ਸੌ ਜਾਂ ਵੱਧ ਕੋਈ ਨਵਾਂ ਕੰਮ ਸ਼ੁਰੂ ਕਰਨ ਲਈ ਤੇ ਮਾਂ ਦਾ ਦਿਲ ਨਾ ਮੰਨੇ ਕਿ ਉਸ ਦਾ ਪੁੱਤਰ ਰੇੜ੍ਹੀ ਜਾਂ ਫੜ੍ਹੀ ਦਾ ਕੋਈ ਛੋਟਾ ਕੰਮ ਕਰੇ। ਉਸ ਪੈਸੇ ਦੇਣ ਤੋਂ ਆਨਾ ਕਾਨੀ ਕੀਤੀ। ਵੀਰ ਜੀ ਚੁੱਪ-ਚੁਪੀਤੇ ਬਾਹਰ ਨਿਕਲ ਗਏ। ਰਾਤੀਂ ਮੁੜੇ ਹੀ ਨਾ। ਮਾਂ ਰੋਵੇ। ਕੁਰਲਾਵੇ। ਦੋ ਦਿਨ ਲੰਘ ਗਏ। ਪਤਾ ਲੱਗਾ ਪਾਲ ਵੀਰ ਜੀ ਨੇ ਗੁਜਰਖਾਨ ਤੋਂ ਹੀ ਆਏ ਹੋਏ ਚੌਧਰੀਆਂ ਦੇ ਢਾਬੇ 'ਤੇ ਨੌਕਰੀ ਕਰ ਲਈ ਹੈ। ਭੱਠ ਗਰਮੀ ਵਿਚ ਤਪਦੇ ਤੰਦੂਰ 'ਤੇ ਰੋਟੀਆਂ ਲਾਹੁੰਦੇ ਪੁੱਤਰ ਨੂੰ ਵੇਖਣ ਗਈ ਮਾਂ ਰੋ ਰੋ ਬੇਹਾਲ।***

ਸੰਨ 1946 ਦਾ ਪਿਛਲੇਰਾ ਅੱਧ ਤੇ ਦਹਿਸ਼ਤ ਦਾ ਸਾਇਆ। ਪਿੰਡੀ ਤੇ ਉਸ ਦੇ ਗਰਾਵਾਂ ਮੋਹਤਿਆਂ ਵਿਚ ਅੱਗਾਂ ਲੱਗ ਰਹੀਆਂ ਸਨ। ਗੁਜਰਖਾਨ ਹਾਲੇ ਮਹਿਫ਼ੂਜ਼ ਸੀ।

ਚੁਫੇਰਿਓਂ ਅੱਗਾਂ ਦੀਆਂ ਲਾਟਾਂ ਤੇ ਜੋਸ਼ੀਲੇ ਨਾਅਰਿਆਂ ਦੀਆਂ ਆਵਾਜ਼ਾਂ ਵੇਖਣ-ਸੁਣਨ ਨੂੰ ਮਿਲਦੀਆਂ। ਨਾਲ ਵਾਲੇ ਗਰਾਂ, ਮੰਦੂਰੇ ਤੇ ਬੜਕੀ ਆਦਿ ਤੋਂ ਉਜੜੇ ਪਰਿਵਾਰ ਸਾਡੇ ਘਰ ਆਣ ਟਿਕੇ ਸਨ। ਖੁੱਲ੍ਹੇ ਰਾਸ਼ਨ ਤੋਂ ਇਲਾਵਾ ਆਲੂਆਂ ਦੀਆਂ ਬੋਰੀਆਂ ਵੀ ਘਰ ਵਿਚ ਸੁਟਾ ਦਿੱਤੀਆਂ ਗਈਆਂ। ਅਸਾਂ ਬਾਲਕਾਂ ਨੂੰ ਦੋਹਰੇ-ਤ੍ਰੋਹਰੇ ਕੱਪੜੇ ਪਵਾਏ ਜਾਂਦੇ ਤੇ ਹਰ ਇਕ ਦੇ ਬੋਝਿਆਂ ਵਿਚ ਸੁੱਕੇ ਮੇਵੇ ਤੇ ਰੁਪਏ ਵੀ, ਤਾਂ ਜੁ ਨੱਸ-ਭੱਜ ਦੀ ਬਿਪਤਾ ਆਣ ਵੇਲੇ ਹਰ ਇਕ ਕੋਲ ਆਪਣਾ ਕੁਝ ਤੋਸ਼ਾ ਹੋਵੇ।

ਸ਼ਹਿਰ ਵਿਚ ਹੀ ਵਸਦੀ ਮੇਰੀ ਜਿੰਦਰ ਭੈਣ ਜੀ ਨੇ ਅਗਸਤ ਵਿਚ ਬਾਲਕ ਨੂੰ ਜਨਮ ਦਿੱਤਾ। ਕਰਫਿਊ ਲੱਗੇ ਹੋਏ ਸਨ। ਜੀਜਾ ਜੀ ਕੋਲ ਪਾਸ ਹੁੰਦਾ ਸੀ ਮੈਨੂੰ ਲਿਜਾਣ ਲਈ। ਭੈਣ ਕੋਲ ਬਹਿੰਦੀ ਮੈਂ ਸਾਰਾ ਦਿਨ। ਇਨ੍ਹਾਂ ਦਿਨਾਂ ਦੀ ਇਕ ਗੱਲ ਅਸਲੋਂ ਨਹੀਂ ਵਿਸਰਦੀ।

ਡਿਓੜੀ ਵਿਚ ਮਾਂ ਆਪਣੇ ਰਾਂਗਲੇ ਚਰਖੇ, ਸੂਤ ਤੇ ਕੁਝ ਸ਼ਨੀਲ, ਸਾਟਨ ਦੇ ਟੋਟਿਆਂ ਦੀ ਗੰਢੜੀ ਜਿਹੀ ਨਾਲ ਬੈਠੀ ਹੋਈ ਸੀ, ਦੋ ਤਿੰਨ ਮੁਸਲਮਾਨੀਆਂ ਨਾਲ। ਉਹ ਚਰਖੇ ਦਾ ਭਾਅ ਬਣਾ ਰਹੀਆਂ ਸਨ ਤੇ ਮਾਂ ਦੀਆਂ ਅੱਖਾਂ ਛਲਕ-ਛਲਕ ਕਰ ਰਹੀਆਂ ਸਨ। ਉਪਰੋਂ ਬੇਜੀ ਆ ਗਏ।

"ਹੈਂ, 'ਨਰਬ ਸਾਈਂ ਨਾ'। ਤੂੰ ਚਰਖਾ ਵੇਚਣ ਲੱਗੀ ਏਂ? ਸਗਣਾਂ ਵਾਲਾ ਤੇਰਾ ਦਾਜਲ ਚਰਖਾ... ਬਣਨੀਆਂ ਨੇ ਚੀਜ਼ਾਂ ਮੁੜ ਕੇ...।"

ਬੇਜੀ ਨੇ ਭਬਕ ਮਾਰੀ। ਚੁਪ ਚੁਪੀਤੀ ਮਾਂ ਚਰਖਾ ਚੁੱਕ ਕੇ ਅੰਦਰ ਲੈ ਗਈ।

### ਜਨਵਰੀ-ਫਰਵਰੀ 1947

ਰਾਵਲਪਿੰਡੀ ਅੱਗਾਂ ਦੀ ਲਪੇਟ ਵਿਚ ਸੀ। ਸ਼ਾਹਨੰਦਾਰ ਦੇ ਪੁਲ ਵਾਲੀ ਬਸਤੀ ਵਿਚ ਮੇਰਾ ਨਾਨਕਾ ਘਰ ਤੇ ਮਾਈ ਵੀਰੋ ਦੀ ਬੰਨ੍ਹੀ ਵਿਚ ਰਹਿੰਦੀ ਭੈਣ ਦੇ ਘਰ ਦੁਆਲੇ ਹਜੂਮਾਂ ਦੇ ਹਜੂਮ।

ਕੈਂਸਰ ਦੇ ਮਰੀਜ਼ ਮੇਰੇ ਨਾਨਾ ਜੀ ਬੇਸੁਰਤ ਪਏ ਸਨ। ਮਾਮੇ ਆਪਣੇ ਪਰਿਵਾਰਾਂ ਸਮੇਤ ਨਾਨਾ ਜੀ ਦਾ ਮੰਜਾ ਚੁੱਕ ਕੇ ਕਰਤਾਰਪੁਰ ਮੁਹੱਲੇ ਲੈ ਗਏ, ਮੋਹਣੀ ਮਾਸੀ ਦੇ ਘਰ। ਇਸ ਮੁਹੱਲੇ ਵਿਚ ਜ਼ਿਆਦਾ ਕਰ ਕੇ ਸਿੱਖ ਆਬਾਦੀ ਸੀ ਤੇ ਬਾਹਲੇ ਸਾਡੇ ਰਿਸ਼ਤੇਦਾਰ ਹੀ। ਗੁਜਰਖਾਨ ਦਾ ਜੰਮਪਲ ਹਾਸਰਸ ਕਵੀ, ਭਾਈਆ ਈਸ਼ਰ ਸਿੰਘ ਮੇਰੀ ਮਾਸੀ ਦਾ ਗੁਆਂਢੀ ਸੀ।

ਜਦੋਂ ਨਾਨਾ ਜੀ ਦਾ ਮੰਜਾ ਚੁੱਕਣ ਲੱਗੇ ਤਾਂ ਉਨ੍ਹਾਂ ਅੱਖ ਖੋਲ੍ਹੀ।

"ਕਿੱਥੇ ਲੈ ਜੁਲੇ ਹੋ?"

"ਮੋਹਣੀ ਨੇ ਘਰ।"

"ਹੱਛਾ, ਨੱਥ, ਖਸਮ ਨੇ ਹੱਥ।"

ਨਾਨਾ ਜੀ ਨੇ ਠੰਢਾ ਸਾਹ ਭਰਿਆ। ਅੱਖਾਂ ਵਹਿ ਤੁਰੀਆਂ। ਆਖ਼ਰੀ ਪਲਾਂ 'ਤੇ ਧੀ ਦੇ ਘਰ ਸੁਆਸ ਛੱਡਣੇ! ਇਸ ਤੋਂ ਵੱਡਾ ਹੋਰ ਕੀ ਸਦਮਾ ਹੋ ਸਕਦਾ ਸੀ ਉਨ੍ਹਾਂ ਲਈ। ਮੋਹਣੀ ਮਾਸੀ ਦੇ ਘਰ ਹੀ ਉਨ੍ਹਾਂ ਪ੍ਰਾਣ ਤਿਆਗ ਦਿੱਤੇ ਤੇ ਉਥੇ ਵਿਹੜੇ ਵਿਚ ਹੀ ਕਰ ਦਿੱਤਾ ਗਿਆ ਉਨ੍ਹਾਂ ਦਾ ਸਸਕਾਰ।

ਕਤਲੇਆਮ, ਬਲਦੀਆਂ ਅੱਗਾਂ ਤੇ ਕਰਫ਼ਿਊਆਂ ਵਿਚ ਨਹੀਂ ਸਨ ਲੈ ਜਾ ਸਕੇ ਨਾਨਾ ਜੀ ਦੀ ਅਰਥੀ ਨੂੰ ਸ਼ਮਸ਼ਾਨ ਭੂਮੀ। ਪਿੰਡੀ ਨਿਵਾਸੀ, ਮਾਮਿਆਂ ਤੇ ਭੈਣਾਂ ਅਰ ਹੋਰ ਸਾਕ-ਸਬੰਧੀਆਂ ਨੇ ਪਿੰਡੀ ਛੋੜਨ ਦਾ ਫ਼ੈਸਲਾ ਕਰ ਲਿਆ। ਭਾਪਾ ਜੀ ਦੇ ਨਾ ਮੰਨਣ ਕਾਰਨ ਮਾਂ ਭਰਾਵਾਂ ਨਾਲ ਨਾ ਰਲੀ।

"ਰਾਜ ਬਦਲਨੇ ਹੀ ਆਏ ਨੁ। ਕਦੇ ਪਰਜਾ ਵੀ ਬਦਲੀ...।"

ਦਾਦੀ ਦੀ ਵੀ ਇਹੋ ਦਲੀਲ ਸੀ। ਮਾਂ ਨੇ ਮੈਨੂੰ, ਮਾਨਾ ਨੂੰ ਤੇ ਭਗਤ ਵੀਰ ਨੂੰ ਮਾਮਿਆਂ ਨਾਲ ਪਟਿਆਲੇ ਤੋਰ ਦਿੱਤਾ। ਨਿੱਕੇ ਦੋਵੇਂ ਬਾਲਕ ਵੀਰ ਮਾਂ ਕੋਲ ਰਹਿ ਗਏ।

ਹੁਣ ਅਸੀਂ ਪਟਿਆਲੇ ਦੇ ਰਾਜੇ ਵੱਲੋਂ ਦੂਖ ਨਿਵਾਰਨ ਸਾਹਿਬ ਦੇ ਲਾਗੇ ਬਣਾਏ ਗਏ ਰਿਫਊਜੀ ਕੈਂਪ ਵਿਚ ਸਾਂ।

ਇਕੋ ਟੈਂਟ ਵਿਚ ਚਾਰ ਪੰਜ ਪਰਿਵਾਰ। ਚਾਰੇ ਪਾਸੇ ਅੰਬਾਂ ਦੇ ਬਾਗ਼। ਲੰਗਰ ਵਿਚ ਦੇਸੀ ਘਿਓ ਦੇ ਪਰਾਂਠੇ। ਦੁੱਧ ਦਹੀਂ ਦੀ ਕੋਈ ਕਮੀ ਨਾ। ਸਕੂਲ ਦਾ ਵੀ ਕੋਈ ਬੰਧਨ ਨਾ। ਧਰੇਚਿਆਂ ਦੇ ਧਰੇਚੇ ਅਸੀਂ ਬਾਲਕ ਕਦੇ ਰਾਜੇ ਦਾ ਕਿਲ੍ਹਾ ਵੇਖਣ ਤੁਰ ਪੈਂਦੇ ਤੇ ਕਦੇ ਮਹੱਲ।

ਸਾਡੇ ਲਈ ਤਾਂ ਮੌਜ ਹੀ ਮੌਜ ਸੀ।

ਵਿਸਾਖੀ ਵਾਲੇ ਦਿਨ ਸੰਤ ਭੈਣ ਜੀ ਨੇ ਆਪਣੇ ਕੁੱਛੜ ਦੇ ਬਾਲ ਨੂੰ ਖੰਡੇ ਦੀ ਕਢਾਈ ਵਾਲੇ ਕੋਰੇ ਸੁੱਚੇ ਚੋਲੇ ਵਿਚ ਦੂਖ ਨਿਵਾਰਨ ਦਾ ਅੰਮ੍ਰਿਤ ਛਕਾਇਆ।

ਇਹ ਸੀ ਬੱਚੇ ਲਈ ਜਲ ਦੇ ਪਹਿਲੇ ਘੁਟ ਦੀ ਰੀਤ।

ਇਕ ਅੱਧ ਮਹੀਨੇ ਵਿਚ ਹੀ ਮਾਂ ਪਾਲ ਵੀਰ ਜੀ ਨਾਲ ਫਰੀਦਕੋਟ ਆ ਗਈ। ਭਾਪਾ ਜੀ ਨੇ ਕੈਂਪਾਂ ਵਿਚ ਰਹਿਣ ਦੀ ਇਜਾਜ਼ਤ ਨਾ ਦਿੱਤੀ। ਇਸ ਲਈ ਪਾਲੀ ਵੀਰ ਨੇ ਰਾਜੇ ਦੇ ਮਹੱਲ ਅਤੇ ਗੁਰਦੁਆਰੇ ਦੇ ਵਿਚਕਾਰ ਵਾਲੀ ਬੰਦ ਗਲੀ ਵਿਚ ਕਿਰਾਏ 'ਤੇ ਮਕਾਨ ਲੈ ਲਿਆ। ਘਰ ਦੀ ਜ਼ਿੰਮੇਵਾਰੀ ਹੁਣ ਸਤਾਰਾਂ ਸਾਲਾਂ ਦੇ ਕਿਸ਼ੋਰ ਪਾਲ ਵੀਰ ਜੀ ਉਤੇ ਸੀ। ਛੇਤੀ ਹੀ ਲਾਹੌਰ ਦੇ ਮੁਗ਼ਲ ਸਰਾਏ ਸਥਿਤ ਇੰਜੀਨੀਅਰਿੰਗ ਕਾਲਜ ਵਿਚ ਪੜ੍ਹਦੇ ਮੇਰੇ ਜੀਤ ਵੀਰ ਜੀ ਵੀ ਫਰੀਦਕੋਟ ਆ ਗਏ ਤੇ ਉਹ ਅਸਾਂ ਭੈਣਾਂ ਨੂੰ ਪਟਿਆਲਿਓਂ ਲੈ ਆਏ। ਹੁਣ ਸਾਰਾ ਪਰਿਵਾਰ ਇਕੱਠਾ ਸੀ, ਫਰੀਦਕੋਟ। ਭਾਪਾ ਜੀ ਅਜੇ ਵੀ ਪਿੱਛੇ ਸਨ, ਮੰਦੂਰੇ ਦੇ ਪਟਰੋਲ ਪੰਪ ਦੀ ਸੰਭਾਲ ਵਿਚ। ਫਰੀਦਕੋਟ ਦਾ ਘਰ ਐਨ ਰਾਜੇ ਦੇ ਮਹੱਲ ਦੇ ਸਾਹਮਣੇ ਸੀ। ਮਾਲਕ ਮਕਾਨ ਸੀ ਮਲਾਵਾ ਸਿੰਘ।

ਰਾਜੇ ਦੇ ਮਹੱਲ 'ਚੋਂ ਉਡ ਉਡ ਮੋਰ ਸਾਡੇ ਘਰ ਦੇ ਬਨੇਰੇ 'ਤੇ ਆ ਬਹਿੰਦੇ। ਦੁਪਹਿਰ ਤੇ ਸ਼ਾਮ ਵੇਲੇ ਸਾਨੂੰ ਘਰ ਦੀ ਛੱਤ 'ਤੇ ਜਾਣ ਦੀ ਮਨਾਹੀ ਸੀ।

'ਦੁਪਹਿਰੇ ਰਾਜਾ ਸਾਹਿਬ ਧੁੱਪ ਸੇਕਦੇ ਨੇ, ਤੇ ਸ਼ਾਮੀ ਚਾਹ ਦਾ ਅਨੰਦ ਲੈਂਦੇ ਨੇ। ਇਸ ਲਈ ਗਲੀ ਦੀਆਂ ਛੱਤਾਂ ਉਪਰ ਨਹੀਂ ਚੜ੍ਹਨਾ।' ਇਹ ਮਲਾਵਾ ਸਿੰਘ ਦੀ ਮਾਂ ਦਾ ਆਦੇਸ਼ ਸੀ।

ਘਰ ਦੇ ਸਾਹਮਣੇ ਰਾਜੇ ਦਾ ਵੀ ਘਰ ਹੋਵੇ- ਇਹ ਅਸਾਂ ਬਾਲਕਾਂ ਲਈ ਬੜੀ ਅਨੋਖੀ ਤੇ ਨਾ ਸਮਝ ਆਉਣ ਵਾਲੀ ਗੱਲ ਸੀ। ਰਾਜੇ ਦੇ ਬਿਸਤਰੇ ਮਖਮਲਾਂ ਦੇ ਹੋਣਗੇ ਤੇ ਭਾਂਡੇ ਸੋਨੇ ਚਾਂਦੀ ਦੇ, ਅਸੀਂ ਕਿਆਫ਼ੇ ਲਾਂਦੇ।

ਭਗਤ ਵੀਰ ਦੀ ਕਲਪਨਾ ਸਭ ਤੋਂ ਪਾਰ ਕਰ ਜਾਂਦੀ ਸੀ। ਉਹਨੂੰ ਗੁੜ ਬੜਾ ਚੰਗਾ ਲਗਦਾ ਸੀ ਤੇ ਮਾਂ ਉਸ ਨੂੰ ਗੁੜ ਖਾਣ ਤੋਂ ਬਹੁਤ ਵਰਜਦੀ, ਕਿਉਂਕਿ ਇਕ ਦੋ ਵੇਰਾਂ ਉਸ ਦੇ ਪੇਟੋਂ ਮਲ੍ਹਪ ਵੀ ਨਿਕਲੇ ਸਨ।

'ਰਾਜੇ ਨੇ ਸੌਣ-ਸੁਫ਼ੇ ਵਿਚ ਗੁੜ ਨੀਆਂ ਬੋਰੀਆਂ ਪਈਆਂ ਹੋਸਣ। ਪਲੰਘ ਨੇ ਦੋਏ ਪਾਸੇ ਤੈ ਰਾਜਾ ਪਾਸੇ ਪਰਤਨਿਆਂ ਗੁੜ ਨੀਆਂ ਭੇਲੀਆਂ ਕੀ ਚੱਕ ਮਾਰਨਾ ਹੋਸੀ। ਮੌਜਾਂ ਹੀ ਮੌਜਾਂ। ਹਿਤਨਾ ਗੁੜ? ... ਰਾਜੇ ਕੀ ਤੈ ਫਿਰ ਨੀਂਦਰ ਹੀ ਨਾ ਆਨੀ ਹੋਸੀ... ਹਾਏ ਵਿਚਾਰਾ ਰਾਜਾ। ਅੱਸ ਹੀ ਚੰਗੇ ਹਾਂ, ਘੋੜੇ ਵੇਚ ਕੇ ਸੌਨੇ ਹਾਂ...।' ਠਹਾਕਾ ਮਾਰ ਕੇ ਹੱਸਦਾ ਭਗਤ ਵੀਰ।

ਰਾਜੇ ਦੇ ਮਹੱਲ ਵਿਚੋਂ ਨਿਕਲਦੀ ਦੋ ਫੁੱਟ ਚੌੜੀ ਜਿਹੀ ਪਾਣੀ ਦੀ ਨਾਲੀ ਜਿਸ ਨੂੰ ਕੂਲ੍ਹ ਕਹਿੰਦੇ ਸਨ, ਰਾਜੇ ਦੇ ਬਾਗ਼ ਵਿਚ ਜਾ ਡਿਗਦੀ। ਮੈਂ ਇਸ ਕੂਲ੍ਹ ਵਿਚ ਸਾਰਾ ਦਿਨ ਜਾਂਘੀਏ ਬਨੈਨ ਵਿਚ ਡੁਬਕੀਆਂ ਮਾਰਦੀ ਨਹਾਉਂਦੀ ਰਹਿੰਦੀ।

ਬੰਦ ਗਲੀ ਦੇ ਅੰਤ ਵਿਚ ਇਕ ਪਿਸ਼ੌਰੀ ਪਰਿਵਾਰ ਵੀ ਆਣ ਟਿਕਿਆ ਸੀ। ਉਹ ਕੋਈ ਤਗੜੇ ਸ਼ਾਹੂਕਾਰ ਲਗਦੇ ਸਨ। ਕੁੜੀਆਂ ਨੇ ਰੰਗ ਬਰੰਗੇ ਖੁੱਲ੍ਹੇ ਰੇਸ਼ਮੀ ਸ਼ਰਾਰੇ ਪਾਏ ਹੁੰਦੇ। ਦੋ ਦੋ ਗੁੱਤਾਂ ਵਾਲੀਆਂ ਕੁੜੀਆਂ ਨੇ ਲੰਮੀਆਂ ਲੰਮੀਆਂ ਕੱਜਲ ਦੀਆਂ ਧਾਰੀਆਂ ਕੱਢੀਆਂ ਹੁੰਦੀਆਂ।

ਸੁਰਖ ਪਰੀਆਂ ਜਿਹੀਆਂ ਪਠਾਣੀ ਕੁੜੀਆਂ ਜਦੋਂ ਗਲੀ 'ਚੋਂ ਲੰਘਦੀਆਂ ਤਾਂ ਸਿੱਧੀਆਂ-ਸਾਦੀਆਂ ਗੁਆਂਢਣਾਂ ਨੱਕ-ਮੂੰਹ ਸੰਗੋੜਦੀਆਂ, "ਕੌਣ ਕਹਿੰਦਾ ਹੈ ਇਹ ਲੁੱਟੇ-ਪੁੱਟੇ ਨੇ। ਇਹ ਤਾਂ ਸਾਨੂੰ ਲੁੱਟਣ ਆਏ ਨੇ।"

ਦਰਅਸਲ ਉਹ ਪਿਸ਼ੌਰੀਏ ਵੀ ਸਾਡੇ ਵਾਂਗ ਡਰਦੇ ਮਾਰੇ ਹੀ ਆਏ ਸਨ ਵਕਤੀ ਤੌਰ 'ਤੇ ਵੇਲਾ ਲੰਘਾਣ। ਜਿਹੜੇ ਵੀ ਏਦਾਂ ਬਟਵਾਰੇ ਤੋਂ ਚੰਦ ਮਹੀਨੇ ਪਹਿਲਾਂ ਆ ਗਏ, ਉਹ ਲੋੜੀਂਦੀ ਪੂੰਜੀ ਦਾ ਜੁਗਾੜ ਕਰ ਕੇ ਹੀ ਆਏ ਸਨ।

ਗੁਆਂਢ ਵਿਚ ਵਸਦੇ ਮੁਸਲਮਾਨ ਪਰਿਵਾਰਾਂ



**1947 ਦਾ ਸੰਤਾਪ: *ਰਾਵਲਪਿੰਡੀ ਵਿਚ ਲਾਸ਼ਾਂ ਕਿਓਟਣ ਦਾ ਹੌਲਨਾਕ ਮੰਜ਼ਰ।***

ਦਾ ਖ਼ੌਫ਼ ਵੇਖ ਵੇਖ ਕੇ ਮਾਂ ਦਾ ਦਿਲ ਭਰ ਆਉਂਦਾ। ਉਨ੍ਹਾਂ ਦੀਆਂ ਤੀਵੀਆਂ ਵੀ ਘਰ ਦਾ ਸਾਮਾਨ ਵੇਚ ਰਹੀਆਂ ਸਨ।

ਥਾਪੀ, ਬਾਲਟੀ, ਬਿੰਡਾ, ਛੱਜ, ਮੰਜੀਆਂ, ਦਰੀਆਂ, ਕੁਰਸੀ, ਪੀੜ੍ਹੀ ਖਰੀਦ ਕੇ ਮਾਂ ਨੇ ਮੁੜ ਗ੍ਰਿਹਸਥੀ ਆਰੰਭੀ।

ਅਸੀਂ ਪੋਠੋਹਾਰੀਏ, ਪਿਸ਼ੌਰੀਏ ਤਾਂ ਪੱਕੇ ਮਾਸਾਹਾਰੀ ਸਾਂ; ਤਿੱਤਰ ਬਟੇਰਾਂ ਦੇ ਸ਼ੌਕੀਨ। ਏਥੇ ਮੁਸਲਮਾਨ ਗੁਆਂਢਣਾਂ ਤੋਂ ਦੋ ਦੋ ਆਨੇ ਦਾ ਕੁੱਕੜ ਮਿਲ ਜਾਂਦਾ। ਰੋਜ਼ ਹੀ ਪੱਕਦਾ। ਇਸ ਗੱਲੋਂ ਵੀ ਮਲਾਵਾ ਸਿੰਘ ਦੀ ਮਾਂ ਔਖੀ ਹੁੰਦੀ। ਉਨ੍ਹਾਂ ਦੇ ਘਰ ਤਾਂ ਇਕੋ ਦਾਲ ਪੱਕਦੀ ਹਫ਼ਤਿਆਂ ਬੱਧੀ, ਤੇ ਜੇ ਕਦੀ ਮੁਰਗਾ ਰਿਝਦਾ ਤਾਂ ਵੀ ਆਖਦੇ, "ਅੱਜ ਮੁਰਗੇ ਦੀ ਦਾਲ ਬਣਾਈ ਹੈ।"

### ਇਕ ਸੁਹਾਵਣੀ ਯਾਦ

ਅਠ੍ਹਾਰਾਂ ਸਾਲਾਂ ਦੇ ਜਵਾਨ, ਪਾਲ ਵੀਰ ਜੀ ਲਈ ਫਰੀਦਕੋਟ ਵਿਚ ਵਿਹਲੇ ਰਹਿ ਕੇ ਵਕਤ ਗੁਜ਼ਾਰਨਾ ਡਾਢਾ ਔਖਾ ਸੀ। ਵਤਨ ਵਿਚ ਉਨ੍ਹਾਂ ਨੌਂਵੀਂ ਵਿਚ ਹੀ ਪੜ੍ਹਾਈ ਛੱਡ ਦਿੱਤੀ। ਸਾਲਾਨਾ ਇਮਤਿਹਾਨ ਦੇ ਦਿਨਾਂ ਵਿਚ ਉਨ੍ਹਾਂ ਨੂੰ ਟਾਈਫਾਈਡ ਹੋ ਗਿਆ ਸੀ। ਫੇਲ੍ਹ ਹੋ ਕੇ ਉਹ ਛੋਟੇ ਭਰਾ ਨਾਲ ਇਕੋ ਜਮਾਤ ਵਿਚ ਹੋ ਗਏ। ਨਮੋਸ਼ੀ ਜਰ ਨਾ ਸਕੇ। ਸਕੂਲ ਜਾਣਾ ਛੋੜ ਦਿੱਤਾ। ਮਾਪਿਆਂ ਦੀਆਂ ਅਣਗਿਣਤ ਕੋਸ਼ਿਸ਼ਾਂ ਬੇਕਾਰ ਗਈਆਂ। ਵਿਹਲੇ ਪੁੱਤਰ ਨੂੰ ਪਟਰੋਲ ਪੰਪ 'ਤੇ ਬਿਠਾਣਾ ਪਿਆ। ਉਹ ਦੋ ਤਿੰਨ ਸਾਲਾਂ ਤੋਂ ਚੰਗੀ ਤਰ੍ਹਾਂ ਬਿਜ਼ਨਸ ਸੰਭਾਲ ਰਹੇ ਸਨ। ਹੁਣ ਫਰੀਦਕੋਟ ਵਿਚ ਵਿਹਲਾ ਨੱਢਾ ਕੀਕੂੰ ਵਕਤ ਗੁਜ਼ਾਰੇ!

ਮਈ, ਜੂਨ। ਭੱਠ ਗਰਮੀ ਦੇ ਦਿਨ।

ਪਾਲ ਵੀਰ ਜੀ ਨੇ ਨਿੰਬੂ ਅਤੇ ਖੰਡ ਖਰੀਦ ਕੇ ਬਾਲਟੀ ਸ਼ਿਕੰਜਵੀ ਦੀ ਤਿਆਰ ਕੀਤੀ। ਠੰਢੀ ਬਰਫ਼ ਸ਼ਿਕੰਜਵੀ ਦੀ ਬਾਲਟੀ, ਤੇ ਨਾਲ ਬਾਲਟੀ ਪਾਣੀ ਦੀ ਸਣੇ ਦੋ ਗਲਾਸਾਂ ਦੇ। ਉਨ੍ਹਾਂ ਮੈਨੂੰ ਵੀ ਨਾਲ ਤੋਰ ਲਿਆ। ਸੜਕ ਕਿਨਾਰੇ। ਟਕੇ ਟਕੇ ਦਾ ਗਲਾਸ। ਮੇਰਾ ਕੰਮ ਸੀ ਜੂਠੇ ਗਲਾਸ ਧੋਣਾ।

'ਆਓ ਜੀ, ਆਓ ਜੀ
ਆਓ ਪਿਆਸ ਬੁਝਾਓ ਜੀ।'

ਪਾਲ ਵੀਰ ਜੀ ਹੋਕਰਾ ਦੇਣ ਲੱਗੇ। ਖੇਡ ਖੇਡ ਵਿਚ ਮੈਂ ਵੀ ਨਾਲ ਸੁਰ ਮਿਲਾਂਦੀ। ਇਕ ਦੋ ਘੰਟਿਆਂ ਵਿਚ ਹੀ ਬਾਲਟੀ ਖਾਲੀ ਹੋ ਗਈ। ਪੂਰੀ ਵਿਕਰੀ ਮਗਰੋਂ ਪਾਲ ਵੀਰ ਜੀ ਨੇ ਹਿਸਾਬ ਕੀਤਾ। ਪੂਰਾ ਇਕ ਆਨੇ ਦਾ ਮੁਨਾਫ਼ਾ ਹੋਇਆ ਸੀ। ਉਸ ਆਨੇ ਦਾ ਅੱਧ, ਟਕਾ ਵੀਰ ਜੀ ਨੇ ਮੈਨੂੰ ਦਿੱਤਾ। ਟਕਾ ਯਾਨਿ ਅੱਜ ਦੇ ਤਿੰਨ ਪੈਸੇ ਜਿਨ੍ਹਾਂ ਬਦਲੇ ਕੋਲ ਹੀ ਵੇਚ ਰਹੇ ਭਾਈ ਕੋਲੋਂ ਮੈਂ ਜਾਮੂਨਾਂ ਦਾ ਪੁੜਾ ਖਰੀਦ ਕੇ ਰੂਹ ਤ੍ਰਿਪਤਾਈ।

"ਤੈਨ ਜਾਮਨ ਚੰਗੇ ਲਗਨੇ ਨੁ?" ਦੂਜੇ ਦਿਨ ਪਾਲ ਵੀਰ ਜੀ ਨੇ ਪੁੱਛਿਆ।

"ਹਾਂ, ਬਹੂੰ ਚੰਗੇ।" ਮੇਰਾ ਉੱਤਰ ਸੀ।

ਪਾਲ ਵੀਰ ਜੀ ਨੇ ਉਸੇ ਵੇਲੇ ਸੇਰ ਜਾਮਨ ਖਰੀਦ ਲਿਆਂਦੇ ਟਕੇ ਟਕੇ ਦੇ ਪੁੜੇ ਵੇਚਣ ਲਈ। ਅੱਜ ਉਨ੍ਹਾਂ ਦਾ ਕੰਮ ਸੀ ਅਖ਼ਬਾਰ ਦੇ ਕਾਗਜ਼ ਦਾ ਪੁੜਾ ਬਣਾ ਕੇ ਜਾਮਨ ਭਰਨੇ, ਤੇ ਮੇਰਾ ਕੰਮ ਸੀ ਜਾਮਨਾਂ 'ਤੇ ਲੂਣ ਛਿੜਕਣਾ।

ਰਾਅ ਜਾਮਨ ਵਾਹ ਜਾਮਨ
ਕਾਲੇ ਕਾਲੇ ਸ਼ਾਹ ਜਾਮਨ

ਅਸਾਂ ਸੁਰ ਮਿਲਾਈ। ਇਹ ਤਜਰਬਾ ਵੀ ਠੀਕ ਰਿਹਾ। ਮੁਨਾਫ਼ੇ ਦਾ ਅੱਧ, ਯਾਨਿ ਪੂਰਾ ਆਨਾ ਮੈਂ ਖੱਟਿਆ।

ਵਤਨਾਂ ਵਿਚ ਮੇਰੇ ਵੀਰਾਂ ਦਾ ਲਿਬਾਸ ਕਮੀਜ਼ ਪਜਾਮਾ ਹੀ ਸੀ। ਇਥੇ ਸਥਾਨਕ ਨੱਢਿਆਂ ਦੀ ਦੇਖਾ-ਦੇਖੀ ਪਾਲ ਵੀਰ ਜੀ ਨੇ ਬਨੈਨ ਤੇ ਲਾਚੇ ਨਾਲ ਨਵਾਂ ਹੀ ਰੂਪ ਕੱਢ ਲਿਆ। ਉਹ ਮਾਂ ਤੋਂ ਖੁੱਲ੍ਹੇ ਪੈਸੇ ਮੰਗਣ, ਸੌ ਦੋ ਸੌ ਜਾਂ ਵੱਧ ਕੋਈ ਨਵਾਂ ਕੰਮ ਸ਼ੁਰੂ ਕਰਨ ਲਈ ਤੇ ਮਾਂ ਦਾ ਦਿਲ ਨਾ ਮੰਨੇ ਕਿ ਉਸ ਦਾ ਪੁੱਤਰ ਰੇੜ੍ਹੀ ਜਾਂ ਫੜ੍ਹੀ ਦਾ ਕੋਈ ਛੋਟਾ ਕੰਮ ਕਰੇ। ਉਸ ਪੈਸੇ ਦੇਣ ਤੋਂ ਆਨਾ ਕਾਨੀ ਕੀਤੀ। ਵੀਰ ਜੀ ਚੁੱਪ-ਚੁਪੀਤੇ ਬਾਹਰ ਨਿਕਲ ਗਏ। ਰਾਤੀਂ ਮੁੜੇ ਹੀ ਨਾ। ਮਾਂ ਰੋਵੇ। ਕੁਰਲਾਵੇ। ਦੋ ਦਿਨ ਲੰਘ ਗਏ। ਪਤਾ ਲੱਗਾ ਪਾਲ ਵੀਰ ਜੀ ਨੇ ਗੁਜਰਖਾਨ ਤੋਂ ਹੀ ਆਏ ਹੋਏ ਚੌਧਰੀਆਂ ਦੇ ਢਾਬੇ 'ਤੇ ਨੌਕਰੀ ਕਰ ਲਈ ਹੈ। ਭੱਠ ਗਰਮੀ ਵਿਚ ਤਪਦੇ ਤੰਦੂਰ 'ਤੇ ਰੋਟੀਆਂ ਲਾਹੁੰਦੇ ਪੁੱਤਰ ਨੂੰ ਵੇਖਣ ਗਈ ਮਾਂ ਰੋ ਰੋ ਬੇਹਾਲ।

"ਆ ਜਾ ਪੁੱਤਰ, ਮਾਂ ਸਦਕੇ। ਜਿਤਨੇ ਪੈਸੇ ਆਖਸੇਂ ਦੇਸਾਂ।" ਮਾਂ ਨੇ ਵਾਸਤਾ ਪਾਇਆ। ਮੈਂ ਵੀ ਨਾਲ ਸਾਂ।

"ਵੀਰ ਜੀ, ਘਾਰ ਜੁੱਲੋ ਅੱਸ ਫਿਰ ਸ਼ਿਕੰਜਵੀ ਵੇਚਸੀਏ।" ਹੰਝੂਓ-ਹੰਝੂ ਮੈਂ ਤਰਲਾ ਪਾਇਆ।

"ਤੁਸ ਜਾਓ ਮੈਂ ਆਨਾ ਪਿਆਂ।" ਵੀਰ ਜੀ ਨੇ ਮੇਰੀ ਪਿੱਠ ਥਾਪੜੀ।

ਦੂਜੇ ਦਿਨ ਪਾਲ ਵੀਰ ਜੀ ਨੇ ਰੇੜ੍ਹੀ ਖਰੀਦੀ। ਦੇਸੀ ਸਾਬਣ ਖਰੀਦਿਆ ਤੇ ਗਲੀਓ-ਗਲੀ ਹੋਕਰਾ ਦੇਣ ਲੱਗੇ।

ਕਹਿਰਾਂ ਦੀ ਗਰਮੀ, ਨੰਗੀਆਂ ਬਾਹਵਾਂ, ਬਨੈਨ ਤੇ ਲਾਚੇ ਵਿਚ ਰੇੜ੍ਹੀ ਧੱਕਦੇ ਪੁੱਤਰ ਨੂੰ ਤੱਕ ਤੱਕ ਮਾਂ ਦਾ ਕਲੇਜਾ ਫਟੇ ਪਰ ਕੀ ਕਰੇ? ਪੁੱਤਰ 'ਤੇ ਧੰਦੇ ਦਾ ਭੂਤ ਸਵਾਰ ਸੀ।

ਹਫ਼ਤਾ ਭਰ ਰੇੜ੍ਹੀ ਚਲਦੀ ਰਹੀ। ਕੜਕਦੀ ਧੁੱਪ ਵਿਚ ਸਾਬਣ ਸੁੱਕਦਾ ਗਿਆ। ਸੁੱਕ ਕੇ ਹੌਲਾ ਹੁੰਦਾ ਗਿਆ। ਇਸ ਕੰਮ ਵਿਚ ਪਾਲ ਵੀਰ ਜੀ ਨੂੰ ਨੁਕਸਾਨ ਹੋਇਆ।

"ਤੁਸਾਂ ਸਾਬਣ ਨੇ ਧੰਦੇ ਵਿਚ ਮੈਂ'ਨ ਭਾਈਵਾਲ ਨਹੀਂ ਨਾ ਬਣਾਇਆ, ਤਾਂ ਹੀ ਤੁਸਾਂ ਕੀ ਘਾਟਾ ਪਿਐ।" ਮੈਂ ਪਾਲ ਵੀਰ ਜੀ ਨੂੰ ਚਿੜ੍ਹਾਂਦੀ।

ਰੇੜ੍ਹੀ ਤਾਂ ਹੈ ਹੀ ਸੀ ਆਪਣੀ। ਜਿਹੜੇ ਪੈਸੇ ਵੱਟਣ ਹੋਏ, ਉਨ੍ਹਾਂ ਨਾਲ ਪਾਲ ਵੀਰ ਜੀ ਨੇ ਮੁੜ ਮਾਲ ਪਾ ਲਿਆ। ਇਹ ਸਨ ਬਨੈਨਾ ਤੇ ਤੌਲੀਏ। ਕੰਘੀ ਪੱਟੀ ਸਵਾਰ, ਨੀਲੇ ਫਰਾਕ ਵਿਚ ਮੈਂ ਵੀ ਪਾਲ ਵੀਰ ਜੀ ਦੇ ਨਾਲ ਸਾਂ ਹੁਣ। ਹੋਕਰਾ ਲਗਦਾ, "ਇਹ ਦਿੱਲੀ ਦੇ ਤੁਹਫ਼ੇ ਆ ਗਏ ਜੀ, ਚਲ ਵਧੀਆ ਬਨੈਨਾਂ।"

"ਦਿੱਲੀ ਦੇ ਤੁਹਫ਼ੇ ਆ ਗਏ ਜੀ", ਲੰਮੀ ਹੇਕ ਨਾਲ ਪਾਲ ਵੀਰ ਜੀ ਬੋਲਦੇ ਤੇ "ਚਲ ਵਧੀਆ ਬਨੈਨਾਂ" ਲੰਮੀ ਹੇਕ ਮੈਂ ਲਾਉਂਦੀ। ਸੜਕੋ-ਸੜਕ ਗਲੀਓ-ਗਲੀ। ਇਹ ਸਾਡਾ ਵਾਹ-ਵਾਹ ਦਿਲਚਸਪ ਤਜਰਬਾ ਰਿਹਾ। ਇਸ ਧੰਦੇ ਵਿਚ ਸਾਨੂੰ ਨਫ਼ਾ ਹੋਇਆ ਜਾਂ ਨੁਕਸਾਨ, ਕੁਝ ਯਾਦ ਨਹੀਂ।

ਹੁਣ ਤੱਕ ਪਟਿਆਲੇ ਤੋਂ ਸੰਤ ਭੈਣ ਜੀ ਵੀ ਪਰਿਵਾਰ ਸਮੇਤ ਫਰੀਦਕੋਟ ਆ ਗਈ। ਇਕੋ ਹੀ ਕਮਰੇ ਵਾਲਾ ਇਹ ਘਰ ਛੋਟਾ ਪੈਂਦਾ ਸੀ। ਸੋ, ਸ਼ਹਿਰ ਦੇ ਬਾਹਰਵਾਰ ਸ਼ਾਇਦ ਬਲਬੀਰ ਬਸਤੀ ਸੀ ਉਸ ਮੁਹੱਲੇ ਦਾ ਨਾਂ, ਵੱਡਾ ਮਕਾਨ ਕਿਰਾਏ 'ਤੇ ਲੈ ਲਿਆ। ਇਕ ਕਮਰੇ ਵਿਚ ਭੈਣ ਜੀ, ਜੀਜਾ ਜੀ ਤੇ ਉਨ੍ਹਾਂ ਦੇ ਦੋ ਪੁੱਤਰ ਤੇ ਇਕ ਕਮਰੇ ਵਿਚ ਮਾਂ ਅਸਾਂ ਬਾਲਕਾਂ ਸਮੇਤ।

ਸ਼ਾਇਦ ਜੂਨ ਜੁਲਾਈ ਦਾ ਮਹੀਨਾ ਹੋਣੈ। ਮੁਸਲਮਾਨ ਪਰਿਵਾਰਾਂ ਦਾ ਕਾਫ਼ਲਾ ਤੁਰ ਪਿਆ ਸੀ ਹੱਦ ਪਾਰ ਕਰਨ ਲਈ। ਰਾਜੇ ਦੇ ਸੁਰੱਖਿਆ ਸਿਪਾਹੀ ਨਾਲ ਸਨ। ਸੰਤ ਭੈਣ ਜੀ ਦੀ ਰਖਵਾਲੀ ਹੇਠਾਂ ਪਰਿਵਾਰ ਨੂੰ ਛੱਡ ਕੇ ਮਾਂ ਗੱਡੀ ਚੜ੍ਹ ਗਈ ਗੁਜਰਖਾਨ ਲਈ, ਭਾਪਾ ਜੀ ਨੂੰ ਲੈਣ। ਉਹ ਹਾਲਾਂ ਵੀ ਮੰਦੂਰੇ ਹੀ ਸਨ। ਪਟਰੋਲ ਪੰਪ 'ਤੇ। ਜਾ ਪਹੁੰਚੀ ਮਾਂ ਤੇ ਫੈਸਲਾ ਸੁਣਾ ਦਿੱਤਾ, "ਜੇ ਨਾਲ ਜੁਲਨੇ ਹੋ ਹੁਣੇ, ਹਿਸੇ ਵੇਲੇ; ਤਾਂ ਠੀਕ ਹੈ। ਨਹੀਂ ਤੇ ਮੈਂ ਵੀ ਹਿੱਥੋਂ ਨਹੀਂ ਹਿਲਣਾ। ਟੱਬਰ ਤੁਸਾਂ ਨਾ ਜੀਵੇ, ਮਰੇ। ਮੈਂ'ਨ ਕੇ।"

ਭਾਪਾ ਜੀ ਨੇ ਬਥੇਰੀ ਟਿਲ ਲਾਈ। ਮਾਂ ਟੱਸ ਤੋਂ ਮੱਸ ਨਾ ਹੋਈ। ਪਟਰੋਲ ਪੰਪ ਦੀਆਂ ਚਾਬੀਆਂ ਭਾਪਾ ਜੀ ਨੇ ਗੁਆਂਢੀਆਂ ਨੂੰ ਪਕੜਾਈਆਂ ਤੇ ਤੁਰ ਪਏ ਮਾਂ ਨਾਲ। ਉਨ੍ਹਾਂ ਦੀ ਜੇਬ ਵਿਚ ਤਿੰਨ ਸੌ ਰੁਪਏ ਹੀ ਸਨ। ਮਾਲ ਗੱਡੀਆਂ ਅਤੇ ਸਵਾਰੀ ਗੱਡੀਆਂ 'ਤੇ ਚੜ੍ਹਦੇ ਲਹਿੰਦੇ, ਬਚਦੇ-ਬਚਾਂਦੇ ਉਹ ਪੁੱਜ ਹੀ ਗਏ ਅੱਠ ਦਸ ਦਿਨਾਂ ਵਿਚ ਫਰੀਦਕੋਟ।

## ਤੇਜ਼ਾਬੀ ਹਮਲੇ

ਕਿਉਂ ਧੀਆਂ ਨੂੰ ਤੇਜ਼ਾਬੀ ਸ਼ਿਕਾਰ ਬਣਾਇਆ?
ਤੇਜ਼ਾਬ ਦਰਿੰਦਿਆਂ ਹਿੱਸੇ ਕਿਉਂ ਨਾ ਆਇਆ?

ਪਾ ਤੇਜ਼ਾਬ ਨਜ਼ਰ, ਜਿਸਮ ਸਭ ਸਾੜਿਆ,
ਕਿਉਂ ਧੀਆਂ ਨੂੰ ਜਿੰਦਾ ਲਾਸ਼ ਬਣਾਇਆ?

ਕੁੱਖ ਵਿਚ ਕਤਲ, ਰੇਪ, ਤੇਜ਼ਾਬੀ ਹਮਲੇ,
ਕਿਉਂ ਇਹ ਸਭ ਹੀ ਔਰਤ ਦੇ ਹਿੱਸੇ ਆਇਆ?

ਕੁਰਬਾਨੀ ਵਾਲੇ ਬਕਰੇ ਹੀ ਆਖਿਰ,
ਕਿਉਂ ਬੇਗੁਨਾਹ ਕੁੜੀਆਂ ਨੂੰ ਬਣਾਇਆ?


ਤੇਜ਼ਾਬੀਆਂ ਨੂੰ ਹੋਰ ਸਜ਼ਾ ਦੀ ਲੋੜ ਨਹੀਂ,
ਉਹੀ ਤੇਜ਼ਾਬ ਉਨ੍ਹਾਂ 'ਤੇ ਜਾਏ ਪਾਇਆ।

'ਲਾਡੀ' ਤਿੱਖੜ ਕੰਡਿਆਂ ਨੂੰ ਕੀ ਪਤਾ?
ਕਿ ਫੁੱਲਾਂ ਨੇ ਕਿੰਜ ਪੀੜ ਸਹਿ ਹਾਰ ਬਣਾਇਆ।

*-ਲਾਡੀ ਸੁਖਜਿੰਦਰ ਕੌਰ ਭੁੱਲਰ*
*ਫੋਨ: 91-97811-91910*

# ਕਾਂਗਰਸ-ਭਾਜਪਾ: ਤੂੰ ਮੈਨੂੰ ਕਾਜ਼ੀ ਕਹਿ, ਮੈਂ ਤੈਨੂੰ ਮੁੱਲਾਂ ਮੰਨੂੰ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਪੰਦਰਵੀਂ ਲੋਕ ਸਭਾ ਆਪਣੀ ਉਮਰ ਦੇ ਭਾਵੇਂ ਹਾਲੇ ਕੁਝ ਹਫਤੇ ਹੋਰ ਮਾਣਨ ਦਾ ਹੱਕ ਰੱਖਦੀ ਹੈ, ਪਰ ਹੁਣ ਇਸ ਦਾ ਕੋਈ ਇਜਲਾਸ ਨਹੀਂ ਹੋਣਾ। ਇਸ ਦੀ ਸਰਗਰਮੀ ਦਾ ਲਗਭਗ ਭੋਗ ਪੈ ਗਿਆ ਹੈ। ਬਾਹਲੇ ਖਾਸ ਹਾਲਾਤ ਪੈਦਾ ਹੋ ਜਾਣ 'ਤੇ ਇਸ ਦਾ ਕੋਈ ਐਮਰਜੈਂਸੀ ਇਜਲਾਸ ਬੁਲਾਉਣਾ ਪੈ ਜਾਵੇ, ਇਹੋ ਜਿਹੀ ਸਥਿਤੀ ਵੀ ਨਜ਼ਰ ਨਹੀਂ ਆ ਰਹੀ। ਇੱਕੀ ਫਰਵਰੀ ਦਾ ਦਿਨ ਇਸ ਦੀ ਵਿਦਾਇਗੀ ਦਾ ਦਿਨ ਬਣ ਗਿਆ ਅਤੇ ਇਸ ਮੌਕੇ ਦੀ ਕਾਰਵਾਈ ਇਸ ਤਰ੍ਹਾਂ ਜਾਪਦੀ ਸੀ, ਜਿਵੇਂ ਫਿਲਮਾਂ ਵਿਚ ਲੰਮੀ ਲੜਾਈ ਮਗਰੋਂ ਦੋ ਧਿਰਾਂ ਦਾ ਸਮਝੌਤਾ ਹੋ ਜਾਣ ਪਿੱਛੋਂ ਇੱਕ ਦੂਸਰੇ ਨਾਲ ਮੋਹ ਦਾ ਪ੍ਰਗਟਾਵਾ ਕਰਨ ਵਿਚ ਇਸ ਹੱਦ ਤੱਕ ਚਲੇ ਜਾਂਦੀਆਂ ਹਨ ਕਿ ਦਰਸ਼ਕਾਂ ਵਿਚੋਂ ਭਾਵੁਕ ਕਿਸਮ ਦੇ ਕੁਝ ਲੋਕ ਅੱਖਾਂ ਪੂੰਝਣ ਲੱਗ ਪੈਂਦੇ ਹਨ। ਉਨ੍ਹਾਂ ਨੂੰ ਸਾਰੀ ਫਿਲਮ ਵਿਚ ਹੁੰਦਾ ਰਿਹਾ ਛਿੱਤਰ-ਪੌਲਾ ਤੇ ਕੱਢੀਆਂ ਗਈਆਂ ਗੰਦੀਆਂ ਗਾਲ੍ਹਾਂ ਵੀ ਯਾਦ ਨਹੀਂ ਰਹਿੰਦੀਆਂ। ਇਹੋ ਕੁਝ ਪਾਰਲੀਮੈਂਟ ਦੇ ਆਖਰੀ ਦਿਨ ਹੋਇਆ ਹੈ।

ਕੀ ਇਹ ਛੋਟੀ ਜਿਹੀ ਗੱਲ ਸੀ ਕਿ ਵਿਰੋਧੀ ਧਿਰ ਦੀ ਜਿਹੜੀ ਲੀਡਰ ਸੁਸ਼ਮਾ ਸਵਰਾਜ ਨੇ ਕਦੀ ਕੋਈ ਮੌਕਾ ਸੁੱਕਾ ਨਹੀਂ ਸੀ ਜਾਣ ਦਿੱਤਾ ਤੇ ਹਰ ਵਕਤ ਸੋਨੀਆ ਗਾਂਧੀ ਤੇ ਡਾ. ਮਨਮੋਹਨ ਸਿੰਘ ਦੇ ਗਿੱਟੇ ਸੇਕਣ ਨੂੰ ਤਿਆਰ ਰਹਿੰਦੀ ਸੀ, ਉਹ ਉਨ੍ਹਾਂ ਦੀਆਂ ਸਿਫਤਾਂ ਕਰਨ ਲੱਗ ਪਈ? ਇੱਕ ਮੌਕਾ ਇਸ ਦੇਸ਼ ਦੇ ਲੋਕਾਂ ਨੇ ਉਹ ਵੀ ਵੇਖਿਆ ਸੀ, ਜਦੋਂ ਸੋਨੀਆ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਏ ਜਾਣ ਦੇ ਵਿਰੋਧ ਲਈ ਸੁਸ਼ਮਾ ਸਵਰਾਜ ਨੇ ਸਿਰ ਮੁਨਾ ਦੇਣ, ਪਲੰਘ ਛੱਡ ਕੇ ਭੁੰਜੇ ਸੌਣ ਅਤੇ ਰੋਟੀ ਦੀ ਥਾਂ ਭੁੱਜੇ ਛੋਲੇ ਚੱਬਣ ਦਾ ਐਲਾਨ ਕਰ ਦਿੱਤਾ ਸੀ। ਇਸ ਵਾਰੀ ਉਹੋ ਬੀਬੀ ਸੁਸ਼ਮਾ ਇਹ ਕਹਿ ਰਹੀ ਸੀ ਕਿ ਸੋਨੀਆ ਗਾਂਧੀ ਇਸ ਦੇਸ਼ ਦੀ ਬੜੀ ਸ਼ਾਨਾਂ-ਮੱਤੀ ਔਰਤ ਹੈ। ਪ੍ਰਧਾਨ ਮੰਤਰੀ ਦੇ ਉਸੇ ਸਾਊ ਸੁਭਾਅ ਦੀਆਂ ਉਹ ਸਿਫਤਾਂ ਕਰਦੀ ਨਹੀਂ ਸੀ ਥੱਕ ਰਹੀ, ਜਿਸ ਸੁਭਾਅ ਦੇ ਕਾਰਨ ਉਹ ਆਪ ਤੇ ਉਸ ਦੀ ਪਾਰਟੀ ਦੇ ਆਗੂ ਇਸੇ ਪ੍ਰਧਾਨ ਮੰਤਰੀ ਨੂੰ ਸੋਨੀਆ ਗਾਂਧੀ ਦੇ ਰਿਮੋਟ ਕੰਟਰੋਲ ਨਾਲ ਚੱਲਣ ਵਾਲਾ ਖਿਡੌਣਾ ਆਖਦੇ ਸਨ। ਪ੍ਰਧਾਨ ਮੰਤਰੀ ਨੇ ਵੀ ਮਿੱਠਾ ਵਰਤਾਉਣ ਵਾਲੇ ਇਸ ਵਿਹਾਰ ਵਿਚ ਭਾਜੀ ਮੋੜਨ ਤੋਂ ਕਸਰ ਨਹੀਂ ਰੱਖੀ ਤੇ ਬਾਕੀ ਸਾਰੇ ਆਗੂ ਵੀ ਲਗਭਗ ਇਸੇ ਹੀ ਬੋਲੀ ਵਿਚ ਬੋਲੀ ਗਏ। ਹੱਦ ਤਾਂ ਉਦੋਂ ਹੋ ਗਈ, ਜਦੋਂ ਇੱਕ ਖੱਬੇ ਪੱਖੀ ਐਮ ਪੀ ਨੇ ਇਥੋਂ ਤੱਕ ਕਹਿ ਦਿੱਤਾ ਕਿ ਇਸ ਤੋਂ ਪਿਛਲੀ ਪਾਰਲੀਮੈਂਟ ਵਿਚ ਕਾਮਰੇਡ ਇੰਦਰਜੀਤ ਗੁਪਤਾ 'ਫਾਦਰ ਆਫ ਦ ਹਾਊਸ' (ਲੋਕ ਸਭਾ ਦਾ ਪਿਤਾ) ਹੁੰਦੇ ਸਨ ਤੇ ਹੁਣ ਮਿਆਦ ਪੁਗਾ ਰਹੀ ਲੋਕ ਸਭਾ ਵਿਚ ਭਾਜਪਾ ਦੇ ਬਜ਼ੁਰਗ ਆਗੂ ਲਾਲ ਕ੍ਰਿਸ਼ਨ ਅਡਵਾਨੀ 'ਫਾਦਰ ਆਫ ਦ ਹਾਊਸ' ਹਨ। ਕਿਸੇ ਵਕਤ ਇਹੋ ਅਡਵਾਨੀ ਸਾਹਿਬ ਬਾਬਰੀ ਮਸਜਿਦ ਢਾਹੁਣ ਤੋਂ ਲੈ ਕੇ ਗੁਜਰਾਤ ਦੇ ਕਤਲਾਂ ਪਿੱਛੋਂ ਨਰਿੰਦਰ ਮੋਦੀ ਨੂੰ ਬਚਾਉਣ ਤੱਕ ਲਈ ਖੱਬੇ ਪੱਖੀਆਂ ਦੇ ਨਿਸ਼ਾਨੇ ਉਤੇ ਹੁੰਦਾ ਸੀ।

ਇਹ ਕੁਝ ਉਹ ਗੱਲਾਂ ਹਨ, ਜਿਨ੍ਹਾਂ ਨੂੰ 'ਤੂੰ ਮੈਨੂੰ ਕਾਜ਼ੀ ਕਹਿ, ਮੈਂ ਤੈਨੂੰ ਮੁੱਲਾਂ ਮੰਨੂੰ' ਵਾਲੇ ਮੁਹਾਵਰੇ ਦਾ ਅਸਲ ਰੰਗ ਕਹਿ ਕੇ ਖੁਸ਼ ਹੋਇਆ ਜਾ ਸਕਦਾ ਹੈ, ਪਰ ਕੀ ਇਸ ਇੱਕ ਦਿਨ ਦੀ ਖੁਸ਼-ਮਿਜਾਜੀ ਨਾਲ ਸੱਠ ਮਹੀਨਿਆਂ ਵਿਚ ਹੋਏ-ਵਾਪਰੇ ਨੂੰ ਅੱਖੋਂ ਪਰੋਖੇ ਕਰ ਦੇਣਾ ਚਾਹੀਦਾ ਹੈ? ਅਸੀਂ ਇਹ ਕਰਨ ਨੂੰ ਤਿਆਰ ਨਹੀਂ। ਪਹਿਲਾਂ ਕੁਚੱਜ ਕਰ ਕੇ ਦੇਸ਼ ਦਾ ਨੱਕ ਵੱਢਣ ਲਈ ਹਾਲਾਤ ਪੈਦਾ ਕਰਨੇ ਤੇ ਫੇਰ ਜੱਫੀਆਂ ਪਾ ਲੈਣੀਆਂ ਲੀਡਰਾਂ ਲਈ ਸੌਖਾ ਹੋਵੇਗਾ, ਜਿਹੜੇ ਕਿਸੇ ਵੱਡੇ ਤੋਂ ਵੱਡੇ ਐਕਟਰ ਨੂੰ ਐਕਟਿੰਗ ਵਿਚ ਮਾਤ ਪਾ ਸਕਦੇ ਹਨ, ਦੇਸ਼ ਦੇ ਲੋਕਾਂ ਨੇ ਪੰਜ ਸਾਲ ਜਿੰਨੀ ਮਾਨਸਿਕ ਤਕਲੀਫ ਭੁਗਤੀ ਹੈ, ਇਤਿਹਾਸ ਵਿਚੋਂ ਉਸ ਦਾ ਜ਼ਿਕਰ ਨਹੀਂ ਕੱਟਿਆ ਜਾ ਸਕਦਾ। ਆਗੂ ਇੱਕ ਦੂਜੇ ਦੀ ਸਿਫਤ ਕਰ ਕੇ ਆਪਣੇ ਕੀਤੇ 'ਤੇ ਕਾਟਾ ਮਾਰਨ ਦਾ ਜੋ ਵੀ ਯਤਨ ਕਰਨ, ਲੋਕਾਂ ਲਈ ਤਾਂ ਆਖਰੀ 5 ਦਿਨਾਂ ਦਾ ਹੋਇਆ ਵੀ ਭੁਲਾ ਦੇਣਾ ਔਖਾ ਹੈ। ਵਰਲਡ ਕੱਪ ਦੇ ਆਖਰੀ ਓਵਰ ਦਾ ਚੌਕਾ ਤੇ ਕੈਚ ਦਰਸ਼ਕਾਂ ਨੂੰ ਕਦੇ ਨਹੀਂ ਭੁੱਲਦੇ।

ਪਿਛਲੇ ਪੰਜ ਸਾਲਾਂ ਵਿਚ ਇਸ ਲੋਕ ਸਭਾ ਨੇ ਸਾਨੂੰ ਸਭ ਤੋਂ ਪਹਿਲਾਂ ਟੈਲੀਕਾਮ ਦੇ ਸਪੈਕਟਰਮ ਦਾ ਉਹ ਮੁੱਦਾ ਵਿਖਾਇਆ, ਜਿਸ ਤੋਂ ਪਤਾ ਲੱਗ ਗਿਆ ਕਿ ਨਰਸਿਮਹਾ ਰਾਓ ਸਰਕਾਰ ਦੇ ਵਕਤ ਸੁਖ ਰਾਮ ਦੇ ਸਮੇਂ ਹੋਏ



*ਸੁਸ਼ਮਾ ਸਵਰਾਜ*

ਘਪਲੇ ਤੋਂ ਲੈ ਕੇ ਅੱਜ ਤੱਕ ਹਰ ਘਪਲਾ ਬਾਂਦਰ-ਵੰਡ ਦੀ ਸਿਖਰ ਬਣਿਆ ਰਿਹਾ ਹੈ। 'ਬਾਂਦਰ-ਵੰਡ' ਦੇ ਸ਼ਬਦ ਨੂੰ ਅਸੀਂ ਹੁਣ ਵਰਤਿਆ ਹੈ, ਪਾਰਲੀਮੈਂਟ ਅਤੇ ਮੀਡੀਆ ਚੈਨਲਾਂ ਦੀ ਬਹਿਸ ਵਿਚ ਇਹ ਪਿਛਲੇ ਪੰਜਾਂ ਸਾਲਾਂ ਵਿਚ ਪੰਦਰਾਂ ਸੌ ਵਾਰੀ ਵਰਤਿਆ ਗਿਆ ਹੋਵੇਗਾ। ਫਿਰ ਇਸ ਲੋਕ ਸਭਾ ਨੇ ਸਾਨੂੰ ਕਾਮਨਵੈਲਥ ਵਿਚ ਕਲਮਾਡੀ ਦੀ ਕਾਲਖ ਵਿਖਾਈ। ਦੋਵੇਂ ਮਾਮਲਿਆਂ ਵਿਚ ਬਹੁਤ ਸਾਊ ਪ੍ਰਧਾਨ ਮੰਤਰੀ ਨੇ ਪਹਿਲਾਂ ਲੋਕ ਸਭਾ ਵਿਚ ਖੜੋ ਕੇ ਇਹ ਦਾਅਵਾ ਕੀਤਾ ਕਿ ਸਭ ਕੁਝ ਮੇਰੀ ਜਾਣਕਾਰੀ ਵਿਚ ਹੈ ਤੇ ਪਿੱਛੋਂ ਇਹ ਕਹਿ ਦਿੱਤਾ ਕਿ ਜਿਸ ਨੇ ਕੀਤਾ ਹੈ, ਉਹ ਭਰੇਗਾ ਅਤੇ ਕਾਨੂੰਨ ਆਪਣਾ ਕੰਮ ਆਪ ਕਰੇਗਾ। ਪ੍ਰਧਾਨ ਮੰਤਰੀ ਸਚਮੁੱਚ ਬਹੁਤ ਸਾਊ ਸੀ, ਬਹੁਤ ਹੀ ਸਾਊ ਸੀ। ਆਪਣੇ ਸਿਰ ਉਸ ਨੇ ਕਦੇ ਵੀ ਕੋਈ ਗੁਨਾਹ ਨਹੀਂ ਲਿਆ, ਕਿਸੇ ਘਪਲੇ ਵਿਚ ਆਪ ਨਹੀਂ ਫਸਿਆ, ਪਰ ਭਾਈਬੰਦ ਉਸ ਦੀਆਂ ਅੱਖਾਂ ਮੂਹਰੇ ਸਾਰਾ ਕੁਝ ਕਰੀ ਜਾਣ, ਕਿਸੇ ਨੂੰ ਰੋਕਦਾ ਨਹੀਂ ਸੀ। ਪਿੱਛੋਂ ਕਹਿ ਦਿੰਦਾ ਸੀ ਕਿ ਕਾਨੂੰਨ ਆਪਣਾ ਕੰਮ ਆਪ ਕਰੇਗਾ। ਜਿਸ ਕਾਨੂੰਨ ਨੇ ਆਪਣਾ ਕੰਮ ਕਰਨਾ ਹੈ, ਉਹ ਕੋਈ ਆਟੋ ਦੇ ਗੇਅਰ ਵਾਲੀ ਮਸ਼ੀਨ ਨਹੀਂ ਹੁੰਦੀ। ਕਾਨੂੰਨ ਇਹ ਕੰਮ ਉਦੋਂ ਕਰਦਾ ਹੈ, ਜਦੋਂ ਵਿਰੋਧੀ ਧਿਰ ਰੌਲਾ ਪਾਉਂਦੀ ਹੈ ਜਾਂ ਦੇਸ਼ ਦੇ ਲੋਕ ਉਬਲ ਪੈਂਦੇ ਹਨ। ਕਾਨੂੰਨ ਉਦੋਂ ਹੀ ਕੰਮ ਕਰਦਾ ਹੈ।

ਸਾਡੀ ਇਸ ਪਾਰਲੀਮੈਂਟ ਨੇ ਭ੍ਰਿਸ਼ਟਾਚਾਰ ਦੇ ਸਵਾਲ ਉਤੇ ਰਾਜਧਾਨੀ ਦਿੱਲੀ ਵਿਚ ਪੈ ਰਿਹਾ ਧਮੱਚੜ ਰੋਕਣ ਲਈ ਇੱਕ ਵਾਰੀ ਇੱਕ ਮਤਾ ਸਰਬ ਸੰਮਤੀ ਨਾਲ ਪਾਸ ਕੀਤਾ ਕਿ ਸਮਾਜ ਸੇਵੀ ਬਜ਼ੁਰਗ ਅੰਨਾ ਹਜ਼ਾਰੇ ਹੁਣ ਆਪਣਾ ਵਰਤ ਛੱਡ ਦੇਵੇ, ਅਸੀਂ ਲੋਕਪਾਲ ਦਾ ਬਿੱਲ ਪਾਸ ਕਰ ਦੇਵਾਂਗੇ। ਉਹ ਵਰਤ ਛੱਡਣਾ ਮੰਨ ਗਿਆ ਤੇ ਪਾਰਲੀਮੈਂਟ ਇਸ ਤੋਂ ਬਾਅਦ ਕੁਝ ਕਰਨ ਦਾ ਖਿਆਲ ਛੱਡ ਕੇ ਬਹਿ ਗਈ। ਫਿਰ ਉਹ ਬਿੱਲ ਪਾਸ ਹੋ ਗਿਆ। ਜਦੋਂ ਬਿੱਲ ਪਾਸ ਹੋਇਆ ਤਾਂ ਇਸ ਲਈ ਨਹੀਂ ਸੀ ਹੋਇਆ ਕਿ ਸਰਕਾਰ ਅਤੇ ਵਿਰੋਧੀ ਧਿਰ ਦੀ ਨੀਤ ਸਾਫ ਸੀ, ਬਲਕਿ ਉਦੋਂ ਪਾਸ ਕਰਨਾ ਪੈ ਗਿਆ, ਜਦੋਂ ਰਾਜਧਾਨੀ ਦਿੱਲੀ ਦੇ ਲੋਕਾਂ ਨੇ ਸਰਕਾਰ ਤੇ ਵਿਰੋਧੀ ਧਿਰ ਦੋਵਾਂ ਨੂੰ ਸੜਕ ਸਵਾਰ ਕਰ ਕੇ ਤੀਸਰਾ ਬਦਲ ਲੱਭਣ ਦੀ ਖਾਹਿਸ਼ ਪ੍ਰਗਟ ਕਰ ਦਿੱਤੀ ਸੀ। ਹੁਣ ਜਦੋਂ ਦੋਵਾਂ ਪਾਸਿਆਂ ਤੋਂ ਇੱਕ ਦੂਜੇ ਦੀਆਂ ਸਿਫਤਾਂ ਹੋ ਰਹੀਆਂ ਹਨ ਤਾਂ ਇਸ ਵਿਚੋਂ ਵੀ ਕਿਸੇ ਤੀਸਰੀ ਧਿਰ ਦੇ ਉਭਾਰ ਦਾ ਡਰ ਸਤਾ ਰਿਹਾ ਨਜ਼ਰ ਆਉਂਦਾ ਹੈ।

ਬਹੁਤ ਕੁਝ ਹੋਇਆ ਇਸ ਲੋਕ ਸਭਾ ਵਿਚ, ਸਚਮੁੱਚ ਬਹੁਤ ਕੁਝ ਹੋਇਆ ਹੈ। ਇਸ ਵਿਚ ਹੋਏ ਜਿਸ 'ਬਹੁਤ ਕੁਝ' ਦੀ ਚਰਚਾ ਸਰਕਾਰ ਅਤੇ ਵਿਰੋਧੀ ਧਿਰ ਨੇ ਆਖਰੀ ਦਿਨ ਇੱਕ ਸੁਰ ਵਿਚ ਕੀਤੀ, ਉਸ ਵਿਚ ਭਾਰਤ ਦੇ ਇੱਕ ਹੋਰ ਰਾਜ ਤਿਲੰਗਾਨਾ ਦੇ ਬਣਾਏ ਜਾਣ ਦੀ ਪ੍ਰਵਾਨਗੀ ਵੀ ਸ਼ਾਮਲ ਸੀ। ਸਾਨੂੰ ਇਹ ਸਮਝ ਨਹੀਂ ਆ ਸਕੀ ਕਿ ਏਦਾਂ ਦੀ ਕਿਹੜੀ ਗੱਲ ਸੀ, ਜਿਸ ਨੂੰ ਇਸ ਰਾਜ ਦੇ ਬਣਾਏ ਜਾਣ ਦੀ ਪ੍ਰਵਾਨਗੀ ਨਾਲ ਜੋੜ ਕੇ ਹਾਕਮ ਅਤੇ ਵਿਰੋਧੀ ਧਿਰ ਦੋਵਾਂ ਨੇ ਖੁਸ਼ੀ ਪ੍ਰਗਟ ਕੀਤੀ ਹੈ? ਕੀ ਇੱਕ ਰਾਜ ਦਾ ਬਣ ਜਾਣਾ ਹੀ ਖੁਸ਼ੀ ਦੀ ਗੱਲ ਹੈ? ਜੇ ਇਹ ਗੱਲ ਸੀ ਤਾਂ ਫਿਰ ਵਿਰੋਧ ਦੀ ਧਿਰ ਨੇ ਆਖਰੀ ਵਕਤ ਤੱਕ ਇਸ ਦਾ ਬਿੱਲ ਪਾਸ ਹੋਣ ਵਿਚ ਅੜਿੱਕੇ ਕਿਉਂ ਡਾਹੇ ਸਨ? ਆਖਰੀ ਵੇਲੇ ਵੀ ਦੋਵਾਂ ਦੇ ਆਗੂ ਅੰਦਰ ਵੜ ਕੇ ਸਮਝੌਤੇ ਦਾ ਰਾਹ ਕੱਢਦੇ ਅਤੇ ਬਾਹਰ ਲੋਕਾਂ ਸਾਹਮਣੇ ਲੜਦੇ ਕਿਉਂ ਰਹੇ ਸਨ? ਲੋਕ ਅੰਦਰ ਬੈਠ ਕੇ ਕੀਤੀਆਂ ਗੱਲਾਂ ਤੋਂ ਵੱਧ ਉਨ੍ਹਾਂ ਗੱਲਾਂ ਬਾਰੇ ਸੋਚਣਗੇ, ਜਿਹੜੀਆਂ ਉਨ੍ਹਾਂ ਦੇ ਸਾਹਮਣੇ ਵਾਪਰੀਆਂ ਹਨ।

ਸਾਹਮਣੇ ਜੋ ਕੁਝ ਵਾਪਰਿਆ ਹੈ, ਉਹ ਸਾਰੇ ਦੇਸ਼ ਦੇ ਲੋਕਾਂ ਨੂੰ ਸ਼ਰਮਿੰਦੇ ਕਰਨ ਵਾਲਾ ਹੈ। ਇੱਕ ਦਿਨ ਬਹਿਸ ਹਾਲੇ ਸ਼ੁਰੂ ਨਹੀਂ ਸੀ ਹੋਈ ਕਿ ਇੱਕ ਮੈਂਬਰ ਨੇ ਆਣ ਕੇ ਕਾਲੀ ਮਿਰਚ ਦਾ ਪਾਊਡਰ ਛਿੜਕ ਕੇ ਸਾਰੀ ਪਾਰਲੀਮੈਂਟ ਦੇ ਮੈਂਬਰਾਂ ਨੂੰ ਖੰਘਣ ਲਾ ਦਿੱਤਾ। ਕਈ ਲੋਕਾਂ ਨੂੰ ਹਸਪਤਾਲ ਲਿਜਾਣਾ ਪੈ ਗਿਆ। ਇੱਕ ਹੋਰ ਮੈਂਬਰ ਨੇ ਇੱਕ ਚਾਕੂ ਨਾਲ ਮਿਲਦੀ ਕੋਈ ਚੀਜ਼ ਲਹਿਰਾਈ, ਜਿਸ ਬਾਰੇ ਬਾਅਦ ਵਿਚ ਕਿਹਾ ਗਿਆ ਕਿ ਚਾਕੂ ਨਹੀਂ ਸੀ, ਸਦਨ ਦੀ ਮੇਜ਼ ਤੋਂ ਉਸ ਨੇ ਮਾਈਕ ਤੋੜ ਕੇ ਚਾਕੂ ਵਾਂਗ ਲਹਿਰਾਇਆ ਸੀ। ਇਸ ਦੇ ਇੱਕ ਦਿਨ ਪਹਿਲਾਂ ਇੱਕ ਮੈਂਬਰ ਨੇ ਇਹ ਕਹਿ ਕੇ ਸਾਰੇ ਦੇਸ਼ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਸੀ ਕਿ ਜੇ ਤਿਲੰਗਾਨਾ ਰਾਜ ਬਣਾਉਣ ਦਾ ਬਿੱਲ ਪੇਸ਼ ਕੀਤਾ ਗਿਆ ਤਾਂ ਉਹ ਲੋਕ ਸਭਾ ਵਿਚ ਸੱਪ ਛੱਡ ਦੇਵੇਗਾ। ਜਿਸ ਲੋਕ ਸਭਾ ਵਿਚ ਇਹੋ ਜਿਹੇ ਖਤਰਨਾਕ ਇਰਾਦੇ ਵਾਲੇ ਮੈਂਬਰ ਆ ਕੇ ਬੈਠੇ ਸਨ, ਉਸ ਵਿਚ ਸੱਪ ਛੱਡਣ ਦੀ ਲੋੜ ਕੀ ਰਹਿ ਗਈ ਸੀ? ਜੇ ਕੋਈ ਕਸਰ ਸੀ ਤਾਂ ਅਗਲੇ ਦੋਂਹ ਦਿਨਾਂ ਵਿਚ ਨਿਕਲ ਗਈ। ਇੱਕ ਪਾਸੇ ਖਜ਼ਾਨਾ ਮੰਤਰੀ ਇਸ ਸਾਲ ਦਾ ਅੱਧ-ਪਚੱਧਾ ਬੱਜਟ ਪੇਸ਼ ਕਰ ਰਿਹਾ ਸੀ ਤੇ ਦੂਸਰੇ ਪਾਸੇ ਉਸ ਨੂੰ ਬੋਲਣ ਤੋਂ ਰੋਕਣ ਲਈ ਜਿਹੜੇ ਲੋਕ ਖੱਪ ਪਾਈ ਜਾਂਦੇ ਸਨ, ਉਨ੍ਹਾਂ ਵਿਚ ਕੈਬਨਿਟ ਦੇ ਮੰਤਰੀ ਵੀ ਸਨ। ਨਾ ਉਨ੍ਹਾਂ ਮੰਤਰੀਆਂ ਨੇ ਇਹ ਸੋਚਿਆ ਕਿ ਸਰਕਾਰ ਨਾਲ ਏਨਾ ਵਿਰੋਧ ਹੈ ਤਾਂ ਵਜ਼ੀਰੀ ਕੁਰਸੀਆਂ ਛੱਡਣ ਦੀ ਹਿੰਮਤ ਕਰ ਵਿਖਾਈਏ ਤੇ ਨਾ ਪ੍ਰਧਾਨ ਮੰਤਰੀ ਨੇ ਏਨੀ ਜੁਰਅੱਤ ਵਿਖਾਈ ਕਿ ਇਹੋ ਜਿਹੇ ਵਜ਼ੀਰਾਂ ਨੂੰ ਕੰਨੋਂ ਪਕੜ ਕੇ ਬਾਹਰ ਕਰ ਦਿੰਦਾ। ਪ੍ਰਧਾਨ ਮੰਤਰੀ ਦੇ ਇਸ ਸਾਊਪੁਣੇ ਦਾ ਨਤੀਜਾ ਇਹ ਨਿਕਲਿਆ ਕਿ ਇੱਕ ਮੈਂਬਰ ਨੇ ਸਦਨ ਦੇ ਸਪੀਕਰ ਦੀ ਮੇਜ਼ ਤੋਂ ਕਾਗਜ਼ ਧੂਹ ਕੇ ਖਿਲਾਰ ਦਿੱਤੇ, ਦੂਸਰੇ ਨੇ ਸਪੀਕਰ ਦੀ ਮੇਜ਼ ਦਾ ਸ਼ੀਸ਼ਾ ਤੋੜ ਦਿੱਤਾ ਤੇ ਤੀਸਰਾ ਮੈਂਬਰ ਇੱਕ ਮੰਤਰੀ ਦੇ ਹੱਥੋਂ ਕਾਗਜ਼ ਖੋਹਣ ਤੁਰ ਪਿਆ। ਇਹੋ ਕੁਝ ਅਗਲੇ ਦਿਨ ਰਾਜ ਸਭਾ ਵਿਚ ਵੀ ਵਾਪਰ ਗਿਆ। ਜਦੋਂ ਜਲੂਸ ਨਿਕਲ



*ਸੋਨੀਆ ਗਾਂਧੀ*

ਗਿਆ, ਉਦੋਂ ਹਕੂਮਤ ਦੀ ਅਗਵਾਈ ਕਰਦੀ ਪਾਰਟੀ ਅਤੇ ਵਿਰੋਧੀ ਧਿਰ ਦੀ ਮੁੱਖ ਪਾਰਟੀ ਦੇ ਲੀਡਰਾਂ ਨੇ ਆਪੋ ਵਿਚ ਸੈਨਤ ਮਿਲਾ ਲਈ ਤੇ ਵੱਖਰੇ ਤਿਲੰਗਾਨਾ ਰਾਜ ਦੇ ਕਾਇਮ ਕਰਨ ਦਾ ਉਹ ਬਿੱਲ ਪਾਸ ਕਰ ਦਿੱਤਾ, ਜਿਸ ਦੇ ਕਾਰਨ ਦੇਸ਼ ਦੇ ਲੋਕਾਂ ਨੂੰ ਏਨੇ ਦਿਨਾਂ ਤੱਕ ਇਹ ਸਾਰੇ ਸ਼ਰਮਿੰਦਗੀ ਦੇ ਦ੍ਰਿਸ਼ ਵੇਖਣੇ ਪਏ ਸਨ।

ਇੱਕ ਮੁਹਾਵਰਾ ਹੈ ਕਿ 'ਜਿਹੋ ਜਿਹੀ ਕੋਕੋ, ਉਹੋ ਜਿਹੇ ਬੱਚੇ।' ਭਾਰਤ ਵਿਚ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਜਿਹੋ ਜਿਹੀ ਪਾਰਲੀਮੈਂਟ, ਉਹੋ ਜਿਹੀਆਂ ਵਿਧਾਨ ਸਭਾਵਾਂ ਹੋ ਗਈਆਂ ਹਨ। ਸਗੋਂ ਉਥੇ ਇਸ ਤੋਂ ਵੀ ਕਈ ਗੁਣਾਂ ਵੱਧ ਬਦਤਮੀਜ਼ੀ ਹੋਣ ਲੱਗ ਪਈ ਹੈ। ਇਸ ਹਫਤੇ ਵੀ ਦੋ ਥਾਂ ਅਜਿਹਾ ਹੋ ਗਿਆ ਹੈ। ਜੰਮੂ-ਕਸ਼ਮੀਰ ਦੀ ਵਿਧਾਨ ਸਭਾ ਵਿਚ ਇੱਕ ਦਿਨ ਕੁਰਸੀਓ-ਕੁਰਸੀ ਹੋਣ ਕਾਰਨ ਇੱਕ ਵਿਧਾਇਕ ਜ਼ਖਮੀ ਹੋ ਗਿਆ। ਦੋ ਦਿਨ ਗੁਜ਼ਰੇ ਸਨ ਕਿ ਉਸੇ ਵਿਧਾਨ ਸਭਾ ਵਿਚ ਬਦਤਮੀਜ਼ੀ ਕਰਦੇ ਇੱਕ ਮੈਂਬਰ ਨੂੰ ਸਪੀਕਰ ਨੇ ਬਾਹਰ ਕੱਢ ਦੇਣ ਲਈ ਸਦਨ ਵਿਚ ਮੌਜੂਦ ਮਾਰਸ਼ਲਾਂ ਨੂੰ ਕਹਿ ਦਿੱਤਾ। ਉਹ ਮੈਂਬਰ ਹੋਰ ਬਦਤਮੀਜ਼ ਹੋ ਗਿਆ। ਅੱਜ ਤੱਕ ਕਦੇ ਸਦਨ ਦੇ ਮਾਰਸ਼ਲ ਉਤੇ ਹੱਥ ਨਹੀਂ ਸੀ ਚੁੱਕਿਆ ਗਿਆ, ਉਸ ਮੈਂਬਰ ਨੇ ਮਾਰਸ਼ਲਾਂ ਨੂੰ ਵੀ ਥੱਪੜ ਕੱਢ ਮਾਰੇ। ਹੁਣ ਕੁਝ ਲੋਕ ਇਸ ਬਦਤਮੀਜ਼ੀ ਨੂੰ ਵੀ ਰੋਸ ਪ੍ਰਗਟ ਕਰਨ ਦਾ 'ਲੋਕਤੰਤਰੀ' ਹੱਕ ਆਖ ਕੇ ਉਸ ਦਾ ਪੱਖ ਲੈ ਰਹੇ ਹਨ। ਇਹ 'ਲੋਕਤੰਤਰੀ' ਹੱਕ ਤਾਂ ਇਥੋਂ ਤੱਕ ਵੀ ਸੀਮਤ ਨਹੀਂ ਰਿਹਾ। ਉਤਰ ਪ੍ਰਦੇਸ਼ ਦੀ ਵਿਧਾਨ ਸਭਾ ਦੇ ਮੈਂਬਰਾਂ ਨੇ ਨਵਾਂ ਰੰਗ ਵਿਖਾ ਦਿੱਤਾ ਹੈ। ਦੋ ਮੈਂਬਰ ਚੱਲਦੇ ਸਦਨ ਦੇ ਦੌਰਾਨ ਆਪਣੇ ਕੱਪੜੇ ਉਤਾਰਨ ਲੱਗ ਪਏ। ਦੋਵੇਂ ਜਣੇ ਕਮੀਜ਼ਾਂ ਉਤਾਰ ਕੇ ਨੰਗੇ ਢਿੱਡਾਂ ਨਾਲ ਸਦਨ ਵਿਚ ਬੇਸ਼ਰਮੀ ਨਾਲ ਖੜੇ ਰਹੇ ਤੇ ਉਸ ਰਾਜ ਦਾ ਪਾਰਲੀਮੈਂਟਰੀ ਮਾਮਲਿਆਂ ਦਾ ਮੰਤਰੀ ਆਜ਼ਮ ਖਾਨ ਉਨ੍ਹਾਂ ਤੋਂ ਵੱਧ ਬੇਸ਼ਰਮੀ ਕਰ ਗਿਆ। ਉਸ ਨੇ ਮੀਡੀਆ ਕੈਮਰਿਆਂ ਦੇ ਸਾਹਮਣੇ ਕਹਿ ਦਿੱਤਾ ਕਿ ਸਿਰਫ ਕਮੀਜ਼ ਹੀ ਉਤਾਰੇ ਹਨ, ਜੇ ਥੋੜ੍ਹੀ ਜਿਹੀ ਹੋਰ ਹਿੰਮਤ ਕਰ ਜਾਂਦੇ ਤਾਂ ਸਾਰੀ ਦੁਨੀਆਂ ਵਿਚ ਉਨ੍ਹਾਂ ਨੇ ਪ੍ਰਸਿੱਧ ਹੋ ਜਾਣਾ ਸੀ। ਇਹ ਉਹੋ ਆਜ਼ਮ ਖਾਨ ਹੈ, ਜਿਸ ਦੀਆਂ ਗਵਾਚੀਆਂ ਮੱਝਾਂ ਪੁਲਿਸ ਲੱਭਦੀ ਫਿਰਦੀ ਸੀ ਤੇ ਉਹ ਇਹ ਕਹਿੰਦਾ ਸੀ ਕਿ ਮੇਰੀਆਂ ਮੱਝਾਂ ਕੁਈਨ ਵਿਕਟੋਰੀਆ ਤੋਂ ਜ਼ਿਆਦਾ ਮਹੱਤਵਪੂਰਨ ਹੋ ਗਈਆਂ ਹਨ।

ਲੋਕ ਸਭਾ ਭਾਰਤ ਦੇ ਲੋਕਤੰਤਰ ਦਾ ਸਭ ਤੋਂ ਵੱਡਾ ਮੰਦਰ ਗਿਣੀ ਜਾਂਦੀ ਹੈ। ਇਸ ਨੂੰ ਬਾਕੀ ਸਾਰੇ ਦੇਸ਼ ਦੀਆਂ ਚੁਣੀਆਂ ਹੋਈਆਂ ਸੰਸਥਾਵਾਂ ਲਈ ਇੱਕ ਮਿਆਰ ਕਾਇਮ ਕਰਨ ਦੀ ਝਲਕ ਦੇਣੀ ਚਾਹੀਦੀ ਹੈ। ਕਿਸੇ ਥਾਂ ਕੋਈ ਮਾੜਾ ਵਾਪਰਦਾ ਹੈ ਤਾਂ ਉਸ ਨੂੰ ਬਹਿਸ ਹੇਠ ਲਿਆ ਕੇ ਅੱਗੋਂ ਲਈ ਅਕਲ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਦੀ ਥਾਂ ਇਹ ਆਪ ਹੀ ਕੋਈ ਚੰਗੀ ਛਾਪ ਛੱਡਣ ਜੋਗੀ ਸਾਬਤ ਨਹੀਂ ਹੋ ਸਕੀ। ਜੇ ਪਾਰਲੀਮੈਂਟ ਵਿਚ ਮਿਰਚਾਂ ਦਾ ਪਾਊਡਰ ਛਿੜਕਣ ਵਾਲੇ ਮੈਂਬਰ ਮੌਜੂਦ ਹੋ ਸਕਦੇ ਹਨ ਤਾਂ ਵਿਧਾਨ ਸਭਾ ਵਿਚ ਨੰਗੇ ਢਿੱਡ ਵਿਖਾਉਣ ਵਾਲੇ ਕਿਵੇਂ ਨਾ ਹੋਣਗੇ? ਇਹੋ ਜਿਹੇ ਪੰਜ ਸਾਲ ਗੁਜ਼ਾਰ ਕੇ ਆਪਣੇ ਆਪ ਉਤੇ ਤਸੱਲੀ ਕਰਨ ਵਾਲੀ ਪਾਰਲੀਮੈਂਟ ਵਿਚ ਹਾਕਮ ਅਤੇ ਵਿਰੋਧੀ ਧਿਰ ਦੇ ਆਗੂਆਂ ਵੱਲੋਂ ਇੱਕ ਦੂਸਰੇ ਦੀ ਪਿੱਠ ਪਤਾ ਨਹੀਂ ਕਿਉਂ ਥਾਪੜੀ ਗਈ ਹੈ? ਇਸ ਅੱਤ ਦੇ ਮਾੜੇ ਰਿਕਾਰਡ ਦੇ ਪਿੱਛੋਂ ਵੀ ਉਹ ਇੱਕ ਦੂਸਰੇ ਦੀ ਪਿੱਠ ਥਾਪੜ ਕੇ ਸ਼ਾਬਾਸ਼ ਦੇਣ ਦੀ ਹਿੰਮਤ ਕਰ ਸਕਦੇ ਹਨ ਤਾਂ ਆਜ਼ਮ ਖਾਨ ਤੋਂ ਪੁੱਛ ਲੈਣਾ ਚਾਹੀਦਾ ਹੈ ਕਿ ਹੋਰ ਕੀ ਕਰਨਾ ਬਾਕੀ ਰਹਿ ਗਿਆ ਹੈ, ਜਿਸ ਨਾਲ ਦੇਸ਼ ਦੇ ਲੋਕਤੰਤਰ ਤੇ ਲੋਕਤੰਤਰ ਦੇ ਇਸ ਸਭ ਤੋਂ ਵੱਡੇ ਮੰਦਰ ਦਾ ਇਕਬਾਲ ਹੋਰ ਬੁਲੰਦ ਕੀਤਾ ਜਾ ਸਕਦਾ ਹੈ? ਹੁਣ ਤੱਕ ਦੀ ਸਭ ਤੋਂ ਮਾੜੀ ਚੋਣ ਸਾਬਤ ਹੋਈ ਹੈ ਭਾਰਤ ਦੇ ਲੋਕਾਂ ਵੱਲੋਂ ਚੁਣ ਕੇ ਭੇਜੀ ਗਈ ਇਹ ਪੰਦਰਵੀਂ ਲੋਕ ਸਭਾ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

*24/7 Customer Service Available*

*Same rate for lanline and mobile.*

ਟੋਲ ਫਰੀ ਨੰਬਰ 1-888-652-6268
732-983-4332/4333

# ਜੀ.ਐਚ.ਜੀ. ਦਾ ਖੇਡ ਮੇਲਾ 15 ਮਾਰਚ ਨੂੰ

**ਫਰਿਜ਼ਨੋ (ਪੰਜਾਬ ਟਾਈਮਜ਼ ਬਿਊਰੋ):** ਜੀ.ਐਚ.ਜੀ. ਅਕਾਦਮੀ ਫਰਿਜ਼ਨੋ ਵਲੋਂ ਇਕ ਪਰਿਵਾਰਕ ਪਿਕਨਿਕ ਅਤੇ ਵਿਰਾਸਤੀ ਖੇਡ ਮੇਲਾ ਆਉਂਦੀ 15 ਮਾਰਚ ਨੂੰ ਇਥੇ ਰੋਇਡਿੰਗ ਪਾਰਕ ਵਿਚ ਕਰਵਾਇਆ ਜਾ ਰਿਹਾ ਹੈ। ਸਵੇਰੇ 11 ਵਜੇ ਸ਼ੁਰੂ ਹੋਣ ਵਾਲੇ ਇਸ ਮੇਲੇ ਵਿਚ ਪਿੱਠੂ, ਬੰਟੇ, ਘੋੜਾ-ਕਬੱਡੀ, ਬਾਂਦਰ ਕੀਲਾ, ਰੁਮਾਲ ਚੁੱਕਣ, ਕਬੱਡੀ, ਕੋਟਲਾ-ਛਪਾਕੀ, ਖੋ ਖੋ ਅਤੇ ਹੋਰ ਬਹੁਤ ਸਾਰੀਆਂ ਖੇਡਾਂ ਤੋਂ ਇਲਾਵਾ ਭੰਗੜਾ ਅਤੇ ਗਿੱਧਾ ਵੀ ਹੋਣਗੇ।

ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਮੇਲੇ ਦੀ ਤਿਆਰੀ ਵਜੋਂ ਪਿਛਲੇ ਤਿੰਨ ਹਫਤਿਆਂ ਤੋਂ ਵਿਰਾਸਤੀ ਖੇਡਾਂ ਦੀ ਟਰੇਨਿੰਗ ਵਿਕਟੋਰੀਆ ਪਾਰਕ ਵਿਚ ਦਿੱਤੀ ਜਾ ਰਹੀ ਹੈ। ਬੱਚਿਆਂ ਦੇ ਖਾਣ-ਪੀਣ ਦਾ ਪ੍ਰਬੰਧ ਵੀ ਹੁੰਦਾ ਹੈ। ਇਹ ਵਿਰਾਸਤੀ ਖੇਡ ਮੇਲਾ ਬਿਲਕੁੱਲ ਫਰੀ ਹੋਵੇਗਾ। ਹੋਰ ਜਾਣਕਾਰੀ ਲਈ ਪਰਮਜੀਤ ਧਾਲੀਵਾਲ ਫੋਨ 559-351-9465 ਅਤੇ ਤਰਨਜੀਤ ਕੌਰ ਕਲੇਰ ਫੋਨ 559-271-9097 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



*ਮੇਲੇ ਦੀ ਤਿਆਰੀ ਲਈ ਟਰੇਨਿੰਗ ਵਾਸਤੇ ਪਹੁੰਚੇ ਬੱਚੇ ਅਤੇ ਸੰਸਥਾ ਦੇ ਮੈਂਬਰ*

# ਪੀ ਸੀ ਐਸ ਦਾ 25ਵਾਂ ਵਿਸਾਖੀ ਮੇਲਾ 19 ਅਪਰੈਲ ਨੂੰ

**ਸੈਕਰਾਮੈਂਟੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਵਲੋਂ ਆਪਣਾ 25ਵਾਂ ਵਿਸਾਖੀ ਮੇਲਾ ਇਸ ਵਾਰ 19 ਅਪਰੈਲ ਸਨਿਚਰਵਾਰ ਨੂੰ ਪਹਿਲਾਂ ਵਾਂਗ ਐਸ ਈ ਐਸ ਹਾਲ, ਐਲਕ ਗਰੂਵ ਵਿਖੇ ਹੋਵੇਗਾ ਜੋ ਦੁਪਹਿਰ 3 ਵਜੇ ਅਰੰਭ ਹੋਵੇਗਾ। ਇਹ ਫੈਸਲਾ ਮੇਲੇ ਦੀ 25ਵੀਂ ਵਰ੍ਹੇਗੰਢ ਯਾਨਿ ਸਿਲਵਰ ਜੁਬਲੀ ਮਨਾਉਣ ਲਈ ਸੰਸਥਾ ਦੀ ਇਥੇ ਲੰਘੀ 22 ਫਰਵਰੀ ਨੂੰ ਬਖਸ਼ੀਸ ਸਿੰਘ ਗਿੱਲ ਅਤੇ ਸਤਨਾਮ ਸਿੰਘ ਤਾਤਲਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਲਿਆ ਗਿਆ।

ਮੀਟਿੰਗ ਦੇ ਅਰੰਭ ਵਿਚ ਸੰਸਥਾ ਦੇ ਰੂਹੇ ਰਵਾਂ ਰਛਪਾਲ ਸਿੰਘ ਫਰਵਾਲਾ ਨੇ ਸਭ ਨੂੰ ਜੀ ਆਇਆਂ ਆਖਦਿਆਂ ਪਿਛਲੇ ਸਾਲ ਦੇ ਆਮਦਨ-ਖਰਚ ਦਾ ਵੇਰਵਾ ਪੇਸ਼ ਕੀਤਾ ਅਤੇ ਮੇਲੇ ਦੀ ਸਿਲਵਰ ਜੁਬਲੀ ਨੂੰ ਸ਼ਾਨਦਾਰ ਢੰਗ ਨਾਲ ਮਨਾਉਣ ਲਈ ਸੁਝਾਅ ਮੰਗੇ। ਮੈਂਬਰਾਂ ਨੇ ਨਵੀਂ ਪੀੜ੍ਹੀ ਨੂੰ ਪੰਜਾਬੀ ਸਭਿਆਚਾਰ ਨਾਲ ਜੋੜਨ ਲਈ ਬਦਲਦੇ ਹਾਲਾਤ ਨੂੰ ਮੁੱਖ ਰਖਦਿਆਂ ਉਨ੍ਹਾਂ ਨੂੰ ਸਹਿਜ ਢੰਗ ਨਾਲ ਨਰੋਈ ਸੇਧ ਦੇਣ ਦੇ ਯਤਨ ਜਾਰੀ ਰਖਣ ਉਤੇ ਜ਼ੋਰ ਦਿਤਾ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਹਰਜਿੰਦਰ ਪੰਧੇਰ, ਪ੍ਰਿੰਸੀਪਲ ਹਰਨੇਕ ਸਿੰਘ, ਜਸਵੰਤ ਸਿੰਘ ਸ਼ਾਦ, ਪ੍ਰੇਮ ਚੁੰਬਰ, ਭਿਲੀ ਸੰਧੂ, ਸੁਖਰਾਜ ਔਲਖ, ਪ੍ਰਮਿੰਦਰ ਸਿੰਘ ਵਿਰਕ, ਬਲਵੰਤ ਸਿੰਘ, ਵਿਜੈ ਪਰਿਹਾਰ, ਕਮਲ ਬੰਗਾ, ਪਰਮਜੀਤ ਢਿਲੋਂ, ਤੀਰਥ ਸਹੋਤਾ, ਜਸਵਿੰਦਰ ਬੋਪਾਰਾਇ, ਅਜਇਬ ਕਾਹਲੋਂ, ਰਾਜ ਸਿੰਘ ਬਰਾੜ, ਹਰਜਿੰਦਰ ਬਸਰਾ, ਜਸੀ ਸੰਘਾ, ਚਰਨ ਬਡਵਾਲ, ਜਸਵਿੰਦਰ ਪੂੰਨੀ, ਸਤਵਿੰਦਰ ਰੰਗੀ, ਅਮਰੀਕ ਸਿੰਘ ਪਰਿਹਾਰ, ਬਰਿੰਦਰ ਸੰਘੇੜਾ, ਜਰਨੈਲ ਮੰਡੇਰ ਤੇ ਬਲਵੰਤ ਕੰਦੋਲਾ ਸ਼ਾਮਲ ਹੋਏ।

ਮੀਟਿੰਗ ਉਪਰੰਤ ਜਾਰੀ ਇਕ ਬਿਆਨ ਵਿਚ ਸ੍ਰੀ ਫਰਵਾਲਾ ਨੇ ਦੱਸਿਆ ਕਿ ਇਸ ਮੇਲੇ ਵਿਚ ਗੀਤ ਸੰਗੀਤ, ਗਿੱਧਾ-ਭੰਗੜਾ ਤੇ ਹਾਸਰਸ ਦੀਆਂ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ ਅਤੇ ਹਰ ਸਾਲ ਵਾਂਗ ਸਮਾਜ ਪ੍ਰਤੀ ਸੁਚਾਰੂ ਰੋਲ ਨਿਭਾਉਣ ਵਾਲੀਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਸੰਸਥਾ ਵਲੋਂ ਹਰ ਸਾਲ ਦੋ ਸਭਿਆਚਾਰਕ ਪ੍ਰੋਗਰਾਮ-ਅਪਰੈਲ ਮਹੀਨੇ ਵਿਸਾਖੀ ਦਾ ਮੇਲਾ ਅਤੇ ਅਗਸਤ ਮਹੀਨੇ ਤੀਆਂ ਦਾ ਮੇਲਾ ਕਰਵਾਏ ਜਾਂਦੇ ਹਨ। ਹੋਰ ਜਾਣਕਾਰੀ ਲਈ ਰਛਪਾਲ ਸਿੰਘ ਫਰਵਾਲਾ ਫੋਨ 916-880-0531 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



*ਮੀਟਿੰਗ ਉਪਰੰਤ ਪੀ ਸੀ ਐਸ ਦੇ ਮੈਂਬਰ*

# ਗੀਤਕਾਰੀ ਮੰਚ ਵਲੋਂ ਹਰਿੰਦਰ ਸਿੰਘ ਬੀਸਲਾ ਨਾਲ ਰੂਬਰੂ

**ਸੈਕਰਾਮੈਂਟੋ:** ਸਾਹਿਤਕਾਰਾਂ ਨੂੰ ਆਪਣੀਆਂ ਕਿਰਤਾਂ ਦਾ ਸਾਹਿਤਕ ਮੁਹਾਂਦਰਾ ਸਮਾਜ ਦੇ ਸਭਿਆਚਾਰਕ ਸ਼ੀਸ਼ੇ 'ਚੋਂ ਸਦਾ ਨਿਹਾਰਦੇ ਰਹਿਣਾ ਚਾਹੀਦਾ ਹੈ ਅਤੇ ਸਮਾਜ ਨੂੰ ਯੋਗ ਅਗਵਾਈ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਵਿਚਾਰ ਇਥੇ ਪੰਜਾਬੀ ਗੀਤਕਾਰੀ ਮੰਚ, ਕੈਲੀਫੋਰਨੀਆ ਵਲੋਂ ਲੰਘੀ 15 ਫਰਵਰੀ ਨੂੰ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ, ਰੀਓ ਲਿੰਡਾ ਦੇ ਮੀਟਿੰਗ ਹਾਲ 'ਚ ਕਰਵਾਈ ਗਈ ਇਕ ਸਾਹਿਤਕ ਮਿਲਣੀ ਨੂੰ ਸੰਬੋਧਨ ਕਰਦਿਆਂ ਉਘੇ ਲੇਖਕ ਸ. ਹਰਿੰਦਰ ਸਿੰਘ ਬੀਸਲਾ ਨੇ ਪ੍ਰਗਟਾਏ। ਮੰਚ ਵਲੋਂ ਕਰਵਾਏ ਗਏ ਰੂਬਰੂ ਪ੍ਰੋਗਰਾਮ ਦੌਰਾਨ ਸ. ਬੀਸਲਾ ਨੇ ਆਪਣੇ ਸਾਹਿਤਕ ਸਫਰ ਦੀਆਂ ਘਾਲਣਾਵਾਂ ਦੀ ਜਾਣਕਾਰੀ ਹਾਜ਼ਰ ਸਰੋਤਿਆਂ ਨੂੰ ਦਿੱਤੀ।

ਇਸ ਸਾਹਿਤਕ ਮਿਲਣੀ ਨੂੰ ਸੰਬੋਧਨ ਕਰਦਿਆਂ ਮੰਚ ਦੇ ਸਕੱਤਰ ਬਿੱਕਰ (ਐਸ਼ੀ) ਕੰਮੇਆਣਾ ਨੇ ਅਫਸੋਸ ਜ਼ਾਹਰ ਕੀਤਾ ਕਿ ਅੱਜ ਪੰਜਾਬੀ ਗੀਤਕਾਰੀ ਵਿਚ ਵੱਡਾ ਨਾਮਣਾ ਖੱਟੀ ਬੈਠੇ ਗੀਤਕਾਰਾਂ ਵਿਚੋਂ ਬਹੁਤੇ ਗੀਤ-ਚੋਰ ਹਨ। ਇਨ੍ਹਾਂ ਵਿਚ ਉਹ ਲੋਕ ਵੀ ਸ਼ਾਮਲ ਹਨ ਜੋ ਆਪਣੇ ਆਪ ਨੂੰ ਪੰਜਾਬੀ ਗੀਤਕਾਰੀ ਦੇ ਬਾਬਾ ਬੋਹੜ ਦੱਸਦੇ ਹਨ। ਉਨ੍ਹਾਂ ਕਿਹਾ ਕਿ ਲੱਚਰ ਅਤੇ ਫੁਕਰਾਪੰਥੀ ਵਾਲੇ ਗੀਤਾਂ ਰਾਹੀਂ ਇਹੀ ਲੋਕ ਪੰਜਾਬੀ ਵਿਰਸੇ ਦਾ ਮੂੰਹ-ਮੱਥਾ ਵਿਗਾੜ ਰਹੇ ਹਨ। ਉਨ੍ਹਾਂ ਅਜਿਹੇ ਗੀਤਕਾਰਾਂ ਅਤੇ ਇਹ ਗੀਤ ਗਾਉਣ ਵਾਲੇ ਲੱਚਰ ਗਾਇਕਾਂ ਦੇ ਸਮਾਜਿਕ ਬਾਈਕਾਟ ਦਾ ਸੱਦਾ ਦਿੱਤਾ।

ਸਾਹਿਤਕ ਮਿਲਣੀ ਦੇ ਪ੍ਰਧਾਨਗੀ ਮੰਡਲ ਵਿਚ ਹਰਿੰਦਰ ਸਿੰਘ ਬੀਸਲਾ, ਸ਼ਾਇਰ ਗੁਰਬਚਨ ਚੋਪੜਾ, ਗੁਰਦੇਵ ਸਿੰਘ ਘਣਗਸ ਅਤੇ ਮੰਚ ਦੇ ਪ੍ਰਧਾਨ ਮੱਖਣ ਲੋਹਾਰ ਸ਼ਾਮਲ ਸਨ। ਮੰਚ ਸੰਚਾਲਨ ਮੰਚ ਦੇ ਮੀਡੀਆ ਇੰਚਾਰਜ ਪਲਵਿੰਦਰ ਮਾਹੀ ਨੇ ਕੀਤਾ। ਗੀਤਕਾਰੀ ਮੰਚ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਛੇੜਦਿਆਂ ਮੰਚ ਦੇ ਪ੍ਰਧਾਨ ਮੱਖਣ ਲੋਹਾਰ ਨੇ ਦੱਸਿਆ ਕਿ ਕ੍ਰਾਂਤੀਕਾਰੀ ਕਵੀ ਸੰਤ ਰਾਮ ਉਦਾਸੀ, ਪੰਜਾਬੀ ਨੁੱਕੜ ਨਾਟਕ ਦੇ ਮੋਢੀ ਗੁਰਸ਼ਰਨ ਸਿੰਘ ਅਤੇ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ ਕਰਵਾਏ ਗਏ। ਇਸ ਤੋਂ ਇਲਾਵਾ ਸਾਫ ਸੁਥਰੀ ਗਾਇਕੀ ਨੂੰ ਉਤਸ਼ਾਹਿਤ ਕਰਨ ਲਈ ਬੇਕਰਜ਼ਫੀਲਡ ਵਿਚ ਇਕ ਮੇਲਾ ਕਰਵਾਇਆ ਗਿਆ ਜਿਸ ਵਿਚ ਖਜ਼ਾਨਚੀ ਕੁਲਜੀਤ ਮਾਨ ਅਤੇ ਸਹਿਯੋਗੀ ਭਰਪੂਰ ਬਰਾੜ ਦਾ ਵੱਡਾ ਯੋਗਦਾਨ ਸੀ। ਬਜ਼ੁਰਗ ਸ਼ਾਇਰ ਅਜ਼ਾਦ ਜਲੰਧਰੀ ਦੇ ਮਾਣ ਵਿਚ ਇਕ ਕਵੀ ਦਰਬਾਰ ਕਰਵਾਇਆ ਗਿਆ। ਕਹਾਣੀਕਾਰ ਅਜਮੇਰ ਸਿੱਧੂ ਤੇ ਵਿਸ਼ਵ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਗੁਰਭਜਨ ਗਿੱਲ ਨਾਲ ਰੂਬਰੂ ਮੰਚ ਦੀਆਂ ਵੱਡੀਆਂ ਪ੍ਰਾਪਤੀਆਂ ਹਨ। ਮੰਚ ਦੀ ਪਹਿਲੀ ਵਰ੍ਹੇਗੰਢ ਮੌਕੇ ਮਹਾਨ ਸ਼ਾਇਰਾਂ ਬਾਬੂ ਰਜਬ ਅਲੀ ਤੇ ਚਿਰਾਗ ਦੀਨ ਦਾਮਨ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ਉਘੇ ਲੇਖਕ ਸੁਖਵਿੰਦਰ ਕੰਬੋਜ਼ ਅਤੇ ਗਜ਼ਲਗੋ ਕੁਲਵਿੰਦਰ ਉਚੇਚੇ ਤੌਰ 'ਤੇ ਪਹੁੰਚੇ।

ਸ਼ਾਇਰੀ ਦੇ ਦੌਰ ਵਿਚ ਗੁਰਦੇਵ ਸਿੰਘ ਘਣਗਸ, ਹਰਿੰਦਰ ਸਿੰਘ ਬੀਸਲਾ, ਮੱਖਣ ਲੋਹਾਰ, ਦਿਆਲ ਰਾਮ ਨਰ, ਗੁਰਦੀਪ ਸਿੰਘ ਹੀਰਾ, ਕਮਲ ਬੰਗਾ, ਸ਼ਾਮ ਲਾਲ, ਬਿੱਕਰ ਕੰਮੇਆਣਾ, ਅਜੀਤ ਰਾਮ ਬੰਗੜ, ਹਰਮੇਸ਼ ਬੰਗੜ, ਜਸਵਿੰਦਰ ਕੁਮਾਰ, ਅਮਰਜੀਤ ਲਾਲੀ, ਮੱਖਣ ਸਿੰਘ ਬੀਸਲਾ, ਨਵਦੀਪ ਸਿੰਘ, ਜਤਿੰਦਰ ਸਿੰਘ, ਮਹਿੰਦਰ ਸਿੰਘ ਧਾਮੀ, ਸੀਤਲ ਕੁਮਾਰ ਅਤੇ ਸ੍ਰੀਮਤੀ ਕਮਲਜੀਤ ਕੌਰ ਤੇ ਸੁਨੀਤਾ ਰਾਣੀ ਸਰੋਏ ਸ਼ਾਮਲ ਹੋਏ। ਇਸ ਮੌਕੇ ਹਾਜ਼ਰ ਹੋਰ ਸਾਹਿਤ ਪ੍ਰੇਮੀਆਂ ਵਿਚ ਪੱਤਰਕਾਰ ਪ੍ਰੇਮ ਕੁਮਾਰ ਚੁੰਬਰ, ਪੰਜਾਬ ਗਲੋਬਲ ਟੀ ਵੀ ਦੇ ਜਗਦੇਵ ਸਿੰਘ ਭੰਡਾਲ, ਤਰਲੋਕ ਸਿੰਘ, ਅਨੂਪ ਸਿੰਘ ਚੀਮਾ ਅਤੇ ਜਸਵਿੰਦਰ ਮਦਾੜ ਸ਼ਾਮਲ ਸਨ।















# ਗੁਰਦੁਆਰਾ ਨਾਨਕਸਰ ਵਿਖੇ ਜਪ-ਤਪ ਸਮਾਗਮ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਨਾਨਕਸਰ, ਚੈਰੀ ਰੋਡ ਵਿਖੇ ਪਿਛਲੇ ਐਤਵਾਰ ਸਾਲਾਨਾ ਜਪ-ਤਪ ਸਮਾਗਮ ਦੇ ਆਖਰੀ ਦੀਵਾਨ ਦੇ ਭੋਗ ਪਾਏ ਗਏ ਅਤੇ ਸੰਤ ਬਾਬਾ ਈਸ਼ਰ ਸਿੰਘ ਦੀ ਜਨਮ ਸ਼ਤਾਬਦੀ ਮਨਾਈ ਗਈ।

ਖੁੱਲ੍ਹਾ ਟੈਂਟ ਲਾ ਕੇ ਕਰਵਾਏ ਗਏ ਇਸ ਸਮਾਗਮ ਵਿਚ ਭਾਰਤ ਤੋਂ ਉਚੇਚੇ ਪਹੁੰਚੇ ਭਾਈ ਚਮਨਜੀਤ ਸਿੰਘ ਲਾਲ ਦਿੱਲੀ ਦੇ ਕੀਰਤਨੀ ਜਥੇ ਨੇ ਗੁਰਬਾਣੀ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਹੋਰ ਵੀ ਪੰਥ ਪ੍ਰਸਿਧ ਰਾਗੀ ਜਥਿਆਂ ਨੇ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਲੁਆਈ। ਇਸ ਮੌਕੇ ਫਰਿਜ਼ਨੋ ਸਟੇਟ ਯੂਨੀਵਰਸਟੀ ਦੀਆਂ ਮੈਡੀਕਲ ਵਿਦਿਆਰਥਣਾਂ ਨੇ ਇਕ ਮੈਡੀਕਲ ਕੈਂਪ ਲਾ ਕੇ ਸੰਗਤਾਂ ਦਾ ਫਰੀ ਮੈਡੀਕਲ ਚੈਕਅੱਪ ਕੀਤਾ। ਗੁਰੂਘਰ ਦੇ ਸੇਵਾਦਾਰਾਂ ਅਤੇ ਪਾਠੀ ਸਿੰਘਾਂ ਨੂੰ ਭਾਈ ਚਮਨਜੀਤ ਸਿੰਘ ਲਾਲ ਨੇ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ।



*ਗੁਰਦੁਆਰਾ ਨਾਨਕਸਰ, ਚੈਰੀ ਰੋਡ ਵਿਖੇ ਕੀਰਤਨ ਕਰ ਰਹੇ ਰਾਗੀ ਜਥੇ*

# ਸਿੱਖਾਂ ਨੂੰ ਡਰਾਈਵਿੰਗ ਲਾਇਸੈਂਸ 'ਤੇ ਦਸਤਾਰ ਵਾਲੀ ਫੋਟੋ ਲਾਉਣ ਦੀ ਮਨਜ਼ੂਰੀ

**ਬਲੇਨ, ਮਿਨੀਸੋਟਾ:** ਸਿੱਖ ਅਮਰੀਕਨ ਨੂੰ ਮਿਨੀਸੋਟਾ ਵਿਚ ਡਰਾਈਵਿੰਗ ਲਾਇਸੈਂਸ 'ਤੇ ਦਸਤਾਰ ਵਾਲੀ ਫੋਟੋ ਲਾਉਣ ਦੀ ਇਜਾਜ਼ਤ ਮਿਲ ਗਈ ਹੈ। ਇਥੋਂ ਦੇ ਵਸਨੀਕ ਜਤਿੰਦਰ ਸਿੰਘ ਤੇ ਸਿੱਖ ਅਮਰੀਕਨ ਕਾਨੂੰਨੀ ਸੁਰੱਖਿਆ ਤੇ ਵਿਦਿਆ ਫੰਡ ਨੇ ਡਰਾਈਵਿੰਗ ਲਾਇਸੈਂਸ ਨੀਤੀ ਦਾ ਵਿਰੋਧ ਕੀਤਾ ਸੀ। ਡਰਾਈਵਰ ਤੇ ਵਹੀਕਲ ਸੇਵਾਵਾਂ ਨੇ ਇਤਰਾਜ਼ ਮਿਲਣ ਉਪਰੰਤ ਦਸਤਾਰ ਵਾਲੀ ਫੋਟੋ ਨਾ ਲਾਉਣ ਦੀ ਘਟਨਾ 'ਤੇ ਮੁਆਫੀ ਮੰਗੀ ਹੈ।




*ਫਰਿਜ਼ਨੋ ਦੇ ਸਮਾਜ ਸੇਵੀ ਇੰਦਰਜੀਤ ਨਾਗਰਾ ਦੇ ਭਰਾ ਦਾ ਵਿਆਹ ਪਿਛਲੇ ਦਿਨੀਂ ਹੋਇਆ। ਇਸ ਮੌਕੇ ਸੁਭਾਗ ਜੋੜੀ ਨੂੰ ਆਸ਼ੀਰਵਾਦ ਦੇਣ ਲਈ ਕੈਬਨਿਟ ਮੰਤਰੀ ਸਰਵਣ ਸਿੰਘ ਫਿਲੌਰ (ਸਜਿਓਂ ਦੂਜੇ) ਉਚੇਚੇ ਤੌਰ ਤੇ ਪਹੁੰਚੇ। ਤਸਵੀਰ ਵਿਚ ਉਹ ਨਵੀਂ ਵਿਆਹੀ ਜੋੜੀ ਅਤੇ ਬਾਕੀ ਪਰਿਵਾਰ ਨਾਲ ਨਜ਼ਰ ਆ ਰਹੇ ਹਨ।*

# ਪੰਜਾਬੀ ਸਾਹਿਤ ਸਭਾ ਨੇ ਕਰਵਾਈ ਕਹਾਣੀ ਵਰਕਸ਼ਾਪ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਸਟਾਕਟਨ ਯੂਨਿਟ ਵਲੋਂ ਇਥੇ ਲੰਘੇ ਐਤਵਾਰ ਪ੍ਰਿੰਸੀਪਲ ਹਰਨੇਕ ਸਿੰਘ ਦੇ ਗ੍ਰਹਿ ਵਿਖੇ ਇਕ ਕਹਾਣੀ ਵਰਕਸ਼ਾਪ ਕਰਵਾਈ ਗਈ। ਇਸ ਵਰਕਸ਼ਾਪ ਲੜੀ ਦਾ ਮਕਸਦ ਅਮਰੀਕਾ ਵਿਚ ਵਸਦੇ ਨਵੇਂ ਪੰਜਾਬੀ ਕਹਾਣੀਕਾਰਾਂ ਨੂੰ ਉਸਾਰੂ ਸੁਝਾਅ ਦੇਣਾ ਅਤੇ ਉਨ੍ਹਾਂ ਵਿਚ ਇਸ ਕਲਾ ਲਈ ਉਤਸ਼ਾਹ ਪੈਦਾ ਕਰਨਾ ਹੈ।

ਵਰਕਸ਼ਾਪ ਦੌਰਾਨ ਪਹਿਲੀ ਕਹਾਣੀ 'ਪਾਰ ਉਤਾਰਾ' ਪ੍ਰਿੰਸੀਪਲ ਹਰਨੇਕ ਸਿੰਘ ਨੇ ਪੇਸ਼ ਕੀਤੀ ਜਿਸ ਵਿਚ ਉਨ੍ਹਾਂ ਦੀ ਕਹਾਣੀ ਵਿਧਾ ਉਤੇ ਮਜ਼ਬੂਤ ਪਕੜ ਸਾਫ ਨਜ਼ਰ ਆ ਰਹੀ ਸੀ। ਕਹਾਣੀ ਦਾ ਬਿਰਤਾਂਤ ਬਹੁਤ ਖੂਬਸੂਰਤ ਸੀ ਜਿਸ ਦੀ ਸਰੋਤਿਆਂ ਨੇ ਭਰਪੂਰ ਸ਼ਲਾਘਾ ਕੀਤੀ। ਉਪਰੰਤ ਇਸ ਉਤੇ ਹੋਈ ਬਹਿਸ ਨੂੰ ਸਮੇਟਦਿਆਂ ਪ੍ਰੋ. ਹਰਭਜਨ ਸਿੰਘ ਨੇ ਕਹਾਣੀ ਦਾ ਸਿਰਲੇਖ ਬਦਲ ਕੇ 'ਮਨਾਂ 'ਤੇ ਜੰਮੀ ਮੈਲ' ਰੱਖਣ ਦਾ ਸੁਝਾਅ ਦਿੱਤਾ।



ਹਰਪ੍ਰੀਤ ਕੌਰ ਨੇ ਆਪਣੀ ਪਲੇਠੀ ਕਹਾਣੀ 'ਮਾਨਸ ਕੀ ਜਾਤ ਏਕ' ਪੜ੍ਹੀ ਜਿਸ ਵਿਚ ਜਾਤ-ਪਾਤ ਦੇ ਦਕੀਆਨੂਸੀ ਸਿਸਟਮ 'ਤੇ ਗਹਿਰੀ ਚੋਟ ਮਾਰਦਿਆਂ ਇਸ ਦਾ ਸ਼ਿਕਾਰ ਹੋ ਰਹੇ ਆਮ ਆਦਮੀ ਪ੍ਰਤੀ ਡੂੰਘੀ ਹਮਦਰਦੀ ਪ੍ਰਗਟਾਈ ਗਈ ਹੈ।

ਇਸ ਬੈਠਕ ਦੇ ਦੂਜੇ ਸੈਸ਼ਨ ਵਿਚ ਇਕ ਛੋਟਾ ਜਿਹਾ ਕਵੀ ਦਰਬਾਰ ਹੋਇਆ ਜਿਸ ਵਿਚ ਹਰਜਿੰਦਰ ਪੰਧੇਰ, ਮਨਦੀਪ ਗੋਰਾ, ਹਰਪ੍ਰੀਤ ਕੌਰ, ਤਾਰਾ ਸਿੰਘ ਸਾਗਰ, ਅਭਿਨਵ ਗੋਸਵਾਮੀ (ਹਿੰਦੀ ਕਵੀ), ਰਾਜਵਿੰਦਰ ਕੌਰ ਢਿਲੋਂ ਅਤੇ ਪ੍ਰੋਫੈਸਰ ਹਰਭਜਨ ਸਿੰਘ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਸ ਬੈਠਕ ਵਿਚ ਸ਼ਿਵ ਕੁਮਾਰ, ਸੁਖਰਾਜ ਢਿਲੋਂ, ਜੁਗਿੰਦਰਪਾਲ, ਬੀਬੀ ਮਨਜੀਤ ਕੌਰ, ਰਾਜ ਗੋਸਵਾਮੀ ਅਤੇ ਸੋਨੀਆ ਨੇ ਵੀ ਹਾਜ਼ਰੀ ਭਰੀ।

ਅੰਤ ਵਿਚ ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਨੇ ਮਹਿੰਦਰਪਾਲ ਸਿੰਘ ਧਾਲੀਵਾਲ (ਇੰਗਲੈਂਡ ਵਾਸੀ) ਦੇ ਨਵ-ਪ੍ਰਕਾਸ਼ਿਤ ਨਾਵਲ 'ਰੂਤਾਂ ਲਹੂ ਲੁਹਾਣ' ਉਪਰ ਵਿਚਾਰ-ਗੋਸ਼ਟੀ ਕਰਵਾਉਣ ਦਾ ਮਤਾ ਪੇਸ਼ ਕੀਤਾ, ਜੋ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਇਹ ਵਿਚਾਰ-ਗੋਸ਼ਟੀ 16 ਮਾਰਚ ਐਤਵਾਰ ਨੂੰ ਇੰਡੀਅਨ ਕੁਜ਼ੀਨ (2233 ਗਰੈਂਡ ਕੈਨਾਲ ਬੁਲੇਵਾਰਡ, ਸਟਾਕਟਨ) ਵਿਚ ਸਵੇਰੇ ਗਿਆਰਾਂ ਵਜੇ ਤੋਂ ਸ਼ਾਮ ਪੰਜ ਵਜੇ ਤੱਕ ਹੋਵੇਗੀ। ਹੋਰ ਜਾਣਕਾਰੀ ਲਈ ਹਰਜਿੰਦਰ ਪੰਧੇਰ ਫੋਨ 209-610-5055 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਭਾਰਤ ਵਿਚ ਗਰੀਬੀ ਘਟਣ ਦਾ ਦਾਅਵਾ

**ਨਵੀਂ ਦਿੱਲੀ:** ਸਰਕਾਰ ਨੇ ਕਿਹਾ ਕਿ ਦੇਸ਼ ਵਿਚ ਸਾਲ 2004 ਤੇ 2012 ਵਿਚਕਾਰ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਲੋਕਾਂ ਦੀ ਗਿਣਤੀ ਵਿਚ ਕਾਫ਼ੀ ਗਿਰਾਵਟ ਦਰਜ ਕੀਤੀ ਗਈ ਹੈ।

ਕੇਂਦਰੀ ਮੰਤਰੀ ਗਿਰਜਾ ਵਿਆਸ ਨੇ ਲੋਕ ਸਭਾ ਵਿਚ ਲਿਖਤੀ ਜੁਆਬ ਦੌਰਾਨ ਦੱਸਿਆ ਕਿ ਯੋਜਨਾ ਕਮਿਸ਼ਨ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਸ਼ਹਿਰੀ ਇਲਾਕਿਆਂ ਵਿਚ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਲੋਕਾਂ ਦੀ ਗਿਣਤੀ 2004-05 ਵਿਚ 25.05 ਫ਼ੀਸਦੀ ਤੋਂ ਘਟ ਕੇ 2011-12 13.7 ਫ਼ੀਸਦੀ ਰਹਿ ਗਈ ਹੈ। ਉਨ੍ਹਾਂ ਦੱਸਿਆ ਕਿ ਸਾਲ 2011-12 ਦੇ ਅੰਕੜਿਆਂ ਮੁਤਾਬਕ ਦੇਸ਼ ਵਿਚ 531.20 ਵਿਚ ਲੱਖ ਲੋਕ ਗਰੀਬ ਸਨ।













## ਗੁਰਦੁਆਰਾ ਫਰੀਮਾਂਟ ਚੋਣਾਂ

# ਬੇ-ਏਰੀਆ ਸਿੱਖ ਅਲਾਇੰਸ ਦੀ ਚੋਣ ਮੀਟਿੰਗ-ਤਸਵੀਰਾਂ ਦੀ ਜ਼ੁਬਾਨੀ



Sponsored Page

# ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ॥

*(ਗੁਰੂ ਗ੍ਰੰਥ ਸਾਹਿਬ, ਪੰਨਾ 143)*



ਭਾਈ ਅਵਤਾਰ ਸਿੰਘ ਧਾਮੀ
ਫੋਨ: 510-376-9124



ਭਾਈ ਗੁਰਚਰਨ ਸਿੰਘ ਮਾਨ
ਫੋਨ: 510-557-0061



ਭਾਈ ਹਰਚਰਨ ਸਿੰਘ



ਭਾਈ ਜਸਵੰਤ ਸਿੰਘ



ਬੀਬੀ ਰਣਬੀਰ ਕੌਰ

# ਸਿੱਖ ਪੰਚਾਇਤ ਦਾ ਸੱਚ-ਝੂਠ ਸੰਗਤਾਂ ਦੀ ਕਚਹਿਰੀ ਵਿਚ

ਸਿੱਖ ਵਿਰੋਧੀ ਤਾਕਤਾਂ ਦਾ ਜ਼ੋਰ ਲੱਗਾ ਹੋਇਆ ਹੈ ਕਿ ਸਮੁੱਚੀ ਸਿੱਖ ਕੌਮ ਨੂੰ ਆਗੂ ਰਹਿਤ ਕਰ ਦਿੱਤਾ ਜਾਵੇ ਤਾਂ ਕਿ ਸਿੱਖ ਕੌਮ ਆਪਣੇ ਹੱਕਾਂ ਦੀ ਆਵਾਜ਼ ਬੁਲੰਦ ਨਾ ਕਰ ਸਕੇ। ਠੀਕ ਇਸੇ ਸੋਚ ਨਾਲ ਸਿੱਖ ਵਿਰੋਧੀ ਤਾਕਤਾਂ ਦੇ ਹੱਥ ਠੋਕੇ ਕੁਝ ਅਖੌਤੀ ਖਾਲਸਤਾਨੀ ਸਿੱਖ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਆਪਣੇ ਜਾਲ 'ਚ ਫਸਾਉਣਾ ਚਾਹੁੰਦੇ ਹਨ ਤਾਂ ਕਿ ਗੁਰੂ ਘਰਾਂ 'ਚੋਂ ਸਿੱਖ ਸਿਧਾਂਤਾਂ ਅਤੇ ਸਿੱਖ ਹੱਕਾਂ ਦੀ ਰਾਖੀ ਲਈ ਆਵਾਜ਼ ਬੁਲੰਦ ਨਾ ਹੋ ਸਕੇ। ਇਸੇ ਗੱਲ ਨੂੰ ਅਗੇ ਤੋਰਦੇ ਨਜ਼ਰ ਆ ਰਹੇ ਹਨ ਫਰੀਮਾਂਟ ਵਿਚ ਅਖੌਤੀ ਸਿੱਖ ਪੰਚਾਇਤ ਦੇ ਆਗੂ, ਜੋ ਅੱਜ ਤੱਕ ਕੋਈ ਵੀ ਸਰਪੰਚ ਅਤੇ ਕੋਈ ਵੀ ਪੱਕਾ ਸਟੇਜ ਸਕੱਤਰ ਸੰਗਤ ਸਾਹਮਣੇ ਨਹੀਂ ਲਿਆ ਸਕੇ। ਇਸ ਦਾ ਵੀ ਇਹੋ ਕਾਰਨ ਹੈ ਕਿ ਸੰਗਤ ਨੂੰ ਆਗੂ ਰਹਿਤ ਕਰ ਦਿੱਤਾ ਜਾਵੇ। ਅਖੌਤੀ ਸਿੱਖ ਪੰਚਾਇਤ ਵਾਲੇ ਫਰੀਮਾਂਟ ਗੁਰੂ ਘਰ ਦੀ ਸੰਗਤ ਨੂੰ ਆਗੂ ਰਹਿਤ ਕਰ ਕੇ ਮਸੰਦਾਂ ਵਾਂਗ ਆਪਣਾ ਕਬਜ਼ਾ ਪੱਕਾ ਰੱਖਣਾ ਚਾਹੁੰਦੇ ਹਨ। ਇਸੇ ਕਰਕੇ ਹੀ ਮੌਜੂਦਾ ਕਾਬਜ਼ ਗਰੁਪ ਚੋਣ ਪ੍ਰਣਾਲੀ ਨੂੰ ਗੁਰਮਤੇ ਦਾ ਨਾਮ ਦੇ ਕੇ ਸੰਗਤਾਂ ਦੇ ਵੋਟ ਹੱਕ ਨੂੰ ਖਤਮ ਕਰ ਦੇਣਾ ਚਾਹੁੰਦਾ ਹੈ।

ਯਾਦ ਰਹੇ ਇਹ ਉਹੀ ਆਗੂ ਹਨ ਜੋ ਪਿਛਲੇ ਲੰਮੇ ਸਮੇਂ ਤੋਂ ਸੰਗਤ ਨੂੰ ਇਹ ਕਹਿੰਦੇ ਆ ਰਹੇ ਸਨ ਕਿ ਅਸੀਂ ਲੰਬੀ ਅਤੇ ਮਹਿੰਗੀ ਕਾਨੂੰਨੀ ਲੜਾਈ ਲੜ ਕੇ ਸੰਗਤ ਨੂੰ ਵੋਟਾਂ ਰਾਹੀਂ ਗੁਰੂ ਘਰ ਦੇ ਨੁਮਾਇੰਦੇ ਚੁਣਨ ਦਾ ਹੱਕ ਲੈ ਕੇ ਦਿੱਤਾ ਹੈ, ਜੋ ਅੱਜ ਲਾਲਚ ਵੱਸ ਆਪਣੀ ਚੌਧਰ ਖੁਸਣ ਦੇ ਡਰੋਂ ਸੰਗਤ ਤੋਂ ਵੋਟ ਦਾ ਹੱਕ ਖੋਹ ਕੇ ਬੰਦ ਕਮਰੇ ਵਿਚ ਆਪਣੇ ਪਿੱਛਲੱਗ ਲੋਕਾਂ ਨੂੰ ਸੰਗਤ 'ਤੇ ਥੋਪਣਾ ਚਾਹੁੰਦੇ ਹਨ ਅਤੇ ਤਕਰੀਬਨ 35 ਬੰਦਿਆਂ ਦੀ ਬੰਦ ਕਮਰੇ ਵਿਚ ਹੋਈ ਮੀਟਿੰਗ ਨੂੰ ਸ੍ਰੀ ਅਕਾਲ ਤਖਤ ਸਾਹਿਬ ਉਤੇ ਹੋਏ ਸਰੱਬਤ ਖਾਲਸਿਆਂ ਅਤੇ ਗੁਰਮਤਿਆਂ ਦੇ ਬਰਾਬਰ ਦਰਸਾ ਕੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਗੁਰੂ ਸੰਗਤ ਦੀ ਮਰਿਆਦਾ ਦਾ ਅਪਮਾਨ ਕਰ ਰਹੇ ਹਨ। ਫਰੀਮਾਂਟ ਗੁਰੂ ਘਰ ਦੇ ਸੰਵਿਧਾਨ ਮੁਤਾਬਕ ਇਹ ਪੰਚਾਇਤ ਗੁਰੂ ਘਰ ਦਾ ਪ੍ਰਬੰਧ ਚਲਾਉਣ ਵਾਸਤੇ 11 ਮੈਂਬਰੀ ਕਮੇਟੀ ਅੱਜ ਤੱਕ ਨਹੀਂ ਚੁਣ ਸਕੀ ਤਾਂ ਜੋ ਕਿਤੇ ਇਨ੍ਹਾਂ ਦੀ ਬਿੱਲੀ ਥੈਲਿਉਂ ਬਾਹਰ ਨਾ ਆ ਜਾਵੇ।

ਅਖੌਤੀ ਸਿੱਖ ਪੰਚਾਇਤ ਰਾਹੀਂ ਅਖੌਤੀ ਗੁਰਮਤੇ ਦੇ ਡਰਾਮੇ ਦਾ ਢੋਲ ਉਸ ਵਕਤ ਬੁਰੀ ਤਰ੍ਹਾਂ ਪਾਟ ਗਿਆ ਜਦੋਂ ਕਰਨੈਲ ਸਿੰਘ ਖਾਲਸਾ, ਜਸਪਾਲ ਸਿੰਘ, ਗੁਰਚਰਨ ਸਿੰਘ ਮਾਨ ਅਤੇ ਹੋਰ ਅਨੇਕਾਂ ਪੰਥਕ ਸੋਚ ਨੂੰ ਪ੍ਰਣਾਏ ਹੋਏ ਸੱਜਣ, ਇਨ੍ਹਾਂ ਦੀਆਂ ਪੰਥ ਵਿਰੋਧੀ ਕਾਰਵਾਈਆਂ ਨੂੰ ਜਗ ਜਾਹਰ ਕਰਦਿਆਂ ਅਖੌਤੀ ਸਿੱਖ ਪੰਚਾਇਤ ਤੋਂ ਦੂਰ ਹੋ ਗਏ। ਅਖੌਤੀ ਸਿੱਖ ਪੰਚਾਇਤ ਨੇ ਆਪਣੀ ਸਲੇਟ ਵਿਚ ਬੀਬੀਆਂ ਦੀ ਸ਼ਮੂਲੀਅਤ ਨੂੰ ਰੋਕ ਕੇ ਇਹ ਸਿੱਧ ਕਰ ਦਿੱਤਾ ਹੈ ਕਿ ਇਹ ਬੀਬੀਆਂ ਨੂੰ ਬਰਾਬਰੀ ਦੇਣ ਦੇ ਵਿਰੁਧ ਹਨ।

## ਕਾਬਜ਼ ਗਰੁਪ ਨੂੰ ਕੁਝ ਸਵਾਲ

(1) ਮੌਜੂਦਾ ਪ੍ਰਬੰਧਕ ਸੰਗਤਾਂ ਨੂੰ ਦਸ ਰਹੇ ਹਨ ਕਿ ਗੁਰਦੁਆਰਾ ਸਾਹਿਬ ਹਰ ਮਹੀਨੇ 45 ਹਜ਼ਾਰ ਡਾਲਰ ਬਚਾ ਰਿਹਾ ਹੈ। ਜੇਕਰ ਪਿਛਲੇ 6 ਸਾਲਾਂ ਦਾ ਹਿਸਾਬ ਜੋੜੀਏ ਤਾਂ 32 ਲੱਖ 40 ਹਜ਼ਾਰ ਡਾਲਰ ਬਚਤ ਦੇ ਬਣਦੇ ਹਨ। ਫਰੀਮਾਂਟ ਗੁਰੂ ਘਰ ਦੀ ਸੰਗਤ ਜਾਣਨਾ ਚਾਹੁੰਦੀ ਹੈ ਕਿ 32 ਲੱਖ 40 ਹਜ਼ਾਰ ਡਾਲਰ ਕਿਸ ਬੈਂਕ ਵਿਚ ਹਨ?

(2) ਫਰੀਮਾਂਟ ਗੁਰੂ ਘਰ ਦੇ ਮੌਜੂਦਾ ਪ੍ਰਬੰਧਕ ਅਖਬਾਰਾਂ ਰਾਹੀਂ ਸਿਰਫ ਪਹਿਲੇ ਪੜਾਅ ਦੀ ਉਸਾਰੀ ਅਤੇ ਉਸ ਉਤੇ ਹੋਣ ਵਾਲੇ ਖਰਚੇ ਦੀ ਜਾਣਕਾਰੀ ਦੇ ਰਹੇ ਹਨ ਅਤੇ ਦੂਜੇ ਪੜਾਅ ਦੀ ਉਸਾਰੀ ਅਤੇ ਉਸ ਉਤੇ ਹੋਣ ਵਾਲੇ ਖਰਚੇ ਨੂੰ ਲੁਕਾਉਣ ਵਾਸਤੇ ਕਹਿ ਰਹੇ ਹਨ ਕਿ ਦੂਜੇ ਪੜਾਅ ਦੀ ਉਸਾਰੀ ਵਿੱਤੀ ਹਾਲਾਤ ਅਤੇ ਲੋੜ ਅਨੁਸਾਰ ਕਰਵਾਈ ਜਾਵੇਗੀ। ਜੇ ਉਸ ਦੀ ਲੋੜ ਨਹੀਂ ਸੀ ਜਾਂ ਵਿੱਤੀ ਹਾਲਤ ਦੂਜੇ ਪੜਾਅ ਦੀ ਉਸਾਰੀ ਲਈ ਫੰਡ ਮੁਹਈਆ ਨਹੀਂ ਕਰਵਾ ਸਕਦੀ ਸੀ ਤਾਂ ਦੂਜੇ ਪੜਾਅ ਦੀਆਂ ਡਰਾਇੰਗਾਂ ਬਣਵਾਉਣ ਉਤੇ ਤਕਰੀਬਨ 5 ਲੱਖ ਡਾਲਰ ਕਿਉਂ ਖਰਚਿਆ ਗਿਆ? ਕੀ ਇਹ ਆਗੂ ਇਸ ਨੁਕਸਾਨ ਦੀ ਪੂਰਤੀ ਆਪਣੀਆਂ ਜੇਬਾਂ ਵਿਚੋਂ ਡਾਲਰ ਪਾ ਕੇ ਪੂਰੀ ਕਰਨਗੇ? ਕੀ ਗਲ ਵਿਚ ਪੱਲਾ ਪਾ ਕੇ ਉਹ ਗੁਰੂ ਸਾਹਿਬ ਅਤੇ ਗੁਰੂ ਕੀ ਸੰਗਤ ਕੋਲੋਂ ਮਾਫੀ ਮੰਗਣਗੇ?

**ਜਾਰੀ ਕਰਤਾ: ਬੇ-ਏਰੀਆ ਸਿੱਖ ਅਲਾਇੰਸ**

Paid Advt.

ਕਿਸ਼ਤ 8

# ਸ਼ਹੀਦਾਨਿ-ਵਫ਼ਾ

## ਅੱਲ੍ਹਾ ਯਾਰ ਖ਼ਾਂ ਜੋਗੀ

*ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਇਕ ਸਦੀ ਪਹਿਲਾਂ 1913 ਵਿਚ ਲੰਮੀ ਨਜ਼ਮ 'ਸ਼ਹੀਦਾਨਿ ਵਫ਼ਾ' ਲਿਖੀ ਸੀ। 37 ਪੰਨਿਆਂ ਦੀ ਇਹ ਉਰਦੂ ਨਜ਼ਮ ਸਾਕਾ ਸਰਹਿੰਦ ਦੀ ਦਿਲ ਕੰਬਾਊ ਘਟਨਾ ਦੀ ਝਾਕੀ ਪੇਸ਼ ਕਰਦੀ ਹੈ। ਇਸ ਨਜ਼ਮ ਦੇ 110 ਬੰਦ ਹਨ ਅਤੇ ਹਰ ਬੰਦ ਦੇ 6-6 ਮਿਸਰੇ ਹਨ। ਸ਼ਾਇਰ ਨੇ ਇਹ ਨਜ਼ਮ ਨੂੰ ਮਰਸੀਏ ਦੀ ਸ਼ੈਲੀ ਵਿਚ ਲਿਖੀ ਹੈ। ਉਹ ਸ਼ਹਾਦਤ ਤੇ ਸ਼ਾਇਰੀ ਦੇ ਫ਼ਲਸਫ਼ੇ ਨੂੰ ਖ਼ੂਬ ਸਮਝਦਾ ਹੈ। ਤਾਂ ਹੀ ਤਾਂ ਉਹਨੇ ਸ਼ਹਾਦਤ ਦੀ ਘਟਨਾ ਨੂੰ ਬਿਆਨ ਕਰਨ ਲਈ ਮਰਸੀਏ ਦੀ ਸ਼ੈਲੀ ਦੀ ਚੋਣ ਕੀਤੀ ਹੈ ਅਤੇ ਕਰੁਣਾ ਤੇ ਬੀਰ ਰਸਾਂ ਤੋਂ ਇਲਾਵਾ ਅਦਭੁਤ, ਰੌਦਰ ਤੇ ਭਿਆਨਕ ਰਸਾਂ ਦੀ ਬੜੀ ਮੁਹਾਰਤ ਨਾਲ ਵਰਤੋਂ ਕੀਤੀ ਹੈ। ਉਸ ਨੇ 1915 ਵਿਚ ਸਾਕਾ ਚਮਕੌਰ ਸਾਹਿਬ ਬਾਰੇ 'ਗੰਜਿ-ਸ਼ਹੀਦਾਂ' ਨਾਂ ਦੀ ਲੰਮੀ ਨਜ਼ਮ ਵੀ ਲਿਖੀ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਅੱਲ੍ਹਾ ਯਾਰ ਖ਼ਾਂ ਜੋਗੀ ਦੀ ਲਾਸਾਨੀ ਰਚਨਾ 'ਸ਼ਹੀਦਾਨਿ-ਵਫ਼ਾ' ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*

## ਬੱਚੋਂ ਕੋ ਲੇਨੇ ਆਏ ਗ਼ਰਜ ਚੰਦ ਬੇਹਯਾ।

71

ਬੱਚੋਂ ਕੋ ਲੇਨੇ ਆਏ ਗ਼ਰਜ ਚੰਦ ਬੇਹਯਾ।
ਸਰਦਾਰ ਇਨ ਕਾ ਕਹਤੇ ਹੈਂ ਕਿ ਸੁੱਚਾਨੰਦ ਥਾ।
ਮਾਤਾ ਨੇ ਦੇਖ ਕਰ ਕਹਾ, "ਹੈ ਹੈ ਗਜਬ ਹੁਆ।
ਬਸ ਆਨ ਪਹੁੰਚਾ ਸਰ ਪਿ ਹੈ ਮੌਕਾ ਜੁਦਾਈ ਕਾ।
ਦੇਖੂੰਗੀ ਉਮਰ ਭਰ ਕੋ ਨਾ ਯਿਹ ਪਯਾਰੀ ਸੂਰਤੇਂ।
ਮੱਟੀ ਮੇਂ ਮਿਲਨੇ ਵਾਲੀ ਹੈਂ ਮੈਂ ਵਾਰੀ ਸੂਰਤੇਂ।"

72

"ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ।
ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋ ਲੂੰ।
ਪਯਾਰੇ ਸਰੋਂ ਪੇ ਨਨ੍ਹੀ ਸੀ ਕਲਗ਼ੀ ਸਜਾ ਤੋ ਲੂੰ।
ਮਰਨੇ ਸੇ ਪਹਲੇ ਤੁਮ ਕੋ ਮੈਂ ਦੂਲ੍ਹਾ ਬਨਾ ਤੋ ਲੂੰ।"
ਰੋ ਰੋ ਕੇ ਮਾਤ ਗੁਜਰੀ ਨੇ ਆਰਾਸਤਾ ਕੀਯਾ।
ਤੀਰ-ਓ-ਕਮਾਂ ਸੇ, ਤੇਗ਼ ਸੇ ਪੈਰਾਸਤਾ ਕੀਯਾ।
*(ਆਰਾਸਤਾ,ਪੈਰਾਸਤਾ=ਸਜਾਇਆ)*

73

"ਬੇਟੇ ਸੇ ਪਹਲੇ ਬਿਛੜੀ ਥੀ ਤੁਮ ਭੀ ਬਿਛੜ ਚਲੇ।
ਬਿਗੜੇ ਹੂਏ ਨਸੀਬ ਜ਼ਿਆਦਾ ਬਿਗੜ ਚਲੇ।
ਬੇਰਹਮ ਦੁਸ਼ਮਨੋਂ ਕੇ ਤੁਮ ਹਾਥੋਂ ਮੇਂ ਪੜ ਚਲੇ।
ਜ਼ੰਜੀਰ-ਏ-ਗ਼ਮ ਮੇਂ ਮੁਝ ਕੋ ਯਹਾਂ ਪਰ ਜਕੜ ਚਲੇ।
ਬਿਹਤਰ ਥਾ ਤੁਮ ਸੇ ਪਹਲੇ ਮੈਂ ਦੇਤੀ ਪਰਾਨ ਕੋ।
ਦੁਖ ਸੇ ਤੁਮ੍ਹਾਰੇ ਦੁਖ ਹੈ ਸਿਵਾ ਮੇਰੀ ਜਾਨ ਕੋ।"

74

ਕਹ ਕਹ ਕੇ ਰੋਤੀ ਥੀਂ ਜ਼ਾਰੋਕਤਾਰ ਮਾਤ।
ਜ਼ੋਰਾਵਰ ਔਰ ਫ਼ਤਹ ਪਿ ਹੋਤੀ ਨਿਸਾਰ ਮਾਤ।
ਇਸ ਦਰਜਾ ਰੰਜ-ਓ-ਗ਼ਮ ਸੇ ਹੁਈਂ ਬੇਕਰਾਰ ਮਾਤ।
ਗ਼ਮ ਖਾ ਕੇ ਗਿਰਨੇ ਵਾਲੀ ਥੀਂ ਬੇ ਇਖ਼ਤਿਯਾਰ ਮਾਤ।
ਸ਼ਹਜ਼ਾਦਗਾਂ ਨੇ ਬੜ੍ਹ ਕੇ ਸੰਭਾਲਾ ਹੁਜ਼ੂਰ ਕੋ।
ਢਾਰਸ ਬੰਧਾਈ ਕਹ ਕੇ ਦਿਲ-ਏ-ਨਾਸਬੂਰ ਕੋ।
*(ਜ਼ਾਰੋਕਤਾਰ=ਜਾਰ ਜਾਰ, ਬਹੁਤ ਜ਼ਿਆਦਾ)*

75

ਫ਼ਰਮਾਏ ਦਸਤ ਬਸਤਾ ਵੁਹ ਦੋਨੋਂ ਗੁਰੂ ਕੇ ਲਾਲ।
ਜੀ ਕਯੋਂ ਮੁਕੱਦਸ ਕਾ ਹੈ ਅਪਨੇ ਲੀਯੇ ਨਿਢਾਲ।
ਕੁਰਬਾਨੀਓਂ ਕੀ ਪੰਥ ਕੋ ਹਾਜਤ ਭੀ ਹੋ ਕਮਾਲ।
ਜਾਂ ਸੀ ਹਕੀਰ ਚੀਜ਼ ਕਾ ਫ਼ਿਰ ਹਮ ਕੋ ਹੋ ਖ਼ਯਾਲ।
ਵਾਹਿਗੁਰੂ ਸੇ ਜਾਨ ਪਯਾਰੀ ਨਹੀਂ ਹਮੇਂ।
ਭਾਤੀ ਯਿਹ ਆਹ-ਓ-ਜ਼ਾਰੀ ਤੁਮ੍ਹਾਰੀ ਨਹੀਂ ਹਮੇਂ।
*(ਦਸਤ ਬਸਤਾ=ਹੱਥ ਬੰਨ੍ਹ ਕੇ, ਮੁਕੱਦਸ=ਪਵਿੱਤਰ, ਹਾਜਤ=ਲੋੜ, ਕਮਾਲ=ਜ਼ਿਆਦਾ, ਹਕੀਰ=ਤੁੱਛ, ਆਹ-ਓ-ਜ਼ਾਰੀ=ਰੋਣਾ ਧੋਣਾ)*

76

ਰੁਖ਼ਸਤ ਦੋ ਅਬ ਖ਼ੁਸ਼ੀ ਸੇ ਕਿ ਜਾਨੇਂ ਫ਼ਿਦਾ ਕਰੇਂ।
ਦੁਨੀਯਾ ਸੇ ਜਬ-ਓ-ਜ਼ੋਰ ਕਾ ਹਮ ਖ਼ਾਤਮਾ ਕਰੇਂ।
ਹਾਸਿਲ ਸਿਰੋਂ ਕੋ ਦੇ ਕੇ ਖ਼ੁਦਾ ਕੀ ਰਜ਼ਾ ਕਰੇਂ।
ਨਾਮ ਅਪਨੇ ਬਾਪ ਦਾਦੇ ਕਾ ਮਰ ਕਰ ਸਿਵਾ ਕਰੇਂ।
ਗਿਰਯਾ ਕੋ ਜ਼ਬਤ ਕਰ ਕੇ ਬਹੁਤ ਆਲੀ-ਸ਼ਾਨ ਨੇ।
"ਵਾਰੀ ਗਈ ਲੋ ਜਾਓ" ਕਹਾ ਦਾਦੀ ਜਾਨ ਨੇ।
*(ਫ਼ਿਦਾ=ਕੁਰਬਾਨ, ਜਬ-ਓ-ਜ਼ੋਰ=ਜ਼ੋਰ ਜ਼ੁਲਮ,ਗਿਰਯਾ=ਰੋਣ)*

77

ਲੇਨੇ ਜੋ ਲੋਗ ਆਏ ਜਲੂਮ-ਓ-ਜਹੁਲ ਥੇ।
ਇਨਸਾਂ ਕਾ ਜਾਮ ਪਹਨੇ ਹੂਏ ਵੁਹ ਫ਼ਜ਼ੂਲ ਥੇ।
ਚਲਨੇ ਮੇਂ ਦੇਰ ਕਰਨੇ ਸੇ ਹੋਤੇ ਮਲੂਲ ਥੇ।
ਇਸ ਦਮ ਘਿਰੇ ਹੂਏ ਗੋਯਾ ਕਾਂਟੋਂ ਮੇਂ ਫੂਲ ਥੇ।
ਤਸਲੀਮ ਕਰ ਕੇ ਦਾਦੀ ਸੇ ਬੱਚੇ ਜੁਦਾ ਹੂਏ।
ਦਰਬਾਰ ਮੇਂ ਨਵਾਬ ਕੇ ਦਾਖ਼ਿਲ ਵੁਹ ਆ ਹੂਏ।
*(ਜਲੂਮ-ਓ-ਜਹੁਲ=ਜ਼ਾਲਿਮ ਤੇ ਜਾਹਿਲ)*

78


ਥੀ ਪਯਾਰੀ ਸੂਰਤੋਂ ਸੇ ਸੁਜ਼ਾਅਤ ਬਰਸ ਰਹੀ।
ਨਨ੍ਹੀ ਸੀ ਸੂਰਤੋਂ ਸੇ ਥੀ ਜ਼ੁਰਅਤ ਬਰਸ ਰਹੀ।
ਰੁਖ਼ ਪਰ ਨਵਾਬ ਕੇ ਥੀ ਸ਼ਕਾਵਤ ਬਰਸ ਰਹੀ।
ਰਾਜੋਂ ਕੇ ਮੂੰਹ ਪਿ ਸਾਫ਼ ਥੀ ਲਾਨਤ ਬਰਸ ਰਹੀ।
ਬੱਚੋਂ ਕਾ ਰੁਅਬ ਛਾ ਗਯਾ ਹਰ ਇਕ ਮੁਸ਼ੀਰ ਪਰ।
ਲਰਜ਼ਾ ਸਾ ਪੜ ਗਯਾ ਥਾ ਅਮੀਰ-ਓ-ਵਜ਼ੀਰ ਪਰ।
*(ਸੁਜ਼ਾਅਤ=ਬੀਰਤਾ, ਸ਼ਕਾਵਤ=ਬਦਬਖ਼ਤੀ, ਮੁਸ਼ੀਰ=ਦਰਬਾਰੀ, ਲਰਜ਼ਾ=ਕਾਂਬਾ)*

79

ਨਾਜ਼ਿਮ ਕੀ ਬਾਤ ਬਾਤ ਪੇ ਰੁਕਨੇ ਲਗੀ ਜ਼ਬਾਂ।
ਖ਼ੁਦ ਕੋ ਸੰਭਾਲ ਕਰ ਕੇ ਵੁਹ ਕਹਨੇ ਲਗਾ ਕਿ ਹਾਂ।
ਖ਼ਾਹਾਂ ਹੋ ਮੌਤ ਕਿ ਯਾ ਤੁਮ੍ਹੇਂ ਚਾਹੀਯੇ ਅਮਾਂ।
ਬਤਲਾਓ ਸਾਫ਼ ਸਾਫ਼ ਅਬ ਐ ਆਲੀ-ਖ਼ਾਨਦਾਂ।
ਇਸ ਦਮ ਕਰੋ ਕਬੂਲ ਅਗਰ ਸ਼ਾਹ ਕੇ ਦੀਨ ਕੋ।
ਫ਼ਿਰ ਆਸਮਾਂ ਬਨਾ ਦੂੰ ਤੁਮ੍ਹਾਰੀ ਜ਼ਮੀਨ ਕੋ।
*(ਨਾਜ਼ਿਮ=ਸੂਬਾ, ਖ਼ਾਹਾਂ=ਇੱਛੁਕ, ਅਮਾਂ=ਸ਼ਰਨ)*

80

ਸਤਿਗੁਰ ਕੇ ਲਾਡਲੋਂ ਨੇ ਦੀਯਾ ਰੁਅਬ ਸੇ ਜਵਾਬ।
ਆਤੀ ਨਹੀਂ ਸ਼ਰਮ ਹੈ ਜ਼ਰਾ ਤੁਝ ਕੋ ਐ ਨਵਾਬ।
ਦੁਨੀਯਾ ਕੇ ਪੀਛੇ ਕਰਤਾ ਹੈ ਕਯੋਂ ਦੀਨ ਕੋ ਖ਼ਰਾਬ।
ਕਿਸ ਜਾ ਲਿਖਾ ਹੈ ਜ਼ੁਲਮ, ਦਿਖਾ ਤੋ ਹਮੇਂ ਕਿਤਾਬ।
ਤਾਲੀਮ ਜ਼ੋਰ ਕੀ ਕਹੀਂ ਕੁਰਆਨ ਮੇਂ ਨਹੀਂ।
ਖ਼ੂਬੀ ਤੁਮ੍ਹਾਰੇ ਸ਼ਾਹ ਕੇ ਈਮਾਨ ਮੇਂ ਨਹੀਂ। **(ਚਲਦਾ)**



### ਦਰਦਾਂ ਦਾ ਦਰਿਆ...

*ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਆਪਣੀਆਂ ਅਮਰ ਰਚਨਾਵਾਂ 'ਗੰਜਿ-ਸ਼ਹੀਦਾਂ' ਅਤੇ 'ਸ਼ਹੀਦਾਨਿ-ਵਫ਼ਾ' ਵਿਚ ਦਰਦ ਦਾ ਇਕ ਦਰਿਆ ਵਗਾ ਦਿੱਤਾ। ਇਸ ਦਰਿਆ ਵਿਚ ਉਸ ਵੇਲੇ ਦੇ ਹਾਲਾਤ ਦਾ ਵੀ ਜ਼ਿਕਰ ਹੈ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਉਨ੍ਹਾਂ ਦਾ ਪਰਿਵਾਰ ਅਤੇ ਉਨ੍ਹਾਂ ਦੇ ਸੂਰਮੇ ਸਾਥੀ ਸਮੇਂ ਦੇ ਹਾਕਮਾਂ ਨਾਲ ਲੋਹਾ ਲੈ ਰਹੇ ਸਨ। ਹਾਕਮ ਈਨ ਮੰਨਵਾਉਣ ਲਈ ਆਕੀ ਹੋਇਆ ਪਿਆ ਸੀ ਅਤੇ ਗੁਰੂ ਜੀ ਤੇ ਉਨ੍ਹਾਂ ਦੇ ਸਾਥੀ ਇਸ ਤੋਂ ਇਨਕਾਰੀ ਸਨ।*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਮਾਰਚ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-106




ਤਸਵੀਰ: ਇੰਦਰਮੋਹਨ ਸਿੰਘ ਛਾਬੜਾ

*ਲਿਖਣੀ ਪੰਜਾਬੀ ਅਸੀਂ ਹੱਟੀਆਂ ਦੇ ਬਾਹਰ, ਫਿਰ ਗਾਹਕ ਖਿੱਚਣੇ।*
*ਲਾਉਣੀ ਏ ਦਿਹਾੜੀ ਰੋਜ਼ ਡਟ-ਡਟ ਕੇ, ਤੇ ਸ਼ਾਮੀਂ ਡਾਲੇ ਚੁੱਕਣੇ।*

## ਕੈਪਸ਼ਨ ਮੁਕਾਬਲਾ-104



ਦਸਮ ਗੁਰੂ ਦੀ ਫ਼ੌਜ ਲਾਡਲੀ
ਮਨ ਦੀ ਮਰਜੀ ਕਰਦੀ ਹੈ।
ਮੁੱਛ ਦੇ ਉਪਰ ਹੱਥ ਫੇਰ ਕੇ,
ਅਣਖ਼ ਦੀ ਹਾਮੀ ਭਰਦੀ ਹੈ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਕਿਰਪਾਨ ਜੁਗਾਂ ਤੋਂ ਉਠਦੀ ਰਹੀ ਹੈ,
ਵਰਤਿਆ ਕਿਸੇ ਕੁਝ ਪਾਉਣ ਲਈ।
ਅਰਜਨ ਨੇ ਚੁੱਕੀ ਕਰਮ ਖਾਤਰ,
ਸਿਕੰਦਰ ਨੇ ਜ਼ੋਰ ਪੁਗਾਉਣ ਲਈ।
ਮੁਗਲਾਂ ਨੇ ਵਾਹੀ ਜ਼ੁਲਮ ਲਈ,
ਦੀਨ ਦੁਖੀ ਨੂੰ ਕੋਹਣ ਲਈ।
'ਦਸ਼ਮੇਸ਼' ਨੇ ਉਠਾਈ ਰਾਖੀ ਲਈ,
'ਰਣਜੀਤ' ਨੇ ਸਿੱਖੀ ਪਰੋਣ ਲਈ।
ਖਾਲਸੇ ਨੂੰ ਹੁਕਮ ਹੈ ਉਠਾਵੇ,
ਸੱਚ, ਹੱਕ, ਇਨਸਾਫ ਦਿਵਾਉਣ ਲਈ।
**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

---

ਮੇਲੇ ਦੇ ਵਿਚ ਖਿੱਚੀ ਫੋਟੋ,
ਖਿੱਚੀ ਕੋਲ ਖੜ੍ਹਾ ਕੇ।
ਨੂਰ ਦੂਣਾ-ਚੌਣਾ ਹੋਇਆ,
ਖੰਡਾ ਹੱਥ ਖੜਕਾ ਕੇ।
ਨਾ ਮੰਨਣੀ ਅਸਾਂ ਈਨ ਕਿਸੇ ਦੀ,
ਸੁਣੋ ਸਭੇ ਕੰਨ ਲਾ ਕੇ।
ਮੇਲਾ ਲੁੱਟ ਲਿਆ ਬਈ,
ਮੇਲੇ ਵਿਚ ਡੰਝ ਲਾਹ ਕੇ।
**-ਪਲਵਿੰਦਰ ਸਿੰਘ**
**ਮਿਲਪੀਟਸ, ਕੈਲੀਫੋਰਨੀਆ।**

ਚੜ੍ਹਦੀ ਕਲਾ ਦੀ ਇਕ ਨਿਸ਼ਾਨੀ,
ਗੌਰ ਨਾਲ ਤੱਕਣ ਦਿਲਾਂ ਦੇ ਜਾਨੀ,
ਸਾਡੀ ਸ਼ਾਨ ਨਿਰਾਲੀ ਏ...
ਚੜ੍ਹਦਾ ਸੂਰਜ ਜਿਉਂ,
ਦਿਨ ਚੜ੍ਹਦੇ ਦੀ ਲਾਲੀ ਏ।
ਸਾਨੂੰ ਬਖਸ਼ ਗੁਰਾਂ ਦੀ ਏ,
ਸਾਡੀ ਲਗਨ ਧੁਰਾਂ ਦੀ ਏ,
ਅਸੀਂ ਜ਼ੁਲਮ ਨਹੀਂ ਜਰਦੇ...
ਖੰਡੇ ਨੂੰ ਖਿੱਚ ਕੇ ਤੇ,
ਅਸੀਂ ਸਰ ਮੈਦਾਨ ਕਰਦੇ।
**-ਫਕੀਰ ਚੰਦ ਸੈਂਪਲਾ, ਐਲ ਏ।**

---

ਸੱਚੀ ਤੇ ਸੁੱਚੀ ਸ਼ਾਨ ਖ਼ਾਲਸੇ ਦੀ,
ਸਿੱਖ ਧਰਮ ਪਿਆਰਾ, ਤੇ ਬੜਾ ਹੀ ਨਿਆਰਾ।
ਗ਼ਰੀਬਾਂ ਤੇ ਮਜ਼ਲੂਮਾਂ ਦੀ ਰਾਖੀ ਕਰਨਾ,
ਇਹ ਕਰਮ ਹਮਾਰਾ, ਬੜਾ ਹੀ ਭਾਰਾ।
ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਸਿੱਖੀ
ਖੰਡੇ ਨਾਲੋਂ ਤਿੱਖੀ, ਪ੍ਰਤੱਖ ਹੈ ਨਜ਼ਾਰਾ।
ਪਹਿਲਾਂ ਵਾਰ ਕਰਨਾ ਨਹੀਂ,
ਦੂਜਾ ਅਸੀਂ ਜਰਨਾ ਨਹੀਂ।
ਇਹੀ ਸਾਨੂੰ ਮਿਲਿਆ ਸੁਨੇਹਾ,
ਬਹੁਤ ਪਿਆਰਾ, ਤੇ ਬੜਾ ਹੀ ਕਰਾਰਾ।
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

## ਕੈਪਸ਼ਨ ਮੁਕਾਬਲਾ 103

ਮੈਂ ਪੰਜਾਬੀ, ਮੇਰੀ ਧਰਤ ਪੰਜਾਬੀ
ਕਹਿੰਦੇ ਜਿਸ ਨੂੰ ਪੰਜਾਬ ਬੇਲੀਓ।
ਹਰੀਆਂ ਭਰੀਆਂ ਫਸਲਾਂ ਦੇ ਨਾਲ
ਹਰ ਵੇਲੇ ਮੈਨੂੰ ਲਗਾਵ ਬੇਲੀਓ।
ਫਸਲਾਂ ਦਾ ਜਦ ਭਰਪੂਰ ਝਾੜ ਉਤਰੇ
ਹੋ ਜਾਣ ਪੂਰੇ ਖਾਬ ਬੇਲੀਓ।
ਗੱਡੇ 'ਤੇ ਨਿਕਲਾਂ ਜਦ ਖੇਤਾਂ ਲਈ
ਲੱਗਾਂ ਮੈਂ ਕੋਈ ਸਾਹਬ ਬੇਲੀਓ।
ਦੂਰ ਤੱਕ ਫੈਲੇ ਮੇਰੇ ਖੇਤ ਲਹਿਲਹਾਂਦੇ
ਇੰਜ ਜੱਟ ਦੀ ਜੱਟਾਂ 'ਚ ਧਾਕ ਬੇਲੀਓ।
ਤੜਕੇ ਤੜਕੇ 'ਮਾਨ' ਫੇਰਾ ਪਾਵਾਂ ਤਾ ਲੱਗੇ
ਮੇਰੇ ਖੇਤਾਂ ਦੀ ਵੱਖਰੀ ਬਾਤ ਬੇਲੀਓ।
**-ਦਿਲਪ੍ਰੀਤ ਮਾਨ**
**ਕਲੋਵਿਸ, ਕੈਲੀਫੋਰਨੀਆ।**
**ਫੋਨ: 559-291-7116**

## ਰਾਹੁਲ ਗਾਂਧੀ ਦੇ ਬਿਆਨ ਉਤੇ ਦਲ ਖਾਲਸਾ ਭੜਕਿਆ

**ਚੰਡੀਗੜ੍ਹ:** ਦਲ ਖਾਲਸਾ ਨੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੇ ਉਸ ਬਿਆਨ ਦਾ ਸਖਤ ਨੋਟਿਸ ਲਿਆ ਹੈ ਜਿਸ ਵਿਚ ਉਨ੍ਹਾਂ ਕਿਹਾ ਹੈ ਕਿ ਜੇ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਾਤਲ ਛੱਡੇ ਗਏ ਤਾਂ ਆਮ ਲੋਕ ਇਨਸਾਫ ਦੀ ਕੀ ਆਸ ਰੱਖਣਗੇ।

ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕੇਂਦਰ ਸਰਕਾਰ ਦੀ ਸਖਤ ਆਲੋਚਨਾ ਕੀਤੀ ਕਿ ਉਸ ਨੇ ਤਾਮਿਲਨਾਡੂ ਸਰਕਾਰ ਵੱਲੋਂ ਰਾਜੀਵ ਕਤਲ ਕੇਸ ਵਿਚ ਉਮਰ ਕੈਦ ਭੁਗਤ ਰਹੇ ਨਜ਼ਰਬੰਦਾਂ ਨੂੰ ਛੱਡਣ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ 1984 ਵਿਚ ਸਿੱਖਾ ਦੇ ਕਤਲੇਆਮ ਦੇ ਦੋਸ਼ੀ ਸ਼ਰੇਆਮ ਘੁੰਮ ਰਹੇ ਹਨ ਤੇ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਲਈ ਦੋਸ਼ੀ ਮੰਨੇ ਜਾਣ ਵਾਲੇ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦੀ ਕੁਰਸੀ ਦੇ ਦਾਅਵੇਦਾਰ ਬਣ ਗਏ ਹਨ। ਦਲ ਖਾਲਸਾ ਨੇ ਕਿਹਾ ਕਿ ਰਾਹੁਲ ਗਾਂਧੀ ਨੂੰ ਵੀ ਉਨ੍ਹਾਂ ਪੀੜਤ ਲੋਕਾਂ ਦਾ ਦੁਖ-ਦਰਦ ਸਮਝਣਾ ਚਾਹੀਦਾ ਹੈ ਜੋ ਕਾਂਗਰਸ ਵਲੋਂ ਖੇਡੀ ਗਈ ਨਫਰਤ ਤੇ ਨਸਲਕੁਸ਼ੀ ਦੀ ਰਾਜਨੀਤੀ ਦੇ ਸ਼ਿਕਾਰ ਹੋਏ ਹਨ।

## ਐਸ਼ ਲਈ ਪੰਜਾਬ ਸਰਕਾਰ ਕੋਲ ਨਹੀਂ ਫੰਡਾਂ ਦੀ ਘਾਟ

**ਚੰਡੀਗੜ੍ਹ:** ਅਕਾਲੀ ਸਰਕਾਰ ਭਾਵੇਂ ਵਿਤੀ ਸੰਕਟ ਦਾ ਰੌਲਾ ਪਾਉਂਦੀ ਰਹਿੰਦੀ ਹੈ ਪਰ ਆਪਣੀ ਐਸ਼ਪ੍ਰਸਤੀ ਲਈ ਉਨ੍ਹਾਂ ਕੋਲ ਪੈਸਿਆਂ ਦੀ ਕੋਈ ਕਮੀ ਨਹੀਂ ਹੈ। ਆਪਣੇ ਮੰਤਰੀਆਂ ਲਈ 131 ਲਗਜ਼ਰੀ ਕਾਰਾਂ ਤੇ ਐਸ.ਯੂ.ਵੀ. ਖਰੀਦਣ ਦੀ ਤਜਵੀਜ਼ ਵਿੱਤ ਵਿਭਾਗ ਨੂੰ ਭੇਜੀ ਹੈ। ਟਰਾਂਸਪੋਰਟ ਮਹਿਕਮੇ ਨੇ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਮੰਤਰੀਆਂ ਤੇ ਮੁੱਖ ਸੰਸਦੀ ਸਕੱਤਰਾਂ ਲਈ ਲਗਜ਼ਰੀ ਕਾਰਾਂ ਦੀ ਖਰੀਦ ਨਾਲ ਸਬੰਧਤ ਚਿੱਠੀ ਵਿੱਤ ਵਿਭਾਗ ਨੂੰ ਭੇਜੀ ਹੈ। ਚਿੱਠੀ ਵਿਚ ਕਿਹਾ ਹੈ ਕਿ ਆਗੂਆਂ ਦੀਆਂ ਗੱਡੀਆਂ ਪੁਰਾਣੀਆਂ ਹੋ ਗਈਆਂ ਹਨ ਤੇ ਇਨ੍ਹਾਂ ਨੂੰ ਬਦਲਣ ਦੀ ਲੋੜ ਹੈ।

ਲਗਜ਼ਰੀ ਕਾਰਾਂ ਦੀ ਸਹੂਲਤ ਸਰਕਾਰ ਦੇ ਸਲਾਹਕਾਰਾਂ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਤੀਕਸ਼ਣ ਸੂਦ ਨੂੰ ਵੀ ਮਿਲੇਗੀ। ਕਾਰਾਂ ਖਰੀਦਣ ਦਾ ਅੰਤਿਮ ਫੈਸਲਾ ਵਿੱਤ ਮੰਤਰੀ ਨੇ ਲੈਣਾ ਹੈ। ਟਰਾਂਸਪੋਰਟ ਵਿਭਾਗ ਦਾ ਇਸ ਮਾਲੀ ਵਰ੍ਹੇ ਦੌਰਾਨ ਬਜਟ 250 ਕਰੋੜ ਰੁਪਏ ਦਾ ਸੀ ਤੇ ਇਹ ਬਜਟ ਸਰਕਾਰੀ ਕਾਫਲੇ ਦੀਆਂ ਜ਼ਿਆਦਾਤਰ ਪੁਰਾਣੀਆਂ ਗੱਡੀਆਂ ਦੇ ਰੱਖ-ਰਖਾਅ ਤੇ ਮੁਰੰਮਤ ਲਈ ਵਰਤਿਆ ਜਾਣਾ ਸੀ। ਟਰਾਂਸਪੋਰਟ ਵਿਭਾਗ ਨੇ ਵਿੱਤ ਵਿਭਾਗ ਨੂੰ ਭੇਜੀ ਚਿੱਠੀ ਵਿਚ ਬਜਟ ਬਾਰੇ ਵੇਰਵਾ ਨਹੀਂ ਦਿੱਤਾ ਪਰ ਹੁਣ 131 ਟੋਇਟਾ, ਫਾਰਚੂਨਰ, ਕੈਮਰੀ ਤੇ ਕੋਰੋਲਾ ਕਾਰਾਂ ਖਰੀਦਣ ਲਈ ਵਿੱਤ ਵਿਭਾਗ ਤੋਂ ਵਾਧੂ 13.50 ਕਰੋੜ ਦੀ ਮੰਗ ਕੀਤੀ ਹੈ।


ਵਾਜਬ ਭਾਅ ਉਤੇ ਵਧੀਆ ਹੈਲਥ ਇੰਸ਼ੋਰੈਂਸ ਲੈਣ ਲਈ

COVERED CALIFORNIA

YOUR DESTINATION FOR AFFORDABLE QUALITY HEALTH CARE INCLUDING MEDI-CAL


CERTIFIED INSURANCE AGENT
GURCHARAN SINGH MANN
License # 0C70672

(510) 797-7989
2450 PERALTA BLVD, SUITE 203
FREMONT CA 94536



Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?



ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*

Medicare & Most Private Insurances Accepted

*Contact:*
Dr. Baljit Jammu
*Doctor of Chiropractic*
Ph: 510-940-8236
1090 La Playa Dr.,
Hayward CA 94545





The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



COMMERCIAL GRADE SECURITY SOLUTIONS



MORE THAN SECURITY
LICENCE PLATE READER
BILL READER
LONG RANGE
CASH REGISTER INTERFACE
HD SERIES CAMERAS

SPECIAL OFFER 4 CAMERAS WITH 4 CH DVR LED MONITOR INCLUDED 1649 $1349 +Tax
SPECIAL OFFER 8 CAMERAS INSTALLATION INCLUDED LED MONITOR INCLUDED $2349 +Tax
SPECIAL OFFER 12 CAMERAS INSTALLATION INCLUDED LED MONITOR INCLUDED $3749 +Tax

Vista CCTV TECHNOLOGY
Buy Online : www.ezchase.com
Email : commvision@sbcglobal.net
Call Sukhpal
661-586-5080

## ਫੇਸਬੁੱਕ ਨੇ 19 ਅਰਬ ਡਾਲਰ ਵਿਚ ਖਰੀਦਿਆ ਵਟਸਐਪ

**ਨਿਊ ਯਾਰਕ:** ਫੇਸਬੁੱਕ ਨੇ ਵਟਸਐਪ ਨੂੰ ਖਰੀਦਣ ਲਈ 19 ਅਰਬ ਡਾਲਰ ਭਾਰਤੀ ਕਰੰਸੀ ਮੁਤਾਬਕ ਇਕ ਲੱਖ 18 ਹਜ਼ਾਰ ਕਰੋੜ ਦਾ ਸੌਦਾ ਕੀਤਾ ਹੈ। ਇਹ ਸੌਦਾ ਗੂਗਲ, ਮਾਈਕ੍ਰੋਸਾਫਟ ਜਾਂ ਐਪਲ ਦੇ ਹੁਣ ਤੱਕ ਦੇ ਕੀਤੇ ਗਏ ਸੌਦਿਆਂ ਵਿਚੋਂ ਸਭ ਤੋਂ ਵੱਡਾ ਹੈ। ਫੇਸਬੁੱਕ ਦੇ ਸੰਸਥਾਪਕ ਮਾਰਕ ਜ਼ੁਕਰਬਰਗ ਨੇ ਆਪਣੇ ਫੇਸਬੁੱਕ ਅਕਾਊਂਟ 'ਤੇ ਇਸ ਦੀ ਪੁਸ਼ਟੀ ਕੀਤੀ ਹੈ। ਵਟਸਐਪ ਦੀ ਲੋਕਪ੍ਰਿਯਤਾ ਦੁਨੀਆ ਵਿਚ ਤਕਰੀਬਨ 450 ਮਿਲੀਅਨ ਲੋਕਾਂ ਵਿਚ ਹੈ, ਜਿਸ ਨੂੰ ਵੇਖਦਿਆਂ ਹੋਇਆ ਫੇਸਬੁੱਕ ਨੇ ਇਸ ਨੂੰ ਖਰੀਦਣ ਦੀ ਯੋਜਨਾ ਬਣਾਈ ਹੈ। ਫੇਸਬੁੱਕ ਦੇ ਅਧਿਕਾਰੀਆਂ ਮੁਤਾਬਕ ਇਸ ਲਈ ਉਹ ਕੁੱਲ 19 ਅਰਬ ਡਾਲਰ ਖਰਚ ਕਰਨਗੇ ਜਦਕਿ ਇਸ ਵਿਚੋਂ ਚਾਰ ਅਰਬ ਡਾਲਰ ਨਗਦ ਦਿੱਤੇ ਜਾਣਗੇ ਜਦਕਿ ਬਾਕੀ ਦਾ ਪੈਸਾ ਸ਼ੇਅਰਾਂ ਦੇ ਜ਼ਰੀਏ ਦਿੱਤਾ ਜਾਵੇਗਾ। ਮਾਰਕ ਜ਼ੁਕਰਬਰਗ ਨੇ ਆਪਣੇ ਪੋਸਟ ਵਿਚ ਕਿਹਾ ਕਿ ਉਨ੍ਹਾਂ ਦਾ ਮਿਸ਼ਨ ਦੁਨੀਆ ਦੇ ਲੋਕਾਂ ਨੂੰ ਆਪਸ ਵਿਚ ਜੋੜਨਾ ਹੈ, ਵਟਸਐਪ




ਨਾਲ ਇਸ ਸਮਝੌਤੇ ਤਹਿਤ ਉਹ ਲੋਕਾਂ ਨੂੰ ਪਹਿਲਾਂ ਤੋਂ ਜ਼ਿਆਦਾ ਬਿਹਤਰ ਸਹੂਲਤਾਂ ਦੇ ਸਕਣਗੇ। ਉਨ੍ਹਾਂ ਕਿਹਾ ਕਿ ਵਟਸਐਪ ਵਿਚ ਹਰ ਉਹ ਚੀਜ਼ ਹੈ ਜੋ ਮੈਸੇਜਿੰਗ ਸੇਵਾ ਵਿਚ ਹੋਣੀ ਚਾਹੀਦੀ ਹੈ। ਇਸ ਲਈ ਸਾਨੂੰ ਉਮੀਦ ਹੈ ਕਿ ਉਨ੍ਹਾਂ ਦੀ ਟੀਮ ਨੇ ਸਾਡੇ ਨਾਲ ਕੰਮ ਕਰਨ ਦਾ ਫੈਸਲਾ ਕੀਤਾ ਹੈ। ਦੱਸਣਯੋਗ ਹੈ ਕਿ ਹਾਲ ਹੀ ਵਿਚ ਵਟਸਅਪ ਆਉਣ ਦੇ ਬਾਅਦ ਇਹ ਫੇਸਬੁੱਕ ਨੂੰ ਲੋਕਪ੍ਰਿਯਤਾ ਦੇ ਮਾਮਲੇ ਵਿਚ ਲਗਾਤਾਰ ਪਛਾੜ ਰਿਹਾ ਸੀ ਤੇ ਇਹ ਫੇਸਬੁੱਕ ਲਈ ਵੱਡੀ ਚੁਣੌਤੀ ਬਣ ਗਿਆ ਸੀ।

## ਰਾਜੀਵ ਗਾਂਧੀ ਦੇ ਕਾਤਲਾਂ ਦੀ ਰਿਹਾਈ 'ਚ ਕੇਂਦਰ ਬਣਿਆ ਅੜਿੱਕਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਰਾਜੀਵ ਗਾਂਧੀ ਹੱਤਿਆ ਕੇਸ ਦੇ ਸੱਤ ਦੋਸ਼ੀਆਂ ਦੀ ਫੌਰੀ ਰਿਹਾਈ 'ਤੇ ਰੋਕ ਲਾਉਂਦੇ ਹੋਏ ਤਾਮਿਲਨਾਡੂ ਸਰਕਾਰ ਦੇ ਰਿਹਾਈ ਬਾਰੇ ਤਰੀਕੇ 'ਤੇ ਸਵਾਲ ਚੁੱਕੇ ਹਨ। ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਤਿੰਨ ਕੈਦੀਆਂ ਮੁਰੂਗਨ, ਸੰਥਾਨ ਤੇ ਅਰੀਵੂ 'ਤੇ ਫੌਰੀ ਅਸਰ ਪਿਆ ਜਿਨ੍ਹਾਂ ਦੀ ਫਾਂਸੀ ਦੀ ਸਜ਼ਾ ਲੰਘੀ 18 ਫਰਵਰੀ ਨੂੰ ਉਮਰ ਕੈਦ ਵਿਚ ਤਬਦੀਲ ਕੀਤੀ ਗਈ ਸੀ। ਇਸ ਬਾਰੇ ਕੇਂਦਰ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਵਿਚ ਇਨ੍ਹਾਂ ਤਿੰਨਾਂ ਦੇ ਨਾਂਵਾਂ ਦਾ ਜ਼ਿਕਰ ਕੀਤਾ ਗਿਆ ਸੀ ਪਰ ਚੀਫ਼ ਜਸਟਿਸ ਪੀ. ਸਦਾਸ਼ਿਵਮ ਨੇ ਸਰਕਾਰ ਨੂੰ ਬਾਕੀ ਚਾਰ ਕੈਦੀਆਂ ਬਾਰੇ ਵੱਖਰੇ ਤੌਰ 'ਤੇ ਅਰਜ਼ੀ ਦਾਇਰ ਕਰਨ ਦੀ ਖੁੱਲ੍ਹ ਦੇ ਦਿੱਤੀ।

ਬੈਂਚ ਵੱਲੋਂ ਤਾਮਿਲਨਾਡੂ ਸਰਕਾਰ, ਆਈ.ਜੀ ਜੇਲ੍ਹਾਂ ਚੇਨਈ, ਵੈਲੋਰ ਕੇਂਦਰੀ ਜੇਲ੍ਹ ਦੇ ਸੁਪਰਡੈਂਟ ਤੇ ਕੈਦੀ ਸ੍ਰੀਹਰਨ ਉਰਫ਼ ਮੁਰੂਗਨ, ਟੀ ਸਤੇਂਦਰਰਾਜਾ ਉਰਫ ਸੰਥਾਨ ਤੇ ਏ.ਜੀ. ਪੇਰਾਰੀਵਲਨ ਉਰਫ਼ ਅਰੀਵੂ ਨੂੰ ਛੇ ਮਾਰਚ 2014 ਤੱਕ ਮੁੜਨਯੋਗ ਨੋਟਿਸ ਜਾਰੀ ਕੀਤੇ ਗਏ ਹਨ। ਤਦ ਤੱਕ ਦੋਵਾਂ ਧਿਰਾਂ ਨੂੰ ਸਥਿਤੀ ਜਿਉਂ ਦੀ ਤਿਉਂ ਰੱਖਣ ਦੀ ਹਦਾਇਤ ਕੀਤੀ ਗਈ ਹੈ। ਅਗਲੀ ਸੁਣਵਾਈ ਛੇ ਮਾਰਚ ਨੂੰ ਹੀ ਹੋਵੇਗੀ।

ਬੈਂਚ ਨੇ ਆਖਿਆ ਕਿ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਨਾਲ ਖ਼ੁਦ-ਬ-ਖ਼ੁਦ ਰਿਹਾਈ ਨਹੀਂ ਹੋ ਸਕਦੀ। ਰਾਜ ਕਾਨੂੰਨੀ ਤੌਰ 'ਤੇ ਦਰਕਾਰ, ਤਰੀਕਾਕਾਰ ਅਪਣਾਉਣ ਤੋਂ ਛੋਟ ਨਹੀਂ ਲੈ ਸਕਦਾ। ਵਿਧੀ ਨਾਲ ਸਬੰਧਤ ਕਈ ਕਦਮ ਉਠਾਏ ਜਾਂਦੇ ਸਨ ਤੇ ਕਿਸੇ ਸਮਰੱਥ ਅਦਾਲਤ ਦੇ ਪ੍ਰਮੁੱਖ ਜੱਜ ਕੋਲ ਸਜ਼ਾ ਮੁਆਫ਼ੀ ਲਈ ਅਰਜ਼ੀ ਦਾਇਰ ਕੀਤੀ ਜਾਣੀ ਚਾਹੀਦੀ ਹੈ ਜੋ ਨਹੀਂ ਕੀਤੀ ਗਈ। ਇਸ 'ਤੇ ਸਾਲਿਸਟਰ ਜਨਰਲ ਮੋਹਨ ਪਰਸਾਰਨ ਨੇ ਆਖਿਆ ਕਿ ਰਾਜ ਸਰਕਾਰ ਵੱਲੋਂ ਕਾਹਲੀ ਵਿਚ ਫੈਸਲਾ ਕੀਤਾ ਗਿਆ ਸੀ।

### ਜੈਲਲਿਤਾ ਦੇ ਫੈਸਲੇ ਦੀ ਆਲੋਚਨਾ

**ਨਵੀਂ ਦਿੱਲੀ:** ਵੱਖ-ਵੱਖ ਪਾਰਟੀਆਂ ਨੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਤਲ ਕੇਸ ਦੇ ਦੋਸ਼ੀਆਂ ਨੂੰ ਰਿਹਾਅ ਕਰਨ ਲਈ ਤਾਮਿਲਨਾਡੂ ਦੀ ਮੁੱਖ ਮੰਤਰੀ ਜੈਲਲਿਤਾ ਦੇ ਫੈਸਲੇ ਦੀ ਨਿਖੇਧੀ ਕੀਤੀ ਹੈ। ਕਾਂਗਰਸ ਆਗੂ ਮਣੀਸ਼ੰਕਰ ਅਈਅਰ ਨੇ ਕਿਹਾ ਕਿ ਭਾਵੇਂ ਇਸ ਫੈਸਲੇ ਨਾਲ ਅੰਨਾ ਡੀ.ਐਮ.ਕੇ. ਨੂੰ ਚੋਣਾਵੀਂ ਫਾਇਦਾ ਹੋ ਸਕਦਾ ਹੈ ਪਰ ਇਸ ਤੋਂ ਸਾਬਤ ਹੁੰਦਾ ਹੈ ਕਿ ਜੈਲਲਿਤਾ ਦੇਸ਼ ਦੀ ਪ੍ਰਧਾਨ ਮੰਤਰੀ ਬਣਨ ਦੇ ਸਮਰੱਥ ਨਹੀਂ। ਜਨਤਾ ਦਲ-ਯੂ. ਦੇ ਆਗੂ ਸ਼ਰਦ ਯਾਦਵ ਨੇ ਅਫਜ਼ਲ ਗੁਰੂ ਤੇ ਦਵਿੰਦਰਪਾਲ ਸਿੰਘ ਭੁੱਲਰ ਦੇ ਕੇਸਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਦੇਸ਼ ਵਿਚ ਸਭ ਲਈ ਇਕੋ ਜਿਹਾ ਕਾਨੂੰਨ ਹੋਣਾ ਚਾਹੀਦਾ ਹੈ।

## ਮਾਓਵਾਦੀਆਂ ਖਿਲਾਫ ਵੀ ਡਰੋਨ ਦੀ ਵਰਤੋਂ

**ਪਟਨਾ:** ਸੁਰੱਖਿਆ ਬਲਾਂ ਵੱਲੋਂ ਮਾਓਵਾਦੀਆਂ ਦੇ ਟਾਕਰੇ ਲਈ ਅਤਿ-ਆਧੁਨਿਕ ਹਥਿਆਰਾਂ ਦੇ ਨਾਲ-ਨਾਲ ਡਰੋਨ ਦੀ ਵਰਤੋਂ ਵੀ ਕੀਤੀ ਜਾ ਰਹੀ ਹੈ। ਬਿਹਾਰ ਦੇ ਮਾਓਵਾਦੀਆਂ ਵਾਲੇ ਜ਼ਿਲ੍ਹਿਆਂ ਵਿਚ ਉਨ੍ਹਾਂ ਦੇ ਟਿਕਾਣਿਆਂ ਦਾ ਥਹੁ-ਪਤਾ ਲਾਉਣ ਲਈ ਸੁਰੱਖਿਆ ਬਲਾਂ ਵੱਲੋਂ ਮਾਨਵ ਰਹਿਤ ਜਹਾਜ਼ਾਂ (ਯੂ.ਏ.ਵੀ) ਦੀ ਸਹਾਇਤਾ ਲਈ ਜਾ ਰਹੀ ਹੈ। ਯੂ.ਏ.ਵੀ ਸੁਰੱਖਿਆ ਬਲਾਂ ਦੇ ਜਵਾਨਾਂ 'ਤੇ ਹੁੰਦੇ ਹਮਲਿਆਂ ਨੂੰ ਰੋਕਣ ਵਿਚ ਵੀ ਸਹਾਈ ਹੁੰਦਾ ਹੈ। ਯੂ.ਏ.ਵੀ ਗਲੋਬਲ ਪੁਜ਼ੀਸ਼ਨਿੰਗ ਸਿਸਟਮ (ਜੀ.ਪੀ.ਐਸ) ਦੀ ਵਰਤੋਂ ਨਾਲ ਮਾਓਵਾਦੀਆਂ ਦੇ ਟਿਕਾਣੇ ਤੇ ਉਨ੍ਹਾਂ ਦੀ ਹਲਚਲ ਦਾ ਸਮੇਂ 'ਤੇ ਪਤਾ ਲੱਗ ਜਾਂਦਾ ਹੈ, ਜਿਸ ਨਾਲ ਮੁਕਾਬਲੇ ਵਿਚ ਆਸਾਨੀ ਹੋ ਜਾਂਦੀ ਹੈ।



ਪੁਲਿਸ ਅਧਿਕਾਰੀ ਮੁਤਾਬਕ ਯੂ.ਏ.ਵੀ ਦੀ ਮਦਦ ਨਾਲ ਸੁਰੱਖਿਆ ਬਲਾਂ ਨੂੰ ਧਮਾਕਾਖੇਜ਼ ਸਮੱਗਰੀ( ਆਈ.ਈ.ਡੀ) ਦਾ ਪਤਾ ਲੱਗ ਜਾਂਦਾ ਹੈ। ਆਈ.ਜੀ ਅਮਿਤ ਕੁਮਾਰ ਦਾ ਕਹਿਣਾ ਹੈ ਕਿ ਮਾਓਵਾਦੀਆਂ ਦੇ ਗੜ੍ਹ, ਗਯਾ, ਔਰੰਗਾਬਾਦ ਤੇ ਜਮੂਈ ਜ਼ਿਲ੍ਹਿਆਂ ਵਿਚ ਸੁਰੱਖਿਆ ਬਲਾਂ ਨੇ ਵੱਡੀ ਮੁਹਿੰਮ ਚਲਾਈ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਬਿਹਾਰ ਵਿਚ ਮਾਓਵਾਦੀਆਂ ਦਾ ਅਸਰ ਘੱਟ ਰਿਹਾ ਹੈ ਤੇ ਕਾਰਵਾਈਆਂ ਵਿਚ ਰੋਜ਼ ਨਿਘਾਰ ਆ ਰਿਹਾ ਹੈ।

## ਛੇ ਪੜਾਵਾਂ 'ਚ ਹੋਣਗੀਆਂ ਲੋਕ ਸਭਾ ਚੋਣਾਂ

**ਨਵੀਂ ਦਿੱਲੀ:** ਚੋਣ ਕਮਿਸ਼ਨ ਵੱਲੋਂ ਇਸ ਵਾਰ ਲੋਕ ਸਭਾ ਚੋਣਾਂ ਅਪਰੈਲ ਤੇ ਮਈ ਵਿਚ ਛੇ ਪੜਾਵਾਂ ਵਿਚ ਕਰਵਾਉਣ ਦੀ ਸੰਭਾਵਨਾ ਹੈ। ਚੋਣਾਂ ਦਾ ਕੰਮ 15 ਮਈ ਤੱਕ ਮੁਕੰਮਲ ਕਰ ਲਿਆ ਜਾਵੇਗਾ। ਚੋਣ ਕਮਿਸ਼ਨ 20 ਅਪਰੈਲ ਤੋਂ ਬਾਅਦ ਲੋਕ ਸਭਾ ਚੋਣਾਂ ਕਰਵਾਉਣ ਦੀ ਯੋਜਨਾ ਬਣਾ ਰਿਹਾ ਹੈ ਤੇ 10 ਮਾਰਚ ਤੱਕ ਚੋਣ ਪ੍ਰੋਗਰਾਮ ਦਾ ਐਲਾਨ ਕੀਤਾ ਜਾ ਸਕਦਾ ਹੈ।

ਇਕ ਅੰਗਰੇਜ਼ੀ ਅਖ਼ਬਾਰ ਦੀ ਰਿਪੋਰਟ ਮੁਤਾਬਕ ਮੌਜੂਦਾ ਲੋਕ ਸਭਾ ਦੀ ਮਿਆਦ 31 ਮਈ ਨੂੰ ਖਤਮ ਹੋਵੇਗੀ। ਇਸ ਲਈ ਸੰਵਿਧਾਨਕ ਤੌਰ 'ਤੇ ਇਕ ਜੂਨ ਤੋਂ ਪਹਿਲਾਂ ਨਵੀਂ ਸਰਕਾਰ ਦਾ ਗਠਨ ਜ਼ਰੂਰੀ ਹੈ। ਚੋਣਾਂ ਦੌਰਾਨ ਇਕ ਲੱਖ 20 ਹਜ਼ਾਰ ਸੁਰੱਖਿਆ ਜਵਾਨਾਂ ਨੂੰ ਤਾਇਨਾਤ ਕੀਤਾ ਜਾਵੇਗਾ। ਇਸ ਵਾਰ ਕੁੱਲ 81 ਕਰੋੜ 40 ਲੱਖ ਮੱਤਦਾਤਾ ਆਪਣੇ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਕਰ ਸਕਣਗੇ ਜੋ ਕਿ 2009 ਵਿਚ ਹੋਈਆਂ ਚੋਣਾਂ ਨਾਲੋਂ ਨੌਂ ਕਰੋੜ 70 ਲੱਖ ਵੱਧ ਹਨ।

ਇਸ ਵਾਰ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਐਲਾਨਿਆ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਐਲਾਨ ਕਰ ਚੁੱਕੇ ਹਨ ਕਿ ਉਹ ਤੀਜੀ ਵਾਰ ਪ੍ਰਧਾਨ ਮੰਤਰੀ ਨਹੀਂ ਬਣਨਗੇ। ਹਾਲਾਂਕਿ ਹੁਣ ਤੱਕ ਆਏ ਸਰਵੇਖਣਾਂ ਵਿਚ ਭਾਜਪਾ ਦਾ ਹੱਥ ਉਪਰ ਦੱਸਿਆ ਗਿਆ ਹੈ ਪਰ ਇਹ ਸਰਵੇਖਣ ਸਮੇਂ ਤੋਂ ਪਹਿਲਾਂ ਦੀ ਗੱਲ ਹੈ। ਸਿਆਸੀ ਹਲਕਿਆਂ ਦਾ ਵਿਸ਼ਵਾਸ ਹੈ ਕਿ 11 ਪਾਰਟੀਆਂ ਦਾ ਤੀਜਾ ਮੋਰਚਾ ਤੇ ਰਾਜਸੀ ਦ੍ਰਿਸ਼ ਉਪਰ ਨਵੀਂ ਆਈ ਆਮ ਆਦਮੀ ਪਾਰਟੀ ਦੇਸ਼ ਦੀਆਂ ਮੁੱਖ ਪਾਰਟੀਆਂ ਦੀਆਂ ਗਿਣਤੀਆਂ ਮਿਣਤੀਆਂ ਬਦਲਣ ਦੀ ਸਮਰਥਾ ਰੱਖਦੇ ਹਨ।

## ਥਲ ਸੈਨਾ ਦੇ ਦਿੱਲੀ ਕੂਚ ਬਾਰੇ ਵਿਵਾਦ ਭਖਿਆ

**ਨਵੀਂ ਦਿੱਲੀ:** ਸਾਬਕਾ ਡੀ.ਜੀ.ਐਮ.ਓ ਲੈਫਟੀਨੈਂਟ ਜਨਰਲ ਏ.ਕੇ ਚੌਧਰੀ ਦੇ ਬਿਆਨ ਨਾਲ 2012 ਵਿਚ ਦਿੱਲੀ ਨੇੜੇ ਥਲ ਸੈਨਾ ਦੀਆਂ ਦੋ ਯੂਨਿਟਾਂ ਦੇ ਕੂਚ ਕਰਨ ਬਾਰੇ ਮੁੜ ਵਿਵਾਦ ਖੜ੍ਹਾ ਹੋ ਗਿਆ ਹੈ। ਸ੍ਰੀ ਚੌਧਰੀ ਨੇ ਕਿਹਾ ਕਿ ਇਸ ਮੁੱਦੇ 'ਤੇ ਉਸ ਸਮੇਂ ਥਲ ਸੈਨਾ ਤੇ ਸਰਕਾਰ ਵਿਚ 'ਬੇਵਸਾਹੀ' ਸੀ ਪਰ ਉਨ੍ਹਾਂ ਤਖ਼ਤਾ ਪਲਟਣ ਦੇ ਖ਼ਤਰੇ ਨੂੰ ਬਕਵਾਸ ਦੱਸਿਆ।

ਉਨ੍ਹਾਂ ਦੱਸਿਆ ਕਿ ਤਖ਼ਤਾ ਪਲਟਣ ਦੀ ਸੰਭਾਵਨਾ ਕਲਪਨਾ ਤੋਂ ਪਰ੍ਹੇ ਹੈ। ਉਸ ਸਮੇਂ ਦੇ ਰੱਖਿਆ ਸਕੱਤਰ ਸ਼ਸ਼ੀ ਕਾਂਤ ਸ਼ਰਮਾ ਨੇ ਉਨ੍ਹਾਂ ਨੂੰ ਥਲ ਸੈਨਾ ਨੂੰ ਵਾਪਸ ਭੇਜਣ ਲਈ ਕਿਹਾ ਸੀ ਕਿਉਂਕਿ ਸਰਕਾਰ ਇਸ ਕੂਚ ਤੋਂ 'ਚਿੰਤਤ' ਸੀ। ਉਨ੍ਹਾਂ ਕਿਹਾ ਕਿ ਉਸ ਸਮੇਂ ਥਲ ਸੈਨਾ ਤੇ ਸਰਕਾਰ ਵਿਚ ਮਤਭੇਦ ਸਪੱਸ਼ਟ ਸਨ ਜਾਂ ਸ਼ਾਇਦ ਬੇਵਿਸਾਹੀ ਹੋ ਸਕਦੀ ਹੈ। ਇਸ ਬਾਰੇ ਕੌਮੀ ਸੁਰੱਖਿਆ ਸਲਾਹਕਾਰ ਸਿਵਸ਼ੰਕਰ ਮੈਨਨ ਦਾ ਕਹਿਣਾ ਹੈ ਕਿ ਥਲ ਸੈਨਾ ਤੇ ਸਰਕਾਰ ਵਿਚਾਲੇ ਕੋਈ ਬੇਵਿਸਾਹੀ ਨਹੀਂ ਸੀ। ਉਨ੍ਹਾਂ ਦਿੱਲੀ ਵਿਚ ਕਿਹਾ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਕੋਈ ਬੇਵਿਸਾਹੀ ਸੀ। ਉਹ ਇਕ ਆਮ ਨਾਗਰਿਕ ਹੋਣ ਕਾਰਨ ਇਸ ਬਾਰੇ ਕਿਵੇਂ ਕੋਈ ਟਿੱਪਣੀ ਕਰ ਸਕਦੇ ਹਨ ਪਰ ਥਲ ਸੈਨਾ ਦੀਆਂ ਰੋਜ਼ਾਨਾ ਗਤੀਵਿਧੀਆਂ ਨਾਲ ਨੇੜਿਓਂ ਜੁੜੇ ਹੋਣ ਕਾਰਨ ਉਨ੍ਹਾਂ ਨੂੰ ਇਸ ਖ਼ਬਰ ਵਿਚ ਕੋਈ ਸੱਚਾਈ ਨਹੀਂ ਲੱਗਦੀ।

ਸਾਬਕਾ ਡੀ.ਜੀ.ਐਮ.ਓ ਸ੍ਰੀ ਚੌਧਰੀ ਨੇ ਕਿਹਾ ਕਿ ਥਲ ਸੈਨਾ ਦਾ ਕੂਚ ਆਮ ਕਾਰਵਾਈ ਸੀ ਤੇ ਉਨ੍ਹਾਂ ਦੇ ਸਮਝਾਉਣ ਮਗਰੋਂ ਸਰਕਾਰ ਫੌਰਨ ਸਮਝ ਗਈ ਸੀ। ਸ੍ਰੀ ਚੌਧਰੀ ਨੇ ਕਿਹਾ ਕਿ ਸਰਕਾਰ ਅਤੇ ਥਲ ਸੈਨਾ ਦੇ ਹੈੱਡ ਕੁਆਰਟਰ ਵਿਚਕਾਰ ਰੋਜ਼ਾਨਾ ਤਾਲਮੇਲ ਹੁੰਦਾ ਸੀ ਤੇ ਜੇਕਰ ਉਸ ਸਮੇਂ ਕੋਈ ਭੰਬਲਭੂਸਾ ਸੀ ਤਾਂ ਅਜਿਹੀਆਂ ਮੀਟਿੰਗਾਂ ਵਿਚ ਸਪੱਸ਼ਟੀਰਨ ਮੰਗਿਆ ਜਾ ਸਕਦਾ ਸੀ।

### ਚੀਨ ਨੇ ਅਮਰੀਕੀ ਸਫ਼ੀਰ ਨੂੰ ਦਿੱਤਾ ਉਲਾਂਭਾ

**ਪੇਇਚਿੰਗ:** ਚੀਨ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਤੇ ਤਿੱਬਤੀ ਧਰਮ ਗੁਰੂ ਦਲਾਈਲਾਮਾ ਵਿਚਕਾਰ ਮੁਲਾਕਾਤ 'ਤੇ ਖਾਸੀ ਨਾਰਾਜ਼ਗੀ ਜਿਤਾਈ ਹੈ ਕਿਉਂਕਿ ਚੀਨ ਦੀ ਚੇਤਾਵਨੀ ਦਾ ਓਬਾਮਾ 'ਤੇ ਕੋਈ ਅਸਰ ਨਹੀਂ ਪਿਆ ਹੈ। ਉਧਰ ਚੀਨ ਦੇ ਉਪ ਵਿਦੇਸ਼ ਮੰਤਰੀ ਜ਼ੈਂਗ ਯੇਸੁਈ ਨੇ ਅਮਰੀਕੀ ਸਫ਼ੀਰ ਨੂੰ ਸੱਦ ਕੇ ਓਬਾਮਾ ਤੇ ਦਲਾਈਲਾਮਾ ਵਿਚਕਾਰ ਹੋਈ ਗੱਲਬਾਤ ਦਾ ਤਿੱਖਾ ਰੋਸ ਪ੍ਰਗਟ ਕੀਤਾ ਹੈ।ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕੀ ਚਾਲ ਨਾਲ ਓਬਾਮਾ ਤੇ ਚੀਨੀ ਰਾਸ਼ਟਰਪਤੀ ਸ਼ੀ ਜਿੰਗਪਿੰਗ ਵਿਚਕਾਰ ਨੀਦਰਲੈਂਡ ਵਿਚ ਅਗਲੇ ਮਹੀਨੇ ਹੋਣ ਵਾਲੇ ਪਰਮਾਣੂ ਸੁਰੱਖਿਆ ਸੰਮੇਲਨ ਦੌਰਾਨ ਮੁਲਾਕਾਤ 'ਤੇ ਪਰਛਾਵਾਂ ਪੈ ਸਕਦਾ ਹੈ।

## ਅਮਰੀਕਾ ਨਾਲ ਵੀ ਸੋਵੀਅਤ ਯੂਨੀਅਨ ਵਾਲਾ ਹਾਲ ਹੋਇਆ: ਤਾਲਿਬਾਨ

**ਕਾਬੁਲ:** ਤਾਲਿਬਾਨ ਨੇ ਕਿਹਾ ਹੈ ਕਿ ਅਫ਼ਗਾਨਿਸਤਾਨ ਵਿਚੋਂ ਸੋਵੀਅਤ ਯੂਨੀਅਨ ਫ਼ੌਜਾਂ ਦੀ ਵਾਪਸੀ ਦੇ 25 ਸਾਲ ਪੂਰੇ ਹੋਣ 'ਤੇ ਹੁਣ ਅਮਰੀਕੀ ਫੌਜਾਂ ਨੂੰ ਵੀ ਨਮੋਸ਼ੀ ਨਾਲ ਦੇਸ਼ ਵਿਚੋਂ ਜਾਣਾ ਪੈ ਰਿਹਾ ਹੈ। ਸੋਵੀਅਤ ਯੂਨੀਅਨ ਫੌਜਾਂ 15 ਫਰਵਰੀ, 1989 ਨੂੰ 10 ਸਾਲਾਂ ਦੇ ਖ਼ੂਨ-ਖਰਾਬੇ ਤੋਂ ਬਾਅਦ ਅਫਗਾਨਿਸਤਾਨ ਵਿਚੋਂ ਪਰਤ ਗਈਆਂ ਸਨ। ਇਸ ਤੋਂ ਬਾਅਦ ਅਫਗਾਨਿਸਤਾਨ ਵਿਚ ਗ੍ਰਹਿ ਯੁੱਧ ਛਿੜ ਪਿਆ ਸੀ ਤੇ 1996 ਵਿਚ ਇਸਲਾਮੀ ਤਾਲਿਬਾਨ ਲਹਿਰ ਉਭਰ ਕੇ ਸਾਹਮਣੇ ਆਈ ਜਿਸ ਨੇ ਕਾਬੁਲ 'ਤੇ ਕਬਜ਼ਾ ਕਰ ਲਿਆ।

ਈਮੇਲ ਰਾਹੀਂ ਭੇਜੇ ਗਏ ਬਿਆਨ ਵਿਚ ਤਾਲਿਬਾਨ ਨੇ ਕਿਹਾ ਕਿ ਅਮਰੀਕਾ ਨੂੰ ਸਾਬਕਾ ਸੋਵੀਅਤ ਯੂਨੀਅਨ ਵਾਂਗ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਉਹ ਸਾਡੇ ਦੇਸ਼ ਵਿਚੋਂ ਬਚ ਕੇ ਭੱਜਣ ਦੀ ਫਿਰਾਕ ਵਿਚ ਹੈ। ਉਹ ਅਮਰੀਕੀਆਂ ਨੂੰ ਚੇਤੇ ਕਰਾਉਣਾ ਚਾਹੁੰਦੇ ਹਨ ਕਿ ਅਸੀਂ ਹਮਲਾਵਰਾਂ ਨੂੰ ਸਵੀਕਾਰ ਨਹੀਂ ਕਰਦੇ ਅਤੇ ਉਨ੍ਹਾਂ ਨੂੰ ਦੁਨੀਆ ਦੇ ਨਕਸ਼ੇ ਤੋਂ ਹੀ ਮਿਟਾ ਦਿੰਦੇ ਹਾਂ।




ਅਮਰੀਕਾ ਦੀ ਅਗਵਾਈ ਹੇਠ ਨਾਟੋ ਫੌਜਾਂ ਇਸ ਸਾਲ ਦੇ ਅਖੀਰ ਤੱਕ ਅਫਗਾਨਿਸਤਾਨ ਵਿਚੋਂ ਪਰਤ ਜਾਣਗੀਆਂ। ਕਾਬੁਲ ਤੇ ਵਾਸ਼ਿੰਗਟਨ ਵਿਚਕਾਰ ਸਮਝੌਤੇ ਤਹਿਤ 10 ਹਜ਼ਾਰ ਅਮਰੀਕੀ ਫੌਜ ਅਫਗਾਨਿਸਤਾਨ ਵਿਚ ਸਿਖਲਾਈ ਤੇ ਅਤਿਵਾਦ ਵਿਰੋਧੀ ਕਾਰਵਾਈਆਂ ਦੇ ਟਾਕਰੇ ਲਈ 2014 ਤੋਂ ਬਾਅਦ ਵੀ ਰੁਕ ਸਕਦੀ ਹੈ। ਅਮਰੀਕੀ ਫੌਜ ਨੂੰ ਰੋਕਣ ਨੂੰ ਲੈ ਕੇ ਰਾਸ਼ਟਰਪਤੀ ਹਾਮਿਦ ਕਰਜ਼ਈ ਤੇ ਅਮਰੀਕੀ ਅਧਿਕਾਰੀਆਂ ਵਿਚਕਾਰ ਸਹਿਮਤੀ ਨਹੀਂ ਬਣ ਸਕੀ।

## ਪਾਕਿ ਵਿਚ ਜਬਰੀ ਧਰਮ ਪਰਿਵਰਤਨ ਕਾਰਨ ਹਿੰਦੂਆਂ ਵਿਚ ਰੋਸ

**ਕਰਾਚੀ:** ਪਾਕਿਸਤਾਨ ਵਿਚ ਘੱਟ ਗਿਣਤੀ ਫਿਰਕੇ ਦੇ ਹਿੰਦੂ ਲੋਕ ਜਬਰੀ ਧਰਮ ਪਰਿਵਰਤਨ ਤੋਂ ਖਾਸੇ ਨਾਰਾਜ਼ ਹਨ। ਹਿੰਦੂ ਆਗੂਆਂ ਦਾ ਦੋਸ਼ ਹੈ ਕਿ ਛੇ ਸਾਲ ਤੱਕ ਦੀਆਂ ਬੱਚੀਆਂ 'ਤੇ ਵੀ ਦਬਾਅ ਬਣਾ ਕੇ ਮੁਸਲਿਮ ਬਣਾਇਆ ਜਾ ਰਿਹਾ ਹੈ। 'ਪਾਕਿਸਤਾਨ ਵਿਚ ਹਿੰਦੂ-ਮਸਲੇ ਤੇ ਹੱਲ' ਵਿਸ਼ੇ 'ਤੇ ਕਰਾਚੀ ਪ੍ਰੈਸ ਕਲੱਬ ਵਿਚ ਹੋਏ ਸੈਮੀਨਾਰ ਦੌਰਾਨ ਛੇ ਸਾਲ ਦੀ ਜਮਨਾ ਨੂੰ ਪੇਸ਼ ਕੀਤਾ ਗਿਆ ਜਿਸ ਨੂੰ ਉਸ ਦੀ 10 ਸਾਲਾ ਭੈਣ ਪੂਜਾ ਨਾਲ ਧਰਮ ਬਦਲਣ ਲਈ ਦਬਾਅ ਬਣਾਇਆ ਗਿਆ ਸੀ।

ਜਮਨਾ ਦੇ ਪਿਤਾ ਸੋਮਾ ਨੇ ਕਿਹਾ ਕਿ ਉਹ ਸਿੰਧ ਸੂਬੇ ਦੇ ਮੀਰਪੁਰ ਖਾਸ ਮਿੱਟੀ ਦੇ ਖਿਡੌਣੇ ਤੇ ਭਾਂਡੇ ਘਰ-ਘਰ ਵੇਚਣ ਦਾ ਕੰਮ ਕਰਦੇ ਸਨ ਤੇ ਦੋਵੇਂ ਧੀਆਂ ਕੰਮ ਵਿਚ ਸਹਾਇਤਾ ਕਰਦੀਆਂ ਸਨ। ਚਾਰ ਫਰਵਰੀ ਨੂੰ ਦੋਵੇਂ ਬੱਚੀਆਂ ਖਿਡੌਣਿਆਂ ਦੀ ਟੋਕਰੀ ਲੈ ਕੇ ਘਰੋਂ ਨਿਕਲੀਆਂ ਸਨ ਪਰ ਉਹ ਬਾਅਦ ਵਿਚ ਘਰ ਨਾ ਪਰਤੀਆਂ। ਮੀਡੀਆ ਵਿਚ ਮਾਮਲਾ ਸਾਹਮਣੇ ਆਉਣ 'ਤੇ ਪਤਾ ਲੱਗਿਆ ਕਿ ਉਹ ਰਜਬ ਪਠਾਨ ਨਾਂ ਦੇ ਵਿਅਕਤੀ ਨਾਲ ਰਹਿ ਰਹੀਆਂ ਹਨ। ਇਲਾਕੇ ਦੀ ਪੁਲਿਸ ਨੇ ਉਨ੍ਹਾਂ ਨੂੰ ਅਦਾਲਤ ਵਿਚ ਮੁਸਲਮਾਨ ਬੱਚੀਆਂ ਵਜੋਂ ਪੇਸ਼ ਕੀਤਾ।

ਅਦਾਲਤ ਨੇ ਦੋਵਾਂ ਨੂੰ ਮਹਿਲਾ ਆਸ਼ਰਮ ਭੇਜ ਦਿੱਤਾ ਤੇ ਬਾਅਦ ਵਿਚ ਛੋਟੀ ਜਮਨਾ ਪਰਿਵਾਰ ਹਵਾਲੇ ਕਰ ਦਿੱਤੀ ਗਈ ਜਦੋਂਕਿ ਪੂਜਾ ਅਜੇ ਵੀ ਉਥੇ ਹੀ ਹੈ। ਪਿਤਾ ਦਾ ਕਹਿਣਾ ਹੈ ਕਿ ਪੂਜਾ ਦੇ ਦਿਮਾਗ ਵਿਚ ਸਾਡੇ ਖ਼ਿਲਾਫ਼ ਜ਼ਹਿਰ ਘੋਲ ਦਿੱਤਾ ਗਿਆ ਹੈ। ਆਲ ਹਿੰਦੂ ਰਾਈਟਰਜ਼ ਜਥੇਬੰਦੀ ਦੇ ਚੇਅਰਮੈਨ ਕਿਸ਼ਨ ਚੰਦ ਪਰਵਾਨੀ ਦਾ ਕਹਿਣਾ ਹੈ ਕਿ ਪਾਕਿਸਤਾਨ ਵਿਚ ਘੱਟ ਗਿਣਤੀਆਂ ਦੀਆਂ ਮੁਸ਼ਕਲਾਂ ਵਿਚ ਰੋਜ਼ ਵਾਧਾ ਹੋ ਰਿਹਾ ਹੈ। ਸਰਕਾਰ ਵੀ ਕੋਈ ਧਿਆਨ ਨਹੀਂ ਦੇ ਰਹੀ।

# ਪੰਜਾਬ ਸਰਕਾਰ ਦੀ ਕਮਾਈ ਨੂੰ ਲੱਗਾ ਵੱਡਾ ਖੋਰਾ

**ਚੰਡੀਗੜ੍ਹ:** ਪੰਜਾਬ ਦੇ 22 ਵਿਚੋਂ 17 ਜ਼ਿਲ੍ਹਿਆਂ ਵਿਚ ਆਰਥਿਕ ਮੰਦੀ ਕਾਰਨ ਰਜਿਸਟਰੀਆਂ ਤੇ ਅਸ਼ਟਾਮ ਫੀਸ ਤੋਂ ਆਮਦਨ ਪਿਛਲੇ ਸਾਲ ਨਾਲੋਂ 275 ਕਰੋੜ ਰੁਪਏ ਘੱਟ ਗਈ ਹੈ।ਜ਼ਿਲ੍ਹਾ ਫਾਜ਼ਿਲਕਾ ਸਮੇਤ ਪੰਜ ਜ਼ਿਲ੍ਹਿਆਂ ਵਿਚ ਪਿਛਲੇ ਸਾਲ ਦੇ ਮੁਕਾਬਲੇ ਆਮਦਨ ਵਿਚ ਵਾਧਾ ਦਰਜ ਕੀਤਾ ਗਿਆ ਹੈ। ਮਾਲ ਵਿਭਾਗ ਤੋਂ ਮਿਲੇ ਵੇਰਵਿਆਂ ਮੁਤਾਬਕ ਪਿਛਲੇ ਵਿੱਤੀ ਵਰ੍ਹੇ 2012-13 ਦੇ ਪਹਿਲੇ ਨੌਂ ਮਹੀਨਿਆਂ ਵਿਚ ਇਕ ਅਪਰੈਲ ਤੋਂ 31 ਦਸੰਬਰ, 2012 ਤੱਕ ਅਸ਼ਟਾਮ ਫੀਸ ਤੇ ਰਜਿਸਟਰੀਆਂ ਤੋਂ 2205.63 ਕਰੋੜ ਰੁਪਏ ਆਮਦਨ ਹੋਈ ਸੀ।

ਚਾਲੂ ਵਿੱਤੀ ਵਰ੍ਹੇ ਦੇ ਪਹਿਲੇ ਨੌਂ ਮਹੀਨਿਆਂ ਦੌਰਾਨ ਇਹ ਆਮਦਨ 1930.42 ਕਰੋੜ ਰੁਪਏ ਹੋਈ। ਇਸ ਵਿਚ 275.21 ਕਰੋੜ ਰੁਪਏ ਦੀ ਗਿਰਾਵਟ ਦਰਜ ਕੀਤੀ ਗਈ। ਆਮਦਨ ਘਟਣ ਦੇ ਮਾਮਲੇ ਵਿਚ ਸਭ ਤੋਂ ਵੱਧ ਮਾਰ ਜ਼ਿਲ੍ਹਾ ਲੁਧਿਆਣਾ ਨੂੰ ਪਈ, ਜਿਥੇ ਪਿਛਲੇ ਸਾਲ ਦੇ 389.14 ਕਰੋੜ ਰੁਪਏ ਦੇ ਮੁਕਾਬਲੇ ਇਸ ਵਾਰ 321.81 ਕਰੋੜ ਰੁਪਏ ਮਾਲੀਆ ਪ੍ਰਾਪਤ ਹੋਇਆ ਤੇ 67.33 ਕਰੋੜ ਰੁਪਏ ਦੀ ਗਿਰਾਵਟ ਦਰਜ ਕੀਤੀ ਗਈ।

ਜਲੰਧਰ ਵਿਚ ਪਿਛਲੇ ਸਾਲ ਦੇ 242.71 ਕਰੋੜ ਰੁਪਏ ਦੇ ਮੁਕਾਬਲੇ 181.44 ਕਰੋੜ ਰੁਪਏ ਪ੍ਰਾਪਤ ਹੋਏ, ਜੋ ਕਿ 61.27 ਕਰੋੜ ਰੁਪਏ ਘੱਟ ਹੈ। ਅੰਮ੍ਰਿਤਸਰ ਵਿਚ ਪਿਛਲੇ ਸਾਲ ਦੇ 223.78 ਕਰੋੜ ਰੁਪਏ ਦੇ ਮੁਕਾਬਲੇ 163.70 ਕਰੋੜ ਰੁਪਏ ਪ੍ਰਾਪਤ ਹੋਏ, ਜੋ 60.08 ਕਰੋੜ ਰੁਪਏ ਘੱਟ ਹੈ। ਪਟਿਆਲਾ ਵਿਚ ਵੀ ਅਸ਼ਟਾਮ ਫੀਸ ਤੇ ਰਜਿਸਟਰੀਆਂ ਤੋਂ ਆਮਦਨ ਵਿਚ ਭਾਰੀ ਗਿਰਾਵਟ ਦਰਜ ਕੀਤੀ ਗਈ ਤੇ ਪਿਛਲੇ ਸਾਲ ਦੇ 147.5 ਕਰੋੜ ਦੇ ਮੁਕਾਬਲੇ 110.34 ਕਰੋੜ ਰੁਪਏ ਆਮਦਨ ਰਹੀ, ਜੋ 37.16 ਕਰੋੜ ਰੁਪਏ ਘੱਟ ਹੈ।

ਇਸੇ ਤਰ੍ਹਾਂ ਸੰਗਰੂਰ ਵਿਚ 18.91 ਕਰੋੜ ਰੁਪਏ, ਫਤਿਹਗੜ੍ਹ ਸਾਹਿਬ ਵਿਚ 12.97 ਕਰੋੜ, ਗੁਰਦਾਸਪੁਰ ਵਿਚ 11.74 ਕਰੋੜ, ਰੋਪੜ ਵਿਚ 10.40 ਕਰੋੜ, ਕਪੂਰਥਲਾ ਵਿਚ 7.72 ਕਰੋੜ, ਹੁਸ਼ਿਆਰਪੁਰ ਵਿਚ 7.70 ਕਰੋੜ, ਬਰਨਾਲਾ ਵਿਚ 6.52 ਕਰੋੜ, ਸ਼ਹੀਦ ਭਗਤ ਸਿੰਘ ਨਗਰ ਵਿਚ 5.32 ਕਰੋੜ, ਪਠਾਨਕੋਟ ਵਿਚ 3.58 ਕਰੋੜ, ਤਰਨ ਤਾਰਨ ਵਿਚ 3.34 ਕਰੋੜ, ਮਾਨਸਾ ਵਿਚ 3.17 ਕਰੋੜ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਚ 0.47 ਕਰੋੜ ਤੇ ਫਰੀਦਕੋਟ ਵਿਚ 0.43 ਕਰੋੜ ਰੁਪਏ ਆਮਦਨ ਪਿਛਲੇ ਸਾਲ ਨਾਲੋਂ ਘੱਟ ਹੋਈ।

ਦਿਲਚਸਪ ਗੱਲ ਇਹ ਹੈ ਕਿ ਜਦੋਂ ਪੰਜਾਬ ਦੇ 17 ਜ਼ਿਲ੍ਹਿਆਂ ਵਿਚ ਮੰਦਾ ਸੀ ਉਦੋਂ ਪੰਜ ਜ਼ਿਲ੍ਹਿਆਂ ਵਿਚ ਪ੍ਰਾਪਰਟੀ ਕਾਰੋਬਾਰ ਪ੍ਰਫੁੱਲਤ ਹੋ ਰਿਹਾ ਸੀ। ਇਨ੍ਹਾਂ ਜ਼ਿਲ੍ਹਿਆਂ ਵਿਚ ਅਸ਼ਟਾਮ ਫੀਸ ਤੇ ਰਜਿਸਟਰੀਆਂ ਦੀ ਆਮਦਨ ਪਿਛਲੇ ਸਾਲ ਨਾਲੋਂ ਵੱਧ ਦਰਜ ਕੀਤੀ ਗਈ। ਉਪ ਮੁੱਖ ਮੰਤਰੀ ਦੇ ਹਲਕੇ ਜਲਾਲਾਬਾਦ ਵਿਚ ਪੈਂਦੇ ਜ਼ਿਲ੍ਹੇ ਫਾਜ਼ਿਲਕਾ ਵਿਚ ਪਿਛਲੇ ਸਾਲ ਦੇ 40.45 ਕਰੋੜ ਦੇ ਮੁਕਾਬਲੇ 57.02 ਕਰੋੜ ਰੁਪਏ ਆਮਦਨ ਹੋਈ, ਜੋ 16.57 ਕਰੋੜ ਰੁਪਏ ਵੱਧ ਰਹੀ। ਮੁਕਤਸਰ ਵਿਚ ਆਮਦਨ ਵਿਚ 10.13 ਕਰੋੜ, ਫਿਰੋਜ਼ਪੁਰ ਵਿਚ 7.07 ਕਰੋੜ, ਬਠਿੰਡਾ ਵਿਚ 5.68 ਕਰੋੜ ਤੇ ਮੋਗਾ ਜ਼ਿਲ੍ਹੇ ਵਿਚ 3.45 ਕਰੋੜ ਰੁਪਏ ਦਾ ਵਾਧਾ ਮਾਲੀਏ ਵਿਚ ਦਰਜ ਕੀਤਾ ਗਿਆ ਹੈ।

## ਚੰਡੀਗੜ੍ਹ ਨੇੜੇ ਸਭ ਤੋਂ ਪੁਰਾਣੇ ਮਨੁੱਖੀ ਅਵਿਸ਼ੇਸ਼ !

**ਚੰਡੀਗੜ੍ਹ:** ਭਾਰਤ ਤੇ ਫਰਾਂਸ ਦੇ ਪੁਰਾਤਤਵ ਵਿਗਿਆਨੀਆਂ ਵੱਲੋਂ ਚੰਡੀਗੜ੍ਹ ਨੇੜੇ ਸਾਂਝੇ ਤੌਰ ‘ਤੇ ਖੁਦਾਈ ਕੀਤੀ ਜਾ ਰਹੀ ਹੈ, ਕਿਹਾ ਜਾ ਰਿਹਾ ਹੈ ਕਿ ਇਸ ਥਾਂ ‘ਤੇ ਏਸ਼ੀਆ ਦੇ ਸਭ ਤੋਂ ਪੁਰਾਣੇ ਮਨੁੱਖੀ ਅਵਿਸ਼ੇਸ਼ ਹਨ। ਫਰਾਂਸ ਦੇ ਰਾਜਦੂਤ ਫ੍ਰਾਂਕੁਇਸ ਰਿਕੀਅਰ ਮੁਤਾਬਕ ਇਸ ਸਥਾਨ ‘ਤੇ ਤਕਰੀਬਨ 20 ਲੱਖ ਸਾਲ ਪਹਿਲਾਂ ਦੇ ਮਨੁੱਖੀ ਅਵਿਸ਼ੇਸ਼ ਹਨ।

ਚੰਡੀਗੜ੍ਹ ਤੋਂ ਕਰੀਬ 20 ਕਿਲੋਮੀਟਰ ਦੂਰ ਖੁਦਾਈ ਕਾ ਕੰਮ ਪੂਰਾ ਕੀਤਾ ਜਾ ਚੁੱਕਾ ਹੈ ਤੇ ਇਥੋਂ ਮਿਲੇ ਅਵਿਸ਼ੇਸ਼ਾਂ ਦਾ ਵਿਗਿਆਨਕ ਨਜ਼ਰੀਏ ਤੋਂ ਅਧਿਐਨ ਕੀਤਾ ਜਾ ਰਿਹਾ ਹੈ। ਜੇ ਇਹ ਸਹੀ ਪਾਏ ਜਾਂਦੇ ਹਨ ਤਾਂ ਇਹ ਏਸ਼ੀਆ ਦੇ ਸਭ ਤੋਂ ਪੁਰਾਣੇ ਮਨੁੱਖੀ ਅਵਿਸ਼ੇਸ਼ ਹੋਣਗੇ। ਉਨ੍ਹਾਂ ਸਿਰਫ਼ ਇਹੀ ਦੱਸਿਆ ਕਿ ਭਾਰਤ ਤੇ ਫਰਾਂਸ ਦੇ ਪੁਰਾਤਤਵ ਵਿਭਾਗਾਂ ਦੀ ਸਾਂਝੀ ਟੀਮ ਪਿਛਲੇ ਸਾਲ ਸਾਲਾਂ ਤੋਂ ਇਸ ਇਲਾਕੇ ’ਚ ਕੰਮ ਕਰ ਰਹੀ ਹੈ ਤੇ ਇਸ ਖੋਜ ਦੇ ਨਤੀਜੇ ਦਿਲਚਸਪ ਅਤੇ ਇਤਿਹਾਸ ਦੇ ਖੇਤਰ ਵਿਚ ਨਵਾਂ ਮੀਲ ਪੱਥਰ ਹੋਵੇਗਾ।

## ਗਾਇਕ ਹੰਸ ਰਾਜ ਹੰਸ ਵੱਲੋਂ ਇਸਲਾਮ ਕਬੂਲਣ ਦੀ ਚਰਚਾ

**ਜਲੰਧਰ:** ਪੰਜਾਬੀ ਗਾਇਕ ਤੇ 2009 ਵਿਚ ਅਕਾਲੀ ਦਲ ਵੱਲੋਂ ਲੋਕ ਸਭਾ ਚੋਣਾਂ ਲੜੇ ਹੰਸ ਰਾਜ ਹੰਸ ਦੇ ਪਿਛਲੇ ਦਿਨੀਂ ਲਾਹੌਰ ਵਿਖੇ ਇਸਲਾਮ ਧਰਮ ਕਬੂਲਣ ਦੀ ਚਰਚਾ ਹੈ ਤੇ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਆਪਣਾ ਇਸਲਾਮੀ ਨਾਂ ਮੁਹੰਮਦ ਯੂਸਫ਼ ਰੱਖ ਲਿਆ ਹੈ। ਪਾਕਿਸਤਾਨੀ ਟੀ.ਵੀ ਚੈਨਲਾਂ ਤੋਂ ਇਲਾਵਾ ਕਈ ਇੰਟਰਨੈੱਟ ਪੋਰਟਲਾਂ ਉਪਰ ਇਹ ਖ਼ਬਰ ਪਾਈ ਗਈ ਹੈ। ਪਾਕਿਸਤਾਨ ਦੇ ਜੀਓ ਟੀ.ਵੀ ਦੀ ਖ਼ਬਰ ਮੁਤਾਬਕ ਹੰਸ ਰਾਜ ਹੰਸ ਇਸਲਾਮ ਵਿਚ ਸ਼ਾਮਲ ਹੋ ਗਏ ਹਨ।



ਖ਼ਬਰ ਮੁਤਾਬਕ ਲਾਹੌਰ ਵਿਖੇ ਪੱਤਰਕਾਰ ਸੰਮੇਲਨ ਦੌਰਾਨ ਉਨ੍ਹਾਂ ਦੱਸਿਆ ਕਿ ਉਸ ਨੇ ਧਰਮ ਦੇ ਡੂੰਘੇ ਅਧਿਐਨ ਤੇ ਨਿਰਖ ਤੋਂ ਬਾਅਦ ਹੀ ਇਸਲਾਮ ਕਬੂਲਿਆ ਹੈ। ਹੰਸ ਨੇ ਹਜ਼ਰਤ ਮੁਹੰਮਦ ਪ੍ਰਤੀ ਆਪਣੀ ਅਥਾਹ ਸ਼ਰਧਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਹ ਜਿੰਨੀ ਛੇਤੀ ਸੰਭਵ ਹੋ ਸਕਿਆ, ਮੱਕਾ ਮਦੀਨਾ ਜਾਣਗੇ। ਖ਼ਬਰ ਮੁਤਾਬਕ ਹੰਸ ਨੇ ਇਸਲਾਮ ਕਬੂਲ ਕਰਨ ਨੂੰ ਪ੍ਰਵਾਨ ਕੀਤਾ ਤੇ ਕਿਹਾ ਕਿ ਉਸ ਦਾ ਨਵਾਂ ਨਾਂ ਮੁਹੰਮਦ ਯੂਸਫ਼ ਹੋਵੇਗਾ, ਪਰ ਸੰਗੀਤ ਦੀ ਦੁਨੀਆ ਵਿਚ ਉਹ ਆਪਣਾ ਨਾਂ ਹੰਸ ਰਾਜ ਹੰਸ ਹੀ ਰੱਖਣਗੇ। ਹਾਲਾਂਕਿ ਹੰਸ ਰਾਜ ਹੰਸ ਨੇ ਇਸਲਾਮ ਕਬੂਲਣ ਦੀਆਂ ਖ਼ਬਰਾਂ ਦਾ ਸਪਸ਼ਟ ਰੂਪ ਵਿਚ ਖੰਡਨ ਕਰਨ ਤੋਂ ਟਾਲਾ ਵਟਦਿਆਂ ਕਿਹਾ ਕਿ ਉਹ ਤਾਂ ਸੂਫ਼ੀ ਫਕੀਰ ਹੈ ਤੇ ਸੂਫ਼ੀ ਫਕੀਰਾਂ ਦਾ ਧਰਮ ਤਾਂ ਸਿਰਫ਼ ਇਨਸਾਨੀਅਤ ਹੁੰਦਾ ਹੈ। ਸ੍ਰੀ ਹੰਸ ਨੇ ਪ੍ਰਵਾਨ ਕੀਤਾ ਕਿ ਉਹ ਪਿਛਲੇ ਦਿਨੀਂ ਲਾਹੌਰ ਗਏ ਸਨ ਤੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਵੀ ਦਰਸ਼ਨ ਕਰਕੇ ਆਏ ਹਨ। ਜ਼ਿਕਰਯੋਗ ਹੈ ਕਿ ਹੰਸ ਜਲੰਧਰ ਨੇੜਲੇ ਪਿੰਡ ਸ਼ਫ਼ੀਪੁਰ ਦੇ ਜੰਮਪਲ ਹਨ ਤੇ ਉਨ੍ਹਾਂ ਦੇ ਪਿਤਾ ਰਛਪਾਲ ਸਿੰਘ ਤੇ ਮਾਤਾ ਸੁਰਜਨ ਕੌਰ ਸਨ।

ਹੰਸ ਨੇ ਗਾਇਕੀ ਵਿਚ ਪੈਂਠ ਬੰਨ੍ਹਣ ਤੋਂ ਬਾਅਦ ਨਕੋਦਰ ਦੇ ਲਾਲ ਬਾਦਸ਼ਾਹ ਫਕੀਰ ਦੀ ਦਰਗਾਹ ਦੀ ਗੱਦੀ ਹਾਸਲ ਕੀਤੀ ਸੀ ਪਰ ਛੇਤੀ ਹੀ ਉਹ ਫਕੀਰੀ ਦੀ ਗੱਦੀ ਤੋਂ ਸਿਆਸਤ ਦੇ ਅਖਾੜੇ ਵਿਚ ਆ ਕੁੱਦੇ ਤੇ 2009 ਵਿਚ ਅਕਾਲੀ ਦਲ ਵੱਲੋਂ ਲੋਕ ਸਭਾ ਚੋਣ ਲੜੀ। ਚੋਣ ਹਾਰਨ ਤੋਂ ਬਾਅਦ ਉਹ ਜਲੰਧਰ ਛੱਡ ਕੇ ਮੁੰਬਈ ਚਲੇ ਗਏ ਸਨ ਪਰ ਕੁਝ ਸਮਾਂ ਮੁੰਬਈ ਦੀਆਂ ਗਲੀਆਂ ਛਾਣਨ ਬਾਅਦ ਉਹ ਮੁੜ ਪੰਜਾਬ ਵਿਚ ਆ ਕੇ ਸਿਆਸਤ ਵਿਚ ਸਰਗਰਮ ਹੋ ਗਏ। ਉਹ ਇਸ ਵੇਲੇ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਵੀ ਹਨ।

## ਦਿਲਜੀਤ ਹੁਣ ਅਸ਼ਲੀਲ ਗੀਤ ਨਹੀਂ ਗਾਏਗਾ

**ਨਵਾਂ ਸ਼ਹਿਰ:** ਇਸਤਰੀ ਜਾਗ੍ਰਿਤੀ ਮੰਚ ਨੇ ਪੰਜਾਬੀ ਗਾਇਕ ਦਿਲਜੀਤ ਦੁਸਾਂਝ ਵੱਲੋਂ ਅਸ਼ਲੀਲ ਗੀਤ ਗਾਉਣ ਤੋਂ ਤੋਬਾ ਕਰਨ ਮਗਰੋਂ ਉਸ ਖਿਲਾਫ ਇਸ ਮੁੱਦੇ ‘ਤੇ ਲੰਬੇ ਸਮੇਂ ਤੋਂ ਕੀਤਾ ਜਾ ਰਿਹਾ ਸੰਘਰਸ਼ ਸਮਾਪਤ ਕਰ ਦਿੱਤਾ।



ਆਰ.ਕੇ. ਆਰੀਆ ਕਾਲਜ ਨਵਾਂ ਸ਼ਹਿਰ ਦੇ ਮੈਦਾਨ ਵਿਚ ਦਿਲਜੀਤ ਨਾਈਟ ਕਰਵਾਈ ਜਾ ਰਹੀ ਹੈ ਜਿਸ ਦਾ ਇਸਤਰੀ ਜਾਗ੍ਰਿਤੀ ਮੰਚ ਵੱਲੋਂ ਵਿਰੋਧ ਕੀਤਾ ਜਾਣਾ ਸੀ। ਪ੍ਰਸ਼ਾਸਨ ਵੱਲੋਂ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਦੇਰ ਸ਼ਾਮ ਇਸਤਰੀ ਜਾਗ੍ਰਿਤੀ ਮੰਚ ਦੀ ਸੂਬਾ ਪ੍ਰਧਾਨ ਬੀਬੀ ਗੁਰਬਖਸ਼ ਕੌਰ ਸੰਘਾ ਤੇ ਗਾਇਕ ਦਿਲਜੀਤ ਦੁਸਾਂਝ ਦਾ ਪ੍ਰੋਗਰਾਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਸੁਵਿਧਾ ਕੇਂਦਰ ਨਵਾਂ ਸ਼ਹਿਰ ਵਿਖੇ ਅਹਿਮ ਮੀਟਿੰਗ ਕਰਵਾ ਕੇ ਸਮਝੌਤਾ ਕਰਵਾ ਦਿੱਤਾ ਗਿਆ ਹੈ।

ਮੰਚ ਦੀ ਸੂਬਾ ਪ੍ਰਧਾਨ ਬੀਬੀ ਸੰਘਾ ਨੇ ਕਿਹਾ ਹੈ ਕਿ ਗਾਇਕ ਦਿਲਜੀਤ ਦੁਸਾਂਝ ਵੱਲੋਂ ਅਸ਼ਲੀਲ ਗੀਤਾਂ ਤੋਂ ਤੋਬਾ ਕੀਤੀ ਗਈ ਹੈ ਤੇ ਜਥੇਬੰਦੀ ਨੂੰ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਜੋ ਗੀਤ ਸਮਾਜ ਵਿਚ ਵਧੀਆ ਸੰਦੇਸ਼ ਨਹੀਂ ਦਿੰਦੇ, ਉਨ੍ਹਾਂ ਨੂੰ ਉਹ ਅਗਾਂਹ ਤੋਂ ਨਹੀਂ ਗਾਵੇਗਾ। ਉਨ੍ਹਾਂ ਦੀ ਜਥੇਬੰਦੀ ਵੱਲੋਂ ਸਮਾਜ ਵਿਚ ਪਰੋਸੀ ਜਾ ਰਹੀ ਲੱਚਰਤਾ ਨੂੰ ਲੈ ਕੇ ਉਠਾਏ ਗਏ ਬੀੜੇ ਦੀ ਜਿੱਤ ਹੋਈ ਹੈ।

## ਪੰਜਾਬੀ ਸਭ ਤੋਂ ਵੱਧ ਮੋਟਾਪੇ ਦੇ ਸ਼ਿਕਾਰ

**ਚੰਡੀਗੜ੍ਹ:** ਖਾਣ-ਪੀਣ ਤੇ ਹੋਰ ਸੁਖ-ਆਰਾਮ ਦੀਆਂ ਚੀਜ਼ਾਂ ਦੇ ਸ਼ੌਕੀਨ ਹੁੰਦੇ ਜਾ ਰਹੇ ਪੰਜਾਬੀਆਂ ਲਈ ਮੋਟਾਪਾ ਇਕ ਭਿਆਨਕ ਬਿਮਾਰੀ ਦਾ ਰੂਪ ਧਾਰ ਰਿਹਾ ਹੈ। ਹਾਲ ਹੀ ਵਿਚ ਮਾਹਿਰਾਂ ਵੱਲੋਂ ਵਿਸ਼ਵ ਭਰ ਵਿਚ ਕੀਤੇ ਸਰਵੇਖਣ ਦੇ ਆਧਾਰ ‘ਤੇ ਇਸ ਗੱਲ ਦਾ ਖੁਲਾਸਾ ਹੋਇਆ ਹੈ ਕਿ ਪਿਛਲੇ 10 ਸਾਲਾਂ ਦੌਰਾਨ ਕਾਰ, ਟੀ.ਵੀ ਤੇ ਕੰਪਿਊਟਰ ਦੀ ਵਰਤੋਂ ਕਰਨ ਵਾਲਿਆਂ ਵਿਚ 83 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ ਜਿਸ ਕਾਰਨ ਲੋਕ ਪਹਿਲਾਂ ਮੋਟਾਪੇ ਤੇ ਫਿਰ ਹੋਰ ਭਿਆਨਕ ਬਿਮਾਰੀਆਂ ਦੀ ਜਕੜ ਵਿਚ ਆ ਰਹੇ ਹਨ।

ਆਧੁਨਿਕ ਵਸੀਲਿਆਂ ਦੀ ਦੌੜ ਵਿਚ ਸ਼ਾਮਲ ਹੋ ਕੇ ਪੰਜਾਬ ਮੋਟਾਪੇ ਦੇ ਮਾਮਲੇ ਵਿਚ ਦੇਸ਼ ਦੇ ਸਾਰੇ ਸੂਬਿਆਂ ਨੂੰ ਪਿੱਛੇ ਛੱਡ ਕੇ ਪਹਿਲੇ ਨੰਬਰ ‘ਤੇ ਪੁੱਜ ਚੁੱਕਾ ਹੈ। ਪੀ.ਜੀ.ਆਈ ਦੇ ਡਾ. ਰਾਜੇਸ਼ ਕੁਮਾਰ ਦਾ ਕਹਿਣਾ ਹੈ ਕਿ ਇਸ ਬਾਰੇ ਦੇਸ਼ ਭਰ ਦੇ ਚੋਟੀ ਦੇ ਇਹ ਸਰਵੇਖਣ ਵਿਸ਼ਵ ਵਿਚ ਵੱਖ-ਵੱਖ ਪੇਂਡੂ ਤੇ ਸ਼ਹਿਰੀ ਖੇਤਰਾਂ ਦੇ ਲੋਕਾਂ ਦੇ ਗਰੁੱਪ ਬਣਾ ਕੇ ਕੀਤਾ ਗਿਆ, ਜਿਸ ਦੇ ਆਧਾਰ ‘ਤੇ ਅੰਤਰਰਾਸ਼ਟਰੀ ਰਿਪੋਰਟ ਤਿਆਰ ਕੀਤੀ ਗਈ ਹੈ। ਇਹ ਰਿਪੋਰਟ ਵੱਖ-ਵੱਖ ਵਰਗਾਂ ਦੇ ਇਕ ਲੱਖ 53 ਹਜ਼ਾਰ ਲੋਕਾਂ ਉਪਰ ਕੀਤੇ ਸਰਵੇਖਣ ਦੇ ਆਧਾਰ ‘ਤੇ ਤਿਆਰ ਕੀਤੀ ਗਈ ਹੈ।

ਮੋਟਾਪੇ ਦਾ ਸ਼ਿਕਾਰ ਲੋਕਾਂ ਨੂੰ ਦਿਲ, ਦਿਮਾਗ, ਸ਼ੂਗਰ ਤੇ ਕਈ ਹੋਰ ਗੰਭੀਰ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਵੇਖਣ ਮੁਤਾਬਕ 28 ਸੂਬਿਆਂ ਵਿਚੋਂ ਪੰਜਾਬ ਦੇ ਨੌਜਵਾਨ ਮੋਟਾਪੇ ਦੇ ਮਾਮਲੇ ਵਿਚ ਸਭ ਤੋਂ ਅੱਗੇ ਪਾਏ ਗਏ ਹਨ। ਪੰਜਾਬ ਵਿਚ 30.3 ਫੀਸਦੀ ਪੁਰਸ਼ ਮੋਟਾਪੇ ਦੇ ਸ਼ਿਕਾਰ ਹਨ, ਜਦਕਿ ਤ੍ਰਿਪੁਰਾ ਦੇ 5.2, ਹਰਿਆਣਾ ਦੇ 14.4, ਜੰਮੂ-ਕਸ਼ਮੀਰ ਦੇ 8.7, ਗੁਜਰਾਤ ਦੇ 15.4, ਮਹਾਰਾਸ਼ਟਰ ਦੇ 15.9, ਹਿਮਾਚਲ ਦੇ 16, ਗੋਆ ਦੇ 20.8 ਫੀਸਦੀ ਪੁਰਸ਼ ਮੋਟਾਪੇ ਦੇ ਸ਼ਿਕਾਰ ਹਨ।

## ਮਾਰਸ਼ਲ ਅਰਜਨ ਸਿੰਘ ਨੂੰ ‘ਭਾਰਤ ਰਤਨ’ ਦੇਣ ਦੀ ਅਪੀਲ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਾਰਸ਼ਲ ਆਫ ਏਅਰ ਫੋਰਸ ਅਰਜਨ ਸਿੰਘ ਨੂੰ ‘ਭਾਰਤ ਰਤਨ’ ਦਾ ਸਨਮਾਨ ਦੇਣ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਨਿੱਜੀ ਤੌਰ ’ਤੇ ਦਖ਼ਲ ਦੇਣ ਦੀ ਅਪੀਲ ਕੀਤੀ ਹੈ।

ਪ੍ਰਧਾਨ ਮੰਤਰੀ ਨੂੰ ਭੇਜੇ ਪੱਤਰ ਵਿਚ ਸ. ਬਾਦਲ ਨੇ ਕਿਹਾ ਕਿ ਅਰਜਨ ਸਿੰਘ ਨਾ ਕੇਵਲ ਫਾਈਵ ਸਟਾਰ ਫੌਜੀ ਅਧਿਕਾਰੀ ਹਨ ਸਗੋਂ ਉਹ ਹਵਾਈ ਸੈਨਾ ਦੇ ਪਹਿਲੇ ‘ਮਾਰਸ਼ਲ ਆਫ ਏਅਰ ਫੋਰਸ’ ਵੀ ਹਨ। ਸਾਲ 1965 ਦੀ ਜੰਗ ਵਿਚ ਹਵਾਈ ਸੈਨਾ ਦੇ ਇਸ ਮਹਾਨ ਨਾਇਕ ਦੀ ਭੂਮਿਕਾ ਨੂੰ ਮਾਣ ਦਿੰਦੇ ਹੋਏ ਚੀਫ ਆਫ ਏਅਰ ਸਟਾਫ ਦੇ ਰੈਂਕ ਨੂੰ ਵਧਾ ਕੇ ਏਅਰ ਚੀਫ ਮਾਰਸ਼ਲ ਕਰ ਦਿੱਤਾ ਗਿਆ ਸੀ। ਅਰਜਨ ਸਿੰਘ ਨੂੰ 1944 ਵਿਚ ‘ਡਿਸਟਿੰਗੁਇਸ਼ਡ ਫਲਾਇੰਗ ਕਰਾਸ’ ਤੇ 1965 ਵਿਚ ‘ਪਦਮ ਵਿਭੂਸ਼ਣ’ ਨਾਲ ਸਨਮਾਨਤ ਕੀਤਾ ਗਿਆ ਸੀ।


ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਅਮਰੀਕੀ ਚੋਣਾਂ ਵਿਚ ਇਸ ਵਾਰ ਦਸ ਭਾਰਤੀ ਨਿੱਤਰਨਗੇ

**ਵਾਸ਼ਿੰਗਟਨ:** ਹਾਲਾਂਕਿ ਅਮਰੀਕਾ ਵਿਚ ਆਮ ਚੋਣਾਂ ਲਈ ਅਜੇ ਅੱਠ ਮਹੀਨੇ ਤੋਂ ਵੱਧ ਪਏ ਹਨ ਪਰ 10 ਭਾਰਤੀ ਅਮਰੀਕੀਆਂ ਨੇ ਪ੍ਰਤੀਨਿਧ ਸਦਨ ਸਮੇਤ ਜਨਤਕ ਅਹੁਦਿਆਂ ਦੀਆਂ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੈ। ਇਕ-ਮਾਤਰ ਭਾਰਤੀ-ਅਮਰੀਕੀ ਕਾਂਗਰਸ ਮੈਂਬਰ ਅਮੀ ਬੇਰਾ ਕੈਲੀਫੋਰਨੀਆਂ ਦੇ ਸਤਵੇਂ ਸੰਸਦੀ ਜ਼ਿਲ੍ਹੇ ਤੋਂ ਮੁੜ ਚੋਣ ਲੜਨਗੇ। ਇਕ ਹੋਰ ਭਾਰਤੀ ਅਮਰੀਕੀ ਕਮਲਾ ਹੈਰਿਸ ਨੇ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਦੇ ਅਹੁਦੇ ਲਈ ਮੁੜ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ।

ਰਿਪਬਲਿਕਨ ਨੀਲ ਕਸ਼ਕਰੀ ਕੈਲੀਫੋਰਨੀਆ ਦੇ ਗਵਰਨਰ ਦੇ ਅਹੁਦੇ ਲਈ ਉਮੀਦਵਾਰ ਬਣ ਗਏ ਹਨ ਜੇ ਉਹ ਚੁਣੇ ਗਏ ਤਾਂ ਲੂਸੀਆਨਾ ਦੇ ਬੌਬੀ ਜਿੰਦਲ ਤੇ ਸਾਊਥ ਕੈਰੋਲਾਈਨਾ ਦੀ ਨਿਕੀ ਹੇਲੀ ਤੋਂ ਬਾਅਦ ਉਹ ਤੀਜੇ ਭਾਰਤੀ-ਅਮਰੀਕੀ ਗਵਰਨਰ ਹੋਣਗੇ। ਉਂਜ, ਸਭ ਦੀਆਂ ਨਜ਼ਰਾਂ ਕੈਲੀਫੋਰਨੀਆ ਦੇ 17ਵੇਂ ਸੰਸਦੀ ਜ਼ਿਲ੍ਹੇ 'ਤੇ ਲੱਗੀਆਂ ਹੋਈਆਂ ਹਨ ਜਿੱਥੇ ਓਬਾਮਾ ਪ੍ਰਸ਼ਾਸਨ ਵਿਚ ਵਣਜ ਲਈ ਸਾਬਕਾ ਡਿਪਟੀ ਅਸਿਸਟੈਂਟ ਸੈਕਟਰੀ ਰੋ ਖੰਨਾ ਨੇ ਆਪਣੀ ਹੀ ਪਾਰਟੀ ਦੇ ਮਾਈਕ ਹੌਂਡਾ ਨੂੰ ਤਕੜੀ



ਟੱਕਰ ਦਿੱਤੀ ਹੈ। ਸ੍ਰੀ ਖੰਨਾ ਨੇ ਰਿਕਾਰਡ ਫੰਡ ਹੀ ਇਕੱਤਰ ਨਹੀਂ ਕੀਤਾ ਸਗੋਂ ਸ੍ਰੀ ਓਬਾਮਾ ਦੀ ਦੂਜੀ ਚੋਣ ਜੇਤੂ ਟੀਮ ਦੀਆਂ ਸੇਵਾਵਾਂ ਲੈਣ ਵਿਚ ਵੀ ਕਾਮਯਾਬੀ ਹਾਸਲ ਕੀਤੀ ਹੈ।

ਇਸ ਜ਼ਿਲ੍ਹੇ ਤੋਂ ਇਕ ਹੋਰ ਭਾਰਤੀ-ਅਮਰੀਕੀ ਵਨੀਲਾ ਮਾਥੁਰ ਸਿੰਘ ਨੇ ਵੀ ਰਿਪਬਲਿਕਨ ਪਾਰਟੀ ਦੀ ਟਿਕਟ 'ਤੇ ਮੈਦਾਨ ਵਿਚ ਉਤਰਨ ਦਾ ਐਲਾਨ ਕੀਤਾ। ਉਹ ਸਟੈਨਫਰਡ ਯੂਨੀਵਰਸਿਟੀ ਦੇ ਸਕੂਲ ਆਫ ਮੈਡੀਸਨ ਵਿਚ ਐਸੋਸੀਏਟ ਪ੍ਰੋਫੈਸਰ ਹਨ। ਹਾਲਾਂਕਿ ਉਨ੍ਹਾਂ ਦੇ ਚੋਣ ਜਿੱਤਣ ਦੇ ਆਸਾਰ ਘੱਟ ਹਨ ਪਰ ਇਹ ਪਹਿਲੀ ਵਾਰ ਹੈ ਜਦੋਂ ਸੰਸਦੀ ਸੀਟ ਤੋਂ ਦੋ ਭਾਰਤੀ-ਅਮਰੀਕੀ ਆਹਮੋ-ਸਾਹਮਣੇ ਹੋਣਗੇ।

ਨਿਊਜਰਸੀ ਦੀ ਵਿਧਾਨ ਸਭਾ ਦੇ ਪਹਿਲੇ ਭਾਰਤੀ-ਅਮਰੀਕੀ ਕਾਨੂੰਨਸਾਜ਼ ਉਪੇਂਦਰ ਚਿਵੁਕੁਲਾ ਨੇ ਵੀ ਨਿਊ ਜਰਸੀ ਸੰਸਦੀ ਤੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ ਜੋ ਉਨ੍ਹਾਂ ਦੀ ਪਾਰਟੀ ਦੇ ਰਸ਼ ਹੋਲਟ ਵੱਲੋਂ ਖਾਲੀ ਕੀਤੀ ਗਈ ਹੈ। ਮਨਨ ਤ੍ਰਿਵੇਦੀ ਪੈਨਸਿਲਵੇਨੀਆ ਦੀ ਛੇ ਨੰਬਰ ਸੰਸਦੀ ਸੀਟ ਤੋਂ ਕਿਸਮਤ ਅਜ਼ਮਾਉਣ ਦੀ ਤਿਆਰੀ ਵਿਚ ਹਨ। 2012 ਦੀਆਂ ਚੋਣਾਂ ਵਿਚ ਉਪ-ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਰਹੇ ਪੌਲ ਰਿਆਨ ਨੂੰ ਵਿਸਕਾਨਸਿਨ ਸੀਟ ਤੋਂ ਭਾਰਤੀ-ਅਮਰੀਕੀ ਅਮਰਦੀਪ ਕਾਲੇਕਾ ਨਾਲ ਟੱਕਰ ਲੈਣੀ ਪਵੇਗੀ।

ਕਾਲੇਕਾ ਵਿਸਕਾਨਸਿਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਕਾਲੇਕਾ ਦਾ ਪੁੱਤਰ ਹੈ, ਸਤਵੰਤ ਸਿੰਘ ਨੂੰ 2012 ਵਿਚ ਇਕ ਗੋਰੇ ਕੱਟੜਪ੍ਰਸਤ ਨੇ ਅੰਨ੍ਹੇਵਾਹ ਗੋਲੀਬਾਰੀ ਕਰਦਿਆਂ ਸ਼ਹੀਦ ਕਰ ਦਿੱਤਾ ਸੀ। 2002 ਵਿਚ ਆਇਓਵਾ ਦੇ ਪ੍ਰਤੀਨਿਧ ਸਦਨ ਵਿਚ ਚੁਣੀ ਗਈ ਪਹਿਲੀ ਭਾਰਤੀ ਅਮਰੀਕੀ ਸਵਾਤੀ ਦਾਂਡੇਕਰ ਆਇਓਵਾ ਸੰਸਦੀ ਸੀਟ ਤੋਂ ਚੋਣ ਲੜਨਾ ਚਾਹੁੰਦੀ ਹੈ। ਭਾਰਤੀ-ਅਮਰੀਕੀ ਮੰਜੂ ਗੋਇਲ ਇਲੀਨੋਏ ਸੰਸਦੀ ਸੀਟ ਤੋਂ ਰਿਪਬਲਿਕਨ ਪਾਰਟੀ ਦੀ ਟਿਕਟ ਲਈ ਜ਼ੋਰ ਅਜ਼ਮਾਈ ਕਰ ਰਹੀ ਹੈ।

## ਸੀ.ਏ.ਪੀ. ਨਾਲ ਜੁੜਨਗੇ ਵਿਕਰਮ ਸਿੰਘ

**ਵਾਸ਼ਿੰਗਟਨ:** ਪੰਜ ਸਾਲ ਓਬਾਮਾ ਪ੍ਰਸ਼ਾਸਨ ਨਾਲ ਵੱਖ-ਵੱਖ ਅਹੁਦਿਆਂ 'ਤੇ ਸੇਵਾਵਾਂ ਨਿਭਾਉਣ ਤੋਂ ਬਾਅਦ ਪੈਂਟਾਗਨ ਵਿਚ ਸਭ ਤੋਂ ਉਚੇ ਰੈਂਕ ਦੇ ਮਾਲਕ ਭਾਰਤੀ-ਅਮਰੀਕੀ ਵਿਕਰਮ ਸਿੰਘ ਹੁਣ ਪ੍ਰਮੁੱਖ ਅਮਰੀਕੀ ਵਿਚਾਰਸ਼ੀਲ ਸੰਸਥਾ ਨਾਲ ਜੁੜਨਗੇ। ਦੱਖਣੀ ਤੇ ਦੱਖਣ ਪੂਰਬੀ ਏਸ਼ੀਆ ਮਾਮਲਿਆਂ ਲਈ ਰੱਖਿਆ ਮੰਤਰੀ ਦੇ ਡਿਪਟੀ ਅਸਿਸਟੈਂਟ ਵਿਕਰਮ ਸਿੰਘ ਸੈਂਟਰ ਫਾਰ ਅਮੈਰਿਕਨ ਪ੍ਰਾਗ੍ਰੈਸ (ਸੀ.ਏ.ਪੀ) ਨਾਲ ਜੁੜ ਰਹੇ ਹਨ ਤੇ ਇਸ ਦੇ ਕੌਮੀ ਸੁਰੱਖਿਆ ਤੇ ਕੌਮਾਂਤਰੀ ਨੀਤੀ ਬਾਰੇ ਮੀਤ ਪ੍ਰਧਾਨ ਹੋਣਗੇ। ਉਹ ਦੁਨੀਆ ਭਰ ਵਿਚ ਕੌਮੀ ਸੁਰੱਖਿਆ ਦੇ ਮੁੱਦੇ 'ਤੇ ਨਜ਼ਰ ਰੱਖਣਗੇ ਪਰ ਉਨ੍ਹਾਂ ਦਾ ਕੇਂਦਰਬਿੰਦੂ ਏਸ਼ੀਆ 'ਤੇ ਹੋਵੇਗਾ। ਉਹ ਮਾਰਚ ਵਿਚ ਬਾਕਾਇਦਾ ਸੀ.ਏ.ਪੀ ਨਾਲ ਜੁੜ ਜਾਣਗੇ।

ਸੀ.ਏ.ਪੀ ਦੀ ਮੁਖੀ ਨੀਰਾ ਟੰਡਨ ਨੇ ਇਕ ਬਿਆਨ ਵਿਚ ਦੱਸਿਆ ਕਿ ਵਿਕਰਮ ਆਪਣੀ ਪੀੜ੍ਹੀ ਦੇ ਵਿਦੇਸ਼ ਨੀਤੀ ਚਿੰਤਕਾਂ ਵਿਚੋਂ ਮੋਹਰੀ ਹਨ ਤੇ ਉਨ੍ਹਾਂ ਵਿਦੇਸ਼ ਵਿਭਾਗ ਤੇ ਪੈਂਟਾਗਨ ਵਿਚਲੇ ਆਪਣੇ ਕਾਰਜਕਾਲ ਦੌਰਾਨ ਦੇਸ਼ ਦੀ ਵਿਦੇਸ਼ ਨੀਤੀ ਦੀਆਂ ਸਭ ਤੋਂ ਵੱਡੀਆਂ ਵੰਗਾਰਾਂ ਨਾਲ ਦਸਤਪੰਜਾ ਲਿਆ ਹੈ।

## ਭਾਰਤੀ ਜੋੜੇ ਨੇ ਨਿਊਜ਼ੀਲੈਂਡ ਦੇ ਸੰਸਦ ਮੈਂਬਰ ਕੋਲ ਲਾਈ ਗੁਹਾਰ

**ਵੈਲਿੰਗਟਨ:** ਬੇਦਖਲੀ ਦਾ ਸਾਹਮਣਾ ਕਰ ਰਹੇ ਇਕ ਭਾਰਤੀ ਜੋੜੇ ਨੇ ਨਿਊਜ਼ੀਲੈਂਡ ਵਿਚ ਇਕ ਸੰਸਦ ਮੈਂਬਰ ਤੋਂ ਮਦਦ ਮੰਗੀ ਹੈ। ਨਿਊਜ਼ੀਲੈਂਡ ਦੇ ਨੌਰਥ ਆਈਲੈਂਡ ਦੇ ਹਾਕਸ਼ੇਜ਼ ਬੇਅ ਖਿੱਤੇ ਵਿਚਲੇ ਹੇਸਟਿੰਗਜ਼ ਦੇ ਵਸਨੀਕ ਭੁਵਨੇਸ਼ ਮਹਿਤਾ ਤੇ ਜਸਵਿੰਦਰ ਕੌਰ ਵੱਲੋਂ ਪਿਛਲੇ ਸਾਲ ਦਾਖਲ ਕਰਾਈਆਂ ਗਈਆਂ ਅਰਜ਼ੀਆਂ 'ਇਮੀਗ੍ਰੇਸ਼ਨ ਨਿਊਜ਼ੀਲੈਂਡ' ਵੱਲੋਂ ਰੱਦ ਕਰ ਦਿੱਤੇ ਜਾਣ ਕਾਰਨ ਉਨ੍ਹਾਂ ਨੂੰ ਹੁਣ ਬੇਦਖਲੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 'ਨਿਊਜ਼ੀਲੈਂਡ ਹੈਰਲਡ' ਅਖ਼ਬਾਰ ਵਿਚ ਛਪੀ ਇਕ ਰਿਪੋਰਟ ਮੁਤਾਬਕ ਭਾਰਤੀ ਜੋੜੇ ਨੇ ਦਾਅਵਾ ਕੀਤਾ ਹੈ ਕਿ ਲਾਅ ਫਰਮ ਲਸਕੋਂਬੇ ਲੀਗਲ ਵੱਲੋਂ ਕੀਤੀਆਂ ਗਈਆਂ ਗ਼ਲਤੀਆਂ ਦਾ ਖਮਿਆਜ਼ਾ ਉਨ੍ਹਾਂ ਨੂੰ ਭੁਗਤਣਾ ਪੈ ਰਿਹਾ ਹੈ। ਜੋੜੇ ਨੇ ਇਸ ਮਾਮਲੇ ਬਾਰੇ ਨਿਊਜ਼ੀਲੈਂਡ ਲਾਅ ਸੁਸਾਇਟੀ ਕੋਲ ਵੀ ਸ਼ਿਕਾਇਤ ਕੀਤੀ ਹੈ। ਉਂਜ, ਲਾਅ ਫਰਮ ਨੇ ਸ਼ਿਕਾਇਤ ਵਿਚਾਰਧੀਨ ਹੋਣ ਕਾਰਨ ਇਸ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ।

ਦੇਸ਼ ਦੇ ਆਵਾਸ ਮੰਤਰਾਲੇ ਨੇ ਪਹਿਲਾਂ ਇਸ ਮਹੀਨੇ ਦੇ ਸ਼ੁਰੂ ਵਿਚ ਕਿਹਾ ਸੀ ਕਿ ਸ਼ਿਕਾਇਤ ਕਰਕੇ ਜੋੜੇ ਦੇ ਓਵਰ ਸਟੇਅ ਦੀ ਸਥਿਤੀ ਉਪਰ ਕੋਈ ਅਸਰ ਨਹੀਂ ਪਵੇਗਾ। ਉਂਜ, ਜੋੜਾ ਨਿਊਜ਼ੀਲੈਂਡ ਵਿਚ ਹੀ ਟਿਕੇ ਰਹਿਣ ਲਈ ਦ੍ਰਿੜ੍ਹ ਹੈ ਤੇ ਇਸ ਨੇ ਟੁਕੀਟੁਕੀ ਤੋਂ ਐਮ.ਪੀ ਕ੍ਰੈਗ ਫੌਸ ਤੋਂ ਮਦਦ ਮੰਗੀ ਹੈ ਕਿ ਉਨ੍ਹਾਂ ਨੂੰ ਆਵਾਸ ਮੰਤਰੀ ਨਿਕੀ ਕੇਈ ਨਾਲ ਮਿਲਾਇਆ ਜਾਵੇ। ਜੋੜੇ ਵੱਲੋਂ ਆਕਲੈਂਡ ਆਧਾਰਤ ਵਕੀਲ ਨੇ ਆਖਿਆ ਕਿ ਮੰਤਰੀ ਕੇ.ਈ ਇਸ ਮਾਮਲੇ ਵਿਚ ਨੈਤਿਕ ਆਧਾਰ 'ਤੇ ਹੀ ਦਖ਼ਲ ਦੇ ਸਕਦੇ ਹਨ। ਭੁਵਨੇਸ਼ ਮਹਿਤਾ ਤੇ ਜਸਵਿੰਦਰ ਕੌਰ ਨੇ ਆਪਣੀ ਅਰਜ਼ੀ ਦੇ ਨਾਲ ਲਾਅ ਸੁਸਾਇਟੀ ਕੋਲ ਕੀਤੀ ਸ਼ਿਕਾਇਤ ਦੀ ਕਾਪੀ ਵੀ ਨੱਥੀ ਕੀਤੀ ਹੈ। ਜੋੜੇ ਨੂੰ ਆਸ ਹੈ ਕਿ ਐਮ.ਪੀ ਵੱਲੋਂ ਛੇਤੀ ਹੀ ਉਨ੍ਹਾਂ ਨਾਲ ਸੰਪਰਕ ਕੀਤਾ ਜਾਵੇਗਾ।

## ਭੇਤਭਰੀ ਹਾਲਤ ਵਿਚ ਭਾਰਤੀ ਔਰਤ ਦੀ ਮੌਤ

**ਨਿਊ ਯਾਰਕ:** ਅਮਰੀਕਾ ਦੇ ਪੈਨਸਿਲਵਾਨੀਆ ਸੂਬੇ ਵਿਚੋਂ ਕਈ ਦਿਨਾਂ ਤੋਂ ਲਾਪਤਾ ਭਾਰਤੀ ਮੂਲ ਦੀ ਔਰਤ ਕਾਰ ਵਿਚ ਭੇਦਭਰੀ ਹਾਲਤ ਵਿਚ ਮ੍ਰਿਤਕ ਪਾਈ ਗਈ ਹੈ। 22 ਸਾਲਾ ਨਾਦੀਆ ਮਲਿਕ ਪ੍ਰੀ ਮੈਡੀਕਲ ਵਿਦਿਆਰਥਣ ਸੀ। ਉਸ ਦੀ ਲਾਸ਼ ਫਿਲਾਡੈਲਫੀਆ ਵਿਚ ਭੀੜ-ਭੜੱਕੇ ਵਾਲੇ ਰੇਲਵੇ ਸਟੇਸ਼ਨ ਨੇੜੇ ਕਾਰ ਦੀ ਯਾਤਰੀ ਸੀਟ ਤੋਂ ਮਿਲੀ ਹੈ।

ਲਾਸ਼ ਕੱਪੜਿਆਂ ਨਾਲ ਢੱਕੀ ਹੋਈ ਸੀ ਜਿਸ ਕਾਰਨ ਪੁਲਿਸ ਨੂੰ ਕਈ ਦਿਨ ਪਤਾ ਹੀ ਨਾ ਲੱਗਾ ਜਦ ਕਿ ਕਾਰ 12 ਦਿਨਾਂ ਤੋਂ ਇਥੇ ਖੜ੍ਹੀ ਸੀ। ਪੁਲਿਸ ਮਲਿਕ ਦੇ ਦੋਸਤ ਭੁਪਿੰਦਰ ਸਿੰਘ ਤੋਂ ਪੁੱਛਗਿੱਛ ਕਰਨਾ ਚਾਹੁੰਦੀ ਹੈ ਜਿਸ ਨੂੰ 12 ਫਰਵਰੀ ਨੂੰ ਪੈਰੋਲ ਦੀ ਉਲੰਘਣਾ ਕਰਨ ਕਾਰਨ ਓਹੀਓ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਮਲਿਕ 10 ਫਰਵਰੀ ਤੋਂ ਲਾਪਤਾ ਸੀ। ਉਸ ਨੂੰ ਭੁਪਿੰਦਰ ਸਿੰਘ ਨਾਲ ਵੇਖਿਆ ਗਿਆ ਸੀ ਜੋ ਮ੍ਰਿਤਕਾ ਦੇ ਦੋ ਬੱਚਿਆਂ ਦਾ ਬਾਪ ਹੈ ਤੇ ਉਸ ਦਾ ਅਪਰਾਧਕ ਪਿਛੋਕੜ ਹੈ।

## ਆਸਟਰੇਲੀਆ ਵਿਚ ਭਾਰਤੀ ਸੈਲਾਨੀਆਂ ਦੀ ਗਿਣਤੀ ਵਧੀ

**ਮੈਲਬਰਨ:** ਭਾਰਤ ਤੋਂ ਆਸਟਰੇਲੀਆ ਜਾਣ ਵਾਲੇ ਸੈਲਾਨੀਆਂ ਵਿਚ ਪਿਛਲੇ ਸਾਲ ਤਕਰੀਬਨ ਅੱਠ ਫੀਸਦੀ ਦਾ ਵਾਧਾ ਹੋਇਆ ਹੈ। ਤਾਜ਼ਾ ਸਰਕਾਰੀ ਅੰਕੜਿਆਂ ਮੁਤਾਬਕ ਪਿਛਲੇ ਸਾਲ ਜਨਵਰੀ ਤੋਂ ਦਸੰਬਰ ਤੱਕ ਆਸਟਰੇਲੀਆ ਵਿਚ ਇਕ ਲੱਖ 71,700 ਭਾਰਤੀਆਂ ਨੇ ਦੌਰਾ ਕੀਤਾ ਸੀ। ਇਕੱਲੇ ਦਸੰਬਰ ਵਿਚ ਹੀ 20,600 ਭਾਰਤੀ, ਆਸਟਰੇਲੀਆ ਪੁੱਜੇ।

ਭਾਰਤੀ ਲੋਕਾਂ ਨੂੰ ਭਰਮਾਉਣ ਲਈ ਨਿਊ ਸਾਊਥ ਵੇਲਜ਼ ਤੇ ਕੁਈਨਜ਼ਲੈਂਡ ਵਰਗੇ ਸੂਬਿਆਂ ਵਿਚ ਸੈਰ-ਸਪਾਟੇ ਦੇ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ। ਭਾਰਤੀ ਸੈਲਾਨੀਆਂ ਨੂੰ ਆਪਣੇ ਵੱਲ ਖਿੱਚਣ ਲਈ ਨਿਊ ਸਾਊਥ ਵੇਲਜ਼ ਨੇ ਸੈਰ ਸਪਾਟਾ ਮੁਹਿੰਮ 'ਜੱਫੀ ਟਾਈਮ' ਸ਼ੁਰੂ ਕੀਤੀ ਹੈ। ਸੂਬੇ ਵਿਚ ਅਗਲੇ 12 ਮਹੀਨਿਆਂ ਦੌਰਾਨ ਘੱਟੋ-ਘੱਟ 10 ਫੀਸਦੀ ਹੋਰ ਭਾਰਤੀਆਂ ਨੂੰ ਲਿਆਉਣ ਦੀ ਯੋਜਨਾ ਹੈ। 'ਜੱਫੀ ਟਾਈਮ' ਤਹਿਤ 30 ਤੋਂ 60 ਸਕਿੰਟਾਂ ਦੇ ਇਸ਼ਤਿਹਾਰ ਬਣਾਏ ਗਏ ਹਨ ਜਿਨ੍ਹਾਂ ਵਿਚ ਆਸਟਰੇਲੀਆ ਰਹਿੰਦੇ ਭਾਰਤੀ ਜੱਫੀ ਪਾਉਂਦੇ ਦਿਖਾਏ ਗਏ ਹਨ।

ਇਹ ਇਸ਼ਤਿਹਾਰ ਵੱਖ-ਵੱਖ ਭਾਰਤੀ ਸ਼ਹਿਰਾਂ ਵਿਚ ਦਿਖਾਏ ਜਾਣਗੇ। ਪਿਛਲੇ ਸਾਲ ਕੁਈਸਨਲੈਂਡ ਨੇ ਕ੍ਰਿਕਟ ਖਿਡਾਰੀ ਮੈਥਿਊ ਹੇਡਨ ਦੀਆਂ ਸੇਵਾਵਾਂ ਲੈ ਕੇ ਭਾਰਤੀ ਬਾਜ਼ਾਰ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਸੀ।

## ਸਿੱਖ ਲੀਡਰ ਨੂੰ ਨਿਊਜ਼ੀਲੈਂਡ ਵਿਚ ਅਨੋਖੀ ਸਜ਼ਾ

**ਮੈਲਬਰਨ:** ਆਕਲੈਂਡ ਦੀ ਹਾਈ ਕੋਰਟ ਨੇ ਇਕ ਸਿੱਖ ਆਗੂ ਨੂੰ ਨਿਊਜ਼ੀਲੈਂਡ ਵਿਚ ਕੌਂਸਲ ਚੋਣਾਂ ਦੌਰਾਨ ਧਾਂਦਲੀ ਕਰਨ ਦਾ ਦੋਸ਼ੀ ਠਹਿਰਾਉਂਦਿਆਂ ਸਜ਼ਾ ਸੁਣਾਈ ਹੈ। ਲੇਬਰ ਪਾਰਟੀ ਦੇ ਮੈਂਬਰ ਸਿੱਖ ਆਗੂ ਦਲਜੀਤ ਸਿੰਘ ਨੂੰ ਚੋਣਾਂ ਦੌਰਾਨ ਧਾਂਦਲੀ ਦਾ ਦੋਸ਼ੀ ਮੰਨਦਿਆਂ ਉਸ ਨੂੰ ਪੰਜ ਮਹੀਨੇ ਦੀ ਸਮੁਦਾਇਕ ਹਿਰਾਸਤ ਤੇ 200 ਘੰਟੇ ਸਮੁਦਾਇਕ ਕੰਮ ਕਰਨ ਦੀ ਸਜ਼ਾ ਸੁਣਾਈ ਹੈ।



ਜ਼ਿਕਰਯੋਗ ਹੈ ਕਿ ਦਲਜੀਤ ਸਿੰਘ (43) ਨੇ ਆਕਲੈਂਡ 'ਸੁਪਰਸਿਟੀ' ਵਿਚ 2010 ਵਿਚ ਚੋਣ ਲੜੀ ਸੀ ਪਰ ਉਹ ਹਾਰ ਗਿਆ ਸੀ ਤੇ ਉਸ ਨੇ ਆਪਣੀ ਜਿੱਤ ਨੂੰ ਯਕੀਨੀ ਬਣਾਉਣ ਲਈ ਤਿਮਾਰੂ, ਤੌਰੰਗਾ ਆਦਿ ਇਲਾਕਿਆਂ ਵਿਚ ਰਹਿੰਦੇ ਲੋਕਾਂ ਨੂੰ ਓਤਾਰਾ ਵਿਚ ਰਹਿੰਦੇ ਦਰਸਾ ਦਿੱਤਾ ਸੀ। ਮੀਡੀਆ ਰਿਪੋਰਟਾਂ ਮੁਤਾਬਕ ਜਸਟਿਸ ਮਾਰਕ ਵੂਲਫੋਰਡ ਨੇ ਕਿਹਾ ਕਿ ਨਿਊਜ਼ੀਲੈਂਡ ਵਿਚ ਚੋਣ ਧਾਂਦਲੀ ਦਾ ਇਹ ਪਹਿਲਾ ਕੇਸ ਹੈ।

ਜਸਟਿਸ ਵੂਲਫੋਰਡ ਨੇ ਫੈਸਲਾ ਸੁਣਾਉਂਦਿਆਂ ਦਲਜੀਤ ਸਿੰਘ ਨੂੰ ਕਿਹਾ ਕਿ ਉਸ ਨੂੰ ਉਸ ਦੇ ਜੁਰਮ ਵਿਚ 12 ਮਹੀਨੇ ਦੀ ਸਜ਼ਾ ਹੋ ਸਕਦੀ ਹੈ ਪਰ ਉਸ ਵੱਲੋਂ ਪਾਈ ਰਹਿਮ ਦੀ ਅਪੀਲ ਮੁਤਾਬਕ ਉਹ ਪੰਜ ਮਹੀਨੇ ਭਾਈਚਾਰਕ ਨਜ਼ਰਬੰਦੀ ਵਿਚ ਰਹੇਗਾ ਤੇ 200 ਘੰਟੇ ਸਮਾਜ ਸੇਵਾ ਕਰੇਗਾ। ਇਸ ਮਾਮਲੇ ਵਿਚ ਕੁੱਲ ਛੇ ਵਿਅਕਤੀ ਦੋਸ਼ੀ ਪਾਏ ਗਏ ਹਨ। ਇਕ ਹੋਰ ਮੁਲਜ਼ਮ ਗੁਰਿੰਦਰ ਅਟਵਾਲ ਨੂੰ ਵੀ ਛੇ ਮਹੀਨੇ ਭਾਈਚਾਰਕ ਨਜ਼ਰਬੰਦੀ ਤੇ 200 ਘੰਟੇ ਸਮਾਜ ਸੇਵਾ ਦੀ ਸਜ਼ਾ ਸੁਣਾਈ ਹੈ। ਮਲਕੀਤ ਸਿੰਘ ਨੂੰ ਤਿੰਨ ਮਹੀਨੇ ਭਾਈਚਾਰਕ ਨਜ਼ਰਬੰਦੀ ਤੇ 200 ਘੰਟੇ ਸਮਾਜ ਸੇਵਾ, 51 ਸਾਲਾ ਪਰਮਜੀਤ ਸਿੰਘ ਨੂੰ 300 ਘੰਟੇ ਸਮਾਜ ਸੇਵਾ ਤੇ 31 ਸਾਲਾ ਮਨਦੀਪ ਸਿੰਘ ਨੂੰ 200 ਘੰਟੇ ਸਮਾਜ ਸੇਵਾ ਦੀ ਸਜ਼ਾ ਸੁਣਾਈ ਹੈ। ਇਕ ਹੋਰ ਦੋਸ਼ੀ ਵਰਿੰਦਰ ਸਿੰਘ (42) ਨੂੰ ਵੀ 200 ਘੰਟੇ ਸਮਾਜ ਸੇਵੀ ਕੰਮਾਂ ਦੀ ਸਜ਼ਾ ਸੁਣਾਈ ਹੈ।

## ਸਰਕਾਰੀ ਪੈਸਾ ਨਾ ਮੋੜਨ ਵਾਲਿਆਂ ਦੇ ਮੁੜ ਪਾਸਪੋਰਟ ਬਣਾਉਣ 'ਤੇ ਰੋਕ

**ਜਲੰਧਰ:** ਭਾਰਤ ਸਰਕਾਰ ਨੇ ਵਿਦੇਸ਼ਾਂ ਤੋਂ ਕੱਢੇ ਉਨ੍ਹਾਂ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦਾ ਫੈਸਲਾ ਕੀਤਾ ਹੈ ਜੋ ਸਰਕਾਰੀ ਖਰਚੇ 'ਤੇ ਦੇਸ਼ ਪਰਤੇ ਸਨ ਪਰ ਬਾਅਦ ਵਿਚ ਪੈਸਾ ਵਾਪਸ ਕਰਨ ਤੋਂ ਇਨਕਾਰੀ ਹੋ ਗਏ ਸਨ। ਰਕਮ ਵਸੂਲਣ ਲਈ ਸਰਕਾਰ ਨੇ ਪੰਜਾਬ ਦੇ ਤਕਰੀਬਨ 600 ਅਜਿਹੇ ਵਿਅਕਤੀਆਂ ਦੇ ਨਾਂਵਾਂ ਦੀਆਂ ਸੂਚੀਆਂ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਨਵਾਂਸ਼ਹਿਰ, ਬਟਾਲਾ, ਗੁਰਦਾਸਪੁਰ ਦੇ ਪਾਸਪੋਰਟ ਸੇਵਾ ਕੇਂਦਰਾਂ 'ਤੇ ਭੇਜ ਦਿੱਤੀਆਂ ਹਨ।

ਜ਼ਿਕਰਯੋਗ ਹੈ ਕਿ ਵਿਦੇਸ਼ਾਂ ਤੋਂ ਵੱਡੀ ਗਿਣਤੀ ਵਿਚ ਲੋਕ ਭਾਰਤ ਸਰਕਾਰ ਦੇ ਖਰਚੇ 'ਤੇ ਵਾਪਸ ਆਏ ਸਨ। ਪੰਜਾਬ ਵਿਚ ਇਨ੍ਹਾਂ ਦੀ ਗਿਣਤੀ ਤਕਰੀਬਨ 600 ਹੈ। ਜਿਨ੍ਹਾਂ ਨੇ ਕਿਰਾਏ ਦੀ ਤਕਰੀਬਨ 1.15 ਕਰੋੜ ਰੁਪਏ ਰਕਮ ਵਾਪਸ ਨਹੀਂ ਕੀਤੀ ਸੀ, ਉਨ੍ਹਾਂ ਨੂੰ ਪਹਿਲਾਂ ਪੱਤਰ ਭੇਜੇ ਗਏ ਸਨ ਕਿ ਉਹ ਬਣਦੀ ਕਿਰਾਏ ਦੀ ਰਕਮ ਜਮ੍ਹਾਂ ਕਰਵਾਉਣ ਨਹੀਂ ਤੇ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕੁਝ ਲੋਕਾਂ ਨੇ ਤਾਂ ਕਿਰਾਏ ਦੀ ਰਕਮ ਜਮ੍ਹਾਂ ਕਰਵਾ ਦਿੱਤੀ ਸੀ ਪਰ ਤੈਅ ਸਮੇਂ ਵਿਚ ਵੀ ਤਕਰੀਬਨ 600 ਲੋਕਾਂ ਨੇ ਕਿਰਾਏ ਦੀ ਰਕਮ ਜਮ੍ਹਾਂ ਨਹੀਂ ਕਰਵਾਈ।

ਸਰਕਾਰ ਨੇ ਜਲੰਧਰ ਤੇ ਹੁਸ਼ਿਆਰਪੁਰ ਸਥਿਤ ਪਾਸਪੋਰਟ ਸੇਵਾ ਕੇਂਦਰਾਂ ਵਿਚ ਕਿਰਾਏ ਦੀ ਰਕਮ ਨਾ ਦੇਣ ਵਾਲੇ ਤਕਰੀਬਨ 600 ਲੋਕਾਂ ਦੇ ਨਾਂਵਾਂ ਦੀ ਸੂਚੀਆਂ ਭੇਜ ਦਿੱਤੀਆਂ ਹਨ ਕਿ ਜੇਕਰ ਇਸ ਨਾਂ ਦੇ ਲੋਕ ਪਾਸਪੋਰਟ ਦਾ ਨਵੀਨੀਕਰਨ ਕਰਨ ਲਈ ਆਉਂਦੇ ਹਨ, ਉਨ੍ਹਾਂ ਦਾ ਪਾਸਪੋਰਟ ਬਣਨ ਦਾ ਕੰਮ ਰੋਕ ਦਿੱਤਾ ਜਾਵੇ। ਖੇਤਰੀ ਪਾਸਪੋਰਟ ਅਫ਼ਸਰ ਹਰਮਨਬੀਰ ਸਿੰਘ ਗਿੱਲ ਦਾ ਕਹਿਣਾ ਹੈ ਕਿ ਹੁਣ ਇਸ ਤਰ੍ਹਾਂ ਦੇ ਲੋਕਾਂ ਦੇ ਪਾਸਪੋਰਟਾਂ ਦਾ ਨਵੀਨੀਕਰਨ ਨਹੀਂ ਕੀਤਾ ਜਾਏਗਾ ਸਗੋਂ ਪੁਲਿਸ ਵੱਲੋਂ ਇਸ ਤਰ੍ਹਾਂ ਦੇ ਲੋਕਾਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਏਗੀ।




## ਭਾਰਤੀ ਮੂਲ ਦੇ ਆਗੂ 'ਤੇ ਦੇਸ਼-ਧ੍ਰੋਹ ਦਾ ਦੋਸ਼

**ਕੁਆਲਾਲੰਪੁਰ:** ਇਥੋਂ ਦੀ ਅਦਾਲਤ ਨੇ ਮਲੇਸ਼ੀਆਈ-ਭਾਰਤੀ ਆਗੂ ਵੱਲੋਂ ਪੂਰਬੀ ਸੂਬੇ ਦੇ ਸੁਲਤਾਨ ਦੇ ਫੈਸਲੇ ਉਪਰ ਸੁਆਲ ਚੁੱਕਣ 'ਤੇ ਉਨ੍ਹਾਂ ਨੂੰ ਦੇਸ਼-ਧ੍ਰੋਹ ਦਾ ਦੋਸ਼ੀ ਪਾਇਆ ਹੈ।

ਵਕੀਲ ਤੇ ਵਿਰੋਧੀ ਡੈਮੋਕਰੇਟਿਕ ਐਕਸ਼ਨ ਪਾਰਟੀ (ਡੀ.ਏ.ਪੀ) ਦੇ ਚੇਅਰਮੈਨ ਕਰਪਾਲ ਸਿੰਘ ਨੇ ਪੰਜ ਸਾਲ ਪਹਿਲਾਂ ਪੇਰਾਕ ਦੇ ਸੁਲਤਾਨ ਵੱਲੋਂ ਸੂਬੇ ਦੇ ਮੁੱਖ ਮੰਤਰੀ ਮੁਹੰਮਦ ਨਿਜ਼ਾਰ ਜਮਾਲੂਦੀਨ ਨੂੰ ਹਟਾਉਣ 'ਤੇ ਸੁਆਲ ਖੜ੍ਹੇ ਕੀਤੇ ਸਨ। ਜਸਟਿਸ ਅਜ਼ਮਾਨ ਅਬਦੁੱਲਾ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਕਰਪਾਲ ਸਿੰਘ ਆਪਣੀ ਸਫਾਈ ਦੇ ਪੁਖ਼ਤਾ ਸਬੂਤ ਨਹੀਂ ਪੇਸ਼ ਕਰ ਸਕੇ। ਅਦਾਲਤ ਸੱਤ ਮਾਰਚ ਨੂੰ ਸਜ਼ਾ ਸੁਣਾਏਗੀ। ਉਧਰ ਕਰਪਾਲ ਸਿੰਘ ਨੇ ਉਨ੍ਹਾਂ ਖ਼ਿਲਾਫ਼ ਮਾਮਲੇ ਨੂੰ ਬੇਇਨਸਾਫ਼ੀ ਕਰਾਰ ਦਿੱਤਾ ਹੈ।

## ਸੱਤ ਭਾਰਤੀਆਂ ਨੂੰ ਫ਼ਰਜ਼ੀ ਸਰਟੀਫਿਕੇਟ ਕੇਸ ਵਿਚ ਸਜ਼ਾ

**ਸਿੰਗਾਪੁਰ:** ਸਥਾਨਕ ਅਦਾਲਤ ਨੇ ਨੌਕਰੀ ਲਈ ਫਰਜ਼ੀ ਅਕਾਦਮਿਕ ਸਰਟੀਫਿਕੇਟ ਜਮ੍ਹਾਂ ਕਰਵਾਉਣ ਦੇ ਦੋਸ਼ ਵਿਚ 25 ਵਿਦੇਸ਼ੀਆਂ ਨੂੰ ਸਜ਼ਾ ਸੁਣਾਈ ਹੈ। ਇਨ੍ਹਾਂ ਵਿਚ ਸੱਤ ਭਾਰਤੀ ਸ਼ਾਮਲ ਹਨ। ਸਿੰਗਾਪੁਰ ਦੇ ਕਿਰਤ ਤੇ ਰੁਜ਼ਗਾਰ ਮੰਤਰਾਲੇ ਨੇ ਦੱਸਿਆ ਕਿ ਅਦਾਲਤ ਨੇ 21 ਪੁਰਸ਼ਾਂ ਤੇ ਚਾਰ ਵਿਦੇਸ਼ੀ ਔਰਤਾਂ ਨੂੰ ਸਜ਼ਾ ਸੁਣਾਈ ਹੈ। ਇਸ ਤਹਿਤ 22 ਜਣਿਆਂ ਨੂੰ ਦਸ ਹਫਤੇ, ਦੋ ਨੂੰ 12 ਹਫਤੇ ਤੇ ਇਕ ਦੋਸ਼ੀ ਨੂੰ ਚਾਰ ਹਫਤੇ ਜੇਲ੍ਹ ਵਿਚ ਰਹਿਣਾ ਪਵੇਗਾ।

ਇਨ੍ਹਾਂ 25 ਵਿਦੇਸ਼ੀਆਂ ਨੂੰ ਸੇਲਜ਼ ਤੇ ਖੁਰਾਕੀ ਵਸਤਾਂ ਦੇ ਖੇਤਰ ਵਿਚ ਕੰਮ ਕਰਨ ਲਈ ਵਰਕ ਪਾਸ ਜਾਰੀ ਕੀਤੇ ਗਏ ਸਨ। ਇਨ੍ਹਾਂ ਵਿਦੇਸ਼ੀਆਂ ਵਿਚ ਇਕ ਵਾਲ ਉਗਾਉਣ ਵਾਲਾ ਤਕਨੀਕੀ ਮਾਹਰ, ਇਕ ਕੁਆਲਟੀ ਕੰਟਰੋਲ ਐਗਜ਼ੀਕਿਊਟਿਵ ਤੇ ਇਕ ਰਸੋਈਆ ਸ਼ਾਮਲ ਹੈ। ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ ਕਿ ਇਸ ਸਾਲ ਇਸ ਦੋਸ਼ ਵਿਚ ਸਭ ਤੋਂ ਵੱਧ ਵਿਦੇਸ਼ੀਆਂ ਨੂੰ ਸਜ਼ਾ ਸੁਣਾਈ ਗਈ। ਅਦਾਲਤ ਨੇ ਇਸ ਦੋਸ਼ ਲਈ ਪਹਿਲਾਂ ਨਾਲੋਂ ਸਜ਼ਾ ਸਖ਼ਤ ਕਰ ਦਿੱਤੀ ਹੈ।

# ਵਰੋਲੇ ਵਿਚਕਾਰ ਅਰਵਿੰਦ ਕੇਜਰੀਵਾਲ

**ਲੋਕ-ਆਵਾਜ਼**

ਹਰਪਾਲ ਸਿੰਘ ਪੰਨੂ
ਫੋਨ: 91-94642-51454

ਅੱਜ ਅਰਵਿੰਦ ਕੇਜਰੀਵਾਲ ਦਾ ਨਾਮ ਦੁਨੀਆਂ ਵਿਚ ਜਾਣਿਆ ਪਛਾਣਿਆ ਹੋ ਗਿਆ ਹੈ। ਇਹ ਨਾਮ ਕ੍ਰਿਸ਼ਮੇ ਵਾਂਗ ਇਕ ਸਾਲ ਵਿਚ ਪੈਦਾ ਹੋਇਆ, ਪ੍ਰਵਾਨ ਚੜ੍ਹਿਆ ਅਤੇ ਉਡਣ ਲੱਗਾ। ਹਾਫਿਜ਼ ਸ਼ੀਰਾਜ਼ੀ ਦਾ ਸ਼ਿਅਰ ਹੈ, "ਮੁੱਦਤ ਤੋਂ ਇਕ ਭੁਲੇਖਾ ਇਧਰ ਉਧਰ ਭਟਕਦਾ ਫਿਰਦਾ ਸੀ। ਰੱਬ ਨੇ ਕਿਹਾ, ਹੋ ਜਾ। ਭੁਲੇਖਾ ਸੱਚ ਹੋ ਗਿਆ।"

ਪਿਛਲੇ ਸਮਿਆਂ ਵਿਚ ਜਹਾਜ਼ ਚਲਾਉਣ ਦੀ ਟ੍ਰੇਨਿੰਗ ਤੋਂ ਪਹਿਲਾਂ ਗਲਾਈਡਿੰਗ ਸਿਖਾਈ ਜਾਂਦੀ ਸੀ। ਜਹਾਜ਼ ਵਿਚ ਇੰਜਣ ਹੈ, ਇੰਜਣ ਦੀ ਤਾਕਤ ਨਾਲ ਉਹ ਪਹਿਲਾਂ ਦੌੜੇਗਾ ਫਿਰ ਹਵਾ ਵਿਚ ਉਪਰ ਉਠ ਕੇ ਉਡੇਗਾ। ਗਲਾਈਡਰ ਬਿਨਾ ਇੰਜਣ ਵਾਲਾ ਜਹਾਜ਼ ਹੈ। ਹਵਾ ਨਹੀਂ ਚਲਦੀ ਤਾਂ ਬੱਚੇ ਡੋਰ ਹੱਥ ਵਿਚ ਫੜਕੇ ਦੌੜਦੇ ਹਨ ਤੇ ਪਤੰਗ ਉਡ ਪੈਂਦਾ ਹੈ। ਗਲਾਈਡਰ ਨੂੰ ਖਿਚ ਕੇ ਜੀਪ ਜਹਾਜ਼-ਘਰ ਦੇ ਪਰਲੇ ਸਿਰੇ 'ਤੇ ਲੈ ਜਾਂਦੀ ਹੈ। ਉਸ ਦੇ ਅਗਲੇ ਸਿਰੇ 'ਤੇ ਹੁੱਕ ਵਿਚ ਸਟੀਲ ਦੀ ਰੱਸੀ ਫਸਾ ਦਿੱਤੀ ਜਾਂਦੀ ਹੈ। ਉਸ ਰੱਸੀ ਨੂੰ ਮਸ਼ੀਨ ਆਪਣੇ ਵੱਲ ਤੇਜ਼ੀ ਨਾਲ ਖਿਚਣ ਲਗਦੀ ਹੈ। ਗਲਾਈਡਰ ਪਹਿਲਾਂ ਦੌੜਦਾ ਹੈ, ਫਿਰ ਉਚਾ ਉਠਦਾ ਹੈ। ਇਕ ਖਾਸ ਉਚਾਈ 'ਤੇ ਪਾਈਲਟ ਰੱਸੀ ਨੂੰ ਹੁੱਕ ਵਿਚੋਂ ਕੱਢ ਦਿੰਦਾ ਹੈ। ਸਹਿਜੇ ਸਹਿਜੇ ਉਡਦਾ ਗਲਾਈਡਰ ਜਹਾਜ਼-ਘਰ ਦੁਆਲੇ ਚੱਕਰ ਕਟਦਾ ਹੋਇਆ ਹੇਠ ਆ ਉਤਰਦਾ ਹੈ। ਫਲਾਇੰਗ ਨਾਲੋਂ ਮੈਨੂੰ ਗਲਾਈਡਿੰਗ ਇਸ ਕਰਕੇ ਵਧੀਆ ਲਗਦੀ ਹੁੰਦੀ ਕਿਉਂਕਿ ਇਸ ਵਿਚ ਇੰਜਣ ਦਾ ਸ਼ੋਰ, ਥਰਥਰਾਹਟ ਬਿਲਕੁਲ ਨਹੀਂ। ਮੈਂ ਆਪਣੇ ਨਿਗਰਾਨ ਕੈਪਟਨ ਪਾਇਲਟ ਨੂੰ ਇਕ ਦਿਨ ਕਿਹਾ, ਸਰ, ਕਿੰਨਾ ਚੰਗਾ ਹੁੰਦਾ ਜੇ ਗਲਾਈਡਰ ਜਹਾਜ਼-ਘਰ ਦੀ ਪਰਿਕਰਮਾ ਕਰਨ ਦੀ ਬਜਾਇ ਦੂਰ ਦੁਰਾਡੇ ਜਾ ਸਕਦਾ ਹੁੰਦਾ। ਕੈਪਟਨ ਨੇ ਕਿਹਾ, ਚਲਾ ਜਾਂਦੈ। ਆਪਣੇ ਚੀਫ ਸਾਹਿਬ ਦਿੱਲੀ, ਅੰਮ੍ਰਿਤਸਰ ਗਲਾਈਡ ਅਕਸਰ ਲੈ ਜਾਂਦੇ ਹਨ। ਪੁੱਛਣ 'ਤੇ ਮੈਨੂੰ ਕੈਪਟਨ ਨੇ ਦੱਸਿਆ, ਇਹ ਸੰਭਵ ਹੈ।

ਤੁਸੀਂ ਦੇਖਿਆ ਹੋਵੇਗਾ ਗਿਰਝਾਂ ਗੋਲ ਦਾਇਰੇ ਵਿਚ ਉਡਦੀਆਂ ਹੋਈਆਂ ਬਿਨਾ ਖੰਭ ਹਿਲਾਏ ਅਸਮਾਨ ਵਿਚ ਬਹੁਤ ਉਚੀਆਂ ਚਲੀਆਂ ਜਾਂਦੀਆਂ ਹਨ। ਬਗੈਰ ਖੰਭ ਫੜਫੜਾਏ ਉਡਣਾ ਗਲਾਈਡਿੰਗ ਹੈ। ਹੁੰਦਾ ਇਹ ਹੈ ਕਿ ਇਧਰ-ਉਧਰ ਉਡਦੀਆਂ ਹੋਈਆਂ ਉਹ ਵਰੋਲਾ (ਥਰਮਲ) ਲੱਭ ਲੈਂਦੀਆਂ ਹਨ। ਚੱਕਰ ਵਿਚ ਘੁੰਮਦੀ ਹੋਈ ਜਿਹੜੀ ਹਵਾ ਗਰਮ ਹੋ ਕੇ ਉਪਰ ਉਠਣ ਲੱਗੇ, ਉਸ ਨੂੰ ਵਰੋਲਾ ਕਿਹਾ ਜਾਂਦਾ ਹੈ। ਸਿਖਲਾਈਯਾਫਤਾ ਪੰਛੀ ਵਰੋਲਾ ਲੱਭ ਕੇ ਬਿਨਾ ਕਿਸੇ ਤਰੱਦਦ ਉਪਰ ਦੂਰ ਤੱਕ ਉਡ ਸਕਦਾ ਹੈ। ਗਲਾਈਡਰ ਵਿਚਲਾ ਪਾਈਲਟ ਜੇ ਵਰੋਲਾ ਲੱਭਣ ਵਿਚ ਕਾਮਯਾਬ ਹੈ ਤਾਂ ਬਹੁਤ ਉਚਾ ਜਾ ਸਕਦਾ ਹੈ। ਉਪਰ ਹਵਾਵਾਂ ਹਰੇਕ ਦਿਸ਼ਾ ਵਿਚ ਵਗਦੀਆਂ ਹਨ। ਮਨਚਾਹੀ ਦਿਸ਼ਾ ਲੱਭ ਕੇ ਬਿਨਾ ਇੰਜਣ ਮੰਜ਼ਲ 'ਤੇ ਪੁੱਜਣਾ ਸੰਭਵ ਹੈ।

ਕੇਜਰੀਵਾਲ ਕੋਲ ਨਵੀਨਤਮ ਵਿਦਿਆ ਤਾਂ ਹੈ ਹੀ, ਉਸ ਕੋਲ ਸਾਧੂਆਂ ਵਾਲਾ ਸੰਜਮ, ਤਿਆਗ ਅਤੇ ਦੂਰੰਦੇਸ਼ੀ ਵੀ ਹੈ। ਉਸ ਨੇ ਜਦੋਂ ਆਮ ਆਦਮੀ ਪਾਰਟੀ ਬਣਾਈ, ਲੋਕ ਪਾਰਟੀ ਦੇ ਨਾਮ ਉਪਰ ਹੱਸੇ। ਇਹ ਕੀ ਪਾਰਟੀ ਹੋਈ ਜਿਸ ਦਾ ਨਾਮ ਹੀ ਜ਼ੁਬਾਨ ਉਪਰ ਨਹੀਂ ਚੜ੍ਹਦਾ। ਇਸ ਪਾਰਟੀ ਨੇ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਜਿੱਤੀਆਂ ਤਾਂ ਦੁਨੀਆਂ ਨੇ ਸਾਰਥਕ ਲਹਿਰ ਦੀ ਝਣਝਣੀ ਪ੍ਰਤੀਤ ਕੀਤੀ। ਕੀ ਅਜਿਹਾ ਕੁਝ ਅਚਾਨਕ ਵਾਪਰ ਗਿਆ?

ਅਚਾਨਕ ਕੁਝ ਨਹੀਂ ਵਾਪਰਦਾ। ਹਾਲਾਤ ਸਹਿਜੇ ਸਹਿਜੇ ਰਿੱਝਦੇ, ਪਕਦੇ ਅਤੇ ਕੜ੍ਹਦੇ ਹਨ। ਇਕ ਪਾਸੇ ਸ਼ਹੀਦ ਭਗਤ ਸਿੰਘ ਸੀ ਜਿਹੜਾ ਚਾਹੁੰਦਾ ਸੀ ਅੱਖ ਦੀ ਝਪਕ ਵਿਚ ਦੇਸ ਆਜ਼ਾਦ ਹੋਵੇ, ਦੂਜੇ ਪਾਸੇ ਮਹਾਤਮਾ ਗਾਂਧੀ ਸੀ ਜਿਸ ਨੂੰ ਕਾਹਲੀ ਨਹੀਂ ਸੀ ਪਰ ਅੰਗਰੇਜ਼ ਚਲੇ ਜਾਣ, ਮਨਸ਼ਾ ਸੀ। ਸਤਾਹਟ ਸਾਲ ਪਹਿਲਾਂ ਦੋਵਾਂ ਦਾ ਸੁਫਨਾ ਸਾਕਾਰ ਹੋਇਆ। ਦੇਸ ਆਜ਼ਾਦ ਹੋਇਆ, ਪਰ ਇਹ ਕੇਹੀ ਆਜ਼ਾਦੀ ਮਿਲੀ? ਇਬਨਿ ਇੰਸ਼ਾ ਇਸ ਆਜ਼ਾਦੀ ਉਪਰ ਵਿਅੰਗ ਕਰਦਿਆਂ ਲਿਖਦਾ ਹੈ, ਪਹਿਲਾਂ ਅਸੀਂ ਗੁਲਾਮ ਸਾਂ, ਹੁਣ ਆਜ਼ਾਦ ਹਾਂ।




ਪਹਿਲਾਂ ਭ੍ਰਿਸ਼ਟਾਚਾਰ ਬਹੁਤ ਸੀ, ਹੁਣ ਬਿਲਕੁਲ ਨਹੀਂ ਹੈ। ਪਹਿਲਾਂ ਬੇਰੁਜ਼ਗਾਰੀ ਬੜੀ ਸੀ, ਹੁਣ ਹਰੇਕ ਬੰਦਾ ਕੰਮ 'ਤੇ ਲੱਗਾ ਹੋਇਆ ਹੈ। ਪਹਿਲਾ ਗਰੀਬਾਂ ਦੀ ਕੋਈ ਪੁੱਛ ਪ੍ਰਤੀਤ ਨਹੀਂ ਸੀ, ਹੁਣ ਗਰੀਬਾਂ ਦੀ ਪੁੱਛ ਪ੍ਰਤੀਤ ਏਨੀ ਵਧ ਗਈ ਹੈ ਕਿ ਉਹ ਤੰਗ ਆਏ ਹੋਏ ਕਹਿੰਦੇ ਹਨ, ਹੁਣ ਸਾਡਾ ਖਹਿੜਾ ਛੱਡ ਕੇ ਅਮੀਰਾਂ ਦੀ ਪੁੱਛ ਪ੍ਰਤੀਤ ਕਰੋ।

ਜੈ ਪ੍ਰਕਾਸ਼ ਨਾਰਾਇਣ ਜਾਂ ਅੰਨਾ ਹਜ਼ਾਰੇ ਅਚਾਨਕ ਨਹੀਂ ਪ੍ਰਗਟ ਹੋਏ। ਇੰਦਰਾ ਗਾਂਧੀ ਨੇ ਐਮਰਜੈਂਸੀ ਲਾ ਕੇ ਜਿਵੇਂ ਮੁਲਕ ਦਾ ਸਾਹ ਘੁੱਟ ਦਿੱਤਾ ਸੀ, ਉਸ ਵਿਚੋਂ ਸ੍ਰੀ ਜੈਪ੍ਰਕਾਸ਼ ਨਾਰਾਇਣ ਨੇ ਪ੍ਰਗਟ ਹੋਣਾ ਹੀ ਹੋਣਾ ਸੀ। ਦੇਸ ਥੋਕ ਪੈਮਾਨੇ 'ਤੇ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਨਿੱਘਰ ਗਿਆ ਤਾਂ ਅੰਨਾ ਹਜ਼ਾਰੇ ਨੇ ਆਉਣਾ ਹੀ ਆਉਣਾ ਸੀ। ਜੈ ਪ੍ਰਕਾਸ਼ ਅਤੇ ਅੰਨਾ-ਦੋ ਬੰਦਿਆਂ ਦੇ ਨਾਮ ਨਹੀਂ ਹਨ, ਮਾਯੂਸੀ ਵਿਚੋਂ ਨਿਕਲਣ ਦੇ ਇੱਛੁਕ ਭਾਰਤੀਆਂ ਵਲੋਂ ਘੜੇ ਇਹ ਸੰਕੇਤ ਹਨ। ਮਹਾਤਮਾ ਗਾਂਧੀ ਨੇ ਉਮਰ ਭਰ ਕਾਂਗਰਸ ਰਾਹੀਂ ਇਸ ਲਈ ਅੰਦੋਲਨ ਨਹੀਂ ਚਲਾਇਆ ਸੀ ਕਿ ਕਾਂਗਰਸ ਦੀ ਪ੍ਰਧਾਨ ਇਟਲੀ ਦੀ ਜੰਮਪਲ ਸ੍ਰੀਮਤੀ ਸੋਨੀਆਂ ਗਾਂਧੀ ਹੋਵੇ ਜਾਂ ਕਿ ਕਾਂਗਰਸ ਪਾਰਟੀ ਭ੍ਰਿਸ਼ਟਾਚਾਰ ਅਤੇ ਕੁਨਬਾਪਰਵਰੀ ਦੀ ਦਲਦਲ ਵਿਚ ਡੁੱਬ ਜਾਏ।

ਲੰਮੀ ਭੁੱਖ ਹੜਤਾਲ ਰਾਹੀਂ ਅੰਨਾ ਹਜ਼ਾਰੇ ਨੇ ਦੇਸ਼ ਨੂੰ ਇਕ ਮੰਚ 'ਤੇ ਲੈ ਆਂਦਾ ਪਰ ਅੰਨਾ ਸਿਆਸਤਦਾਨ ਨਹੀਂ ਹੈ। ਬਗੈਰ ਸਿਆਸਤ ਦੇ ਦੇਸ਼ ਵਿਚ ਤਬਦੀਲੀ ਨਹੀਂ ਆ ਸਕਦੀ। ਭਾਫ ਨੂੰ ਇਕ ਸਿਲਸਿਲੇ ਵਿਚ ਬੰਨ੍ਹ ਕੇ ਰੇਲ ਗੱਡੀ ਖਿੱਚੀ ਜਾਏਗੀ। ਅਰਵਿੰਦ ਕੇਜਰੀਵਾਲ ਨੇ ਉਹ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ।

ਕੇਜਰੀਵਾਲ ਦੀ ਪਾਰਟੀ ਅਨੁਸ਼ਾਸਿਤ ਨਹੀਂ, ਕੇਜਰੀਵਾਲ ਕੋਲ ਲੰਮਾ ਸਿਆਸੀ ਤਜ਼ਰਬਾ ਨਹੀਂ, ਕੇਜਰੀਵਾਲ ਗਲਤੀਆਂ ਕਰ ਰਿਹਾ ਹੈ, ਇਹ ਸਭ ਕਥਨ ਸਹੀ ਹਨ। ਜੋ ਉਸ ਕੋਲ ਹੈ, ਉਹ ਹੋਰ ਪਾਰਟੀਆਂ ਵਿਚ ਨਹੀਂ, ਉਹ ਹੈ ਸਵੱਛ ਇਖਲਾਕ। ਰਾਬਿੰਦਰਨਾਥ ਟੈਗੋਰ ਅਤੇ ਮਹਾਤਮਾਂ ਗਾਂਧੀ ਦੇ ਖਿਆਲ ਮਿਲਦੇ ਨਹੀਂ ਸਨ ਤਾਂ ਵੀ ਇਕ ਦੂਜੇ ਦੇ ਸ਼ੁਭਚਿੰਤਕ ਸਨ। ਟੈਗੋਰ ਨੇ ਗਾਂਧੀ ਜੀ ਨੂੰ ਇਕ ਖਤ ਵਿਚ ਲਿਖਿਆ, ਮਹਾਤਮਾ ਜੀ, ਤੁਹਾਡੀ ਕਦਰ ਮੈਂ ਇਸ ਕਰਕੇ ਨਹੀਂ ਕਰਦਾ ਕਿ ਤੁਸੀਂ ਵੱਡੇ ਸਿਆਸਤਦਾਨ ਹੋ। ਦੁਨੀਆਂ ਵਿਚ ਤੁਹਾਡੇ ਨਾਲੋਂ ਵੱਡੇ ਸਿਆਸਤਦਾਨ ਮੇਰੇ ਮਿੱਤਰ ਹਨ। ਤੁਹਾਡੀ ਇਸ ਕਰਕੇ ਇੱਜ਼ਤ ਕਰਦਾ ਹਾਂ ਕਿਉਂਕਿ ਤੁਸੀਂ ਇਕੱਲੇ ਹਿੰਦੁਸਤਾਨੀ ਹੋ ਜਿਸ ਨੂੰ ਪਤਾ ਲੱਗ ਗਿਐ ਕਿ ਗੁਲਾਮ, ਮਾਲਕ ਹੇਠੋਂ ਨਿਕਲ ਕੇ ਉਦੋਂ ਆਜ਼ਾਦ ਹੋਏਗਾ ਜਦੋਂ ਗੁਲਾਮ ਦਾ ਇਖਲਾਕ ਮਾਲਕ ਦੇ ਇਖਲਾਕ ਤੋਂ ਉਚਾ ਹੋ ਜਾਵੇਗਾ। ਤੁਸੀਂ ਆਪਣੇ ਆਪ ਨੂੰ ਠੀਕ ਕਰ ਲਿਆ ਹੈ, ਦੇਸ ਨੂੰ ਠੀਕ ਕਰ ਰਹੇ ਹੋ। ਤੁਹਾਡੀ ਵਿਜੈ ਹੋਵੇਗੀ।

ਇਸ ਵਕਤ ਦੇਸ ਅੰਧਕਾਰ ਵਿਚੋਂ ਨਿਕਲਣ ਦਾ ਇੱਛੁਕ ਹੈ। ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਭ੍ਰਿਸ਼ਟ ਵੀ ਹਨ, ਫਿਰਕਾਪ੍ਰਸਤ ਵੀ। ਟੈਲੀਵਿਜ਼ਨ ਵਿਚਲੀਆਂ ਗੱਲਾਂ ਤੋਂ ਅਜਿਹਾ ਪ੍ਰਭਾਵ ਦਿਲ ਉਪਰ ਪੈਂਦਾ ਹੈ ਜਿਵੇਂ ਭਾਜਪਾ ਕਾਂਗਰਸ ਨੂੰ ਕਹਿ ਰਹੀ ਹੋਵੇ, ਤੁਸੀਂ ਸਿੱਖਾਂ ਨੂੰ ਵੱਢਿਆ ਟੁੱਕਿਆ, ਅਸੀਂ ਮੁਸਲਮਾਨਾਂ ਨੂੰ ਮਾਰ ਲਿਆ ਤਾਂ ਇਤਰਾਜ਼ ਕਿਉਂ? ਘੱਟ ਗਿਣਤੀ ਭਾਈਚਾਰੇ ਇਨ੍ਹਾਂ ਪਾਰਟੀਆਂ ਦੀ ਖਾਧ ਖੁਰਾਕ ਹੋ ਗਈਆਂ ਹਨ।

ਕਾਂਗਰਸ ਆਪਣੇ ਭਾਰ ਨਾਲ ਆਪੇ ਡੁੱਬਣ ਜਾ ਰਹੀ ਹੈ। ਇਸ ਵਕਤ ਅਰਵਿੰਦ ਕੇਜਰੀਵਾਲ ਭਾਰਤੀ ਜਨਤਾ ਪਾਰਟੀ ਵਾਸਤੇ ਖਤਰੇ ਦੀ ਘੰਟੀ ਹੈ। ਕੇਜਰੀਵਾਲ ਗਲਤ ਉਮੀਦਵਾਰ ਚੋਣ ਮੈਦਾਨ ਵਿਚ ਉਤਾਰ ਸਕਦਾ ਹੈ, ਕੇਜਰੀਵਾਲ ਦੇ ਸਹੀ ਬੰਦੇ ਗਲਤੀਆਂ ਕਰਨਗੇ ਪਰ ਜੇ ਕੇਜਰੀਵਾਲ ਸਹੀ ਰਿਹਾ, ਸਭ ਸਹੀ ਹੋਵੇਗਾ, ਜੇ ਉਹ ਖੁਦ ਧੁਰੇ ਤੋਂ ਇਧਰ ਉਧਰ ਹਿਲੇਗਾ ਤਾਂ ਸਹੀ ਵੀ ਗਲਤ ਹੋ ਜਾਣਗੇ। ਲੀਡਰ ਠੀਕ ਹੈ ਤਾਂ ਹੇਠਲਾ ਕਾਡਰ ਥਿਰ ਹੋ ਜਾਇਆ ਕਰਦਾ ਹੈ।

ਦੇਸ ਗਰੀਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਅਨਪੜ੍ਹਤਾ ਵਿਚੋਂ ਨਿਕਲਣ ਦਾ ਇੱਛੁਕ ਹੈ। ਘੱਟ ਗਿਣਤੀਆਂ ਸੁਰੱਖਿਅਤ ਜ਼ਿੰਦਗੀ ਬਤੀਤ ਕਰਨਾ ਚਾਹੁੰਦੀਆਂ ਹਨ। ਇਸ ਵਕਤ ਤੱਕ ਕੇਜਰੀਵਾਲ ਨੇ ਸਾਬਤ ਕੀਤਾ ਹੈ ਕਿ ਉਹ ਇਨ੍ਹਾਂ ਮਸਲਿਆਂ ਤੋਂ ਨਾ ਕੇਵਲ ਵਾਕਫ ਹਨ, ਮੁਸ਼ਕਲਾਂ ਦੂਰ ਕਰਨ ਦੇ ਇੱਛੁਕ ਵੀ ਹਨ। ਉਨ੍ਹਾਂ ਨੂੰ ਵਰੋਲਾ ਮਿਲ ਗਿਆ ਹੈ, ਦਿਸ਼ਾ ਮਿਲ ਗਈ ਹੈ। ਪੁਸ਼ਤੈਨੀ ਹਕੂਮਤਾਂ ਤੋਂ ਦੁਖੀ ਹੋ ਕੇ ਹਰੀ ਸਿੰਘ ਦਿਲਬਰ ਨੇ ਲਿਖਿਆ ਸੀ,

ਵੱਡੇ ਘਰਾਂ ਦੇ ਕਾਕੇ ਵੜ ਗਏ
ਏਸ ਤਰ੍ਹਾਂ ਸਰਕਾਰਾਂ ਅੰਦਰ।
ਵੜਦੇ ਜਿਵੇਂ ਰੇਸ਼ਮੀ ਨਾਲੇ
ਖੱਦਰ ਦੀਆਂ ਸਲਵਾਰਾਂ ਅੰਦਰ।

# ਜਨਤਾ ਦੇ ਪੈਸੇ ਨਾਲ ਬੇਲੋੜੀ ਇਸ਼ਤਿਹਾਰਬਾਜ਼ੀ

ਡਾ. ਚਰਨਜੀਤ ਸਿੰਘ ਗੁਮਟਾਲਾ
ਫੋਨ: 91-94175-33060

ਕੌਮਾਂਤਰੀ ਪੱਧਰ ਦੇ ਅੰਗਰੇਜ਼ੀ ਰਸਾਲੇ 'ਰੀਡਰਜ਼ ਡਾਇਜੈਸਟ' ਨੇ ਅਗਸਤ 2013 ਦੇ ਭਾਰਤੀ ਐਡੀਸ਼ਨ ਵਿਚ ਸਰਕਾਰ ਅਤੇ ਇਸ ਦੇ ਸਿਆਸੀ ਲੀਡਰਾਂ ਵਲੋਂ ਆਪਣਾ ਨਾਂ ਚਮਕਾਉਣ ਲਈ ਇਸ਼ਤਿਹਾਰਬਾਜ਼ੀ ਉਪਰ ਕੀਤੇ ਜਾਂਦੇ ਬੇਲੋੜੇ ਖਰਚ ਉਪਰ ਗੰਭੀਰ ਕਿੰਤੂ ਉਠਾਏ ਹਨ ਅਤੇ ਸਵਾਲ ਕੀਤਾ ਹੈ ਕਿ ਕਦੋਂ ਦੇ ਮਰ ਖਪ ਚੁੱਕੇ ਕੌਮੀ ਲੀਡਰਾਂ ਨੂੰ ਚਮਕਾਉਣ ਲਈ ਇਸ਼ਤਿਹਾਰਬਾਜ਼ੀ ਉਪਰ ਬੇਲੋੜਾ ਖਰਚਾ ਕਰਨਾ ਕਿੰਨਾ ਕੁ ਜਾਇਜ਼ ਹੈ? ਫਿਰ ਆਪ ਹੀ ਇਸ ਦਾ ਉਤਰ ਦਿੱਤਾ ਹੈ ਕਿ ਭਾਰਤ ਦੀ ਕੇਂਦਰ ਸਰਕਾਰ ਵਲੋਂ ਪਿਛਲੇ ਚਾਰ ਸਾਲਾਂ ਵਿਚ ਬੇਲੋੜੀ ਇਸ਼ਤਿਹਾਰਬਾਜ਼ੀ ਉਪਰ ਜੋ 142 ਕਰੋੜ ਰੁਪਏ ਖਰਚ ਕੀਤੇ ਗਏ ਹਨ, ਉਸ ਨਾਲ ਵਿਕਾਸ ਦੇ ਕਿੰਨੇ ਹੀ ਕੰਮ ਹੋ ਸਕਦੇ ਸਨ।

ਅਖਬਾਰ ਨੇ ਇਸ ਬੇਲੋੜੇ ਖਰਚੇ ਨੂੰ ਬੇਲੋੜਾ ਅਤੇ ਸ਼ਰਮਨਾਕ ਕਿਹਾ ਹੈ। ਸਾਦਗੀ ਦੇ ਮੁਜੱਸਮੇ ਅਤੇ ਬੱਚਤ ਦਾ ਸੁਨੇਹਾ ਦੇਣ ਵਾਲੇ ਮਹਾਤਮਾ ਗਾਂਧੀ ਦੇ ਜਨਮ ਦਿਨ ਅਤੇ ਬਰਸੀ ਦੇ ਮੌਕੇ ਇਸ਼ਤਿਹਾਰਾਂ 'ਤੇ 38 ਕਰੋੜ ਰੁਪਏ ਖਰਚੇ ਗਏ। ਰਾਜੀਵ ਗਾਂਧੀ ਉਪਰ 25 ਕਰੋੜ 40 ਲੱਖ ਰੁਪਏ, ਇੰਦਰਾ ਗਾਂਧੀ ਉਪਰ 16 ਕਰੋੜ 90 ਲੱਖ, ਪੰਡਿਤ ਜਵਾਹਰ ਲਾਲ ਨਹਿਰੂ ਉਤੇ 10 ਕਰੋੜ 90 ਲੱਖ ਅਤੇ ਡਾ. ਬੀ.ਆਰ. ਅੰਬੇਦਕਰ ਉਤੇ 17 ਕਰੋੜ 90 ਲੱਖ ਰੁਪਏ ਖਰਚੇ ਗਏ। ਇਸ ਪਰਚੇ ਨੇ ਸਵਾਲ ਕੀਤਾ ਹੈ ਕਿ ਇਨ੍ਹਾਂ ਇਸ਼ਤਿਹਾਰਾਂ ਨੂੰ ਪੜ੍ਹਦਾ ਜਾਂ ਵੇਖਦਾ ਕੌਣ ਹੈ? ਆਮ ਤੌਰ 'ਤੇ ਪਾਠਕ ਉਸੇ ਸਮੇਂ ਵਰਕਾ ਥੱਲ ਲੈਂਦਾ ਹੈ ਜਾਂ ਚੈਨਲ ਬਦਲ ਲੈਂਦਾ ਹੈ। ਫਿਰ ਇਸ ਫਜ਼ੂਲਖਰਚੀ ਦਾ ਮਕਸਦ ਕੀ ਹੈ?

'ਰੀਡਰਜ਼ ਡਾਇਜੈਸਟ' ਅਨੁਸਾਰ ਕੇਵਲ ਇਨ੍ਹਾਂ ਚਾਰ ਸਾਲਾਂ ਦੀ ਇਕੋ ਕੇਂਦਰ ਸਰਕਾਰ ਦੀ ਫਜ਼ੂਲਖਰਚੀ ਬਚਾ ਕੇ ਹੀ ਪਿੰਡਾਂ ਵਿਚ ਘੱਟੋ-ਘੱਟ 280 ਛੋਟੇ ਹਸਪਤਾਲ ਅਤੇ 1000 ਪ੍ਰਾਇਮਰੀ ਸਕੂਲ ਖੁਲ੍ਹ ਸਕਦੇ ਹਨ। ਉਸ ਅਨੁਸਾਰ ਆਉਂਦੀਆਂ ਲੋਕ ਸਭਾ ਚੋਣਾਂ ਲਈ ਕੇਂਦਰ ਸਰਕਾਰ ਨੇ ਇਸ਼ਤਿਹਾਰਬਾਜ਼ੀ ਲਈ 500 ਕਰੋੜ ਰੁਪਏ ਰਖੇ ਹਨ। ਵੈਸੇ ਜੇ ਸਾਰੇ ਭਾਰਤ ਦੇ ਅਜਿਹੇ ਬੇਲੋੜੇ ਇਸ਼ਤਿਹਾਰਾਂ ਦੇ ਖਰਚੇ ਦਾ ਪਤਾ ਲਾਇਆ ਜਾਵੇ ਤਾਂ ਇਹ ਅਰਬਾਂ ਰੁਪਏ ਬਣਦਾ ਹੈ।

ਅਮਰੀਕਾ ਅਤੇ ਹੋਰ ਬਹੁਤ ਸਾਰੇ ਵਿਕਸਿਤ ਦੇਸ਼ਾਂ ਵਿਚ ਸਰਕਾਰਾਂ ਵਲੋਂ ਅਜਿਹੇ ਇਸ਼ਤਿਹਾਰ ਨਹੀਂ ਦਿੱਤੇ ਜਾਂਦੇ। ਸਰਕਾਰਾਂ ਆਪਣੀਆਂ ਪ੍ਰਾਪਤੀਆਂ ਦੇ ਇਸ਼ਤਿਹਾਰ ਜਾਂ ਆਪਣੇ ਲੀਡਰਾਂ ਨੂੰ ਚਮਕਾਉਣ ਲਈ ਇਸ਼ਤਿਹਾਰ ਨਹੀਂ ਛਪਵਾ ਸਕਦੀਆਂ। ਨਾ ਹੀ 108 ਨੰਬਰ ਐਂਬੂਲੈਂਸਾਂ ਅਤੇ ਸਕੂਲਾਂ ਵਿਚ ਮੁਫਤ ਵੰਡੇ ਜਾਂਦੇ ਸਾਈਕਲਾਂ ਉਪਰ ਮੁੱਖ ਮੰਤਰੀ ਜਾਂ ਉਸ ਦੇ ਮੰਤਰੀ ਆਪਣੀ ਫੋਟੋ ਲਾ ਸਕਦੇ ਹਨ ਜਿਵੇਂ ਕਿ ਪੰਜਾਬ ਵਿਚ ਹੋ ਰਿਹਾ ਹੈ। ਲੋਕ ਭਲਾਈ ਲਈ ਜਿਹੜੇ ਇਸ਼ਤਿਹਾਰ ਦਿਤੇ ਜਾਂਦੇ ਹਨ, ਉਸ ਲਈ ਸਲਾਹਕਾਰ ਕਮੇਟੀਆਂ ਫੈਸਲਾ ਕਰਦੀਆਂ ਹਨ।

ਇਸ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕੇਂਦਰ ਦੀ ਯੂ.ਪੀ.ਏ. ਸਰਕਾਰ ਆਪਣੇ 9 ਸਾਲ ਦੀਆਂ ਪ੍ਰਾਪਤੀਆਂ ਦਰਸਾਉਣ ਲਈ 'ਭਾਰਤ ਨਿਰਮਾਣ' ਨਾਂ ਹੇਠ ਮੁਹਿੰਮ ਚਲਾਏਗੀ ਜਿਹੋ ਜਿਹੀ ਮੁਹਿੰਮ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਵਾਜਪਾਈ ਸਰਕਾਰ ਨੇ 'ਇੰਡੀਆ ਸ਼ਾਇਨਿੰਗ' ਨਾਂ ਹੇਠ 2004 ਵਿਚ ਲੋਕ ਚੋਣਾਂ ਤੋਂ ਪਹਿਲਾਂ ਚਲਾਈ ਸੀ, ਜਿਸ ਉਪਰ ਉਸ ਸਮੇਂ ਕਰੀਬ 500 ਕਰੋੜ ਰੁਪਏ ਖਰਚ ਕੀਤੇ ਗਏ ਸਨ। ਮੌਜੂਦਾ ਸਰਕਾਰ ਨੇ 12ਵੀਂ ਪੰਜ ਸਾਲਾ ਯੋਜਨਾ ਵਿਚ ਖਜਾਨਾ ਮਹਿਕਮੇ ਲਈ ਇਸ ਮੁਹਿੰਮ ਲਈ 630 ਕਰੋੜ ਰੁਪਏ ਰੱਖੇ ਹਨ। ਇਸ ਵਿਚੋਂ ਅੱਧੀ ਰਕਮ 31 ਮਾਰਚ 2014 ਤੀਕ ਖਰਚ ਕੀਤੀ ਜਾਵੇਗੀ ਕਿਉਂਕਿ ਮੌਜੂਦਾ ਲੋਕ ਸਭਾ ਦੀ ਮਿਆਦ 31 ਮਈ 2014 ਨੂੰ ਖਤਮ ਹੋ ਜਾਂਦੀ ਹੈ ਤੇ ਜਿਸ ਕਰਕੇ 31 ਮਾਰਚ 2014 ਨੂੰ ਚੋਣ ਜਾਬਤਾ ਲਾਗੂ ਹੋ ਜਾਂਦਾ ਹੈ।

ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਇਸ ਸਬੰਧੀ ਮਸ਼ਹੂਰੀ ਦੀ ਫਿਲਮ ਪ੍ਰਦੀਪ ਸਰਕਾਰ ਕੋਲੋਂ ਤਿਆਰ ਕਰਵਾਈ ਹੈ। 2004 ਵਿਚ 'ਇੰਡੀਆ ਸ਼ਾਇਨਿੰਗ' ਪ੍ਰਚਾਰ ਮੁਹਿੰਮ ਐਨ.ਡੀ.ਏ. ਸਰਕਾਰ ਨੂੰ ਲੈ ਬੈਠੀ ਸੀ ਕਿਉਂਕਿ ਸ਼ਹਿਰੀ ਖੇਤਰ ਵਿਚ ਇਸ ਦਾ ਉਲਟਾ ਪ੍ਰਭਾਵ ਪਿਆ ਸੀ। ਚੋਣਾਂ ਤੋਂ ਬਾਅਦ ਅਡਵਾਨੀ ਨੇ ਵੀ ਮੰਨਿਆ ਸੀ ਕਿ ਇਸ ਮੁਹਿੰਮ ਨੇ ਵਿਰੋਧੀਆਂ ਨੂੰ ਸਰਕਾਰ ਵਿਰੁਧ ਬੋਲਣ ਦਾ ਮੌਕਾ ਦੇ ਦਿਤਾ। ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਵੀ ਅਜਿਹੀ ਹੀ ਮੁਹਿੰਮ 'ਵਿਕਾਸ ਕੀਤਾ, ਵਿਕਾਸ ਕਰਾਂਗੇ' ਚਲਾਈ ਸੀ ਪਰ ਇਹ ਮੁਹਿੰਮ ਕਾਂਗਰਸ ਨੂੰ ਲੈ ਬੈਠੀ ਸੀ। ਇਸ ਦਾ ਕਾਰਨ ਇਹ ਸੀ ਕਿ ਓਨਾ ਵਿਕਾਸ ਨਹੀਂ ਸੀ ਹੋਇਆ, ਜਿੰਨੇ ਦੇ ਦਾਅਵੇ ਕੀਤੇ ਜਾ ਰਹੇ ਸਨ। ਸ਼ਹਿਰਾਂ ਦੀਆਂ ਸੜਕਾਂ ਟੁੱਟੀਆਂ ਹੁੰਦੀਆਂ ਸਨ, ਜਿਨ੍ਹਾਂ ਉਪਰ ਅਜਿਹੇ ਬੋਰਡ ਲਗੇ ਹੁੰਦੇ ਸਨ, 'ਵਿਕਾਸ ਕੀਤਾ, ਵਿਕਾਸ ਕਰਾਂਗੇ।'

ਸੂਚਨਾ ਤੇ ਪ੍ਰਸਾਰਣ ਵਿਭਾਗ ਨੇ ਸੋਸ਼ਲ ਮੀਡੀਆ-ਯੂ ਟਿਊਬ, ਟਵਿਟਰ ਅਤੇ ਫੇਸ ਬੁੱਕ ਉਪਰ ਇਸ਼ਤਿਹਾਰਬਾਜ਼ੀ ਕਰਨ ਲਈ 22 ਕਰੋੜ 50 ਲੱਖ ਰੁਪਏ ਰੱਖੇ ਹਨ। ਇਸ ਕੰਮ ਵਿਚ ਸੂਬਾਈ ਸਰਕਾਰਾਂ ਵੀ ਪਿੱਛੇ ਨਹੀਂ। ਆਂਧਰਾ ਪ੍ਰਦੇਸ਼, ਦਿੱਲੀ ਅਤੇ ਉਤਰਾਖੰਡ ਇਸ਼ਤਿਹਾਰਬਾਜ਼ੀ 'ਤੇ ਭਾਰੀ ਰਕਮਾਂ ਖਰਚ ਕਰਦੀਆਂ ਹਨ। ਆਂਧਰਾ ਪ੍ਰਦੇਸ ਨੇ ਹੈਲੀਕਾਪਟਰ ਹਾਦਸੇ ਵਿਚ ਮਾਰੇ ਗਏ ਸਾਬਕਾ ਮੁੱਖ ਮੰਤਰੀ ਵਾਈ ਐਸ ਆਰ ਰੈਡੀ ਉਪਰ ਤਿੰਨ ਸਾਲਾਂ ਵਿਚ 8 ਕਰੋੜ ਰੁਪਏ ਇਸ਼ਤਿਹਾਰਬਾਜ਼ੀ ਵਿਚ ਖਰਚੇ।

ਕੇਂਦਰ ਸਰਕਾਰ ਨੇ 16 ਮਾਰਚ 2013 ਨੂੰ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ 108 ਮੁਫ਼ਤ ਸੇਵਾ ਐਂਬੂਲੈਂਸਾਂ ਉਪਰ ਦੇਸ਼ ਭਰ ਵਿਚ ਚਲ ਰਿਹਾ ਇਕਸਾਰ ਰੰਗ ਤੇ ਡਿਜ਼ਾਇਨ ਹੀ ਵਰਤਿਆ ਜਾਵੇ ਤੇ ਇਨ੍ਹਾਂ ਗੱਡੀਆਂ ਉਪਰ ਮੁੱਖ ਮੰਤਰੀ ਜਾਂ ਕਿਸੇ ਮੰਤਰੀ ਦੀ ਫੋਟੋ ਲਗਾ ਕੇ ਇਨ੍ਹਾਂ ਨੂੰ ਸਿਆਸੀ ਪ੍ਰਚਾਰ ਦਾ ਜ਼ਰੀਆ ਨਾ ਬਣਾਇਆ ਜਾਵੇ। ਇਨ੍ਹਾਂ ਨਿਰਦੇਸ਼ਾਂ ਨੂੰ ਲਾਗੂ ਨਾ ਕਰਨ 'ਤੇ ਗ੍ਰਾਂਟ ਬੰਦ ਕਰਨ ਬਾਰੇ ਲਿਖਿਆ ਗਿਆ ਸੀ। ਇਸ ਪੱਤਰ ਨੂੰ ਲੈ ਕੇ ਅਕਾਲੀ-ਕਾਂਗਰਸੀਆਂ ਦੀ ਸ਼ਬਦੀ ਜੰਗ ਸ਼ੁਰੂ ਹੋ ਗਈ ਤੇ ਅਖੀਰ ਕੇਂਦਰ ਸਰਕਾਰ ਨੂੰ ਝੁਕਣਾ ਪਿਆ ਤੇ ਮੁੱਖ ਮੰਤਰੀ ਦੀ ਤਸਵੀਰ ਲਾਉਣ ਦੀ ਆਗਿਆ ਦੇਣੀ ਪਈ। ਆਪਣੀ ਛਬੀ ਚਮਕਾਉਣ ਲਈ ਐਂਬੂਲੈਂਸਾਂ ਤੋਂ ਇਲਾਵਾ ਨੌਵੀਂ ਦਸਵੀਂ ਜਮਾਤ ਵਿਚ ਪੜ੍ਹਦੀਆਂ ਕੁੜੀਆਂ ਨੂੰ 'ਮਾਈ ਭਾਗੋ' ਸਕੀਮਾਂ ਅਧੀਨ ਦਿਤੇ ਜਾਣ ਵਾਲੇ ਮੁਫ਼ਤ ਸਾਈਕਲਾਂ ਉਪਰ ਵੀ ਮੁੱਖ ਮੰਤਰੀ ਦੀਆਂ ਫੋਟੋਆਂ ਲਗਾਈਆਂ ਗਈਆਂ।

ਇਸ਼ਤਿਹਾਰ ਦੇਣ ਸਬੰਧੀ ਨੀਤੀ ਇਕ ਸਾਰ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ 'ਪੰਜਾਬ ਟੂਡੇ' ਅਤੇ 'ਬੱਲੇ ਬੱਲੇ' ਚੈਨਲਾਂ ਨੂੰ ਵੱਡੇ ਗੱਫੇ ਦਿੱਤੇ। ਅੰਗਰੇਜ਼ੀ ਟ੍ਰਿਬਿਊਨ ਦੇ 24 ਜੁਲਾਈ 2011 ਦੇ ਅੰਕ ਵਿਚ ਇਕ ਸਮਾਜ ਸੇਵੀ ਸੰਸਥਾ 'ਹੈਲਪ' ਵੱਲੋਂ ਸੂਚਨਾ ਅਧਿਕਾਰ ਅਧੀਨ ਇਕੱਤਰ ਕੀਤੀ ਗਈ ਜਾਣਕਾਰੀ ਨੂੰ ਆਧਾਰ ਬਣਾ ਕੇ ਜੋ ਖਬਰ ਪ੍ਰਕਾਸ਼ਤ ਹੋਈ ਹੈ, ਉਸ ਅਨੁਸਾਰ ਉਸ ਸਮੇਂ ਪਿਛਲੇ ਸਵਾ ਚਾਰ ਸਾਲਾਂ ਵਿਚ ਸਰਕਾਰ ਨੇ 26 ਕਰੋੜ 50 ਲੱਖ ਦੇ ਇਸ਼ਤਿਹਾਰ ਦਿੱਤੇ। ਦੇਸ਼ ਵਿਚ ਸਭ ਤੋਂ ਜ਼ਿਆਦਾ ਵੇਖੇ ਜਾਂਦੇ ਦੂਰਦਰਸ਼ਨ ਨੂੰ ਕੇਵਲ 3 ਲੱਖ ਰੁਪਏ, ਐਨ.ਡੀ. ਟੀ ਵੀ. ਨੂੰ 3.30 ਲੱਖ ਅਤੇ ਜ਼ੀ ਪੰਜਾਬੀ ਨੂੰ 13.22 ਲੱਖ ਦੇ ਇਸ਼ਤਿਹਾਰ ਦਿੱਤੇ ਗਏ ਜਦਕਿ ਇਨ੍ਹਾਂ ਦੇ ਮੁਕਾਬਲੇ ਕਿਤੇ ਘੱਟ ਵੇਖ ਜਾਂਦੇ ਧਾਲੀਵਾਲ ਐਂਟਰਟੇਨਮੈਂਟ ਚੈਨਲ (ਡੀ.ਈ.ਟੀ.ਵੀ.) ਨੂੰ 68 ਲੱਖ ਰੁਪਏ, ਫਾਸਟਵੇਅ ਕੇਬਲ ਚੈਨਲ ਨੂੰ 63 ਲੱਖ, ਐਮ ਐਚ-1 ਨੂੰ ਇਕ ਕਰੋੜ, ਚੈਨਲ ਨੰਬਰ-1 ਨੂੰ 78 ਲੱਖ ਤੇ ਪੀ.ਟੀ.ਸੀ. ਚੈਨਲ ਨੂੰ 66 ਲੱਖ ਰੁਪਏ ਦੇ ਇਸ਼ਤਿਹਾਰ ਦਿਤੇ ਗਏ।

ਇਸ ਫਜ਼ੂਲਖਰਚੀ ਨੂੰ ਰੋਕਣ ਲਈ ਕਈ ਸੰਸਥਾਵਾਂ ਯਤਨਸ਼ੀਲ ਹਨ। ਇਕ ਸਮਾਜ ਸੇਵੀ ਸੰਸਥਾ 'ਫਾਊਂਡੇਸ਼ਨ ਫਾਰ ਰੀਸਟੋਰੇਸ਼ਨ ਆਫ ਨੈਸ਼ਨਲ ਵੈਲਿਊਜ਼' ਨੇ ਸੁਪਰੀਮ ਕੋਰਟ ਵਿਚ ਜਨਹਿੱਤ ਪਟੀਸ਼ਨ ਦਾਇਰ ਕੀਤੀ ਹੈ ਕਿ ਸਰਕਾਰ ਵਲੋਂ ਆਪਣੀਆਂ ਪ੍ਰਾਪਤੀਆਂ ਦੱਸਣ ਲਈ ਦਿਤੇ ਜਾਂਦੇ ਇਸ਼ਤਿਹਾਰਾਂ ਉਪਰ ਪਾਬੰਦੀ ਲਾਈ ਜਾਵੇ ਕਿਉਂਕਿ ਸਰਕਾਰਾਂ ਆਪਣੇ ਨਿਜੀ ਹਿੱਤਾਂ ਲਈ ਅਜਿਹੀ ਬੇਲੋੜੀ ਇਸ਼ਤਿਹਾਰਬਾਜ਼ੀ ਕਰਦੀਆਂ ਹਨ। ਰਾਜਸੀ ਨੇਤਾਵਾਂ ਦੇ ਜਨਮ ਤੇ ਬਰਸੀਆਂ ਦੇ ਮੌਕੇ 'ਤੇ ਖਰਚੇ ਜਾਂਦੇ ਕਰੋੜਾਂ ਰੁਪਏ ਬਾਰੇ ਵੀ ਜਨਹਿਤ ਪਟੀਸ਼ਨ ਚਲ ਰਹੀ ਹੈ। ਨਹਿਰੂ ਪਰਿਵਾਰ ਉਪਰ ਹਰ ਸਾਲ ਇਸ਼ਤਿਹਾਰਬਾਜ਼ੀ ਦੇ ਰੂਪ ਵਿਚ ਖਰਚੇ ਜਾਂਦੇ ਕਰੋੜਾਂ ਰੁਪਏ ਦੀ ਆਲੋਚਨਾ ਨੂੰ ਵੇਖਦੇ ਹੋਏ ਸੋਨੀਆ ਗਾਂਧੀ ਨੇ ਸਤੰਬਰ 2012 ਵਿਚ ਪ੍ਰਧਾਨ ਮੰਤਰੀ ਨੂੰ ਇਕ ਪੱਤਰ ਲਿਖ ਕੇ ਦਿੱਲੀ ਵਿਚ ਲੀਡਰਾਂ ਦੀਆਂ ਸਮਾਧੀਆਂ ਜਾਂ ਯਾਦਗਾਰਾਂ ਉਪਰ ਕੀਤੇ ਜਾਂਦੇ ਸਮਾਗਮਾਂ ਅਤੇ ਇਸ਼ਤਿਹਾਰਬਾਜ਼ੀ ਵਿਚ ਕਮੀ ਕਰਨ ਲਈ ਕਿਹਾ ਸੀ, ਇਸ ਪੱਤਰ ਦਾ ਕੋਈ ਸਾਰਥਕ ਨਤੀਜਾ ਸਾਹਮਣੇ ਨਹੀਂ ਆਇਆ।

ਸਰਕਾਰੀ ਇਸ਼ਤਿਹਾਰਾਂ ਵਿਚ ਮੁੱਖ ਮੰਤਰੀ ਦੀ ਫੋਟੋ ਲਾਉਣ ਵਿਰੁਧ ਇਕ ਜਨਹਿਤ ਪਟੀਸ਼ਨ ਉਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਕੇਵਲ ਟੈਂਡਰਾਂ ਉਪਰ ਫੋਟੋ ਨਾ ਲਾਉਣ ਦੇ ਹੀ ਆਦੇਸ਼ ਦਿਤੇ ਸਨ।

ਇੰਜ ਅਦਾਲਤਾਂ ਵਿਚ ਪਾਈਆਂ ਲੋਕਹਿਤ ਪਟੀਸ਼ਨਾਂ ਦੇ ਕੋਈ ਵਧੀਆ ਨਤੀਜੇ ਸਾਹਮਣੇ ਨਹੀਂ ਆ ਰਹੇ। ਇਹ ਫਜ਼ੂਲ ਖਰਚੀ ਤਾਂ ਹੀ ਰੁਕ ਸਕਦੀ ਹੈ ਜੇ ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਮੁਲਕਾਂ ਵਾਂਗ ਇਕ ਤਰਕਸੰਗਤ ਇਸ਼ਤਿਹਾਰਬਾਜ਼ੀ ਨੀਤੀ ਬਣੇ। ਫਜ਼ੂਲਖਰਚੀ ਨੂੰ ਰੋਕਣ ਲਈ ਇਨ੍ਹਾਂ ਮੁਲਕਾਂ ਵਿਚ ਕਈ ਤਰ੍ਹਾਂ ਦੀਆਂ ਪਾਬੰਦੀਆਂ ਹਨ। ਇਸ਼ਤਿਹਾਰਬਾਜ਼ੀ ਉਪਰ ਇਸ ਫਜ਼ੂਲ ਖਰਚੀ ਨੂੰ ਰੋਕ ਕੇ ਇਹ ਪੈਸਾ ਦੇਸ਼ ਦੇ ਵਿਕਾਸ ਉਪਰ ਖਰਚ ਕੀਤਾ ਜਾ ਸਕਦਾ ਹੈ। ਦਿੱਲੀ ਵਿਚ ਆਮ ਪਾਰਟੀ ਦੀ ਚੋਣ ਮੁਹਿੰਮ ਨੇ ਦਰਸਾ ਦਿੱਤਾ ਹੈ ਕਿ ਆਮ ਆਦਮੀ ਨੂੰ ਸੁਚੇਤ ਕਰਨ ਦੀ ਲੋੜ ਹੈ, ਫਿਰ ਅਸੰਭਵ ਕੰਮ ਵੀ ਸੰਭਵ ਬਣ ਜਾਂਦਾ ਹੈ।

# ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਇਸ ਤੋਂ ਪਹਿਲੇ ਸਲੋਕ ਵਿਚ ਅਸੀਂ ਦੇਖਿਆ ਸੀ ਕਿ ਗੁਰੂ ਨਾਨਕ ਸਾਹਿਬ ਨੇ ਦੱਸਿਆ ਹੈ ਕਿ ਮਨੁੱਖ ਬੀਜਦਾ ਤਾਂ ਜ਼ਹਿਰ ਹੈ ਪਰ ਉਸ ਦਾ ਫਲ ਅੰਮ੍ਰਿਤ ਦੇ ਰੂਪ ਵਿਚ ਮੰਗਦਾ ਹੈ। ਕਰਮ ਕੁਝ ਹੋਰ ਕਰਨਾ ਅਤੇ ਉਸ ਦਾ ਫਲ ਬਿਲਕੁਲ ਉਸ ਦੇ ਵਿਪਰੀਤ ਆਸ ਕਰਨੀ, ਇਹ ਸੰਭਵ ਨਹੀਂ ਹੈ। ਮਨੁੱਖ ਜਿਸ ਕਿਸਮ ਦਾ ਬੀ ਬੀਜੇਗਾ ਉਸ ਨੂੰ ਫਲ ਵੀ ਉਸੇ ਕਿਸਮ ਦਾ ਪ੍ਰਾਪਤ ਹੋਵੇਗਾ। ਇਸ ਤੋਂ ਅਗਲਾ ਸਲੋਕ ਗੁਰੂ ਅੰਗਦ ਦੇਵ ਜੀ ਦਾ ਹੈ, ਜਿਸ ਵਿਚ ਸਿੱਟਾ ਉਨ੍ਹਾਂ ਨੇ ਇਹ ਕੱਢਿਆ ਹੈ ਕਿ ਧੋਖੇ ਦਾ ਕੰਮ ਕੀਤਿਆਂ ਉਸ ਦਾ ਨਤੀਜਾ ਵੀ ਧੋਖੇ ਵਿਚ ਹੀ ਨਿਕਲਦਾ ਹੈ। ਗੁਰੂ ਅੰਗਦ ਦੇਵ ਇਸ ਸਲੋਕ ਵਿਚ ਦੱਸਦੇ ਹਨ ਕਿ ਇਸ ਤੱਥ ਨੂੰ ਪਰਖ ਕੇ ਦੇਖਿਆ ਜਾ ਸਕਦਾ ਹੈ ਕਿ ਕਿਸੇ ਅੰਵਾਣ ਮਨੁੱਖ ਨਾਲ ਕੀਤੀ ਹੋਈ ਮਿੱਤਰਤਾ ਕਦੇ ਵੀ ਸਿਰੇ ਨਹੀਂ ਚੜ੍ਹਦੀ। ਇਸ ਦਾ ਕਾਰਨ ਇਹ ਹੈ ਕਿ ਅੰਵਾਣ ਦਾ ਰਵੱਈਆ ਉਸ ਦੀ ਸਮਝ ਅਨੁਸਾਰ ਹੀ ਰਹਿੰਦਾ ਹੈ। ਕਹਿਣ ਤੋਂ ਭਾਵ ਹੈ ਕਿ ਜਿਸ ਕਿਸਮ ਦੀ ਕਿਸੇ ਮਨੁੱਖ ਦੀ ਸਮਝ ਹੁੰਦੀ ਹੈ ਉਹ ਉਸ ਮੁਤਾਬਕ ਹੀ ਵਰਤਦਾ ਹੈ। ਇਸੇ ਤਰ੍ਹਾਂ ਮੂਰਖ ਮਨ ਦੇ ਆਖੇ ਲੱਗਿਆਂ ਵੀ ਨਤੀਜਾ ਚੰਗਾ ਨਹੀਂ ਨਿਕਲਦਾ ਕਿਉਂਕਿ ਮਨ ਦੀ ਮਤ ਹਮੇਸ਼ਾ ਮਨੁੱਖ ਨੂੰ ਵਿਕਾਰਾਂ ਵੱਲ ਲੈ ਕੇ ਜਾਂਦੀ ਹੈ।

ਕਿਸੇ ਚੀਜ਼ ਵਿਚ ਕੋਈ ਹੋਰ ਚੀਜ਼ ਪਾਉਣ ਲਈ ਉਸ ਵਸਤੂ ਵਿਚੋਂ ਵਸਤੂ ਕੱਢਣੀ ਪੈਂਦੀ ਹੈ ਅਰਥਾਤ ਨਵੀਂ ਵਸਤੂ ਪਾਉਣ ਲਈ ਪਹਿਲੀ ਵਸਤੂ ਕੱਢ ਕੇ ਨਵੀਂ ਲਈ ਥਾਂ ਬਣਾਉਣੀ ਪੈਂਦੀ ਹੈ। ਅਰਥਾਤ ਮਨ ਨੂੰ ਪਰਮਾਤਮਾ ਵਾਲੇ ਪਾਸੇ ਲਾਉਣ ਲਈ ਉਸ ਨੂੰ ਵਿਕਾਰਾਂ ਵੱਲੋਂ ਹਟਾਉਣਾ ਪੈਂਦਾ ਹੈ। ਉਸ ਦਾ ਸੁਭਾ ਬਦਲਨਾ ਪੈਂਦਾ ਹੈ। ਮਾਲਕ ਨਾਲ ਹੁਕਮ ਕੀਤਾ ਹੋਇਆ ਪਾਸ ਨਹੀਂ ਹੋ ਸਕਦਾ ਅਰਥਾਤ ਮਾਲਕ ਤੇ ਹੁਕਮ ਨਹੀਂ ਚਲਾਇਆ ਜਾ ਸਕਦਾ, ਉਸ ਦੇ ਅੱਗੇ ਤਾਂ ਨਿਮਰਤਾ ਹੀ ਕੰਮ ਆ ਸਕਦੀ ਹੈ। ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਧੋਖੇ ਵਾਲਾ ਕੰਮ ਕੀਤਿਆਂ ਧੋਖਾ ਹੀ ਹੁੰਦਾ ਹੈ। ਅਕਾਲ ਪੁਰਖ ਦੀ ਸਿਹੀ ਮਨ ਖਿੜਾਉ ਵਿਚ ਆਉਂਦਾ ਹੈ,

ਨਾਲਿ ਇਆਣੇ ਦੋਸਤੀ
ਕਦੇ ਨ ਆਵੈ ਰਾਸਿ॥
ਜੇਹਾ ਜਾਣੈ ਤੇਹੋ ਵਰਤੈ
ਵੇਖਹੁ ਕੋ ਨਿਰਜਾਸਿ॥
ਵਸਤੂ ਅੰਦਰਿ ਵਸਤੁ ਸਮਾਵੈ
ਦੂਜੀ ਹੋਵੈ ਪਾਸਿ॥
ਸਾਹਿਬ ਸੇਤੀ ਹੁਕਮੁ ਨ ਚਲੈ
ਕਹੀ ਬਣੈ ਅਰਦਾਸਿ॥
ਕੂੜਿ ਕਮਾਣੈ ਕੂੜੋ ਹੋਵੈ
ਨਾਨਕ ਸਿਫਤਿ ਵਿਗਾਸਿ॥੩॥
(ਪੰਨਾ ੪੭੪)

ਅਗਲਾ ਸਲੋਕ ਵੀ ਗੁਰੂ ਅੰਗਦ ਦੇਵ ਜੀ ਦਾ ਹੀ ਹੈ ਜਿਸ ਵਿਚ ਉਹ ਦੱਸਦੇ ਹਨ ਕਿ ਜਿਸ ਤਰ੍ਹਾਂ ਅਵਾਣ ਮਨੁੱਖ ਦੀ ਮਿੱਤਰਤਾ ਰਾਸ ਨਹੀਂ ਆਉਂਦੀ, ਇਸੇ ਤਰ੍ਹਾਂ ਆਪਣੇ ਤੋਂ ਵੱਡੇ ਮਨੁੱਖ ਨਾਲ ਕੀਤਾ ਹੋਇਆ ਪ੍ਰੇਮ ਵੀ ਰਾਸ ਨਹੀਂ ਆਉਂਦਾ। ਇਹ ਇਸੇ ਤਰ੍ਹਾਂ ਹੈ ਜਿਵੇਂ ਪਾਣੀ ਤੇ ਖਿੱਚੀ ਹੋਈ ਲਕੀਰ ਮਿਟ ਜਾਂਦੀ ਹੈ, ਉਸ ਦਾ ਕੋਈ ਨਿਸ਼ਾਨ ਨਹੀਂ ਰਹਿੰਦਾ। ਇਸ ਤੋਂ ਅਗਲਾ ਸਲੋਕ ਵੀ ਦੂਸਰੀ ਨਾਨਕ ਜੋਤਿ ਦਾ ਹੈ ਜਿਸ ਵਿਚ ਉਹ ਦੱਸਦੇ ਹਨ ਕਿ ਅਵਾਣ ਮਨੁੱਖ ਦਾ ਕੀਤਾ ਹੋਇਆ ਕੰਮ ਵੀ ਕਦੇ ਰਾਸ ਨਹੀਂ ਆਉਂਦਾ ਅਰਥਾਤ ਅਵਾਣ ਮਨੁੱਖ ਦਾ ਕੀਤਾ ਹੋਇਆ ਕੋਈ ਵੀ ਕੰਮ ਸਿਰੇ ਨਹੀਂ ਚੜ੍ਹਦਾ। ਜੇ ਉਹ ਕੋਈ ਇੱਕ ਅੱਧਾ ਕੰਮ ਕਰ ਭੀ ਲਵੇ, ਤਾਂ ਭੀ ਦੂਜੇ ਕੰਮ ਨੂੰ ਵਿਗਾੜ ਦੇਵੇਗਾ,

ਨਾਲਿ ਇਆਣੇ ਦੋਸਤੀ
ਵਡਾਰੂ ਸਿਉ ਨੇਹੁ॥
ਪਾਣੀ ਅੰਦਰਿ ਲੀਕ ਜਿਉ
ਤਿਸ ਦਾ ਥਾਉ ਨ ਥੇਹੁ॥੪॥
ਹੋਇ ਇਆਣਾ ਕਰੇ ਕੰਮੁ
ਆਣਿ ਨ ਸਕੈ ਰਾਸਿ॥
ਜੇ ਇਕ ਅਧ ਚੰਗੀ ਕਰੇ
ਦੂਜੀ ਭੀ ਵੇਰਾਸਿ॥੫॥ (ਪੰਨਾ ੪੭੪)

ਗੁਰੂ ਨਾਨਕ ਦੇਵ ਅਗਲੀ ਪਉੜੀ ਵਿਚ ਨੌਕਰ ਅਤੇ ਮਾਲਕ ਦੀ ਉਦਾਹਰਣ ਰਾਹੀਂ ਦੱਸਦੇ ਹਨ ਕਿ ਜੋ ਨੌਕਰ ਆਪਣੇ ਮਾਲਕ ਦੀ ਆਗਿਆ ਅਨੁਸਾਰ ਚੱਲੇ ਤਾਂ ਇਹ ਸਮਝ ਲਿਆ ਜਾਂਦਾ ਹੈ ਕਿ ਉਹ ਆਪਣੀ ਨੌਕਰੀ ਠੀਕ ਢੰਗ ਨਾਲ ਕਰ ਰਿਹਾ ਹੈ। ਇਸ ਦਾ ਨੌਕਰ ਨੂੰ ਦੋ ਤਰ੍ਹਾਂ ਨਾਲ ਫ਼ਾਇਦਾ ਹੁੰਦਾ ਹੈ ਕਿ ਇੱਕ ਤਾਂ ਉਸ ਨੂੰ ਇੱਜ਼ਤ ਵੀ ਬਹੁਤ ਮਿਲਦੀ ਹੈ ਅਤੇ ਦੂਸਰੇ ਉਸ ਨੂੰ ਆਪਣੇ ਮਾਲਕ ਕੋਲੋਂ ਤਨਖਾਹ ਭੀ ਦੁਗਣੀ ਮਿਲਦੀ ਹੈ। ਪਰ ਜੇ ਉਹ ਨੌਕਰ ਜਾਂ ਸੇਵਕ ਆਪਣੇ ਹੀ ਮਾਲਕ ਦੀ ਬਰਾਬਰੀ ਕਰਨ ਲੱਗ ਪਵੇ, ਉਸ ਦੇ ਬਰਾਬਰ ਹੋਣ ਦਾ ਜਤਨ ਕਰਦਾ ਹੈ, ਉਹ ਮਨ ਵਿਚ ਸ਼ਰਮਿੰਦਗੀ ਵੀ ਉਠਾਉਂਦਾ ਹੈ, ਆਪਣੀ ਤਨਖ਼ਾਹ ਭੀ ਗਵਾ ਬੈਠਦਾ ਹੈ ਅਤੇ ਮਾਲਕ ਕੋਲੋਂ ਹਮੇਸ਼ਾ ਮੂੰਹ 'ਤੇ ਜੁੱਤੀਆਂ ਵੀ ਖਾਂਦਾ ਹੈ। ਗੁਰੂ ਨਾਨਕ ਅੱਗੇ ਕਹਿੰਦੇ ਹਨ ਕਿ ਜਿਸ ਮਾਲਕ ਦਾ ਦਿੱਤਾ ਖਾਈਏ, ਉਸ ਦੀ ਸਦਾ ਵਡਿਆਈ ਕਰਨੀ ਚਾਹੀਦੀ ਹੈ, ਮਾਲਕ ਉਤੇ ਹੁਕਮ ਨਹੀਂ ਚਲਾਇਆ ਜਾ ਸਕਦਾ, ਉਸ ਦੇ ਅੱਗੇ ਅਰਜ਼ ਕਰਨੀ ਹੀ ਚੰਗੀ ਲੱਗਦੀ ਹੈ,

ਚਾਕਰੁ ਲਗੈ ਚਾਕਰੀ
ਜੇ ਚਲੈ ਖਸਮੈ ਭਾਇ॥
ਹੁਰਮਤਿ ਤਿਸ ਨੋ ਅਗਲੀ
ਓਹੁ ਵਜਹੁ ਭਿ ਦੂਣਾ ਖਾਇ॥
ਖਸਮੈ ਕਰੇ ਬਰਾਬਰੀ
ਫਿਰਿ ਗੈਰਤਿ ਅੰਦਰਿ ਪਾਇ॥
ਵਜਹੁ ਗਵਾਏ ਅਗਲਾ
ਮੁਹੇ ਮੁਹਿ ਪਾਣਾ ਖਾਇ॥
ਜਿਸ ਦਾ ਦਿਤਾ ਖਾਵਣਾ
ਤਿਸੁ ਕਹੀਐ ਸਾਬਾਸਿ॥
ਨਾਨਕ ਹੁਕਮੁ ਨ ਚਲਈ
ਨਾਲਿ ਖਸਮ ਚਲੈ ਅਰਦਾਸਿ॥੨੨॥
(ਪੰਨਾ ੪੭੪)

ਅਗਲੇ ਸਲੋਕ ਵਿਚ ਗੁਰੂ ਅੰਗਦ ਸਾਹਿਬ ਦੱਸਦੇ ਹਨ ਕਿ ਜੇ ਕੋਈ ਮਨੁੱਖ ਆਪਣੇ ਉਦਮ ਨਾਲ, ਆਪਣੀ ਕੋਸ਼ਿਸ਼ ਨਾਲ ਕੁਝ ਪ੍ਰਾਪਤ ਕਰ ਲਵੇ ਤਾਂ ਇਸ ਨੂੰ ਉਸ ਦੇ ਮਾਲਕ ਦੀ ਬਖ਼ਸ਼ਿਸ਼ ਨਹੀਂ ਕਿਹਾ ਜਾ ਸਕਦਾ, ਇਹ ਬਖ਼ਸ਼ਿਸ਼ ਨਹੀਂ ਅਖਵਾ ਸਕਦੀ। ਬਖ਼ਸ਼ਿਸ਼ ਉਹ ਹੈ ਜਦੋਂ ਮਾਲਕ ਮਿਹਰਬਾਨ ਹੋ ਕੇ ਆਪਣੀ ਖੁਸ਼ੀ ਨਾਲ ਕੁਝ ਦਿੰਦਾ ਹੈ, ਜਿਸ ਦੀ ਪ੍ਰਾਪਤੀ ਮਾਲਕ ਦੀ ਨਦਰਿ ਸਦਕਾ ਹੁੰਦੀ ਹੈ। ਇਸ ਤੋਂ ਅਗਲੇ ਸਲੋਕ ਵਿਚ ਗੁਰੂ ਅੰਗਦ ਦੇਵ ਦੱਸਦੇ ਹਨ ਉਹ ਨੌਕਰੀ ਜਾਂ ਸੇਵਾ ਕਿਸ ਕਿਸਮ ਦੀ ਹੈ ਜਿਸ ਨੂੰ ਕਰਦਿਆਂ ਸੇਵਕ ਦੇ ਮਨ ਵਿਚੋਂ ਮਾਲਕ ਦਾ ਡਰ ਦੂਰ ਨਾ ਹੋ ਜਾਵੇ ਅਰਥਾਤ ਜੇ ਸੇਵਾ ਕਰਦਿਆਂ ਵੀ ਮਨ ਵਿਚ ਭੈ ਬਣਿਆ ਰਹੇ ਤਾਂ ਇਹ ਸੇਵਾ ਅਰਥਹੀਣ ਹੋ ਜਾਂਦੀ ਹੈ, ਕਿਸੇ ਲੇਖੇ ਨਹੀਂ ਲੱਗਦੀ। ਸੱਚਾ ਸੇਵਕ ਉਹ ਹੁੰਦਾ ਹੈ ਜੋ ਆਪਣੇ ਮਾਲਕ ਨਾਲ ਇੱਕਸੁਰ ਹੋ ਜਾਂਦਾ ਹੈ। ਕਹਿਣ ਤੋਂ ਭਾਵ ਹੈ ਕਿ ਉਹ ਸੇਵਾ ਹੀ ਅਸਲੀ ਸੇਵਾ ਹੈ ਜੋ ਮਾਲਕ ਅਤੇ ਸੇਵਕ ਨੂੰ ਆਪਸ ਵਿਚ ਮਿਲਾ ਦਿੰਦੀ ਹੈ,

ਏਹ ਕਿਨੇਹੀ ਦਾਤਿ
ਆਪਸ ਤੇ ਜੋ ਪਾਈਐ॥
ਨਾਨਕ ਸਾ ਕਰਮਾਤਿ
ਸਾਹਿਬ ਤੁਠੈ ਜੋ ਮਿਲੈ॥੧॥ (ਪੰਨਾ ੪੭੪)
ਏਹ ਕਿਨੇਹੀ ਚਾਕਰੀ
ਜਿਤੁ ਭਉ ਖਸਮ ਨ ਜਾਇ॥
ਨਾਨਕ ਸੇਵਕੁ ਕਾਢੀਐ
ਜਿ ਸੇਤੀ ਖਸਮ ਸਮਾਇ॥੨॥
(ਪੰਨਾ ੪੭੫)

ਇਸ ਤੋਂ ਅਗਲੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਅਕਾਲਪੁਰਖ ਦੀ ਬੇਅੰਤਤਾ ਦਾ ਜ਼ਿਕਰ ਕਰ ਰਹੇ ਹਨ ਕਿ ਉਸ ਕਰਤਾਰ ਦੀ ਅਸੀਮਤਾ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ, ਉਸ ਦੇ ਉਰਲੇ ਜਾਂ ਪਰਲੇ ਪਾਰ ਨੂੰ ਮਾਪਿਆ ਨਹੀਂ ਜਾ ਸਕਦਾ। ਕਰਤਾ ਪੁਰਖ ਆਪ ਹੀ ਸਭ ਨੂੰ ਪੈਦਾ ਕਰਦਾ ਹੈ ਅਤੇ ਫਿਰ ਆਪ ਹੀ ਸਭ ਦਾ ਅੰਤ ਵੀ ਕਰ ਦਿੰਦਾ ਹੈ, ਆਪ ਹੀ ਜਨਮ ਦੇ ਕੇ ਆਪ ਹੀ ਮਾਰ ਵੀ ਦਿੰਦਾ ਹੈ। ਕਰਤਾਰ ਦੇ ਰੰਗ ਹਨ ਕਿ ਕਈਆਂ ਦੇ ਗਲ ਦੁਆਲੇ ਗੁਲਾਮੀ ਦੀਆਂ ਜ਼ੰਜੀਰਾਂ ਪਈਆਂ ਹਨ ਅਤੇ ਕਈ ਘੋੜਿਆਂ ਤੇ ਸਵਾਰ ਸੰਸਾਰ ਅੰਦਰ ਐਸ਼ੋ-ਇਸ਼ਰਤ ਦਾ ਜੀਵਨ ਗੁਜ਼ਾਰ ਰਹੇ ਹਨ। ਉਹ ਅਕਾਲ ਪੁਰਖ ਸਭ ਕੁਝ ਕਰਨ-ਕਾਰਨ ਸਮਰੱਥ ਹੈ, ਆਪ ਹੀ ਸਭ ਕੁਝ ਕਰ ਰਿਹਾ ਹੈ, ਸਭ ਕੁਝ ਉਸ ਦੇ ਹੁਕਮ ਅੰਦਰ ਵਾਪਰ ਰਿਹਾ ਹੈ, ਫਿਰ ਮਨੁੱਖ ਵਿਚਾਰਾ ਕਿਸ ਅੱਗੇ ਪੁਕਾਰ ਕਰੇ? ਭਾਵ ਉਸ ਤੋਂ ਅੱਗੇ ਕੋਈ ਹੋਰ ਸ਼ਕਤੀ ਹੈ ਹੀ ਨਹੀਂ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਸ ਪਰਵਰਦਗਾਰ ਨੇ ਇਹ ਸੰਸਾਰ ਪੈਦਾ ਕੀਤਾ ਹੈ, ਜਿਸ ਨੇ ਇਸ ਸ੍ਰਿਸ਼ਟੀ ਰਚਨਾ ਕੀਤੀ ਹੈ ਉਹ ਆਪ ਹੀ ਇਸ ਨੂੰ ਪਾਲਦਾ ਵੀ ਹੈ, ਇਸ ਦੀ ਸੰਭਾਲ ਵੀ ਕਰਦਾ ਹੈ,

ਨਾਨਕ ਅੰਤ ਨ ਜਾਪਨ੍ਹੀ
ਹਰਿ ਤਾ ਕੇ ਪਾਰਾਵਾਰ॥
ਆਪਿ ਕਰਾਏ ਸਾਖਤੀ
ਫਿਰਿ ਆਪਿ ਕਰਾਏ ਮਾਰ॥
ਇਕਨ੍ਹਾ ਗਲੀ ਜੰਜੀਰੀਆ
ਇਕਿ ਤੁਰੀ ਚੜਹਿ ਬਿਸੀਆਰ॥
ਆਪਿ ਕਰਾਏ ਕਰੇ
ਆਪਿ ਹਉ ਕੈ ਸਿਉ ਕਰੀ ਪੁਕਾਰ॥
ਨਾਨਕ ਕਰਣਾ ਜਿਨਿ ਕੀਆ
ਫਿਰਿ ਤਿਸ ਹੀ ਕਰਣੀ ਸਾਰ॥੨੩॥
(ਪੰਨਾ ੪੭੫)

ਇਸ ਸਲੋਕ ਵਿਚ ਗੁਰੂ ਨਾਨਕ ਸਾਹਿਬ ਉਸ ਅਕਾਲ ਪੁਰਖ ਦੀ ਰਚਨਾ ਬਾਰੇ ਦੱਸ ਰਹੇ ਹਨ ਕਿ ਉਹ ਅਕਾਲ ਪੁਰਖ ਆਪ ਮਨੁੱਖੀ ਸਰੀਰ-ਰੂਪੀ ਭਾਂਡਿਆਂ ਦੀ ਰਚਨਾ ਕਰਦਾ ਹੈ ਅਤੇ ਇਨ੍ਹਾਂ ਵਿਚ ਜੋ ਕੁਝ ਪਾਉਂਦਾ ਹੈ ਆਪ ਹੀ ਪਾਉਂਦਾ ਹੈ ਅਰਥਾਤ ਇਨ੍ਹਾਂ ਸਰੀਰਾਂ ਵਿਚ ਦੁੱਖ-ਸੁੱਖ ਵੀ ਆਪ ਹੀ ਪਾਉਂਦਾ ਹੈ। ਭਾਵੇਂ ਸਾਰੇ ਭਾਂਡੇ ਇੱਕ ਹੀ ਕਰਤੇ ਨੇ ਘੜੇ ਹਨ ਪਰ ਕੁਝ ਭਾਂਡਿਆਂ ਵਿਚ ਸਦਾ ਦੁੱਧ ਹੀ ਪਿਆ ਰਹਿੰਦਾ ਹੈ ਅਤੇ ਕੁਝ ਵਿਚਾਰੇ ਸਦਾ ਚੁਲ੍ਹੇ ਉਤੇ ਚੜ੍ਹੇ ਤੱਪਦੇ ਰਹਿੰਦੇ ਹਨ। ਕਹਿਣ ਤੋਂ ਭਾਵ ਹੈ ਕਿ ਕੁਝ ਜੀਵ ਸਦਾ ਸੁੱਖ ਹੀ ਮਾਣਦੇ ਹਨ ਅਤੇ ਕਈ ਹਮੇਸ਼ਾ ਦੁੱਖ ਵਿਚ ਹੀ ਤੱਪਦੇ ਰਹਿੰਦੇ ਹਨ। ਕਈ ਕਿਸਮਤ ਦੇ ਧਨੀ ਨਰਮ ਬਿਸਤਰਿਆਂ 'ਤੇ ਬੇਫ਼ਿਕਰ ਹੋ ਕੇ ਸੁੱਖ ਦੀ ਨੀਂਦ ਸੌਂਦੇ ਹਨ ਅਤੇ ਕਈ ਵਿਚਾਰੇ ਉਨ੍ਹਾਂ ਦੀ ਸੇਵਾ ਵਿਚ ਉਨ੍ਹਾਂ ਦੀ ਰਾਖੀ ਕਰਦੇ ਖੜ੍ਹੇ ਰਹਿੰਦੇ ਹਨ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਨ੍ਹਾਂ ਉਤੇ ਉਸ ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਹੋ ਜਾਂਦੀ ਹੈ, ਜਿਨ੍ਹਾਂ ਉਤੇ ਆਪਣੀ ਕਿਰਪਾ ਕਰਦਾ ਹੈ, ਉਨ੍ਹਾਂ ਦਾ ਜੀਵਨ ਸੁਧਾਰ ਦਿੰਦਾ ਹੈ,

ਆਪੇ ਭਾਂਡੇ ਸਾਜਿਅਨੁ
ਆਪੇ ਪੂਰਣੁ ਦੇਇ॥
ਇਕਨ੍ਹੀ ਦੁਧੁ ਸਮਾਈਐ
ਇਕਿ ਚੁਲ੍ਹੈ ਰਹਨਿ ਚੜੇ॥
ਇਕਿ ਨਿਹਾਲੀ ਪੈ ਸਵਨ੍ਹਿ
ਇਕਿ ਉਪਰਿ ਰਹਨਿ ਖੜੇ॥
ਤਿਨ੍ਹਾ ਸਵਾਰੇ ਨਾਨਕਾ
ਜਿਨ੍ਹ ਕਉ ਨਦਰਿ ਕਰੇ॥੧॥ (ਪੰਨਾ ੪੭੫)

ਇਸ ਤੋਂ ਅਗਲਾ ਸਲੋਕ ਗੁਰੂ ਅੰਗਦ ਦੇਵ ਜੀ ਦਾ ਹੈ। ਇਸ ਵਿਚ ਵੀ ਗੁਰੂ ਸਾਹਿਬ ਨੇ ਪਰਮਾਤਮਾ ਦੀ ਸਿਰਜਣਾ ਦਾ ਹੀ ਜ਼ਿਕਰ ਕੀਤਾ ਹੈ। ਇਸ ਵਿਚ ਗੁਰੂ ਸਾਹਿਬ ਨੇ ਕਿਹਾ ਹੈ ਕਿ ਉਸ ਅਕਾਲ ਪੁਰਖ ਨੇ ਇਸ ਸੰਸਾਰ ਦੀ ਰਚਨਾ ਆਪ ਹੀ ਕੀਤੀ ਹੈ, ਇਸ ਨੂੰ ਆਪ ਹੀ ਸਜਾਉਂਦਾ ਹੈ, ਇਸ ਸ੍ਰਿਸ਼ਟੀ ਦੀ ਸੰਭਾਲ ਵੀ ਆਪ ਹੀ ਕਰਦਾ ਹੈ। ਇਸ ਸ੍ਰਿਸ਼ਟੀ ਵਿਚ ਜੀਵਾਂ ਨੂੰ ਪੈਦਾ ਕਰਕੇ ਉਨ੍ਹਾਂ ਦੀ ਸੰਭਾਲ ਵੀ ਆਪ ਹੀ ਕਰਦਾ ਹੈ ਅਤੇ ਆਪ ਹੀ ਉਨ੍ਹਾਂ ਨੂੰ ਦੇਖਦਾ ਹੈ, ਆਪ ਹੀ ਟਿਕਾਉਂਦਾ ਅਤੇ ਆਪ ਹੀ ਢਾਹੁੰਦਾ ਹੈ। ਗੁਰੂ ਅੰਗਦ ਦੇਵ ਕਹਿੰਦੇ ਹਨ ਕਿ ਉਹ ਅਕਾਲ ਪੁਰਖ ਆਪ ਹੀ ਸਭ ਕੁਝ ਕਰਨ ਦੇ ਸਮਰੱਥ ਹੈ, ਉਸ ਤੋਂ ਉਤੇ ਕੋਈ ਹੋਰ ਸ਼ਕਤੀ ਨਹੀਂ ਹੈ। ਇਸ ਲਈ ਉਸ ਤੋਂ ਬਿਨਾਂ ਕਿਸੇ ਹੋਰ ਦੇ ਅੱਗੇ ਫ਼ਰਿਆਦ ਨਹੀਂ ਹੋ ਸਕਦੀ,

ਆਪੇ ਸਾਜੇ ਕਰੇ ਆਪਿ
ਜਾਈ ਭਿ ਰਖੈ ਆਪਿ॥
ਤਿਸੁ ਵਿਚਿ ਜੰਤ ਉਪਾਇ ਕੈ
ਦੇਖੈ ਥਾਪਿ ਉਥਾਪਿ॥
ਕਿਸ ਨੋ ਕਹੀਐ ਨਾਨਕਾ
ਸਭੁ ਕਿਛੁ ਆਪੇ ਆਪਿ॥੨॥ (ਪੰਨਾ ੪੭੫)

ਆਸਾ ਦੀ ਵਾਰ ਦੀ ਆਖਰੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਨੇ ਉਸ ਅਕਾਲ ਪੁਰਖ ਦੇ ਗੁਣਾਂ ਦੇ ਗਾਇਨ ਬਾਰੇ ਦੱਸਿਆ ਹੈ ਕਿ ਉਸ ਦੇ ਗੁਣਾਂ ਦੀ ਕੋਈ ਗੱਲ ਨਹੀਂ ਕੀਤੀ ਜਾ ਸਕਦੀ, ਉਸ ਦੇ ਗੁਣਾਂ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ ਭਾਵੇਂ ਕੋਈ ਕਿੰਨੀ ਵੀ ਕੋਸ਼ਿਸ਼ ਕਰ ਲਵੇ। ਉਸ ਦੇ ਗੁਣ ਬੇਅੰਤ ਹਨ, ਅਥਾਹ ਹਨ। ਉਹ ਅਕਾਲ ਪੁਰਖ ਆਪ ਹੀ ਇਸ ਸੰਸਾਰ ਦਾ ਸਿਰਜਣਹਾਰ ਹੈ ਅਤੇ ਆਪਣੀ ਇਸ ਕੁਦਰਤਿ ਦਾ, ਰਚਨਾ ਦਾ ਮਾਲਕ ਵੀ ਆਪ ਹੀ ਹੈ ਅਰਥਾਤ ਉਹ ਹੀ ਇਸ ਸ੍ਰਿਸ਼ਟੀ ਦਾ ਕਰਤਾ, ਧਰਤਾ ਅਤੇ ਹਰਤਾ ਹੈ। ਇਸ ਸਾਰੀ ਕਾਇਨਾਤ ਦਾ ਮਾਲਕ ਹੋਣ ਦੇ ਨਾਤੇ ਆਪ ਹੀ ਆਪਣੀ ਰਚਨਾ ਤੇ ਬਖ਼ਸ਼ਿਸ਼ਾਂ ਕਰਨ ਵਾਲਾ ਹੈ। ਉਹ ਸਭ ਦਾ ਫਿਕਰ ਆਪ ਹੀ ਕਰਦਾ ਹੈ ਅਰਥਾਤ ਸਭ ਨੂੰ ਆਪ ਹੀ ਰਿਜ਼ਕ ਪਹੁੰਚਾਉਂਦਾ ਹੈ। ਇਸ ਸਾਰੀ ਰਚਨਾ ਵਿਚ ਉਸ ਦਾ ਹੀ ਹੁਕਮ ਵਾਪਰ ਰਿਹਾ ਹੈ। ਇਸ ਲਈ ਸਾਰੇ ਜੀਵ ਉਹੀ ਕਾਰ ਕਮਾਉਂਦੇ ਹਨ, ਜੋ ਉਸ ਪਰਵਰਦਗਾਰ ਨੇ ਉਨ੍ਹਾਂ ਦੇ ਭਾਗਾਂ ਵਿਚ ਪਾਈ ਹੈ ਅਰਥਾਤ ਕੁਝ ਵੀ ਉਸ ਦੇ ਹੁਕਮ ਤੋਂ ਬਾਹਰ ਨਹੀਂ ਵਾਪਰ ਰਿਹਾ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਉਸ ਕਰਤਾ ਪੁਰਖ ਦੇ ਓਟ ਆਸਰੇ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ ਹੈ, ਜੋ ਕੁਝ ਉਸ ਨੂੰ ਚੰਗਾ ਲੱਗਦਾ ਹੈ ਉਹ ਆਪਣੇ ਭਾਣੇ ਵਿਚ ਹੀ ਸਭ ਕੁਝ ਕਰ ਰਿਹਾ ਹੈ,

ਵਡੇ ਕੀਆ ਵਡਿਆਈਆ
ਕਿਛੁ ਕਹਣਾ ਕਹਣੁ ਨ ਜਾਇ॥
ਸੋ ਕਰਤਾ ਕਾਦਰੁ ਕਰੀਮੁ ਦੇ
ਜੀਆ ਰਿਜਕੁ ਸੰਬਾਹਿ॥
ਸਾਈ ਕਾਰ ਕਮਾਵਣੀ
ਧੁਰਿ ਛੋਡੀ ਤਿੰਨੈ ਪਾਇ॥
ਨਾਨਕ ਏਕੀ ਬਾਹਰੀ
ਹੋਰ ਦੂਜੀ ਨਾਹੀ ਜਾਇ॥
ਸੋ ਕਰੇ ਜਿ ਤਿਸੈ ਰਜਾਇ॥੨੪॥੧॥ਸੁਧੁ॥
(ਪੰਨਾ ੪੭੫)

ਆਸਾ ਦੀ ਵਾਰ ਦੇ ਅਧਿਐਨ ਤੋਂ ਜੋ ਪਹਿਲੀ ਗੱਲ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਇਹ ਸ੍ਰਿਸ਼ਟੀ ਕਰਤਾ ਪੁਰਖ ਨੇ ਆਪਣੇ ਆਪ ਤੋਂ ਆਪ ਹੀ ਰਚੀ ਹੈ। ਉਹ ਇਸ ਦੀ ਰਚਨਾ ਕਰਕੇ ਇਸ ਤੋਂ ਪਾਸੇ ਹੋ ਕੇ ਨਹੀਂ ਬੈਠ ਗਿਆ, ਬਲਕਿ ਉਹ ਆਪਣੀ ਰਚਨਾ ਵਿਚ ਆਪ ਸਮਾਇਆ ਹੋਇਆ ਹੈ। ਇਸ ਸੰਸਾਰ ਦੀ ਰਚਨਾ ਨੂੰ ਉਸ ਦੇ ਆਪਣੇ ਆਪ ਤੋਂ ਕੀਤੀ ਹੋਣ ਦੇ ਨਾਤੇ ਇਸ ਨੂੰ ਸੱਚੀ ਕਿਹਾ ਹੈ। ਇਸ ਸੰਸਾਰ ਵਿਚ ਮਨੁੱਖ ਨੂੰ ਅਕਾਲ ਪੁਰਖ ਨੇ ਇਸ ਲਈ ਭੇਜਿਆ ਹੈ ਤਾਂ ਕਿ ਉਹ ਆਪ ਉਸ ਸੱਚ ਨੂੰ ਅਨੁਭਵ ਕਰੇ, ਹਾਸਲ ਕਰੇ। ਇਸ ਸੱਚ ਦੀ ਪ੍ਰਾਪਤੀ ਦਾ ਰਸਤਾ ਉਸ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਨਾਲ ਪਤਾ ਲੱਗਦਾ ਹੈ, ਸਿਮਰਨ ਰਾਹੀਂ, ਉਸ ਦੇ ਗੁਣਾਂ ਨੂੰ ਵਾਰ ਵਾਰ ਯਾਦ ਕਰਕੇ ਉਸ ਨੂੰ ਪਾ ਸਕੀਦਾ ਹੈ। ਇਸ ਸੱਚ ਦੇ ਰਸਤੇ ਦਾ, ਨਾਮ ਮਾਰਗ ਦਾ ਗਿਆਨ ਗੁਰੂ ਤੋਂ ਪਤਾ ਲੱਗਦਾ ਹੈ, ਇਸ ਦੀ ਸੋਝੀ ਗੁਰੂ ਦੀ ਸਿੱਖਿਆ ਤੋਂ ਪ੍ਰਾਪਤ ਹੁੰਦੀ ਹੈ। ਗਿਆਨ ਤੋਂ ਬਿਨਾਂ ਧਾਰਮਿਕਤਾ ਨਿਰੀ ਰੋਟੀਆਂ ਕਾਰਨ ਤਾਲ ਪੂਰਨਾ ਹੈ।

ਆਸਾ ਦੀ ਵਾਰ ਵਿਚ ਮਨੁੱਖ ਅੰਦਰ ਧਾਰਮਿਕ, ਸਮਾਜਿਕ, ਰਾਜਨੀਤਕ-ਹਰ ਤਰ੍ਹਾਂ ਦੀ ਚੇਤਨਾ ਦਾ ਸੰਚਾਰ ਕੀਤਾ ਹੈ। ਇਸ ਚੇਤਨਾ ਰਾਹੀਂ ਹੀ ਮਨੁੱਖ ਨੂੰ ਪਤਾ ਲੱਗਦਾ ਹੈ ਕਿ ਉਸ ਨੇ ਸੱਚੇ ਮਾਰਗ 'ਤੇ ਚੱਲਦਿਆਂ ਕਿਹੋ ਜਿਹੇ ਗੁਣਾਂ ਨੂੰ ਆਪਣੇ ਅੰਦਰ ਪੈਦਾ ਕਰਨਾ ਹੈ ਅਤੇ ਕਿਹੋ ਜਿਹਾ ਜੀਵਨ ਬਸਰ ਕਰਨਾ ਹੈ। ਮਨੁੱਖ ਦੇ ਜੀਵਨ ਦਾ ਕੋਈ ਵੀ ਪੱਖ ਇਹੋ ਜਿਹਾ ਨਹੀਂ ਹੈ ਜਿਸ ਨੂੰ ਆਸਾ ਦੀ ਵਾਰ ਵਿਚ ਛੋਹਿਆ ਨਾ ਗਿਆ ਹੋਵੇ। ਇਹ ਰਚਨਾ ਮਨੁੱਖੀ ਜੀਵਨ ਦੇ ਬਹੁ-ਪੱਖੀ ਵਿਕਾਸ 'ਤੇ ਰੋਸ਼ਨੀ ਪਾਉਂਦੀ ਹੈ।

## ਗੁਰਿ ਪੂਰੈ ਕੀਤੀ ਪੂਰੀ

ਗੁਰਬਾਣੀ ਗਿਆਨ

**ਸੋਰਠਿ ਮਹਲਾ ੫**
ਗੁਰਿ ਪੂਰੈ ਕੀਤੀ ਪੂਰੀ॥
ਪ੍ਰਭੁ ਰਵਿ ਰਹਿਆ ਭਰਪੂਰੀ॥
ਖੇਮ ਕੁਸਲ ਭਇਆ ਇਸਨਾਨਾ॥
ਪਾਰਬ੍ਰਹਮ ਵਿਟਹੁ ਕੁਰਬਾਨਾ॥੧॥
ਗੁਰ ਕੇ ਚਰਨ ਕਵਲ ਰਿਦ ਧਾਰੇ॥
ਬਿਘਨੁ ਨ ਲਾਗੈ ਤਿਲ ਕਾ ਕੋਈ
ਕਾਰਜ ਸਗਲ ਸਵਾਰੇ॥੧॥ਰਹਾਉ॥
ਮਿਲਿ ਸਾਧੂ ਦੁਰਮਤਿ ਖੋਏ॥
ਪਤਿਤ ਪੁਨੀਤ ਸਭ ਹੋਏ॥
ਰਾਮਦਾਸਿ ਸਰੋਵਰ ਨਾਤੇ॥
ਸਭ ਲਾਥੇ ਪਾਪ ਕਮਾਤੇ॥੨॥
ਗੁਨ ਗੋਬਿੰਦ ਨਿਤ ਗਾਈਐ॥
ਸਾਧਸੰਗਿ ਮਿਲਿ ਧਿਆਈਐ॥
ਮਨ ਬਾਂਛਤ ਫਲ ਪਾਏ॥
ਗੁਰੁ ਪੂਰਾ ਰਿਦੈ ਧਿਆਏ॥੩॥
ਗੁਰ ਗੋਪਾਲ ਆਨੰਦਾ॥
ਜਪਿ ਜਪਿ ਜੀਵੈ ਪਰਮਾਨੰਦਾ॥
ਜਨ ਨਾਨਕ ਨਾਮੁ ਧਿਆਇਆ॥
ਪ੍ਰਭ ਅਪਨਾ ਬਿਰਦੁ ਰਖਾਇਆ॥੪॥

ਸ੍ਰੀ ਗੁਰੂ ਅਰਜਨ ਦੇਵ ਜੀ ਆਖ ਰਹੇ ਹਨ, ਹੇ ਭਾਈ! ਗੁਰੂ ਨੇ ਮਿਹਰਵਾਨ ਹੋ ਕੇ ਮੈਨੂੰ ਆਤਮਿਕ ਜੀਵਨ ਵਿਚ ਸਫ਼ਲਤਾ ਦਿੱਤੀ ਹੈ, ਜਿਸ ਨਾਲ ਹੁਣ ਮੈਨੂੰ ਉਹ ਸਰਬ ਵਿਆਪਕ ਪ੍ਰਭੂ ਜੀ ਹਰ ਥਾਂ ਹੀ ਦਿਖਾਈ ਦੇ ਰਿਹਾ ਹੈ; ਖੇਮ ਕੁਸਲ ਭਇਆ ਇਸਨਾਨਾ, ਹੇ ਭਾਈ! ਇਸ਼ਨਾਨ ਜੋ ਮੈਂ ਗੁਰੂ ਰੂਪੀ ਸਰੋਵਰ ਵਿਚ ਕੀਤਾ ਹੈ, ਤੇ ਮੇਰੇ ਅੰਦਰ ਆਤਮਿਕ ਅਨੰਦ ਬਣ ਗਿਆ ਹੈ, ਇਸ ਲਈ ਮੈਂ ਪ੍ਰਭੂ ਤੋਂ ਕੁਰਬਾਨ ਜਾਂਦਾ ਹਾਂ ਜਿਸ ਨੇ ਮੈਨੂੰ ਪੂਰਾ ਗੁਰੂ ਮਿਲਾ ਦਿੱਤਾ।

ਗੁਰ ਕੇ ਚਰਨ ਕਵਲ ਰਿਦ ਧਾਰੇ॥
ਬਿਘਨੁ ਨ ਲਾਗੈ ਤਿਲ ਕਾ ਕੋਈ
ਕਾਰਜ ਸਗਲ ਸਵਾਰੇ॥੧॥ਰਹਾਉ॥

ਗੁਰਦੇਵ ਪਾਤਸ਼ਾਹ ਪੂਰੇ ਗੁਰੂ ਦੀ ਵਡਿਆਈ ਵਰਣਨ ਕਰਦੇ ਹਨ, ਹੇ ਭਾਈ! ਜਿਸ ਜੀਵ ਨੇ ਗੁਰੂ ਦੇ ਕਵਲ ਫੁੱਲ ਵਰਗੇ ਕੋਮਲ ਅਤੇ ਸੋਹਣੇ ਚਰਨਾਂ ਨੂੰ ਆਪਣੇ ਹਿਰਦੇ ਰੂਪੀ ਘਰ ਵਿਚ ਵਸਾ ਲਿਆ, ਫਿਰ ਉਸ ਵਡਭਾਗੇ ਜੀਵ ਦੀ ਜ਼ਿੰਦਗੀ ਦੇ ਰਾਹ ਵਿਚ ਤਿਲ ਭਰ ਜਿੰਨੀ ਵੀ ਕੋਈ ਰੁਕਾਵਟ ਨਹੀਂ ਆ ਸਕਦੀ, ਫਿਰ ਉਹ ਮਿਹਰਾਂ ਵਾਲਾ ਗੁਰੂ ਆਪਣੇ ਉਸ ਸੇਵਕ ਦੇ ਸਾਰੇ ਕਾਰਜ ਆਪ ਹੀ ਸਵਾਰ ਦਿੰਦਾ ਹੈ।

ਮਿਲਿ ਸਾਧੂ ਦੁਰਮਤਿ ਖੋਏ॥
ਪਤਿਤ ਪੁਨੀਤ ਸਭ ਹੋਏ॥
ਰਾਮਦਾਸਿ ਸਰੋਵਰ ਨਾਤੇ॥
ਸਭ ਲਾਥੇ ਪਾਪ ਕਮਾਤੇ॥੨॥

ਮਿਲਿ ਸਾਧੂ ਦੁਰਮਤਿ ਖੋਏ, ਹੇ ਭਾਈ! ਜਿਹੜੇ ਜੀਵ ਗੁਰੂ ਨੂੰ ਮਿਲ ਪੈਂਦੇ ਹਨ, ਗੁਰੂ ਦੀ ਸ਼ਰਨ ਵਿਚ ਆ ਜਾਂਦੇ ਹਨ, ਉਨ੍ਹਾਂ ਦੀ ਬੁਰੀ ਮਤ ਵੀ ਦੂਰ ਹੋ ਜਾਂਦੀ ਹੈ, ਉਹ ਵਿਕਾਰਾਂ ਨਾਲ ਭਰੇ ਹੋਏ ਜੀਵ ਵੀ ਉੱਚੇ-ਸੁੱਚੇ ਜੀਵਨ ਵਾਲੇ ਬਣ ਜਾਂਦੇ ਹਨ; ਰਾਮਦਾਸਿ ਸਰੋਵਰਿ ਨਾਤੇ, ਜਿਹੜੇ ਜੀਵ ਗੁਰੂ ਦੀ ਸੰਗਤ ਵਿਚ ਗੁਰੂ ਰੂਪੀ ਸਰੋਵਰ ਵਿਚ ਇਸ਼ਨਾਨ ਕਰਦੇ ਹਨ; ਸਭ ਲਾਥੇ ਪਾਪ ਕਮਾਤੇ, ਉਨ੍ਹਾਂ ਵਡਭਾਗੇ ਜੀਵਾਂ ਦੇ ਪਿਛਲੇ ਕਮਾਏ ਹੋਏ ਪਾਪ ਵੀ ਉਤਰ ਜਾਂਦੇ ਹਨ ਅਤੇ ਉਹ ਜੀਵ ਅਕਾਲ ਪੁਰਖ ਦੇ ਘਰ ਪ੍ਰਵਾਨ ਹੋ ਜਾਂਦੇ ਹਨ।

ਗੁਨ ਗੋਬਿੰਦ ਨਿਤ ਗਾਈਐ॥
ਸਾਧਸੰਗਿ ਮਿਲਿ ਧਿਆਈਐ॥
ਮਨ ਬਾਂਛਤ ਫਲ ਪਾਏ॥
ਗੁਰੁ ਪੂਰਾ ਰਿਦੈ ਧਿਆਏ॥੩॥

ਗੁਰਦੇਵ ਆਖ ਰਹੇ ਹਨ, ਹੇ ਭਾਈ! ਸਦਾ ਹੀ ਉਸ ਮਿਹਰਵਾਨ ਪ੍ਰਭੂ ਦੀ ਸਿਫ਼ਤ ਸਾਲਾਹ ਦੇ ਗੀਤ ਗਾਉਣੇ ਚਾਹੀਦੇ ਹਨ, ਤੇ ਗੁਰੂ ਦੀ ਸੰਗਤ ਵਿਚ ਮਿਲ ਕੇ ਉਸ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਹੇ ਭਾਈ! ਜਿਹੜਾ ਵਡਭਾਗਾ ਜੀਵ ਪੂਰੇ ਗੁਰੂ ਨੂੰ ਆਪਣੇ ਅੰਦਰ ਵਸਾ ਕੇ ਉਸ ਦੀ ਅਰਾਧਨਾ ਕਰਦਾ ਹੈ, ਉਹ ਜੀਵ ਤਾਂ ਉਸ ਮਾਲਕ ਪ੍ਰਭੂ ਦੇ ਦਰ ਤੋਂ ਮਨ ਚਾਹੇ ਫਲ ਪ੍ਰਾਪਤ ਕਰ ਲੈਂਦਾ ਹੈ ਅਤੇ ਆਪਣਾ ਜੀਵਨ ਸਵਾਰ ਲੈਂਦਾ ਹੈ।

ਗੁਰ ਗੋਪਾਲ ਆਨੰਦਾ॥
ਜਪਿ ਜਪਿ ਜੀਵੈ ਪਰਮਾਨੰਦਾ॥
ਜਨ ਨਾਨਕ ਨਾਮੁ ਧਿਆਇਆ॥
ਪ੍ਰਭ ਅਪਨਾ ਬਿਰਦੁ ਰਖਾਇਆ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਆਖਦੇ ਹਨ, ਹੇ ਨਾਨਕ! ਜਗਤ ਦਾ ਸੁਆਮੀ ਪ੍ਰਭੂ ਤਾਂ ਜਦੋਂ ਤੋਂ ਹੈ, ਉਦੋਂ ਤੋਂ ਹੀ ਉਸ ਨੇ ਆਪਣਾ ਸੁਭਾਉ ਪਿਆਰ ਵਾਲਾ ਹੀ ਰੱਖਿਆ ਹੋਇਆ ਹੈ। ਉਹ ਮਿਹਰਵਾਨ ਪ੍ਰਭੂ ਜੀ ਤਾਂ ਸਭ ਤੋਂ ਵੱਡਾ ਹੈ, ਸ੍ਰਿਸ਼ਟੀ ਦਾ ਪਾਲਣਹਾਰ ਹੈ ਅਤੇ ਆਨੰਦ ਚਿੱਤ ਸਰੂਪ ਹੈ। ਹੇ ਭਾਈ! ਜੋ ਵੀ ਜੀਵ ਉਸ ਮਾਲਕ ਦੇ ਨਾਮ ਦਾ ਸਿਮਰਨ ਕਰਦਾ ਹੈ, ਉਹ ਸਭ ਤੋਂ ਵੱਡੇ ਆਨੰਦ ਦੇ ਮਾਲਕ ਪ੍ਰਭੂ ਨੂੰ ਜਪ ਜਪ ਕੇ ਆਪ ਵੀ ਉੱਚਾ ਅਤੇ ਸੁੱਚਾ ਆਤਮਿਕ ਜੀਵਨ ਪ੍ਰਾਪਤ ਕਰ ਲੈਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਦਰਦ ਕਹਾਣੀ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਦਰਦ ਮੁਢਲੇ ਤੌਰ 'ਤੇ ਇਕ ਸਰੀਰਕ ਅਨੁਭਵ ਹੈ ਜੋ ਕਿਸੇ ਚੋਟ, ਬੀਮਾਰੀ ਜਾਂ ਸਰੀਰ ਦੇ ਕਿਸੇ ਹਿੱਸੇ ਵਿਚ ਅਸੁਖਾਵੇਂਪਣ ਕਾਰਨ ਵਿਆਪਦਾ ਹੈ। ਕੁਝ ਅੰਗਾਂ ਦੇ ਨਾਂ ਨਾਲ ਦਰਦ ਸ਼ਬਦ ਲੱਗ ਕੇ ਸਮਾਸੀ ਸ਼ਬਦ ਵੀ ਬਣ ਗਏ ਹਨ ਜਿਵੇਂ ਸਿਰ ਦਰਦ, ਪੇਟ ਦਰਦ, ਪਿੱਠ ਦਰਦ ਆਦਿ। ਦੁਨੀਆਂ ਭਰ ਵਿਚ ਸਭ ਤੋਂ ਵਧ ਮਰੀਜ਼ ਕਿਸੇ ਨਾ ਕਿਸੇ ਪ੍ਰਕਾਰ ਦੇ ਦਰਦ ਕਾਰਨ ਹੀ ਡਾਕਟਰਾਂ ਕੋਲ ਰਸਾਈ ਕਰਦੇ ਹਨ। ਦਰਦ ਕਿਸੇ ਗੁਪਤ ਰੋਗ ਦਾ ਲਛਣ ਵੀ ਹੁੰਦਾ ਹੈ ਜਿਸ ਦੀ ਡਾਕਟਰ ਲੋਕ ਤਸ਼ਖੀਸ ਕਰਦੇ ਹਨ। ਗੁਰੂ ਨਾਨਕ ਦੇਵ ਕਹਿੰਦੇ ਹਨ, "ਦਰਦ ਹੋਵੈ ਦੁਖੁ ਰਹੈ ਸਰੀਰ॥" ਮਾਨਸਿਕ, ਭਾਵਕ ਅਤੇ ਆਤਮਕ ਚੋਟ ਕਾਰਨ ਪੈਦਾ ਹੋਏ ਅਨੁਭਵ ਲਈ ਵੀ ਦਰਦ ਸ਼ਬਦ ਦੀ ਬਹੁਤ ਵਰਤੋਂ ਹੁੰਦੀ ਹੈ, ਖਾਸ ਤੌਰ 'ਤੇ ਪਿਆਰ ਦੀ ਸਥਿਤੀ ਵਿਚ। ਜੁਦਾਈ ਵਿਚ ਦਰਦ ਕਈ ਵਾਰ ਏਨਾ ਵਧ ਜਾਂਦਾ ਹੈ ਕਿ ਇਹ ਦਵਾ ਹੀ ਬਣ ਜਾਂਦਾ ਹੈ। ਕਹਿਣ ਦਾ ਭਾਵ ਹੈ ਕਿ ਨਿਰੰਤਰ ਦਰਦ ਮਹਿਸੂਸ ਕਰਨ ਦੀ ਇਕ ਅਜਿਹੀ ਆਦਤ ਬਣ ਜਾਂਦੀ ਹੈ ਕਿ ਮਨੁਖ ਇਸ ਦੇ ਸੁਆਦ ਨੂੰ ਮਾਨਣ ਲਗਦਾ ਹੈ। ਕਵੀਆਂ ਨੇ ਦਰਦ ਨੂੰ ਬਹੁਤ ਉਚਾ ਰੁਤਬਾ ਦਿੱਤਾ ਹੈ। ਵਿਛੋੜੇ ਦੇ ਦਰਦ ਦਾ ਇਲਾਜ ਮਿਲਾਪ ਵਿਚ ਹੀ ਹੈ, "ਵਾਰਿਸ ਸ਼ਾਹ ਸਦਾਈਏ ਵੈਦ ਰਾਂਝਾ ਜਿਸ ਥੇ ਦਰਦ ਅਸਾਡੇ ਦੀ ਪੁੜੀ ਹੈ ਨੀ।" ਹੀਰ ਦੇ ਦਰਦ ਬਿਆਨਣ ਵਾਲੇ ਵਾਰਿਸ ਸ਼ਾਹ ਨੂੰ ਅੰਮ੍ਰਿਤਾ ਨੇ "ਦਰਦਮੰਦਾਂ ਦਾ ਦਰਦੀਆ" ਕਿਹਾ ਹੈ। ਦਰਦ ਦੇ ਪੰਜਾਬੀ ਕਵੀ ਸ਼ਿਵ ਕੁਮਾਰ ਦਾ ਕਹਿਣਾ ਹੈ,

ਮੇਰੇ ਗੀਤ ਵੀ ਲੋਕ ਸੁਣੀਂਦੇ ਨੇ
ਨਾਲੇ ਕਾਫ਼ਿਰ ਆਖ ਸਦੀਂਦੇ ਨੇ
ਮੈਂ ਦਰਦ ਨੂੰ ਕਾਅਬਾ ਕਹਿ ਬੈਠਾ
ਰੱਬ ਨਾਂ ਰੱਖ ਬੈਠਾ ਪੀੜਾਂ ਦਾ।

ਪਿਆਰ ਦਾ ਮੱਠਾ ਮੱਠਾ ਦਰਦ ਦਿਲ ਵਿਚ ਮਹਿਸੂਸ ਹੁੰਦਾ ਲਗਦਾ ਹੈ ਜਿਸ ਕਰਕੇ ਇਸ ਨੂੰ 'ਦਰਦੇ ਦਿਲ' ਵੀ ਕਿਹਾ ਜਾਂਦਾ ਹੈ ਪਰ ਹਰਟ ਅਟੈਕ ਕਾਰਨ ਦਿਲ ਵਿਚ ਉਠੇ ਦਰਦ ਨੂੰ ਦਰਦੇ ਦਿਲ ਨਹੀਂ ਕਿਹਾ ਜਾ ਸਕਦਾ! ਸੂਫੀ ਅਨੁਭਵ ਵਿਚ ਵੀ ਇਸ਼ਕ ਹਕੀਕੀ ਤੇ ਇਸ਼ਕ ਮਿਜ਼ਾਜੀ ਕਾਰਨ ਪੈਦਾ ਹੋਏ ਦਰਦ ਦਾ ਸਥਾਨ ਸਿਰਮੌਰ ਹੈ। ਸ਼ਾਹ ਹੁਸੈਨ ਫਰਮਾਉਂਦੇ ਹਨ, "ਦਰਦ ਵਿਛੋੜੇ ਦਾ ਹਾਲ ਨੀ ਮੈਂ ਕੀਹਨੂੰ ਆਖਾਂ?" ਗੁਰਬਾਣੀ ਵਿਚ 'ਦੂਖ ਦਰਦ' ਸਮਾਸ ਵਜੋਂ ਇਹ ਸ਼ਬਦ ਅਨੇਕਾਂ ਵਾਰੀ ਆਇਆ ਹੈ, ਖਾਸ ਤੌਰ 'ਤੇ ਗੁਰੂ ਅਰਜਨ ਦੇਵ ਦੇ ਪਦਿਆਂ ਵਿਚ। ਪਰਮਾਤਮਾ ਮਨੁਖ ਦੇ ਦਰਦਾਂ ਦਾ ਅਹੁਰ ਹੈ, "ਦੂਖ ਦਰਦ ਬਿਨਸੈ ਭਵ ਸਾਗਰੁ ਗੁਰ ਕੀ ਮੂਰਤਿ ਰਿਦੈ ਬਸਾਇ॥" ਦਰਦ ਸ਼ਬਦ ਵਿਅਕਤੀਗਤ ਸਰੀਰਕ ਜਾਂ ਮਾਨਸਿਕ ਪੀੜ ਤੋਂ ਅੱਗੇ ਚੱਲ ਕੇ ਆਮ ਲੋਕਾਂ ਦੀਆਂ ਸਮਾਜਕ ਤਕਲੀਫਾਂ ਦੇ ਵਿਆਪਕ ਅਰਥ ਵੀ ਧਾਰਨ ਕਰ ਲੈਂਦਾ ਹੈ। ਕਹਾਵਤ ਹੈ, 'ਦਰਦਮੰਦਾਂ ਦੀਆਂ ਆਹੀਂ ਸੁਣਕੇ ਆਪ ਖੁਦਾਵੰਦ ਡਰਿਆ' ਭਾਵ ਦੁਖੀਆਂ ਦੀਆਂ ਆਹਾਂ ਦੇਣ ਵਾਲੇ ਦੀ ਆਤਮਾ ਨੂੰ ਸ਼ਾਂਤੀ ਨਹੀਂ ਲੈਣ ਦਿੰਦੀਆਂ। ਪਰ ਦਰਦ ਸ਼ਬਦ ਦੁਖ, ਪੀੜਾ ਤੋਂ ਅੱਗੇ ਵਧ ਕੇ ਦੂਜੇ ਦੇ ਦਰਦ ਦਾ ਅਹਿਸਾਸ ਕਰਨ ਵਾਲੇ ਵਿਅਕਤੀ ਦੀ ਭਾਵਨਾ ਅਰਥਾਤ ਹਮਦਰਦੀ ਲਈ ਵੀ ਵਰਤਿਆ ਜਾਂਦਾ ਹੈ।



ਗੁਰੂ ਨਾਨਕ ਨੇ ਬਾਬਰਵਾਣੀ ਵਿਚ ਇਨ੍ਹਾਂ ਅਰਥਾਂ ਵਿਚ ਦਰਦ ਸ਼ਬਦ ਦੀ ਸੁੰਦਰ ਵਰਤੋਂ ਕੀਤੀ ਹੈ, "ਏਤੀ ਮਾਰ ਪਈ ਕਰਲਾਣੈ ਤੈਂ ਕੀ ਦਰਦੁ ਨ ਆਇਆ॥" ਭਗਤ ਰਵਿਦਾਸ ਨੇ ਵੀ ਇਹ ਸ਼ਬਦ ਇਸੇ ਆਸ਼ੇ ਲਈ ਇਸਤੇਮਾਲ ਕੀਤਾ ਹੈ, "ਸੋ ਕਤ ਜਾਨੈ ਪੀਰ ਪਰਾਈ॥ ਜਾ ਕੈ ਅੰਤ ਦਰਦੁ ਨਾ ਪਾਈ॥" ਦਰਦ ਜਾਂ ਇਸ ਤੋਂ ਬਣੇ ਸ਼ਬਦਾਂ ਦੀ ਏਨੀ ਮਹਿਮਾ ਕਾਰਨ ਇਸ ਸ਼ਬਦ ਦੀ ਤਖੱਲਸ ਵਜੋਂ ਵਰਤੋਂ ਵੀ ਹੁੰਦੀ ਹੈ ਜਿਵੇਂ ਹੀਰਾ ਸਿੰਘ ਦਰਦ, ਸਾਧੂ ਸਿੰਘ ਹਮਦਰਦ, ਗੁਪਾਲ ਸਿੰਘ ਦਰਦੀ। ਸ਼ਾਇਦ ਕਿਸੇ ਦਾ ਤਖੱਲਸ ਬੇਦਰਦ ਜਾਂ ਬੇਦਰਦੀ ਵੀ ਹੋਵੇ!

ਦਰਦਾਂ ਦੇ ਇਲਾਜ ਲਈ ਹਮਦਰਦ ਦੇ ਸਿੰਕਾਰੇ ਦਾ ਇਹ ਇਸ਼ਤਿਹਾਰ ਸਭ ਨੇ ਪੜ੍ਹਿਆ ਸੁਣਿਆ ਹੋਵੇਗਾ, 'ਸਿਰ ਦਰਦ ਸੇ ਫਟਾ ਜਾ ਰਹਾ ਹੈ।' 'ਕਿਆ ਹਾਲ ਬਨਾ ਰੱਖਾ ਹੈ? ਕੁਛ ਲੇਤੇ ਕਿਉਂ ਨਹੀਂ?' ਇਸ ਇਸ਼ਤਿਹਾਰ ਤੋਂ ਦਰਦ ਬਾਰੇ ਇਕ ਮੁਢਲੀ ਸੱਚਾਈ ਸਾਹਮਣੇ ਆਉਂਦੀ ਹੈ। ਸਰੀਰ ਦੇ ਕਿਸੇ ਹਿੱਸੇ ਜਾਂ ਮਾਸਪੇਸ਼ੀ ਦੇ ਫਟਣ ਨਾਲ ਦਰਦ ਮਹਿਸੂਸ ਹੁੰਦਾ ਹੈ। ਦਰਦ ਵਿਚ ਮਨੁਖ ਦੀ ਮਾਨਸਿਕਤਾ ਵੀ ਫਟੀ ਹੋਈ ਮਲੂਮ ਹੁੰਦੀ ਹੈ, ਉਹ ਤੜਪਦਾ ਹੈ, ਕੁਰਲਾਉਂਦਾ ਹੈ, ਦਰਦ ਵਾਲੀ ਥਾਂ ਨੂੰ ਸਹਿਲਾਉਂਦਾ ਹੈ ਕਿ ਕਿਤੇ ਫਟਿਆ ਥਾਂ ਜੁੜ ਜਾਵੇ।

ਕਿਸੇ ਦਿਲਰੁਬਾ ਤੋਂ ਜੁਦਾਈ ਹੋ ਜਾਵੇ, ਕੋਈ ਕਰੀਬੀ ਸਦਾ ਸਦਾ ਲਈ ਵਿਛੜ ਜਾਵੇ ਤਾਂ ਮਾਨਸਿਕ ਦਰਦ ਹੁੰਦਾ ਹੈ। ਵਿਛੋੜੇ ਵਿਚ ਵੀ ਕਿਸੇ ਤੋਂ ਅਲੱਗ ਹੋਣ, ਫਟਣ ਦਾ ਭਾਵ ਹੀ ਹੈ। ਗੱਲ ਏਥੇ ਲਿਆਉਣੀ ਹੈ ਕਿ ਜੇ ਦਰਦ ਵਿਚ ਫਟੇ ਜਾਣ ਦਾ ਅਨੁਭਵ ਹੈ ਤਾਂ ਸ਼ਬਦ ਦਰਦ ਵਿਚੋਂ ਵੀ ਏਹੀ ਭਾਵ ਉਜਾਗਰ ਹੁੰਦਾ ਹੈ। ਦਰਦ ਫਾਰਸੀ ਵਲੋਂ ਆਇਆ ਸ਼ਬਦ ਹੈ ਜਿਸ ਲਈ ਪੰਜਾਬੀ ਦੇ ਪੀੜ ਜਾਂ ਦੁਖ ਜਿਹੇ ਸ਼ਬਦ ਵਧੇਰੇ ਪ੍ਰਚਲਿਤ ਹਨ। ਉਤਰ ਪਛਮੀ ਹਿੰਦ ਉਪਦੀਪ ਦੇ ਇਕ ਹਿੱਸੇ ਯਾਨਿ ਹਿੰਦੂਕੁਸ਼ ਲਾਗਲੇ ਖੇਤਰ ਨੂੰ ਦਰਦ ਜਾਂ ਦਰਦਿਸਤਾਨ ਕਿਹਾ ਜਾਂਦਾ ਹੈ। ਇਸ ਇਲਾਕੇ ਦੀਆਂ ਭਾਸ਼ਾਵਾਂ ਨੂੰ ਵੀ ਦਰਦ ਭਾਸ਼ਾਵਾਂ ਕਿਹਾ ਜਾਂਦਾ ਹੈ। ਭਾਵੇਂ ਕੁਝ ਵਿਦਵਾਨ ਇਸ ਨੂੰ ਹਥਲੇ ਸ਼ਬਦ ਨਾਲ ਹੀ ਜੋੜਦੇ ਹਨ ਪਰ ਇਹ ਦਰੁਸਤ ਨਹੀਂ ਜਾਪਦਾ। ਦਰਦ ਇਕ ਭਾਰੋਪੀ ਖਾਸੇ ਵਾਲਾ ਸ਼ਬਦ ਹੈ। ਦਰਜ਼ੀ ਵਾਲੇ ਲੇਖ ਵਿਚ ਅਸੀਂ ਦੱਸ ਆਏ ਹਾਂ ਕਿ ਸ਼ਬਦ ਦਰਜ਼ ਵਿਚ ਫਟਣ ਦਾ ਭਾਵ ਹੈ। ਦਰਦ ਸ਼ਬਦ ਦਾ ਮੁਢਲਾ ਰੂਪ 'ਦਰ' ਹੈ ਤੇ ਅੱਗੋਂ ਇਸ ਦਾ ਧਾਤੂ 'ਦ੍ਰੀ' ਹੈ ਜਿਸ ਵਿਚ ਫਟਣ ਦਾ ਭਾਵ ਹੈ। ਫਾਰਸੀ ਦਰਦ ਦਾ ਪਹਿਲਵੀ ਰੂਪ ਦਰਿਤਾ ਸੀ। ਦਰਦ ਤੋਂ ਦਰਦਨਾਕ, ਦਰਦਮੰਦ, ਦਰਦੀਲਾ ਆਦਿ ਸ਼ਬਦ ਵੀ ਬਣੇ ਹਨ। ਇਸੇ ਤੋਂ ਇਕ ਸ਼ਬਦ ਬਣਿਆ ਹੈ ਬਿਦਾਰਨਾ ਜਿਸ ਦਾ ਸੰਸਕ੍ਰਿਤ ਰੂਪ ਵਿਦਾਰ (ਵਿ+ਦਾਰ) ਹੈ ਜਿਸ ਦਾ ਅਰਥ (ਪਾੜ ਕੇ) ਨਸ਼ਟ ਕਰਨਾ, ਖਤਮ ਕਰਨਾ ਹੁੰਦਾ ਹੈ। ਇਥੇ 'ਵਿ' ਅਗੇਤਰ ਦਰ ਦੇ ਅਰਥਾਂ ਨੂੰ ਤੀਖਣਤਾ ਬਖਸ਼ਦਾ ਹੈ। ਸਾਡੀ ਖੁਸ਼ਕਿਸਮਤੀ ਨੂੰ 'ਦਰਦ' ਤੇ 'ਬਿਦੀਰਨ' ਦੋਵੇਂ ਸ਼ਬਦ ਪੰਜਵੇਂ ਗੁਰੂ ਨੇ ਇਕੋ ਤੁਕ ਵਿਚ ਵਰਤੇ ਹਨ, "ਦੂਖ ਦਰਦ ਰੋਗ ਸਗਲ ਬਿਦਾਰਿਆ॥" ਇਸ ਨਾਲ ਜੁੜੇ ਬਿਦਾਰ ਸ਼ਬਦ ਵਿਚ ਵੀ ਪਾੜ ਕੇ ਖਤਮ ਕਰਨ ਦਾ ਭਾਵ ਹੈ, "ਹਰਨਾਖਸ ਛੇਦਿਓ ਨਖ ਬਿਦਾਰ॥" (ਭਗਤ ਕਬੀਰ) ਅਰਥਾਤ ਨਹੁੰਆਂ ਨਾਲ ਚੀਰ ਕੇ ਹਰਨਾਖਸ਼ ਨੂੰ ਮਾਰ ਦਿੱਤਾ।

ਸੰਸਕ੍ਰਿਤ ਵਿਚ ਦਰਦ ਵਿਚਲੇ ਸ਼ਬਦ ਦੇ ਦਰ ਦੇ ਅਰਥ ਫਟਣ ਤੋਂ ਬਿਨਾਂ ਸ਼ੰਖ, ਪ੍ਰਵਾਹ, ਵਹਾਅ ਆਦਿ ਵੀ ਹਨ। ਸੰਖ ਵਿਚ ਵੀ ਪਾੜ ਹੁੰਦਾ ਹੈ ਤੇ ਪਾਣੀ ਦਾ ਪਰਵਾਹ ਵੀ ਜਲ ਦਾ ਪਾਟ ਹੀ ਹੁੰਦਾ ਹੈ। ਪਾਟ ਦਾ ਅਰਥ ਵੀ ਪਾਣੀ ਦਾ ਵੱਖਰਾ ਹੋਇਆ ਪਰਵਾਹ ਹੈ। ਪਰ ਇਸ ਦਾ ਸਭ ਤੋਂ ਮਹੱਤਵਪੂਰਨ ਅਰਥ 'ਡਰ' ਹੈ। ਇਕ ਮਿਸਾਲ ਦੇਖੋ, "ਕਾ ਦਰ ਹੈ ਜਮ ਕੋ ਤਿਨ ਜੀਵਨ ਅੰਤ ਭਜੇ ਗੁਰੁ ਤੇਗ ਬਹਾਦਰ?" (ਗੁਪ੍ਰਸੂ)

ਸੰਸਕ੍ਰਿਤ ਵਿਚ 'ਦਰ ਤਿਮਿਰ' ਦਾ ਅਰਥ ਡਰ ਦਾ ਹਨੇਰਾ ਹੁੰਦਾ ਹੈ। ਸੰਸਕ੍ਰਿਤ ਵਿਚ ਹੀ ਦਰਦ ਦਾ ਅਰਥ ਡਰ, ਭੈਅ ਵੀ ਹੈ। ਸੱਚਾਈ ਇਹ ਹੈ ਕਿ ਭੈਅ ਦੇ ਅਰਥਾਂ ਵਾਲਾ ਡਰ ਸ਼ਬਦ ਵੀ ਇਸੇ ਦਾ ਇਕ ਭੇਦ ਹੈ। ਦਰਅਸਲ ਦਰ ਜਾਂ ਡਰ ਵਿਚ ਵੀ ਮਨ ਦੇ ਫਟਣ ਦਾ ਭਾਵ ਹੈ। ਕਬੀਰ ਦਾ ਕਥਨ ਹੈ, "ਡਡਾ ਡਰ ਉਪਜੇ ਡਰ ਜਾਈ॥" ਗੁਰੂ ਨਾਨਕ ਨੇ ਕਿਹਾ, "ਭੈਅ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥" ਡਰ ਤੋਂ ਬਣੇ ਕੁਝ ਹੋਰ ਸ਼ਬਦਾਂ ਦੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੋਂ ਦੇਖੋ, "ਸੁਨੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ॥" -ਗੁਰੂ ਨਾਨਕ ਦੇਵ। "ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ॥" -ਗੁਰੂ ਨਾਨਕ; "ਜਿਉ ਡਰਨਾ ਖੇਤ ਮਾਹਿ ਡਰਾਇਆ॥" -ਗੁਰੂ ਅੰਗਦ। ਡਰ ਦਾ ਇਕ ਲੋਕ-ਪ੍ਰਚਲਿਤ ਰੂਪ ਡਰੀ ਵੀ ਹੈ, "ਮੈਨੂੰ ਤੇਰੀ ਡਰੀ ਮਾਰੀ ਹੋਈ ਹੈ?" ਡਰ ਦਾ ਇਕ ਹੋਰ ਰੂਪ ਡਰਪਣਾ ਹੈ ਜਿਸ ਤੋਂ ਅੱਗੇ ਡਰਪੋਕ ਸ਼ਬਦ ਬਣਿਆ, "ਸੂਰੂ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ॥" (ਭਗਤ ਕਬੀਰ) ਭਾਵ ਸੂਰਮਾ ਕਾਹਦਾ ਜੋ ਰਣਭੂਮੀ ਤੋਂ ਡਰ ਜਾਵੇ ਤੇ ਸਤੀ ਕਾਹਦੀ ਜੋ (ਮਰਨ ਵੇਲੇ) ਭਾਂਡੇ ਸਾਂਭਣ ਲੱਗ ਪਵੇ।

ਦਰ ਦੇ ਫਟਣ ਵਾਲੇ ਭਾਵ ਤੋਂ ਹੋਰ ਵੀ ਬਣੇ ਕਈ ਸ਼ਬਦ ਮਿਲਦੇ ਹਨ ਜਿਵੇਂ ਦਰੜ, ਦਰਦਰਾ, ਦਰਿੰਦਾ। ਇਥੇ ਇਹ ਵੀ ਦੱਸਣਯੋਗ ਹੈ ਕਿ ਦਲ ਸ਼ਬਦ ਵੀ 'ਦਰ' ਦਾ ਹੀ ਇਕ ਰੂਪ ਹੈ ਜਿਸ ਤੋਂ ਹੋਰ ਬਹੁਤ ਸਾਰੇ ਸ਼ਬਦਾਂ ਦੀ ਲੜੀ ਤੁਰਦੀ ਹੈ ਜਿਨ੍ਹਾਂ ਵਿਚ ਫਟਣ, ਪਾਟਣ ਦੇ ਭਾਵ ਹਨ ਜਿਵੇਂ ਦਲ (ਟਿੱਡੀ ਦਲ)। ਇਹ ਸ਼ਬਦ (ਰਾਜਸੀ) ਪਾਰਟੀ ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ ਤੇ ਸੈਨਾ ਦੀ ਟੁਕੜੀ ਦੇ ਅਰਥਾਂ ਵਿਚ ਵੀ। ਧਿਆਨ ਦਿਓ ਅੰਗਰੇਜ਼ੀ ਪਾਰਟੀ (ਅੰਗਰੇਜ਼ੀ ਪਾਰਟ ਤੋਂ) ਵਿਚ ਵੀ ਫਟਣ ਦਾ ਭਾਗ ਹੈ ਅਤੇ ਪੰਜਾਬੀ ਟੁਕੜੀ ਵਿਚ ਵੀ। ਦਲ ਤੋਂ ਅੱਗੇ ਦਲਪਤੀ ਸ਼ਬਦ ਬਣਿਆ। 'ਦਾਲ' ਮਤਲਬ ਦਲ ਕੇ ਖਾਧੀ ਜਾਣ ਵਾਲੀ ਜਿਣਸ (ਮੂੰਗੀ, ਮਸਰ, ਛੋਲੇ ਆਦਿ) ਵਿਚ ਵੀ ਫਟਣ ਦਾ ਭਾਵ ਹੈ। ਦਿਲਚਸਪ ਗੱਲ ਹੈ ਕਿ ਸਬੂਤੀ ਜਿਣਸ ਲਈ ਵੀ ਦਾਲ ਸ਼ਬਦ ਹੀ ਵਰਤਦੇ ਹਾਂ। ਇਹ ਸਾਰੇ ਸ਼ਬਦ ਭਾਰੋਪੀ ਅਸਲੇ ਦੇ ਹਨ ਤੇ ਇਨ੍ਹਾਂ ਦਾ ਮੂਲ Der ਹੈ। ਅੰਗਰੇਜ਼ੀ ਵਿਚ ਇਸ ਦਾ ਸੁਜਾਤੀ ਸ਼ਬਦ ਪਾੜਨ ਦੇ ਅਰਥਾਂ ਵਾਲਾ Tear ਹੈ। ਖੱਟਾ ਦੇ ਅਰਥਾਂ ਵਾਲਾ ਅੰਗਰੇਜ਼ੀ Tart ਸ਼ਬਦ ਵੀ ਇਸੇ ਮੂਲ ਨਾਲ ਜੁੜਦਾ ਹੈ। ਇਸ ਵਿਚ ਮੂਲ ਭਾਵ ਜੀਭ ਨੂੰ ਪਾੜਨ ਦਾ ਹੈ।

ਅਸਲ ਵਿਚ ਕੁਝ ਭਾਸ਼ਾਵਾਂ ਜਿਵੇਂ ਆਰਮੀਮੀਨੀਅਨ ਵਿਚ ਇਸ ਨਾਲ ਸਬੰਧਤ ਸ਼ਬਦ ਦਾ ਅਰਥ ਛਿੱਲਣਾ ਖਾਸ ਤੌਰ 'ਤੇ ਚਮੜੀ, ਵੀ ਹੈ। ਸਾਡੀਆਂ ਭਾਸ਼ਾਵਾਂ ਦੀ ਤਰ੍ਹਾਂ ਹੀ ਗਰੀਕ ਵਿਚ ਵੀ ਇਸ ਮੂਲ ਦੀ 'ਰ' ਧੁਨੀ 'ਲ 'ਵਿਚ ਵੀ ਬਦਲ ਗਈ ਹੈ। ਗਰੀਕ ਵਿਚ Dole ਸ਼ਬਦ ਮਿਲਦਾ ਹੈ ਜਿਸ ਦਾ ਅਰਥ ਗਮ, ਦੁਖ, ਦਰਦ ਹੈ। ਦੁਖ ਦਰਦ ਸਾਂਝਾ ਕਰਨ ਦੇ ਅਰਥਾਂ ਵਿਚ ਅੰਗਰੇਜ਼ੀ ਸ਼ਬਦ Condole ਵੀ ਇਸੇ ਤੋਂ ਵਿਕਸਿਤ ਹੋਇਆ। ਕਰੋਸ਼ੀਅਨ ਭਾਸ਼ਾ ਵਿਚ ਦਰਤ ਦਾ ਮਤਲਬ ਫਿਕਰ, ਚਿੰਤਾ ਹੁੰਦਾ ਹੈ ਭਾਵ ਜਿਸ ਗੱਲ ਦੀ ਕਲਪਨਾ ਮਨ ਨੂੰ ਚੀਰਦੀ ਰਹਿੰਦੀ ਹੈ। ਦਰਦ ਕਹਾਣੀ ਜਿੰਨੀ ਹਿਰਦੇਵੇਧਕ ਹੈ, ਮੈਂ ਓਨੀ ਪੇਸ਼ ਨਹੀਂ ਕਰ ਸਕਿਆ।

# ਸੁਪਨਮਈ, ਸੁੰਦਰ ਤੇ ਪਰਉਕਾਰੀ ਟਰਸਟ ਦੋਰਾਹਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਲੁਧਿਆਣਾ ਦੇ ਜੰਮੇ ਜਾਏ ਤੇ ਅਮਰੀਕਾ ਦੇ ਨਿਊ ਜਰਸੀ ਖੇਤਰ ਵਿਚ ਵੱਡੀ ਪੱਧਰ 'ਤੇ ਸੁਗੰਧੀਆਂ ਅਤੇ ਹੋਟਲਾਂ ਦੇ ਕੰਮ ਵਿਚ ਰੁੱਝੇ ਅਨਿਲ ਮੋਂਗਾ ਨੇ ਸਰਹਿੰਦ ਨਹਿਰ ਦੇ ਕੰਢੇ ਦੋਰਾਹਾ ਨੇੜੇ ਇਕ 'ਡਰੀਮ ਐਂਡ ਬੀਊਟੀ ਚੈਰੀਟੇਬਲ ਟਰਸਟ' ਸਥਾਪਤ ਕੀਤਾ ਹੈ। ਇਸ ਨਾਲ ਉਸ ਨੇ ਆਪਣੇ ਜੱਦੀ ਪੁਸ਼ਤੀ ਜ਼ਿਲ੍ਹਾ ਲੁਧਿਆਣਾ ਤੋਂ ਹੀ ਨਹੀਂ ਪੰਜਾਬ ਦੇ ਕੋਨੇ ਕੋਨੇ ਤੋਂ ਮਹਿਮਾ ਖੱਟੀ ਹੈ। ਜਰਨੈਲੀ ਸੜਕ ਤੋਂ ਮਸਾਂ ਇੱਕ ਫਰਲਾਂਗ ਦੀ ਵਿੱਥ ਉਤੇ ਰਾਮਪੁਰ ਨੂੰ ਜਾਂਦੀ ਸੜਕ ਦੇ ਕੰਢੇ ਪੰਦਰਾਂ ਏਕੜ ਭੂਮੀ ਵਿਚ ਮੁਖ ਦਫਤਰ ਖੋਲ੍ਹ ਕੇ ਇਸ ਟਰਸਟ ਨੇ ਬਹੁਤ ਵਧੀਆ ਕੰਮ ਵਿੱਢੇ ਹਨ। ਸਮਰਾਲਾ ਚੌਕ ਉਤੇ ਹਜ਼ਾਰ ਬਾਰਾਂ ਸੌ ਬੰਦਿਆਂ ਨੂੰ ਬ੍ਰਹਮ ਭੋਜ ਵਰਤਾਉਂਦਿਆਂ ਦੋ ਦਹਾਕੇ ਹੋਣ ਵਾਲੇ ਹਨ। ਇਸ ਹੀ ਚੌਕ 'ਤੇ 35 ਬਿਸਤਰਿਆਂ ਦਾ ਕਰਮਾ ਨਾਂ ਦਾ ਹਸਪਤਾਲ ਚਾਲੂ ਕੀਤਿਆਂ ਡੇਢ ਦਹਾਕਾ ਤੇ ਲੋੜਵੰਦ ਬੱਚਿਆਂ ਲਈ ਕੰਪਿਊਟਰ ਦੀ ਤਕਨੀਕੀ ਸਿਖਾਈ ਤੇ ਅੰਗਰੇਜ਼ੀ ਭਾਸ਼ਾ ਦੀ ਵਿਦਿਆ ਦਾ ਪ੍ਰਬੰਧ ਕੀਤਿਆਂ ਅੱਧਾ ਦਹਾਕਾ। ਬੱਚਿਆਂ ਦੀ ਸਿਖਲਾਈ ਤੇ ਵਿਦਿਆ ਦਾ ਪ੍ਰਬੰਧ ਸਮਰਾਲਾ ਚੌਕ ਤੱਕ ਹੀ ਸੀਮਤ ਨਹੀਂ ਇਸ ਦਾ ਇੱਕ ਸੈਂਟਰ ਜਲੰਧਰ ਵਿਚ ਹੈ ਤੇ ਇਕ ਦੋਰਾਹਾ ਵਾਲੇ ਮੁਖ ਦਫਤਰ ਵਿਚ। ਕੁਝ ਬੱਚਿਆਂ ਨੂੰ ਦਿੱਤੀ ਨਵੀਂ ਵਿਦਿਆ ਦੇ ਆਧਾਰ 'ਤੇ ਉਨ੍ਹਾਂ ਨੂੰ ਟਰੱਸਟ ਵਿਚ ਨੌਕਰੀ ਵੀ ਦਿੱਤੀ ਗਈ ਹੈ।

ਸਮਰਾਲਾ ਤਹਿਸੀਲ ਦੀ ਖੰਨਾ-ਸੰਘੋਲ ਸੜਕ ਉਤੇ ਪੈਂਦਾ ਕੋਟਲਾ ਬਡਲਾ ਮੇਰਾ ਨਾਨਕਾ ਪਿੰਡ ਹੋਣ ਕਾਰਨ ਮੈਨੂੰ ਇਨ੍ਹਾਂ ਖੈਰਾਤੀ ਪ੍ਰਾਜੈਕਟਾਂ ਦੀ ਸੂਹ ਤਾਂ ਮਿਲਦੀ ਰਹਿੰਦੀ ਸੀ ਪਰ ਪਿਛਲੇ ਹਫਤੇ ਤੱਕ ਪੂਰਨ ਜਾਣਕਾਰੀ ਪ੍ਰਾਪਤ ਕਰਨ ਦਾ ਸਬੱਬ ਨਹੀਂ ਸੀ ਬਣਿਆ। ਹੁਣ ਜਦੋਂ ਮੈਂ ਆਪਣੀ ਉਮਰ ਦੇ ਨੌਵੇਂ ਦਹਾਕੇ ਵਿਚ ਪ੍ਰਵੇਸ਼ ਕਰਨ ਲੱਗਾ ਹਾਂ ਤਾਂ ਮੈਨੂੰ ਚੇਤੇ ਆਇਆ ਕਿ ਮੇਰੇ ਮਿੱਤਰ ਤੇ ਖੇਤੀ ਯੂਨੀਵਰਸਿਟੀ, ਲੁਧਿਆਣਾ ਵਿਚ ਮੇਰੇ ਕੁਲੀਗ ਰਹਿ ਚੁੱਕੇ ਡਾ. ਸਰਦਾਰਾ ਸਿੰਘ ਜੌਹਲ ਨੇ ਕੁਝ ਵਰ੍ਹੇ ਪਹਿਲਾਂ ਇੱਕ ਵਧੀਆ ਸਹੂਲਤਾਂ




ਵਾਲੇ ਸੀਨੀਅਰ ਸਿਟੀਜ਼ਨ ਭਵਨ ਨਾਲ ਸਬੰਧਤ ਹੋਣ ਦੀ ਗੱਲ ਕੀਤੀ ਸੀ। ਆਪਣੀ ਉਮਰ ਦੇ ਕਈ ਮਿੱਤਰ ਪਿਆਰਿਆਂ ਨੂੰ ਲਾਚਾਰ ਹੋਇਆਂ ਵੇਖ ਕੇ ਜਿਹੜੇ ਸਭ ਕੁਝ ਹੁੰਦਿਆਂ ਸੁੰਦਿਆਂ ਆਪਣੇ ਆਪ ਨੂੰ ਨਹੀਂ ਸੰਭਾਲ ਸਕਦੇ, ਮੈਨੂੰ ਡਾ. ਜੌਹਲ ਚੇਤੇ ਆਏ। ਉਨ੍ਹਾਂ ਨਾਲ ਗੱਲ ਕੀਤੀ ਤਾਂ ਪਤਾ ਲੱਗਿਆ ਕਿ ਉਹ ਸੁੰਦਰ ਸਹੂਲਤਾਂ ਵੱਲੋਂ ਅਦਭੁੱਤ ਭਵਨ ਉਪਰੋਕਤ ਟਰੱਸਟ ਵੱਲੋਂ ਹੀ ਸਥਾਪਤ ਕੀਤਿਆਂ ਦੋ ਸਾਲ ਹੋ ਚੁੱਕੇ ਹਨ।

200 ਕਮਰੇ ਬਣ ਚੁੱਕੇ ਹਨ ਤੇ ਉਨ੍ਹਾਂ ਵਿਚੋਂ 52 ਕਮਰਿਆਂ ਵਿਚ ਰਹਿਣ ਵਾਲੇ ਲੋਕਾਂ ਨੂੰ ਉਹ ਸਭ ਸਹੂਲਤਾਂ ਮਿਲ ਰਹੀਆਂ ਹਨ ਜਿਹੜੀਆਂ ਵਿਦੇਸ਼ਾਂ ਵਿਚ ਬਣੇ ਉਚ ਕੋਟੀ ਦੇ ਸਥਾਨਾਂ ਵਿਚ ਮਿਲਦੀਆਂ ਹਨ। ਡਾਕਟਰੀ ਸਹੂਲਤਾਂ ਹੀ ਨਹੀਂ ਸਿਹਤਮੰਦ ਖਾਣਾ, ਸਾਫ ਸੁਥਰੇ ਬਿਸਤਰੇ, ਵਸਤਰਾਂ ਦੀ ਧੁਲਾਈ ਦਾ ਯੋਗ ਪ੍ਰਬੰਧ, ਘੁੰਮਣ-ਫਿਰਨ ਤੇ ਇਧਰ-ਉਧਰ ਜਾਣ ਲਈ ਏਅਰ ਕੰਡੀਸ਼ਨ ਬੱਸ, ਯੋਗ ਲਾਇਬਰੇਰੀ, ਫਿਲਮਾਂ ਵੇਖਣ ਅਤੇ ਤਾਸ਼, ਕੈਰਮ, ਚੈਸ ਜਾਂ ਟੇਬਲ ਟੈਨਿਸ ਖੇਡਣ ਦੀਆਂ ਸਹੂਲਤਾਂ। ਨਹਿਰ ਦਾ ਕੰਢਾ, ਖੁੱਲ੍ਹਾ ਡੁੱਲ੍ਹਾ ਪੌਣ ਪਾਣੀ ਤੇ ਹਰ ਪਾਸਿਓਂ ਪੂਰਨ ਸੁਰੱਖਿਆ। ਡਾ. ਸਰਦਾਰਾ ਸਿੰਘ ਜੌਹਲ ਇਸ ਟਰੱਸਟ ਦੇ ਸਲਾਹਕਾਰ ਹੀ ਨਹੀਂ ਵਿਸ਼ਵਾਸ ਪਾਤਰ ਵੀ ਹਨ। ਉਨ੍ਹਾਂ ਦੇ ਜਾਣੂ ਦਸ ਸਕਦੇ ਹਨ ਕਿ ਉਨ੍ਹਾਂ ਦੀ ਨਿਗਰਾਨੀ ਹੇਠ ਚਲਦਾ ਹਰ ਪ੍ਰਾਜੈਕਟ ਵਧੀਆ ਹੀ ਹੁੰਦਾ ਹੈ। ਹੋਰ ਜਾਣਕਾਰੀ ਲਈ ਮੋਬਾਈਲ ਨੰਬਰ 91-92166-98524 ਹੈ। ਪਰ ਅਸਲੀਅਤ ਜਾਨਣ ਲਈ ਉਥੇ ਜਾਣਾ ਹੀ ਯੋਗ ਹੈ। ਭਵਨ ਦਾ ਨਾਂ ਹੈਵਨਲੀ ਪੈਲੇਸ (ਸਵਰਗੀ ਮਹਿਲ) ਹੈ। ਦੋਰਾਹਾ-ਰਾਮਪੁਰ ਸੜਕ ਉਤੇ।

**ਅਫਗਾਨਾਂ ਤੇ ਭਾਰਤੀਆਂ ਵਿਚ ਖੇਤੀ ਵਿਦਿਆ ਦੀ ਸਾਂਝ:** ਅਫਗਾਨਿਸਤਾਨ ਦੀ ਕਰਜ਼ਈ ਸਰਕਾਰ ਨੇ ਕੰਧਾਰ ਵਿਖੇ ਖੇਤੀਬਾੜੀ ਸਾਇੰਸ ਤੇ ਤਕਨਾਲੋਜੀ ਯੂਨੀਵਰਸਿਟੀ ਸਥਾਪਤ ਕਰਨ ਵਾਸਤੇ ਭਾਰਤ ਤੋਂ ਤਕਨੀਕੀ ਤੇ ਮਾਲੀ ਸਹਾਇਤਾ ਲਈ ਹੈ। ਉਹ ਵੀ ਭਾਰਤ ਵਾਂਗ ਖੇਤੀ ਪ੍ਰਧਾਨ ਦੇਸ਼ ਹੈ। 80 ਪ੍ਰਤੀਸ਼ਤ ਵਸੋਂ ਖੇਤੀ ਆਧਾਰਤ ਧੰਦਿਆਂ ਉਤੇ ਗੁਜ਼ਾਰਾ ਕਰਦੀ ਹੈ। ਭਾਰਤ ਵਿਚ ਦੇਸ਼ ਵੰਡ ਤੋਂ ਪਿੱਛੋਂ 54 ਖੇਤੀ ਵਿਸ਼ਵ ਵਿਦਿਆਲੇ ਸਥਾਪਤ ਹੋ ਚੁੱਕੇ ਹਨ। ਦੇਸ਼ ਵੰਡ ਤੋਂ ਪਹਿਲਾਂ ਅਖੰਡ ਹਿੰਦੁਸਤਾਨ ਵਿਚ 1907 ਨੂੰ ਸਥਾਪਤ ਹੋਇਆ ਲਾਇਲਪੁਰ ਵਾਲਾ ਖੇਤੀਬਾੜੀ ਕਾਲਜ ਏਨਾ ਪ੍ਰਸਿੱਧ ਸੀ ਕਿ ਇੱਕ ਸਮੇਂ ਸੁਤੰਤਰ ਭਾਰਤ ਦੇ ਲਗਭਗ ਅੱਧੇ ਰਾਜਾਂ ਦੇ ਖੇਤੀ ਨਿਰਦੇਸ਼ਕ ਇਸ ਕਾਲਜ ਦੇ ਪੜ੍ਹੇ ਹੋਏ ਪੰਜਾਬੀ ਸਨ। ਅਖੰਡ ਹਿੰਦੁਸਤਾਨ ਵਿਚ ਖੇਤੀ ਵਿਦਿਆ ਨੂੰ ਪਹਿਚਾਨਣ ਵਾਲਾ ਬੰਬਈ ਤੇ ਮੱਧ ਭਾਰਤੀ ਸੂਬਿਆਂ ਦਾ ਡਾਇਰੈਕਟਰ ਜਨਰਲ, ਖੇਤੀਬਾੜੀ ਬੰਬਈ ਨਿਵਾਸੀ ਮਿਸਟਰ ਕੇਟਿੰਗਜ਼ ਸੀ ਜਿਸ ਨੇ ਪ੍ਰਸ਼ਾਸਨ ਸੇਵਾ ਦੇ ਉਮੀਦਵਾਰਾਂ ਲਈ ਵੀ ਖੇਤੀ ਵਿਦਿਆ ਲਾਜ਼ਮੀ ਹੋਣ ਦੀ ਮੰਗ ਕੀਤੀ ਸੀ।

ਤਾਲਿਬਾਨ ਦਾ ਗੜ੍ਹ ਰਹਿ ਚੁੱਕਿਆ ਕੰਧਾਰ ਦਾ ਖੇਤਰ ਭਾਰਤ ਦੇ ਯੋਗਦਾਨ ਨੂੰ ਕਿਵੇਂ ਲੈਂਦਾ ਹੈ ਇਹ ਤਾਂ ਸਮੇਂ ਨੇ ਦੱਸਣਾ ਹੈ। ਇਸ ਵੇਲੇ ਭਾਰਤ ਦੀਆਂ ਵਖ ਵਖ ਸੰਸਥਾਵਾਂ ਵਿਚ 614 ਅਫਗਾਨੀ ਵਿਦਿਆਰਥੀ ਖੇਤੀ ਵਿਦਿਆ ਪ੍ਰਾਪਤੀ ਕਰ ਰਹੇ ਹਨ। ਅੱਗੇ ਤੋਂ ਕੰਧਾਰ ਵਾਲੀ ਖੇਤੀ ਯੂਨੀਵਰਸਿਟੀ ਅਜਿਹੀ ਵਿਦਿਆ ਦੀ ਲੋੜਾਂ ਅਫਗਾਨਿਸਤਾਨ ਵਿਚ ਹੀ ਪੂਰੀਆਂ ਕਰ ਸਕੇਗੀ।

**ਅੰਤਿਕਾ:** (ਸ਼ਿਵ ਨਾਥ)

ਖੇਤਰ ਕੁਲ ਪੰਜਾਬ ਦਾ ਪੰਜਾਬੀ ਬੋਲੀ,
ਜਿਸ ਵਿਚ ਸ਼ੇਖ ਫਰੀਦ ਨੇ ਖੰਡ ਮਿਸ਼ਰੀ ਘੋਲੀ।
ਬੁਲ੍ਹੇ ਸ਼ਾਹ ਫਕੀਰ ਨੂੰ ਕਿਹੜਾ ਨਾ ਜਾਣੇ,
ਜੋ ਇਸ਼ਕ ਹਕੀਕੀ ਵਾਲੜੀ ਸਭ ਰਮਜ਼ ਪਛਾਣੇ।
ਸੱਸੀ ਹਾਸ਼ਮ ਸ਼ਾਹ ਦੀ ਜਦ ਆਵੇ ਅੱਗੇ,
ਆਪਣਾ ਜੁੱਸਾ ਭੱਠ ਵਾਂਗ ਤਪਦਾ ਜਿਹਾ ਲੱਗੇ।
ਇਹ ਬੋਲੀ ਸਾਨੂੰ ਜਾਨ ਤੋਂ ਹੈ ਵੱਧ ਪਿਆਰੀ,
ਅਸੀਂ ਰਖਣਾ ਚਾਹੀਏ ਸਾਂਭ ਕੇ ਸਾਰੀ ਦੀ ਸਾਰੀ।

## ਲੋਕ ਨਾਇਕ

# ਰੋਡਾ ਜਲਾਲੀ

ਪਿੰਡ ਵਿਚ ਫਕੀਰ ਦੀ ਆਮਦ ਦੀ ਚਰਚਾ ਸ਼ੁਰੂ ਹੋ ਗਈ। ਨਾਲ ਹੀ ਨਵੇਂ ਸ਼ਰਧਾਲੂ ਪੈਦਾ ਹੋ ਗਏ। ਬੜੀਆਂ ਪਿਆਰੀਆਂ ਕਰਾਮਾਤੀ ਕਥਾਵਾਂ ਉਸ ਬਾਰੇ ਘੜੀਆਂ ਜਾਣ ਲੱਗੀਆਂ। ਕਿਸੇ ਦੀ ਮੱਝ ਗੁਆਚ ਗਈ, ਰੋਡੇ ਮੰਤਰ ਪੜ੍ਹਿਆ, ਮੱਝ ਆਪਣੇ-ਆਪ ਅਗਲੇ ਦੇ ਕੀਲੇ ਜਾ ਖੜ੍ਹੀ। ਕਿਸੇ ਦੀ ਗਊ ਨੇ ਦੁੱਧ ਨਾ ਦਿੱਤਾ, ਫ਼ਕੀਰ ਨੇ ਪੇੜਾ ਕੀਤਾ, ਗਊ ਧਾਰੀਂ ਪੈ ਗਈ। ਕਿਸੇ ਦਾ ਜੁਆਕ ਢਿੱਲਾ-ਮੱਠਾ ਹੋ ਗਿਆ, ਰੋਡੇ ਝਾੜਾ ਝਾੜਿਆ, ਮੁੰਡਾ ਨੌ-ਬਰ-ਨੌ। ਇਸ ਪ੍ਰਕਾਰ ਰੋਡੇ ਫਕੀਰ ਦੀ ਮਹਿਮਾ ਘਰ-ਘਰ ਹੋਣ ਲੱਗ ਪਈ। ਪਿੰਡ ਦੇ ਲੋਕੀਂ ਅਪਾਰ ਸ਼ਰਧਾ ਨਾਲ ਰੋਡੇ ਨੂੰ ਪੂਜਣ ਲੱਗੇ। ਮਾਈਆਂ ਬਣ-ਸੰਵਰ ਕੇ ਸੰਤਾਂ ਦੇ ਦਰਸ਼ਨਾਂ ਨੂੰ ਜਾਂਦੀਆਂ। ਆਪਣੇ ਮਨ ਦੀਆਂ ਮੁਰਾਦਾਂ ਲਈ ਰੋਡੇ ਪਾਸੋਂ ਅਸੀਸਾਂ ਮੰਗਦੀਆਂ। ਆਪਣੇ ਦੁੱਖ-ਸੁੱਖ ਫੋਲਦੀਆਂ। ਰੋਡਾ ਬੜੇ ਧਿਆਨ ਨਾਲ ਸੁਣਦਾ, ਸ਼ਹਿਦ ਜਿਹੇ ਮਿੱਠੇ ਬੋਲ ਬੋਲਦਾ। ਸਾਰਿਆਂ ਦੇ ਦਿਲ ਮੋਹੇ ਜਾਂਦਾ।

'ਰੋਡਾ ਜਲਾਲੀ' ਦਿਲ ਹੁਲਵੀਂ ਪਾਕ ਮੁਹੱਬਤ ਦੀ ਲੋਕ ਗਾਥਾ ਹੈ। 17ਵੀਂ ਸਦੀ ਦੇ ਅੰਤ ਵਿਚ ਇਹ ਵਾਰਤਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਲਾਲ ਸਿੰਗੜੀ ਵਿਖੇ ਵਾਪਰੀ। ਕਿਸ਼ੋਰ ਚੰਦ ਅਤੇ ਬੂਟਾ ਗੁਜਰਾਤੀ ਨੇ ਇਸ ਬਾਰੇ ਦੋ ਕਿੱਸੇ ਜੋੜੇ ਹਨ। ਇਨ੍ਹਾਂ ਕਿੱਸਿਆਂ ਤੋਂ ਇਲਾਵਾ ਰੋਡਾ ਜਲਾਲੀ ਬਾਰੇ ਪੰਜਾਬ ਦੀਆਂ ਸੁਆਣੀਆਂ ਲੋਕ ਗੀਤ ਵੀ ਗਾਉਂਦੀਆਂ ਹਨ।

ਬਲਖ ਬੁਖ਼ਾਰੇ ਦਾ ਜੰਮਪਲ, ਆਪਣੀ ਮਾਂ ਦੀ ਮੌਤ ਦੇ ਵੈਰਾਗ ਵਿਚ ਫ਼ਕੀਰ ਬਣਿਆ ਰੋਡਾ ਪਾਕ ਪਟਣੋਂ ਹੁੰਦਾ ਹੋਇਆ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਲਾਲ ਸਿੰਗੜੀ ਆਣ ਪੁੱਜਾ। ਪਿੰਡ ਤੋਂ ਅੱਧ ਕੁ ਮੀਲ ਦੀ ਦੂਰੀ 'ਤੇ ਪੂਰਬ



**ਸੁਖਦੇਵ ਮਾਦਪੁਰੀ**
**ਫੋਨ: 91-94630-34472**

ਵੱਲ ਦੇ ਪਾਸੇ ਸੂਹਾਂ ਨਦੀ ਦੇ ਕੰਢੇ ਸ਼ਾਨਦਾਰ ਬਾਗ ਸੀ। ਉਸ ਬਾਗ ਵਿਚ ਇਸ ਫਕੀਰ ਨੇ ਜਾ ਡੇਰੇ ਲਾਏ।

ਫਕੀਰ ਇੱਕੀ-ਬਾਈ ਵਰ੍ਹੇ ਦਾ ਸੁਨੱਖਾ ਜੁਆਨ ਸੀ। ਗੇਰੂਏ ਕੱਪੜੇ ਉਹਦੇ ਸਿਓ ਜਿਹੇ ਦਗ-ਦਗ ਕਰਦੇ ਸਰੀਰ 'ਤੇ ਬਣ-ਬਣ ਪੈਂਦੇ ਸਨ। ਰੂਪ ਉਹਦਾ ਝੱਲਿਆ ਨਹੀਂ ਸੀ ਜਾਂਦਾ। ਇਕ ਅਨੋਖਾ ਜਲਾਲ ਉਹਦੇ ਮਸਤਕ 'ਤੇ ਟਪਕ ਰਿਹਾ ਸੀ, ਅੱਖੀਆਂ ਰੱਜ-ਰੱਜ ਜਾਂਦੀਆਂ ਸਨ।

ਪਿੰਡ ਵਿਚ ਫਕੀਰ ਦੀ ਆਮਦ ਦੀ ਚਰਚਾ ਸ਼ੁਰੂ ਹੋ ਗਈ। ਨਾਲ ਹੀ ਨਵੇਂ ਸ਼ਰਧਾਲੂ ਪੈਦਾ ਹੋ ਗਏ। ਬੜੀਆਂ ਪਿਆਰੀਆਂ ਕਰਾਮਾਤੀ ਕਥਾਵਾਂ ਉਸ ਬਾਰੇ ਘੜੀਆਂ ਜਾਣ ਲੱਗੀਆਂ। ਕਿਸੇ ਦੀ ਮੱਝ ਗੁਆਚ ਗਈ, ਰੋਡੇ ਮੰਤਰ ਪੜ੍ਹਿਆ, ਮੱਝ ਆਪਣੇ-ਆਪ ਅਗਲੇ ਦੇ ਕੀਲੇ ਜਾ ਖੜ੍ਹੀ। ਕਿਸੇ ਦੀ ਗਊ ਨੇ ਦੁੱਧ ਨਾ ਦਿੱਤਾ, ਫ਼ਕੀਰ ਨੇ ਪੇੜਾ ਕੀਤਾ, ਗਊ ਧਾਰੀਂ ਪੈ ਗਈ। ਕਿਸੇ ਦਾ ਜੁਆਕ ਢਿੱਲਾ-ਮੱਠਾ ਹੋ ਗਿਆ, ਰੋਡੇ ਝਾੜਾ ਝਾੜਿਆ, ਮੁੰਡਾ ਨੌ-ਬਰ-ਨੌ। ਇਸ ਪ੍ਰਕਾਰ ਰੋਡੇ ਫਕੀਰ ਦੀ ਮਹਿਮਾ ਘਰ-ਘਰ ਹੋਣ ਲੱਗ ਪਈ। ਪਿੰਡ ਦੇ ਲੋਕੀਂ ਅਪਾਰ ਸ਼ਰਧਾ ਨਾਲ ਰੋਡੇ ਨੂੰ ਪੂਜਣ ਲੱਗੇ। ਮਾਈਆਂ ਬਣ-ਸੰਵਰ ਕੇ ਸੰਤਾਂ ਦੇ ਦਰਸ਼ਨਾਂ ਨੂੰ ਜਾਂਦੀਆਂ। ਆਪਣੇ ਮਨ ਦੀਆਂ ਮੁਰਾਦਾਂ ਲਈ ਰੋਡੇ ਪਾਸੋਂ ਅਸੀਸਾਂ ਮੰਗਦੀਆਂ। ਆਪਣੇ ਦੁੱਖ-ਸੁੱਖ ਫੋਲਦੀਆਂ। ਰੋਡਾ ਬੜੇ ਧਿਆਨ ਨਾਲ ਸੁਣਦਾ, ਸ਼ਹਿਦ ਜਿਹੇ ਮਿੱਠੇ ਬੋਲ ਬੋਲਦਾ। ਸਾਰਿਆਂ ਦੇ ਦਿਲ ਮੋਹੇ ਜਾਂਦਾ।

ਇਸੇ ਪਿੰਡ ਦੇ ਲੁਹਾਰਾਂ ਦੀ ਧੀ ਜਲਾਲੀ ਦੇ ਰੂਪ ਦੀ ਬੜੀ ਚਰਚਾ ਸੀ। ਕੋਈ ਗੱਭਰੂ ਅਜੇ ਤੀਕ ਉਹਨੂੰ ਜਚਿਆ ਨਹੀਂ ਸੀ। ਕਿਸੇ ਨੂੰ ਵੀ ਉਹ ਆਪਣੇ ਨੱਕ ਥੱਲੇ ਨਹੀਂ ਸੀ ਲਿਆਉਂਦੀ। ਸਾਰੇ ਜਲਾਲੀ ਨੂੰ ਪਿੰਡ ਦਾ ਸ਼ਿੰਗਾਰ ਸੱਦਦੇ ਸਨ। ਪਹਾੜਾਂ ਦੀ ਪਰੀ ਨਾਲ ਤੁਲਨਾ ਦਿੰਦੇ ਸਨ,

ਜਲਾਲੀਏ ਲੁਹਾਰੀਏ ਨੀ
ਕੀ ਤੂੰ ਪਰੀ ਪਹਾੜ ਦੀ
ਕੀ ਅਸਮਾਨੀ ਹੂਰ।
ਸੂਹੀ ਦਿੱਸੇਂ ਫੁੱਲ ਵਾਂਗ
ਤੈਥੋਂ ਮੈਲ ਰਹੀ ਏ ਦੂਰ।
ਤੈਨੂੰ ਵੇਖਣ ਆਉਂਦੇ
ਹੋ ਹੋ ਜਾਂਦੇ ਚੂਰ।
ਤਾਬ ਨਾ ਕੋਈ ਝੱਲਦਾ
ਤੇਰਾ ਏਡਾ ਚਮਕੇ ਨੂਰ।
ਘਰ ਲੁਹਾਰਾਂ ਜੰਮੀਓਂ
ਜਿਵੇਂ ਕੱਲਰ ਉੱਗਾ ਰੁੱਖ।
ਜੀਵਨ ਤੈਨੂੰ ਵੇਖ ਕੇ
ਤੇ ਭੁੱਲਣ ਸਾਰੇ ਦੁੱਖ।
ਫਟਕਣ ਪੰਛੀ ਵੇਖ ਕੇ
ਤੇਰਾ ਸੁਹਣਾ ਮੁੱਖ।
ਜੇ ਵੇਖੇ ਵਿਚ ਸੂਹਾਂ ਦੇ
ਤੇਰੀ ਵੀ ਲਹਿਜੇ ਭੁੱਖ।

ਜਲਾਲੀ ਨੇ ਵੀ ਰੋਡੇ ਫਕੀਰ ਦੀ ਮਹਿਮਾ ਸੁਣੀ। ਇਕ ਦਿਨ ਉਹ ਆਪਣੀਆਂ ਸਹੇਲੀਆਂ ਨਾਲ ਬਾਗ ਵਿਚ ਜਾ ਪੁੱਜੀ। ਰੋਡਾ ਸਮਾਧੀ ਲਾਈ ਸਿਮਰਨ ਕਰ ਰਿਹਾ ਸੀ। ਸਾਰੀਆਂ ਨਮਸਕਾਰ ਕਰ ਕੇ ਬੈਠ ਗਈਆਂ। ਰੋਡੇ ਅੱਖ ਨਾ ਝਮਕੀ। ਬਸ ਮਸਤ ਰਿਹਾ।

ਜਲਾਲੀ ਸਿਮਰਨ ਕਰੇਂਦੇ ਰੋਡੇ ਵੱਲ ਤੱਕਦੀ ਰਹੀ, ਮੁਸਕਾਨਾਂ ਬਖੇਰਦੀ ਰਹੀ। ਕੋਈ ਰਾਂਗਲਾ ਸੁਪਨਾ ਉਹਨੂੰ ਸਾਕਾਰ ਹੁੰਦਾ ਜਾਪਿਆ। ਹੁਸਨ ਦਾ ਬੁੱਤ ਬਣਿਆ ਰੋਡਾ, ਜਲਾਲੀ ਦੇ ਧੁਰ ਅੰਦਰ ਦਿਲ ਵਿਚ ਲਹਿ ਗਿਆ। ਜਲਾਲੀ ਆਪਣੇ-ਆਪ ਮੁਸਕਰਾਈ। ਉਹ ਸਾਰੀਆਂ ਜਾਣ ਲਈ ਖੜੋ ਗਈਆਂ। ਰੋਡੇ ਅੱਖ ਖੋਲ੍ਹੀ। ਸਾਹਮਣੇ ਜਲਾਲੀ ਹੱਥ ਜੋੜੀ ਖੜ੍ਹੀ ਸੀ।

ਗੁਲਾਬ ਦੇ ਫੁੱਲ ਵਾਂਗ ਖਿੜਿਆ ਜਲਾਲੀ ਦਾ ਪਿਆਰਾ ਮੁਖੜਾ ਰੋਡੇ ਦੀ ਬਿਰਤੀ ਉਖੇੜ ਗਿਆ। ਰੋਡਾ ਸੁਆਦ-ਸੁਆਦ ਹੋ ਗਿਆ। ਸਾਰੀ ਰਾਤ ਜਲਾਲੀ ਰੋਡੇ ਵਿਚ ਖੋਈ ਰਹੀ। ਸਵੇਰ ਹੁੰਦੇ ਸਾਰ ਹੀ ਉਸ ਬਾਗ ਵਿਚ ਆ ਰੋਡੇ ਨੂੰ ਸਿਜਦਾ ਕੀਤਾ। ਹੁਸਨ ਇਸ਼ਕ ਦੇ ਗਲ ਬਾਹੀਂ ਪਾ ਲਈਆਂ।

"ਰੋਡਿਆ! ਤੂੰ ਮੇਰੇ 'ਤੇ ਕੀ ਜਾਦੂ ਧੂੜ ਦਿੱਤੈ... ਮੈਂ ਸਾਰੀ ਰਾਤ ਪਲ ਲਈ ਵੀ ਸੌਂ ਨਹੀਂ ਸਕੀ। ਤੇਰੇ ਖਿਆਲਾਂ ਵਿਚ ਮਗਨ ਰਹੀ ਆਂ।" ਹੁਸਨ ਮਚਲਿਆ।

"ਹੁਸਨ ਪਰੀਏ! ਧੰਨੇ ਨੇ ਪੱਥਰ ਵਿਚੋਂ ਰੱਬ ਪਾ ਲਿਆ ਏ। ਅੱਜ ਮੇਰੀ ਭਗਤੀ ਪੂਰੀ ਹੋ ਗਈ ਏ। ਤੇਰੇ 'ਚ ਮੈਨੂੰ ਦਾਤਾਰ ਨਜ਼ਰੀਂ ਪਿਆ ਆਉਂਦਾ ਏ। ਜਦੋਂ ਦੀ ਤੂੰ ਮੇਰੇ ਪਾਸੋਂ ਗਈ ਏਂ, ਮੈਨੂੰ ਵੀ ਚੈਨ ਨਹੀਂ ਆਇਆ। ਹੁਣ ਤੂੰ ਆ ਗਈ ਏਂ, ਜਾਣੀਂ ਸੱਤੇ ਬਹਿਸ਼ਤਾਂ ਮੇਰੀ ਝੋਲੀ ਵਿਚ ਨੇ।" ਰੋਡਾ ਹੁਸੀਨ ਤੋਂ ਹੁਸੀਨ ਹੋ ਰਿਹਾ ਸੀ।

"ਰੋਡਿਆ ਅੱਜ ਅਸੀਂ ਦਿਲਾਂ ਦੇ ਸੌਦੇ ਕਰ ਲਏ ਨੇ। ਤੂੰ ਪੂਰਾ ਉਤਰੀਂ। ਕਿਧਰੇ ਮੇਰਾ ਕੱਚ ਜਿਹਾ ਦਿਲ ਤੋੜ ਕੇ ਅਗਾਂਹ ਨਾ ਟੁਰ ਜਾਵੀਂ।"

"ਜਲਾਲੀਏ... ਇਹ ਕੀ ਆਂਹਦੀ ਏਂ ਤੂੰ। ਮੈਂ ਏਥੋਂ ਟੁਰ ਜਾਵਾਂਗਾ! ਇਕੋ ਇਕ ਦਿਲ ਸੀ ਮੇਰਾ, ਉਹ ਤੂੰ ਖੋਹ ਲਿਆ ਏ। ਹੋਰ ਕੀ ਏ ਇਸ ਦੁਨੀਆਂ ਵਿਚ ਮੇਰੇ ਲਈ? ਬਸ ਤੂੰ ਹੀ ਏਂ, ਭਲਾ ਮੈਂ ਤੈਨੂੰ ਕਿਵੇਂ ਛੱਡ ਸਕਦਾ ਹਾਂ। ਤੂੰ ਤੇ ਮੇਰੀ ਜ਼ਿੰਦਗੀ ਏਂ, ਮੇਰਾ ਇਸ਼ਟ ਏਂ। ਡਰ ਹੈ ਜਲਾਲੀਏ... ਕਿਧਰੇ ਤੂੰ ਲੋਕਾਂ ਦੀ ਬਦਨਾਮੀ ਤੋਂ ਡਰਦੀ ਆਪਣਾ ਪਿਆਰਾ ਮੁੱਖ ਮੈਥੋਂ ਨਾ ਮੋੜ ਲਵੀਂ।"

"ਮੈਨੂੰ ਆਪਣੀ ਜਵਾਨੀ ਦੀ ਸਹੁੰ ਰੋਡਿਆ। ਮੈਂ ਲੱਗੀਆਂ ਤੋੜ ਨਿਭਾਵਾਂਗੀ। ਮਰ ਜਾਵਾਂਗੀ ਪਰ ਪਿਛਾਂਹ ਨਹੀਂ ਪਰਤਾਂਗੀ। ਤੂੰ ਮੇਰਾ ਹਰ ਰੋਜ਼ ਤਤਕਸਾਰ ਸੂਹਾਂ ਦੇ ਕੰਢੇ ਇੰਤਜ਼ਾਰ ਕਰਿਆ ਕਰੀਂ। ਅਹੁ ਕੋਈ ਆਉਂਦਾ ਪਿਆ ਏ, ਆਹ ਸਾਂਭ ਲੈ ਮੇਰੀ ਨਿਸ਼ਾਨੀ...!" ... ਜਲਾਲੀ ਦਾ ਛੱਲਾ ਰੋਡੇ ਦੀ ਉਂਗਲ 'ਤੇ ਸੀ।

ਜਲਾਲੀ ਹਰ ਰੋਜ਼ ਸੂਹਾਂ ਦੇ ਕੰਢੇ ਜਾ ਪੁੱਜਦੀ, ਤੇ ਪਿਆਰੇ ਰੋਡੇ ਦਾ ਜਾ ਦੀਦਾਰ ਕਰਦੀ,

ਉਤੇ ਨਦੀ ਦੇ ਜਾਇਕੇ ਰੋਜ਼ ਮਿਲਦੀ
ਬਿਨਾਂ ਮਿਲੇ ਦੇ ਨਹੀਂ ਅਧਾਰ ਹੈ ਜੀ।
ਹੋਏ ਘੜੀ ਵਿਛੋੜੇ ਦੇ ਵਾਂਗ ਸੂਲੀ
ਜਾਨ ਹੋਵਦੀ ਜੋ ਆਵਾਜ਼ਾਰ ਹੈ ਜੀ।
ਬਿਨਾਂ ਲੱਗੀਆਂ ਕੋਈ ਨਾ ਜਾਣਦਾ ਹੈ
ਜੀਹਨੂੰ ਲੱਗੀਆਂ ਉਸ ਨੂੰ ਸਾਰ ਹੈ ਜੀ।
ਹੋਈ ਭੁੱਜ ਮਨੂਰ ਲੁਹਾਰ ਬੱਚੀ
ਬਣੇ ਘੜੀ ਦਾ ਜੁੱਗ ਚਾਰ ਹੈ ਜੀ।
ਹੁੰਦੇ ਨਾਗ ਮਲੂਮ ਨੇ ਪੂਣੀਆਂ ਦੇ
ਜਦੋਂ ਕੱਤਣ ਜਾਏ ਭੰਡਾਰ ਹੈ ਜੀ।
ਪਾਇਆ ਭੱਠ ਕਸੀਦੇ ਦੇ ਕੱਢਣੇ ਨੂੰ
ਪੈਂਦੀ ਭੁੱਲ ਕੇ ਨਾ ਇਕ ਤਾਰ ਹੈ ਜੀ।
ਮਿਲੇ ਜਦੋਂ ਜਲਾਲੀ ਜਾ ਯਾਰ ਤਾਈਂ
ਓਦੋਂ ਵਸਦਾ ਦਿਸੇ ਸੰਸਾਰ ਹੈ ਜੀ।
ਕਿਸੇ ਕੰਮ ਦੇ ਵਿਚ ਨਾ ਚਿੱਤ ਲੱਗੇ
ਕਰੇ ਆਸ਼ਕੀ ਅਤੀ ਲਾਚਾਰ ਹੈ ਜੀ।
(ਕਿਸ਼ੋਰ ਚੰਦ)

ਇਸ਼ਕ ਮੁਸ਼ਕ ਕਦੋਂ ਛੁਪਾਇਆਂ ਛੁਪਦੇ ਨੇ। ਜਲਾਲੀ ਅਤੇ ਰੋਡੇ ਦੇ ਇਸ਼ਕ ਦੀ ਚਰਚਾ ਪਿੰਡ ਵਿਚ ਛਿੜ ਪਈ। ਜਲਾਲੀ ਦੇ ਮਾਪਿਆਂ ਦੇ ਕੰਨੀਂ ਵੀ ਉਡਦੀ-ਉਡਦੀ ਭਿਣਕ ਪੈ ਗਈ। ਉਨ੍ਹਾਂ ਨੇ ਉਨ੍ਹਾਂ ਦੇ ਇਸ਼ਕ ਨੂੰ ਪ੍ਰਵਾਨ ਨਾ ਕੀਤਾ। ਉਹ ਤਾਂ ਨਮੋਸ਼ੀ ਦੇ ਮਾਰੇ ਆਪਣੇ ਮੂੰਹ ਲਕੋਈ ਫਿਰਦੇ ਸਨ। ਉਨ੍ਹਾਂ ਨੇ ਜਲਾਲੀ ਨੂੰ ਲੱਖ ਸਮਝਾਇਆ ਪਰ ਉਹ ਪਿਛਾਂਹ ਮੁੜਨ ਵਾਲੀ ਕਿੱਥੇ ਸੀ। ਉਹਦੇ ਲਈ ਤਾਂ ਰੋਡਾ ਹੀ ਸਭ ਕੁਝ ਸੀ। ਆਖ਼ਰ ਉਨ੍ਹਾਂ ਜਲਾਲੀ ਨੂੰ ਡਰਾਇਆ, ਧਮਕਾਇਆ ਅਤੇ ਆਪਣੀ ਨਿਗਰਾਨੀ ਵਿਚ ਰੱਖਣਾ ਸ਼ੁਰੂ ਕਰ ਦਿੱਤਾ।

ਜਲਾਲੀ ਦਾ ਘਰੋਂ ਬਾਹਰ ਨਿਕਲਣਾ ਬੰਦ ਹੋ ਗਿਆ... ਉਧਰ ਰੋਡਾ ਵੀ ਜਲਾਲੀ ਦਾ ਪਿਆਰਾ ਮੁਖੜਾ ਤੱਕਣ ਲਈ ਬੇਕਰਾਰ ਹੋ ਰਿਹਾ ਸੀ। ਆਖ਼ਰ ਉਹਨੇ ਜਲਾਲੀ ਦੇ ਦਰ ਅੱਗੇ ਜਾ ਕੇ ਅਲਖ ਜਗਾਉਣੀ ਸ਼ੁਰੂ ਕਰ ਦਿੱਤੀ। ਉਹ ਉਹਦੇ ਹੱਥੋਂ ਖ਼ੈਰਾਤ ਲਏ ਬਿਨਾਂ ਅਗਾਂਹ ਇਕ ਕਦਮ ਵੀ ਨਾ ਪੁੱਟਦਾ। ਗੱਲ ਏਥੋਂ ਤੱਕ ਅੱਪੜ ਗਈ ਕਿ ਇਕ ਦਿਨ ਉਹਨੇ ਜਲਾਲੀ ਦੀ ਮਾਂ ਦੇ ਹੱਥੋਂ ਖ਼ੈਰਾਤ ਲੈਣ ਤੋਂ ਇਨਕਾਰ ਕਰ ਦਿੱਤਾ ਪਰ ਉਹਦੀ ਮਾਂ ਅੜੀ ਰਹੀ, ਸਾਧਾਂ ਦਾ ਹਠ ਵੀ ਮਸ਼ਹੂਰ ਐ... ਰੋਡਾ ਉਨ੍ਹਾਂ ਦੇ ਦਰਾਂ ਅੱਗੇ ਹੀ ਧੂਣਾ ਤਪਾ ਕੇ ਬੈਠ ਗਿਆ, ਤੇ ਸਮਾਧੀ ਲਾ ਲਈ। ਲੋਕਾਂ ਲਈ ਤਾਂ ਇਹ ਜਗਤ ਤਮਾਸ਼ਾ ਸੀ ਪਰ ਜਲਾਲੀ ਦੀ ਮਾਂ ਤਾਂ ਨਮੋਸ਼ੀ ਦੀ ਮਾਰੀ ਧਰਤੀ ਵਿਚ ਨਿਘਰਦੀ ਜਾ ਰਹੀ ਸੀ। ਉਹਨੇ ਉਸ ਨੂੰ ਧੂਣਾ ਚੁੱਕਣ ਲਈ ਬਹੁਤੇਰੇ ਵਾਸਤੇ ਪਾਏ। ਜਲਾਲੀ ਨੇ ਵੀ ਉਹਨੂੰ ਬੜਾ ਆਖਿਆ ਪਰ ਰੋਡਾ ਤਾਂ ਉਹਦੇ ਦੀਦਾਰ ਲਈ ਤੜਫ ਰਿਹਾ ਸੀ,

ਕਿੱਥੋਂ ਵੇ ਤੇ ਤੂੰ ਆਇਆ
ਜਾਣਾ ਕਿਹੜੇ ਦੇਸ ਵੇ ਫ਼ਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ।

ਪੱਛਮ ਤੋਂ ਨੀ ਮੈਂ ਆਇਆ
ਜਾਣਾ ਦੱਖਣ ਦੇਸ ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।

ਜੇ ਤੂੰ ਭੁੱਖਾ ਰੋਟੀ ਦਾ ਵੇ
ਲੱਡੂਆ ਦਿੰਨੀ ਆਂ ਮੰਗਾ
ਵੇ ਫ਼ਕੀਰਾ...।
ਭਲਾ ਵੇ ਦਲਾਲਿਆ ਵੇ ਰੋਡਿਆ।

ਨਾ ਮੈਂ ਭੁੱਖਾ ਰੋਟੀ ਦਾ ਨੀ
ਲੈਣਾ ਤੇਰਾ ਦੀਦਾਰ ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।

ਜੇ ਤੂੰ ਪਿਆਸਾ ਪਾਣੀ ਦਾ ਵੇ
ਦੁਧੂਆ ਦਿੰਨੀ ਆਂ ਮੰਗਾ ਵੇ ਫਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ।

ਨਾ ਮੈਂ ਪਿਆਸਾ ਪਾਣੀ ਦਾ ਨੀ
ਲੈਣਾ ਤੇਰਾ ਦੀਦਾਰ ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।

ਜੇ ਤੂੰ ਨੰਗਾ ਬਸਤਰ ਦਾ ਵੇ
ਬਸਤਰ ਦਿੰਨੀ ਆਂ ਸਮਾ
ਵੇ ਫਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ।

ਨਾ ਮੈਂ ਨੰਗਾ ਬਸਤਰ ਦਾ ਨੀ
ਲੈਣਾ ਤੇਰਾ ਦੀਦਾਰ ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।

ਜੇ ਤੂੰ ਭੁੱਖਾ ਰੰਨਾਂ ਦੇ ਵੇ
ਵਿਆਹ ਦਿੰਨੀ ਆਂ ਕਰਵਾ
ਵੇ ਫਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ।

ਨਾ ਮੈਂ ਭੁੱਖਾ ਰੰਨਾਂ ਦਾ ਨੀ
ਲੈਣਾ ਤੇਰਾ ਦੀਦਾਰ ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।

ਦਰ ਵਿਚੋਂ ਧੂਣਾ ਚੁੱਕ ਲੈ ਵੇ
ਬਾਹਰੋਂ ਆਜੂ ਮੇਰਾ ਬਾਪ
ਵੇ ਫਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ।

ਦਰ ਵਿਚੋਂ ਧੂਣਾ ਨਾ ਚੁੱਕਣਾ ਨੀ
ਲੈਣਾ ਤੇਰਾ ਦੀਦਾਰ ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।

ਰੋਡੇ ਨੇ ਜਲਾਲੀ ਦੇ ਦਰਾਂ ਅੱਗਿਉਂ ਧੂਣਾ ਨਾ ਚੁੱਕਿਆ। ਗੁੱਸੇ ਵਿਚ ਆਏ ਜਲਾਲੀ ਦੇ ਭਰਾਵਾਂ ਨੇ ਉਹਨੂੰ ਮਾਰ ਮਾਰ ਕੇ ਅਧਮੋਇਆ ਕਰ ਸੁੱਟਿਆ ਅਤੇ ਰਾਤ ਸਮੇਂ ਸੂਹਾਂ ਨਦੀ ਵਿਚ ਹੜ੍ਹਾ ਆਏ। ਕੁਦਰਤ ਦਾ ਕੋਈ ਪਾਰਾਵਾਰ ਨਹੀਂ, ਰੋਡਾ ਨਦੀ ਵਿਚੋਂ ਬਚ ਨਿਕਲਿਆ ਤੇ ਅਗਲੀ ਭਲਕ ਆ ਕੇ ਉਹਨੇ ਜਲਾਲੀ ਦੇ ਦਰਾਂ ਅੱਗੇ ਮੁੜ ਧੂਣਾ ਤਪਾ ਦਿੱਤਾ।


ਜਲਾਲੀ ਅੰਦਰ ਨਰੜੀ ਪਈ ਤੜਪਦੀ ਰਹੀ। ਕਹਿੰਦੇ ਨੇ ਜਲਾਲੀ ਦੇ ਭਰਾਵਾਂ ਨੂੰ ਰੋਡੇ ਦੇ ਦੁਬਾਰਾ ਮੁੜ ਆਣ 'ਤੇ ਐਨਾ ਗੁੱਸਾ ਚੜ੍ਹਿਆ ਕਿ ਉਨ੍ਹਾਂ ਨੇ ਉਹਦੇ ਟੁਕੜੇ-ਟੁਕੜੇ ਕਰ ਕੇ ਖੂਹ ਵਿਚ ਸੁੱਟ ਦਿੱਤਾ ਅਤੇ ਮਗਰੋਂ ਜਲਾਲੀ ਨੂੰ ਵੀ ਮਾਰ ਮੁਕਾਇਆ।

ਇਸ ਪ੍ਰੀਤ ਕਥਾ ਦਾ ਅੰਤ ਇਸ ਪ੍ਰਕਾਰ ਵੀ ਦੱਸਿਆ ਜਾਂਦਾ ਹੈ ਕਿ ਜਲਾਲੀ ਦੀ ਮਾਂ ਨੇ ਰੋਡੇ ਨੂੰ ਗਲੋਂ ਲਾਹੁਣ ਲਈ ਧੂਣਾ ਤਾਪਦੇ ਰੋਡੇ ਕੋਲ ਜਾ ਕੇ ਆਖਿਆ, "ਰੋਡਿਆ ਤੇਰੀ ਜਲਾਲੀ ਕਈ ਦਿਨਾਂ ਦੀ ਅੰਦਰ ਬਿਮਾਰ ਪਈ ਹੈ, ਹਕੀਮ ਆਂਹਦੇ ਨੇ ਉਹ ਤਦ ਹੀ ਬਚ ਸਕਦੀ ਐ ਜੇ ਉਹਨੂੰ ਕਿਧਰੋਂ ਸ਼ੇਰਨੀ ਦਾ ਦੁੱਧ ਮਿਲ ਜਾਵੇ। ਜੇ ਤੂੰ ਸ਼ੇਰਨੀ ਦਾ ਦੁੱਧ ਲਿਆ ਦੇਵੇਂ ਤਾਂ ਅਸੀਂ ਜਲਾਲੀ ਦਾ ਤੇਰੇ ਨਾਲ ਵਿਆਹ ਕਰ ਦੇਵਾਂਗੇ।"

ਇਹ ਸੁਣਦੇ ਸਾਰ ਹੀ ਰੋਡਾ ਸ਼ੇਰਨੀ ਦੇ ਦੁੱਧ ਦੀ ਭਾਲ ਵਿਚ ਜੰਗਲਾਂ ਵਲ ਨੱਸ ਟੁਰਿਆ।

ਜਦੋਂ ਜਲਾਲੀ ਨੇ ਆਪਣੀ ਮਾਂ ਦੀ ਰੋਡੇ ਨੂੰ ਸ਼ੇਰਾਂ ਕੋਲੋਂ ਮਰਵਾਉਣ ਦੀ ਇਹ ਵਿਉਂਤ ਸੁਣੀ ਤਾਂ ਉਹ ਵੀ ਰੋਡਾ ਰੋਡਾ ਕੂਕਦੀ ਰੋਡੇ ਦੇ ਮਗਰ ਜੰਗਲ ਵਿਚ ਜਾ ਪੁੱਜੀ। ਜੰਗਲ ਵਿਚ ਦੋਵੇਂ ਮਿਲ ਪਏ, ਜਾਂ ਦੋਵਾਂ ਨੂੰ ਜੰਗਲੀ ਜਾਨਵਰਾਂ ਨੇ ਮਾਰ ਮੁਕਾਇਆ, ਇਸ ਬਾਰੇ ਕੋਈ ਕੁਝ ਨਹੀਂ ਜਾਣਦਾ ਪਰ ਇਸ ਪ੍ਰੀਤ ਗਾਥਾ ਨੂੰ ਪੰਜਾਬੀ ਲੋਕ ਮਨ ਨੇ ਅਜੇ ਤੀਕਰ ਨਹੀਂ ਵਿਸਾਰਿਆ। ਜਲਾਲੀ ਦਾ ਗੀਤ ਉਨ੍ਹਾਂ ਦੇ ਚੇਤਿਆਂ ਵਿਚ ਅੱਜ ਵੀ ਸੱਜਰਾ ਹੈ।

#







(ਸੱਜੇ) ਰੋਡਾ ਜਲਾਲੀ ਦਾ ਕਿੱਸਾ ਲਿਖਣ ਵਾਲਾ ਸਾਈਂ ਮੌਲਾ ਸ਼ਾਹ, (ਵਿਚਕਾਰ) ਨਾਟਕਕਾਰ ਕਪੂਰ ਸਿੰਘ ਘੁੰਮਣ ਵੱਲੋਂ ਲਿਖੇ ਨਾਟਕ 'ਰੋਡਾ ਜਲਾਲੀ' ਦਾ ਟਾਈਟਲ ਅਤੇ (ਸੱਜੇ) ਗਾਇਕ ਸੁਰਿੰਦਰ ਛਿੰਦਾ ਜਿਸ ਨੇ ਰੋਡਾ ਜਲਾਲੀ ਦਾ ਕਿੱਸਾ ਗਾਇਆ।

## ਕਾਵਿ-ਜਗਤ

### ਮਿੱਟੀ ਸਾਡੀ ਮਾਂ

ਮਿੱਟੀ ਦੇ ਨਾਲ ਮਿੱਟੀ ਹੋ ਕੇ
ਮਿੱਟੀ ਵਿਚੋਂ ਅੰਨ ਉਗਾਈਏ
ਘਰ ਪਰਤਣ ਤੇ
ਬਾਰੂ, ਮੱਘੂ, ਰੁਲੀਆ
ਜਾਂ ਭੜੂਆ ਅਖਵਾਈਏ।
ਮਿੱਟੀ ਸਾਡੀ ਮਾਂ ਨਹੀਂ ਲਗਦੀ?

ਜਬਰ ਦੀਆਂ ਜਰੀਬਾਂ ਨਾਲ
ਹੁਕਮ ਦੀਆਂ ਤਰਕੀਬਾਂ ਨਾਲ
ਰਲ ਕੇ ਤੁਸੀਂ ਰਕੀਬਾਂ ਨਾਲ
ਮਾਂ ਮਿੱਟੀ ਨੂੰ ਮਲਕੀਅਤਾਂ ਵਿਚ
ਬਦਲਣ ਵਾਲੇ
ਬੇ-ਜ਼ਮੀਨੇ ਕਰ ਦਿੱਤੇ ਹਨ।
ਦਾਤੀਆਂ ਵਾਲੇ
ਰੰਬਿਆਂ ਵਾਲੇ
ਕਹੀਆਂ ਵਾਲੇ।
ਮਿੱਟੀ ਸਾਡੀ ਮਾਂ ਨਹੀਂ ਲਗਦੀ?

ਕਾਮੇ ਕਿਰਤੀ ਮਰਦੇ ਭੁੱਖੇ
ਹਲ ਵਾਹਕ ਹਨ ਟੰਗੇ ਰੁੱਖ 'ਤੇ
ਮਟਕਾ ਚੌਂਕ 'ਚ ਨਾਰ੍ਹੇ ਲਾ ਕੇ
ਬੋਲੇ ਮੁਹਰੇ ਰੌਲਾ ਪਾ ਕੇ
ਕਿਸ ਲਈ ਹੱਕ ਹੋ ਮੰਗਣ ਜਾਂਦੇ?
ਆਪਣਾ ਖੀਸਾ ਭਾਰਾ ਕਰਨਾ
ਤਾਂ ਹੀ ਨਿੱਤ ਹੋ ਢੌਂਗ ਰਚਾਉਂਦੇ
ਭਾਰਤ ਮਾਂ ਦੇ ਪੁੱਤ ਨਹੀਂ ਕਿਰਤੀ?
ਮਿੱਟੀ ਸਾਡੀ ਮਾਂ ਨਹੀਂ ਲਗਦੀ?

ਮੁੱਠ ਵਿਚ ਰੁੱਗ ਮਿੱਟੀ ਦਾ ਭਰਕੇ
ਹੁਣ ਇਹ ਪੱਕਾ ਨਿਰਣਾ ਕੀਤਾ
'ਰਾਮ ਮੁਹੰਮਦ ਸਿੰਘ ਅਜ਼ਾਦ'
ਸਾਰੇ 'ਕੱਠੇ ਇਕ ਥਾਂ ਹੋ ਕੇ
ਕਸਮ ਹੈ ਖਾਣੀ ਮਲਕੀਅਤਾਂ ਦਾ
ਜਾਇਦਾਦਾਂ ਦਾ ਫਾਹਾ ਵਢਣਾ
ਟੋਇਆ ਟਿੱਬਾ
ਇੱਕ ਬਰਾਬਰ ਕਰਕੇ ਰਹਿਣਾ
ਧਰਤੀ ਮਾਂ ਦੇ ਪੁੱਤ ਅਸੀਂ ਵੀ
ਮਿੱਟੀ ਸਾਡੀ ਮਾਂ ਲਗਦੀ ਹੈ।

-ਅਜੇ ਤਨਵੀਰ

# ਮੈਨੂੰ ਨਹੀਂ ਮੇਚ ਆਉਂਦੀ ਤੁਹਾਡੀ ਦਿੱਲੀ!

## ਖੇਡਾਂ ਵਾਲਾ ਸਰਵਣ-1

***ਸ. ਗੁਰਬਚਨ ਸਿੰਘ ਭੁੱਲਰ ਦੀਆਂ ਲਿਖਤਾਂ ਪੰਜਾਬ ਟਾਈਮਜ਼ ਦੇ ਪਾਠਕ ਇਕ ਅਰਸੇ ਤੋਂ ਪੜ੍ਹਦੇ ਆ ਰਹੇ ਹਨ। ਉਹ ਨਾਮੀ ਕਹਾਣੀਕਾਰ ਵੀ ਹਨ ਅਤੇ ਪੱਤਰਕਾਰ ਵੀ। ਉਨ੍ਹਾਂ ਨੂੰ ਕਹਾਣੀ ਵਿਚ ਪੱਤਰਕਾਰੀ ਤੇ ਪੱਤਰਕਾਰੀ ਵਿਚ ਕਹਾਣੀ ਰਲਾਉਣ ਦੀ ਵੀ ਪੂਰੀ ਜਾਚ ਹੈ। ਪੰਜਾਬੀ ਦੇ ਸ੍ਰੋਮਣੀ ਨਾਟਕਕਾਰ ਮਰਹੂਮ ਬਲਵੰਤ ਗਾਰਗੀ ਬਾਰੇ ਭੁੱਲਰ ਸਾਹਿਬ ਦਾ ਲੰਮਾ ਰੇਖਾ-ਚਿਤਰ ਨੁਮਾ ਲੇਖ ਪਾਠਕ ਪੜ੍ਹ ਹੀ ਚੁਕੇ ਹਨ। ਰੇਖਾ-ਚਿਤਰ ਲਿਖਦਿਆਂ ਸ਼ਾਇਦ ਆਪਣੇ ਜ਼ਿਲ੍ਹੇ ਦੇ ਹਮਵਾਸੀ ਬਲਵੰਤ ਗਾਰਗੀ ਦੀ ਉਂਗਲ ਫੜਦਿਆਂ ਉਹ ਵਿਅਕਤੀ ਦੀਆਂ ਸਿਫਤਾਂ ਵੀ ਕਰੀ ਜਾਂਦੇ ਹਨ ਤੇ ਉਸ ਨੂੰ ਚੋਭਾਂ ਵੀ ਲਾਈ ਜਾਂਦੇ ਹਨ। ਇਹੋ ਕੁਝ ਉਨ੍ਹਾਂ ਬਲਵੰਤ ਗਾਰਗੀ ਨਾਲ ਕੀਤਾ ਸੀ ਅਤੇ ਹੁਣ ਇਹੋ ਕੁਝ ਪ੍ਰਿੰ. ਸਰਵਣ ਸਿੰਘ ਬਾਰੇ ਲਿਖੇ ਇਸ ਲੜੀਵਾਰ ਲੇਖ ਵਿਚ ਕੀਤਾ ਹੈ। -ਸੰਪਾਦਕ***

ਸਰਵਣ ਸਿੰਘ ਦੀ ਤੇ ਮੇਰੀ ਪਹਿਲੀ ਮੁਲਾਕਾਤ ਉਨ੍ਹਾਂ ਦੋ ਰੇਲ ਗੱਡੀਆਂ ਵਰਗੀ ਸੀ ਜੋ ਦੋ ਸਟੇਸ਼ਨਾਂ ਵਿਚਕਾਰ ਦੂਹਰੀ ਪਟੜੀ ਉਤੇ ਇਕ ਦੂਜੀ ਦੇ ਕੋਲੋਂ ਦੀ ਲੰਘ ਜਾਂਦੀਆਂ ਹਨ। 1967 ਵਿਚ ਜਦੋਂ ਉਹ ਖਾਲਸਾ ਕਾਲਜ ਦਿੱਲੀ ਦੀ ਪ੍ਰੋਫੈਸਰੀ ਛੱਡ ਕੇ ਢੁੱਡੀਕੇ ਕਾਲਜ ਵਿਚ ਪ੍ਰੋਫੈਸਰ ਲੱਗਣ ਲਈ ਪੰਜਾਬ ਵੱਲ ਚਾਲੇ ਪਾ ਰਿਹਾ ਸੀ, ਮੈਂ ਪੰਜਾਬ ਵਿਚੋਂ ਗੁਰੂ ਕਾਸ਼ੀ ਕਾਲਜ ਦਮਦਮਾ ਸਾਹਿਬ ਦੀ ਪ੍ਰੋਫੈਸਰੀ ਛੱਡ ਕੇ ਸੋਵੀਅਤ ਦੂਤਾਵਾਸ ਦੇ ਸੂਚਨਾ ਵਿਭਾਗ ਵਿਚ ਕੰਮ ਕਰਨ



**ਗੁਰਬਚਨ ਸਿੰਘ ਭੁੱਲਰ**
ਫੋਨ: 01191-1165736868
bhullargs@gmail.com

ਲਈ ਦਿੱਲੀ ਵੱਲ ਕੂਚ ਕਰ ਰਿਹਾ ਸੀ।

ਸਰਵਣ ਸਿੰਘ ਆਪ ਤਾਂ ਦਿੱਲੀ ਤੋਂ ਆ ਗਿਆ ਪਰ ਪਿੱਛੇ ਦਿਲਚਸਪ ਗੱਲਾਂ ਛੱਡ ਆਇਆ। ਜਿਵੇਂ ਅਤਰ-ਫੁਲੇਲ ਲਾਈ ਬੰਦਾ ਬੈਠਕ ਵਿਚੋਂ ਉਠ ਕੇ ਚਲਿਆ ਗਿਆ ਹੋਵੇ ਤੇ ਮਹਿਕ ਪਿੱਛੇ ਛੱਡ ਗਿਆ ਹੋਵੇ। ਅਣਜਾਣੇ ਸਰਵਣ ਸਿੰਘ ਨਾਲ ਮੇਰੀ ਕੜੀ ਗੁਰਦੇਵ ਸਿੰਘ ਰੁਪਾਣਾ ਸੀ। ਉਹ ਉਹਦੇ ਵੇਲੇ ਤੋਂ ਦਿੱਲੀ ਸੀ ਅਤੇ ਹੁਣ ਮੇਰਾ ਦੋਸਤ ਬਣ ਗਿਆ ਸੀ। ਮੇਰੇ ਦਿੱਲੀ ਪਹੁੰਚਣ ਵੇਲੇ ਹੀ ਅਜਿਹੇ ਯਾਰਾਂ ਦੇ ਯਾਰ ਤੇ ਮੌਜੀ ਬੰਦੇ ਦਾ ਉਥੋਂ ਚਲੇ ਜਾਣਾ, ਅਣਜਾਣਿਆ ਹੋਣ ਦੇ ਬਾਵਜੂਦ, ਕਿਸੇ ਮਿੱਤਰ-ਪਿਆਰੇ ਦੇ ਚਲੇ ਜਾਣ ਵਾਂਗ ਲਗਦਾ। ਰੁਪਾਣੇ ਦੀ ਇਸ ਹੈਰਾਨੀ ਵਿਚ ਮੇਰੀ ਹੈਰਾਨੀ ਵੀ ਰਲ ਜਾਂਦੀ ਕਿ ਉਹ ਦਿੱਲੀ ਦਾ ਖਾਲਸਾ ਕਾਲਜ ਛੱਡ ਕੇ ਢੁੱਡੀਕੇ ਦੇ ਪੇਂਡੂ ਕਾਲਜ ਵਿਚ ਕਿਉਂ ਚਲਿਆ ਗਿਆ!

ਮਗਰੋਂ ਸਰਵਣ ਸਿੰਘ ਤੇ ਮੈਂ ਕਦੋਂ ਮਿਲੇ, ਕਿਵੇਂ ਮਿਲੇ, ਕਿਥੇ ਮਿਲੇ, ਉਕਾ ਹੀ ਯਾਦ ਨਹੀਂ। ਹਾਂ, ਇਹ ਯਾਦ ਹੈ ਕਿ ਅਸੀਂ ਮੁੱਢ-ਕਦੀਮੋਂ ਇਕ ਦੂਜੇ ਨੂੰ ਜਾਣਦੇ ਹਾਂ। ਵਾਹ ਪਿਆ ਤਾਂ ਇਹਦੇ ਦਿੱਲੀ ਤੋਂ ਢੁੱਡੀਕੇ ਚਲੇ ਜਾਣ ਦੀ ਉਲਝਣ ਵੀ ਛੇਤੀ ਹੀ ਹੱਲ ਹੋ ਗਈ। ਸਗੋਂ ਇਹ ਸਾਫ ਹੋ ਗਿਆ ਕਿ ਇਹ ਬੰਦਾ ਦਿੱਲੀ ਰਹਿ ਹੀ ਨਹੀਂ ਸੀ ਸਕਦਾ। ਜਿਹੜਾ ਭਲਾਮਾਣਸ ਸਾਰੀ ਉਮਰ ਪ੍ਰੋਫੈਸਰੀ-ਪ੍ਰਿੰਸੀਪਲੀ ਕਰ ਕੇ ਅਤੇ ਅਮਰੀਕਾ, ਕੈਨੇਡਾ ਤੇ ਯੂਰਪ ਗਾਹ ਕੇ ਕਹਿੰਦਾ ਹੈ, ਪੈਂਟਾਂ-ਪਜਾਮੇ ਆਪਣੇ ਚਾਦਰੇ ਦੀ ਰੀਸ ਨਹੀਂ ਕਰ ਸਕਦੇ, ਉਹਦਾ ਤੰਗ ਪਤਲੂਨਾਂ ਤੇ ਘੁੱਟਵੀਆਂ ਪਜਾਮੀਆਂ ਵਾਲੀ ਦਿੱਲੀ ਵਿਚ ਗੁਜ਼ਾਰਾ ਕਿਥੋਂ ਹੋਣਾ ਸੀ! ਮਹਾਂਨਗਰ ਆਖਦਾ ਹੈ, ਇਥੇ ਰਹਿਣਾ ਹੈ ਤਾਂ ਮੇਰੇ ਅਨੁਸਾਰ ਢਲ ਪਰ ਇਹ ਦਿੱਲੀ ਨੂੰ ਆਪਣਾ ਪਿੰਡ ਚਕਰ ਬਣਾਈਂ ਬੈਠਾ ਸੀ।

ਕਾਲਜ ਦੇ ਨੇੜੇ ਕੋਈ ਢਾਬਾ ਨਾ ਹੋਣ ਕਰਕੇ ਇਹ ਕੰਧ ਉਤੇ ਬੈਠ ਮੌਜ ਨਾਲ ਲੱਤਾਂ ਹਿਲਾ ਹਿਲਾ ਕੇ 'ਲੰਚ' ਕਰਦਾ। ਹਵਾ ਦੇ ਬੁੱਲੇ ਮਾਣਦਿਆਂ ਤੇ ਲੰਘਣ-ਟੱਪਣ ਵਾਲੀਆਂ ਸ਼ਹਿਰਨਾਂ ਦੇ ਨਜ਼ਾਰੇ ਲੈਂਦਿਆਂ ਕੀਤਾ ਜਾਂਦਾ ਇਹ 'ਲੰਚ' ਨਿੰਬੂ ਘਸਾ ਕੇ ਲੂਣ ਭੁੱਕੇ ਵਾਲੀਆਂ ਮੱਕੀ ਦੀਆਂ ਤਿੰਨ-ਚਾਰ ਛੱਲੀਆਂ ਦਾ ਹੁੰਦਾ। ਪੇਂਡੂ ਜੀਵਨ ਜਾਨਦਾਰ, ਤਕੜੀਆਂ, ਸਖ਼ਤ ਚੀਜ਼ਾਂ ਦੁਆਲੇ ਘੁੰਮਦਾ ਹੈ ਜਿਨ੍ਹਾਂ ਦੇ ਸੌਖੇ ਕੀਤਿਆਂ ਟੁੱਟਣ ਦਾ ਡਰ ਨਹੀਂ ਹੁੰਦਾ। ਸ਼ਹਿਰ ਨਰਮ-ਨਾਜ਼ਕ ਚੀਜ਼ਾਂ ਦਾ ਭਰਿਆ ਹੁੰਦਾ ਹੈ ਜਿਨ੍ਹਾਂ ਨੂੰ ਹੱਥ ਲਾਉਂਦਿਆਂ ਪੇਂਡੂ ਬੰਦਾ ਟੁੱਟਣ ਤੋਂ ਡਰਦਾ ਹੈ। ਇਸੇ ਕਰਕੇ ਜਦੋਂ ਸ਼ਹਿਰ ਵਿਚ ਪੂਰੀਆਂ-ਛੋਲੇ ਖਾਂਦੇ ਪੇਂਡੂ ਨੂੰ ਕੰਚ ਦੇ ਗਲਾਸ ਵਿਚ ਪਾਣੀ ਰੱਖਿਆ ਜਾਂਦਾ ਹੈ, ਉਹ ਉਹਨੂੰ ਡਿੱਗ ਕੇ ਟੁਟਣੋਂ ਬਚਾਉਣ ਲਈ ਝੱਟ ਕਿਨਾਰਿਉਂ ਦੂਰ ਮੇਜ਼ ਦੇ ਅੰਦਰ ਨੂੰ ਖਿਸਕਾ ਦਿੰਦਾ ਹੈ। ਸ਼ਹਿਰ ਨਰਮ-ਨਾਜ਼ਕ ਚੀਜ਼ਾਂ ਨਾਲ ਰਹਿਣਾ ਸਿੱਖਣ ਦੀ ਤੇ ਖੱਦਰ ਦੇ ਗਲਾਸ ਦੀ ਥਾਂ ਕੰਚ ਦੇ ਗਲਾਸ ਵਿਚ ਪਾਣੀ ਪੀਣ ਲੱਗਣ ਦੀ ਮੰਗ ਕਰਦਾ ਹੈ।

ਐਮ. ਏ. ਪੰਜਾਬੀ ਦੀ ਜਮਾਤ ਵਿਚ ਇਹ ਇਕੱਲਾ ਮੁੰਡਾ ਤੇ ਪੰਜ ਸ਼ਹਿਰੀ ਕੁੜੀਆਂ। ਇਹਨੂੰ ਛੱਲੀਆਂ ਚਬਦਾ ਦੇਖ ਚੁੱਕੀਆਂ ਕੁੜੀਆਂ ਦੁਪਹਿਰ ਦੀ ਰੋਟੀ ਬਾਰੇ ਪੁਛਦੀਆਂ ਹਨ ਤੇ ਫੇਰ ਟਿੱਚਰ ਕਰਦੀਆਂ ਹਨ, "ਕਿਤੇ ਛੱਲੀਆਂ-ਛੱਲੀਆਂ ਚੱਬ ਕੇ ਈ ਤਾਂ ਨਹੀਂ ਡੰਗ ਸਾਰੀਂ ਜਾਂਦੇ?" ਇਹਨੂੰ ਕੱਚਾ ਹੋਇਆ ਦੇਖ ਉਹ ਇਕ ਇਕ ਫੁਲਕਾ ਵੱਧ ਲਿਆ ਕੇ ਨਾਲ ਰੋਟੀ ਖੁਆਉਣ ਦੀ ਪੇਸ਼ਕਸ਼ ਕਰਦੀਆਂ ਹਨ। ਤਾਂ ਵੀ ਇਹ 'ਰੱਬ ਨੇ ਦਿੱਤੀਆਂ ਗਾਜਰਾਂ, ਵਿਚੇ ਰੰਬਾ ਰੱਖ' ਦੀ ਪੁਰਖਿਆਂ ਦੀ ਦਿੱਤੀ ਮੱਤ ਚੇਤੇ ਨਹੀਂ ਕਰਦਾ ਸਗੋਂ ਡੇਰੇ ਵਾਲੇ ਸਾਧ ਵਾਂਗ ਕਿਸੇ ਤਿੱਥ-ਤਿਹਾਰ ਨੂੰ ਖਾਣਾ ਤਾਂ ਪਰਵਾਨ ਕਰਦਾ ਹੈ, ਰੋਜ਼ ਰੋਜ਼ ਨਹੀਂ। ਮੰਨਦਾ ਹੈ, "ਕੁੜੀਆਂ ਬੜੀਆਂ ਪਿਆਰੀਆਂ ਸਨ। ...ਉਨ੍ਹਾਂ ਕੋਲੋਂ ਅਤਰ-ਫੁਲੇਲ ਦੀਆਂ ਮਹਿਕਾਂ ਆਉਂਦੀਆਂ ਸਨ। ਹਸਦੀਆਂ ਤਾਂ ਉਨ੍ਹਾਂ ਦੇ ਚਿੱਟੇ ਦੰਦ ਚਮਕਦੇ। ਗੋਰੀਆਂ ਗੱਲ੍ਹਾਂ 'ਚ ਟੋਏ ਪੈਂਦੇ।"

ਇਕ ਕੁੜੀ ਜੋ "ਕੁਝ ਵਧੇਰੇ ਹੀ ਮੋਹ ਕਰਦੀ ਸੀ", ਫੁਲਕਿਆਂ ਦੀ ਗਿਣਤੀ ਪੁਛਦੀ ਹੈ। ਇਹ ਆਖਣਾ ਚਾਹੁੰਦਾ ਹੈ, "ਜੇ ਕਿਤੇ ਤੂੰ ਫੁਲਕੇ ਲਾਹ ਕੇ ਦੇਈ ਚੱਲੇਂ, ਤਾਂ ਮੈਂ ਰੱਜਾਂ ਈ ਨਾ!" ਪਰ ਹਿੰਮਤ ਨਹੀਂ ਹੁੰਦੀ, ਆਖ ਨਹੀਂ ਸਕਦਾ। ਮਗਰੋਂ ਜਦੋਂ ਇਹ 'ਨਚਾਰ' ਕਹਾਣੀ ਵਿਚ ਇਕ ਕੁੜੀ ਦੀਆਂ ਅੱਖਾਂ ਬਾਰੇ 'ਉਹਦੀਆਂ ਅੱਖਾਂ ਤਾਂ ਨਸ਼ਿਆਂ ਦੇ ਬਾਗ਼ ਹਨ ਬਾਗ਼' ਕਹਾਉਂਦਾ ਹੈ, ਇਸੇ ਕੁੜੀ ਦੀਆਂ ਅੱਖਾਂ ਚੇਤੇ ਕਰ ਕੇ ਕਹਾਉਂਦਾ ਹੈ। ਪਰ ਇਹ ਇਕਬਾਲ ਕਰਦਾ ਹੈ ਕਿ ਉਨ੍ਹੀਂ ਦਿਨੀਂ ਵੀ ਬਣਦਾ-ਫ਼ਬਦਾ ਹੋਣ ਤੇ ਚਿੱਤ ਕੁੜੀਆਂ ਦੀ ਸੰਗਤ ਮਾਣ ਕੇ ਖ਼ੁਸ਼ ਹੁੰਦਾ ਹੋਣ ਦੇ ਬਾਵਜੂਦ "ਮੇਰਾ ਪੇਂਡੂ ਪਿਛੋਕੜ ਮੈਨੂੰ ਸ਼ਹਿਰ ਦੀਆਂ ਕੁੜੀਆਂ ਨਾਲ ਬਹੁਤਾ ਘੁਲਣ-ਮਿਲਣ ਨਹੀਂ ਸੀ ਦੇ ਰਿਹਾ!" ਮਨ ਵਿਚੋਂ ਕੰਚ ਦਾ ਗਲਾਸ ਟੁੱਟ ਜਾਣ ਦਾ ਡਰ ਨਹੀਂ ਹੀ ਨਿਕਲਦਾ! ਅਜਿਹੇ ਬੰਦੇ ਲਈ ਦਿੱਲੀ ਨਾਲੋਂ ਢੁੱਡੀਕੇ ਹੀ ਠੀਕ ਸੀ।

ਸਰਵਣ ਇਸ ਮੱਤ ਦੀ ਇਕ ਵਧੀਆ ਮਿਸਾਲ ਹੈ ਕਿ ਲੇਖਕ ਤਾਂ ਲੇਖਕ ਹੁੰਦਾ ਹੈ। ਕਿਸੇ ਇਕ ਵਿਧਾ ਵਿਚ ਬਹੁਤਾ ਲਿਖਣ ਦਾ ਭਾਵ ਇਹ ਨਹੀਂ ਹੁੰਦਾ ਕਿ ਉਹ ਹੋਰ ਵਿਧਾਵਾਂ ਵਿਚ ਵਧੀਆ ਨਹੀਂ ਲਿਖ ਸਕਦਾ ਜਾਂ ਨਹੀਂ ਲਿਖਦਾ। ਖੇਡ-ਸਾਹਿਤ ਤੋਂ ਇਲਾਵਾ ਵੀ ਇਹਨੇ ਕਈ ਵਿਧਾਵਾਂ ਵਿਚ ਬਹੁਤ ਕੁਛ ਲਿਖਿਆ ਹੈ ਤੇ ਵਧੀਆ ਲਿਖਿਆ ਹੈ। ਪਹਿਲੀ ਹੀ ਕਹਾਣੀ 'ਨਚਾਰ' 1965 ਵਿਚ ਚੋਟੀ ਦੇ ਮਾਸਕ 'ਆਰਸੀ' ਵਿਚ ਛਪੀ। ਨਚਾਰਾਂ ਦੇ ਜਲਸਿਆਂ ਦੀ ਆਪਣੀ ਹੀ ਖਿੱਚ ਹੁੰਦੀ ਸੀ। ਜਿਨ੍ਹਾਂ ਨੇ ਇਹ ਜਲਸੇ ਦੇਖੇ ਹੋਏ ਸਨ, ਉਹ



***ਪ੍ਰਿੰ. ਸਰਵਣ ਸਿੰਘ***

ਕਹਾਣੀ ਦਾ ਨਾਂ ਦੇਖ ਕੇ ਇਹਨੂੰ ਪੜ੍ਹੇ ਬਿਨਾਂ ਰਹਿ ਹੀ ਨਹੀਂ ਸਨ ਸਕਦੇ। ਇਉਂ ਇਹ ਪਹਿਲੀ ਕਹਾਣੀ ਹੀ ਚਰਚਿਤ ਹੋ ਗਈ।

ਰਸਾਲੇ ਵਿਚ ਉਹਦੇ ਛਪ ਗਈ ਹੋਣ ਦਾ ਇਹਨੂੰ ਅਜੇ ਪਤਾ ਵੀ ਨਹੀਂ ਸੀ। ਇਹ ਡਾ. ਹਰਿਭਜਨ ਸਿੰਘ ਕੋਲ ਬੈਠਾ ਸੀ ਜਦੋਂ 'ਆਰਸੀ' ਦਾ ਨਵਾਂ ਅੰਕ ਅੱਗੇ ਕਰਦਿਆਂ ਤਾਰਾ ਸਿੰਘ ਬੋਲਿਆ, "ਡਾਕਟਰ ਸਾਹਿਬ, ਐਤਕੀਂ ਦੀ 'ਆਰਸੀ' ਵਿਚ ਇਕ ਕਹਾਣੀ ਪੜ੍ਹਨ ਵਾਲੀ ਐ। ਕਿਸੇ ਨਵੇਂ ਲੇਖਕ ਦੀ ਐ।" ਇਹਦੇ ਦੱਸਣ ਮਗਰੋਂ ਇਹਦੇ ਹੀ ਮੂੰਹੋਂ ਸੁਣ ਕੇ ਉਨ੍ਹਾਂ ਨੇ ਵੀ ਤਾਰੀਫ਼ ਕੀਤੀ। ਜਿਸ ਨਵੇਂ ਲੇਖਕ ਦੀ ਪਹਿਲੀ ਹੀ ਕਹਾਣੀ ਦੀ ਸਿਫ਼ਤ ਡਾ. ਹਰਿਭਜਨ ਸਿੰਘ ਤੇ ਤਾਰਾ ਸਿੰਘ ਵਰਗੇ ਮਹਾਂਰਥੀ ਕਰਨ, ਉਹਦੀ ਕਲਮ ਦੇ ਦਮ ਬਾਰੇ ਸ਼ੱਕ ਦੀ ਗੁੰਜਾਇਸ਼ ਕਿਥੇ ਰਹਿ ਜਾਂਦੀ ਹੈ। ਰੁਪਾਣਾ 'ਨਚਾਰ' ਤੇ ਇਹਦੇ ਮੂੰਹੋਂ ਸੁਣੀਆਂ ਹੋਰ ਰਚਨਾਵਾਂ ਦੀ ਵਡਿਆਈ ਕਰਦਾ।

ਫੇਰ ਇਹ ਪਟਿਆਲੇ ਕੁਛ ਖਿਡਾਰੀਆਂ ਨਾਲ ਹੋਏ ਸਬੱਬੀਂ ਮੇਲ ਮਗਰੋਂ ਉਨ੍ਹਾਂ ਦੇ ਕਲਮੀ ਚਿਤਰ ਲਿਖਣ ਲੱਗਿਆ। ਆਪਣੀ ਇਕ ਕਹਾਵਤ ਹੈ; ਹੈ ਤਾਂ ਕਠੋਰ ਤੇ ਰੁੱਖੀ ਪਰ ਹੈ ਸੱਚੀ। ਅਖੇ, ਸਰੀਕ ਉਜੜਿਆ, ਵਿਹੜਾ ਮੋਕਲਾ! ਖੇਡ-ਲੇਖਕ ਬਣਨ ਮਗਰੋਂ ਵੀ ਜਦੋਂ ਕਦੀ-ਕਦਾਈਂ ਇਹਦੀ ਕਹਾਣੀ ਛਪਦੀ, ਮੈਂ ਕਹਿੰਦਾ, ਚੰਗਾ ਹੋਇਆ, ਸਰਵਣ ਦੀ ਕਲਮ ਖੇਡਾਂ ਵਾਲੇ ਪਾਸੇ ਪੈ ਗਈ! ਇਹਦੀ ਕਹਾਣੀ ਵਿਚ ਏਨੀਂ ਕੁ ਜਾਨ ਹੈ ਸੀ ਕਿ ਇਹਨੇ ਸਾਡੇ, ਆਪਣੇ ਹਾਣੀ ਕਹਾਣੀਕਾਰਾਂ ਦੇ ਸਾਹਮਣੇ ਜਰੀਬ ਸੁੱਟ ਕੇ ਕਹਿਣਾ ਸੀ, ਲਉ ਭਰਾਵੋ, ਮੇਰੇ ਹਿੱਸੇ ਦਾ ਅਸਮਾਨ ਵੰਡ ਕੇ ਮੇਰੇ ਹਵਾਲੇ ਕਰੋ। ਇਹਦੀਆਂ ਲਿਖਤਾਂ ਵਿਚੋਂ ਚਿਉਂਦਾ ਕਥਾ-ਰਸ ਤੇ ਭਾਸ਼ਾ ਉਤੇ ਇਹਦਾ ਕਾਬੂ ਇਹਦੇ ਚੰਗਾ ਕਹਾਣੀਕਾਰ ਹੋਣ ਦੇ ਪ੍ਰਮਾਣ ਹਨ। ਇਹਨੂੰ ਗੱਲ ਤੋਂ ਗਲਪ ਤੇ ਸੁਣੀ-ਦੇਖੀ ਤੋਂ ਕਹਾਣੀ ਬਣਾਉਣ ਦੀ ਕਲਾ ਆਉਂਦੀ ਹੈ। 'ਨਚਾਰ' ਕਹਾਣੀ ਦਾ ਪਿਛੋਕੜ ਬਿਆਨਦਿਆਂ ਇਹ ਬਿਲਕੁਲ ਵੱਖਰੇ ਥਾਂਵਾਂ ਉਤੇ, ਬਿਲਕੁਲ ਵੱਖਰੇ ਪ੍ਰਸੰਗਾਂ ਵਿਚ ਵਾਪਰੀਆਂ ਘਟਨਾਵਾਂ ਅਤੇ ਵੱਖ ਵੱਖ ਦੇਖੇ ਹੋਏ ਦ੍ਰਿਸ਼ਾਂ ਬਾਰੇ ਦਸਦਾ ਹੈ ਕਿਵੇਂ ਇਹਨੇ ਇਹ ਸਭ ਕੁਛ ਇਸ ਕਹਾਣੀ ਦੀ ਇਕ ਲੜੀ ਵਿਚ ਲਿਆ ਪਰੋਇਆ। ਕਹਾਣੀ ਤਾਂ ਹੈ ਹੀ ਅਸਬੰਧਤ ਘਟਨਾਵਾਂ ਨੂੰ ਇਕੋ ਲੜੀ ਵਿਚ ਪਰੋਣ ਅਤੇ ਕਈ ਬੰਦਿਆਂ ਦੇ ਸੁਭਾਵਾਂ ਦੇ ਟੋਟੇ ਲੈ ਕੇ ਇਕ ਪੂਰਾ ਪਾਤਰ ਸਿਰਜਣ ਦੀ ਕਲਾ।

ਸੱਤ-ਅੱਠ ਸਾਲ ਮਗਰੋਂ 'ਆਰਸੀ' ਵਿਚ ਹੀ ਇਹਦੀ ਕਹਾਣੀ 'ਬੁੱਢਾ ਤੇ ਬੀਜ' ਛਪੀ। ਖੇਤੀਬਾੜੀ ਯੂਨੀਵਰਸਿਟੀ ਦੇ ਨਵੇਂ ਵਿਕਸਿਤ ਕੀਤੇ ਕਣਕ ਦੇ ਬੀ ਦੀ ਪ੍ਰਤੀ ਕਿਸਾਨ ਚਾਰ ਕਿਲੋ ਦੀ ਥੈਲੀ ਕਿਵੇਂ ਨਾ ਕਿਵੇਂ ਹਾਸਲ ਕਰਨ ਲਈ ਲੋੜਵੰਦਾਂ ਦੀਆਂ ਭੀੜਾਂ ਜੁੜੀਆਂ ਹੋਈਆਂ ਹਨ। ਖਿੱਚ-ਧੂਹ ਤੇ ਧੱਕਮਧੱਕੇ ਵਾਲੀ ਇਸ ਜੱਦੋਜਹਿਦ ਵਿਚ ਇਕ ਬਜ਼ੁਰਗ ਵੀ ਸ਼ਾਮਲ ਹੈ। ਸੱਤਰ-ਅੱਸੀ ਸਾਲ ਦੀ ਸਿਵਿਆਂ ਨੂੰ ਜਾਣ ਵਾਲੀ ਬਿਰਧ ਉਮਰ, ਘਸਮੈਲੇ ਕੱਪੜੇ, ਬੱਗੀ ਦਾੜ੍ਹੀ, ਜਟੂਰੀਆਂ ਪੱਗ ਦੇ ਪੇਚਾਂ ਵਿਚੋਂ ਬਾਹਰ ਨਿਕਲੀਆਂ ਹੋਈਆਂ, ਮੋਢੇ ਝੋਲਾ ਤੇ ਲੋਕਾਂ ਦੀਆਂ ਟਿੱਚਰਾਂ ਦਾ ਨਿਸ਼ਾਨਾ। ਧੱਕੇ ਨਾਲ ਡਿਗਦਾ ਹੈ ਪਰ ਫੇਰ ਕਤਾਰ ਵਿਚ ਫਸ ਜਾਂਦਾ ਹੈ। ਜ਼ੋਰ ਦਾ ਇਕ ਹੋਰ ਧੱਕਾ ਪੈਂਦਾ ਹੈ ਤਾਂ ਉਹ ਕਤਾਰ ਵਿਚੋਂ ਬਾਹਰ ਗੋਡਣੀਏਂ ਜਾ ਡਿਗਦਾ ਹੈ। ਉਹਦੀ ਐਨਕ ਡਿੱਗ ਪੈਂਦੀ ਹੈ ਜਿਸ ਨੂੰ ਉਹ ਭੋਇੰ ਉਤੇ ਹੱਥ ਮਾਰ ਕੇ ਭਾਲਦਾ ਹੈ।

ਮੈਂ-ਪਾਤਰ ਉਹਨੂੰ ਖੜ੍ਹਾ ਹੋਣ ਵਿਚ ਮਦਦ ਕਰ ਕੇ ਡਰ ਸਾਂਝਾ ਕਰਦਾ ਹੈ ਕਿ ਮੈਨੂੰ ਨਹੀਂ ਲਗਦਾ, ਤੁਸੀਂ ਸਿਰੇ ਲੱਗ ਸਕੋਂਗੇ ਕਿਉਂਕਿ ਧੱਕੇ ਅਜੇ ਹੋਰ ਵੀ ਪੈਣਗੇ। ਪਰ ਉਹ ਅਡੋਲ ਆਖਦਾ ਹੈ, "ਇਹ ਗੱਲ ਤੂੰ ਮੇਰੇ 'ਤੇ ਛੱਡ ਦੇ, ਬੀ ਤਾਂ ਮੈਂ ਲੈ ਕੇ ਹੀ ਮੁੜੂੰ!" ਕਹਾਣੀ ਪੜ੍ਹ ਕੇ ਉਹ ਬਜ਼ੁਰਗ ਮੈਨੂੰ ਅਰਨੈਸਟ ਹੈਮਿੰਗਵੇ ਦੇ ਨਾਵਲ 'ਬੁੱਢਾ ਤੇ ਸਮੁੰਦਰ' ਦੇ ਨਾਇਕ ਸਾਂਤਿਆਗੋ ਦਾ ਜੌੜਾ ਭਰਾ ਲਗਦਾ ਹੈ। ਕਹਾਣੀ ਦਾ ਹੈਮਿੰਗਵੇ ਦੇ ਨਾਵਲ ਵਰਗਾ ਨਾਂ 'ਬੁੱਢਾ ਤੇ ਬੀਜ' ਦਸਦਾ ਹੈ ਕਿ ਸਰਵਣ ਨੂੰ ਵੀ ਅਜਿਹਾ ਹੀ ਲੱਗਿਆ ਸੀ। ਇਹ ਗੱਲ ਮਗਰੋਂ ਇਹਨੇ ਵੀ ਦੱਸੀ ਕਿ ਕਿੰਨੇ ਹੀ ਦਿਨ ਉਹ ਬਾਬਾ ਇਹਦੇ ਮਨ ਉਤੇ ਸਾਂਤਿਆਗੋ ਵਾਂਗ ਛਾਇਆ ਰਿਹਾ।

**(ਚਲਦਾ)**



***ਇਕ ਖੇਡ ਮੇਲੇ 'ਚ ਮਿਲੇ ਸਨਮਾਨ ਦੇ ਨਾਲ ਪ੍ਰਿੰ. ਸਰਵਣ ਸਿੰਘ (ਐਨ ਸੱਜੇ)***

## ਕਾਵਿ-ਜਗਤ

### ਤੇਰੇ ਸ਼ਹਿਰ ਵਿਚ

ਮਨੁੱਖੀ ਮਾਸ ਸੜਨ ਦਾ ਮੁਸ਼ਕ ਅਜੇ ਤੱਕ ਵੀ ਆਉਂਦਾ ਹੈ,
ਬੇਸ਼ੱਕ ਹਰ ਰੋਜ਼ ਖਿੜਦੇ ਨੇ ਗ਼ੁਲਾਬ, ਤੇਰੇ ਸ਼ਹਿਰ ਵਿਚ।
ਮਸੂਮ ਚਿੜੀਆਂ ਸਹਿਮੀਆਂ ਬੈਠੀਆਂ ਨੇ ਆਲ੍ਹਣਿਆਂ ਵਿਚ,
ਬੇ-ਖ਼ੌਫ ਉਡਦੇ ਨੇ ਸ਼ਿਕਰੇ, ਓਕਾਬ, ਤੇਰੇ ਸ਼ਹਿਰ ਵਿਚ।

ਤਕੜੇ ਦਾ ਸੱਤੀਂ ਵੀਹੀਂ ਸੌ ਹੈ, ਕੋਈ ਪੁੱਛਣ ਵਾਲਾ ਨਹੀਂ,
ਹਮਾਤੜਾਂ ਕੋਲੋਂ ਮੰਗਦੇ ਨੇ ਹਿਸਾਬ, ਤੇਰੇ ਸ਼ਹਿਰ ਵਿਚ।
ਸੱਚੇ ਸੁੱਚੇ ਇਸ਼ਕ ਦੀ ਕਦੇ ਕੰਨੀ ਕੰਨ-ਸੋਅ ਨਾ ਪਈ,
ਭਾਵੇਂ ਅੱਜ ਵੀ ਵਗਦਾ ਏ ਚਨਾਬ, ਤੇਰੇ ਸ਼ਹਿਰ ਵਿਚ।

'ਲੰਡਾ ਲੁੱਚਾ ਚੌਧਰੀ, ਗ਼ੁੰਡੀ ਰੰਨ ਪ੍ਰਧਾਨ' ਇਹ ਸੱਚ ਹੈ,
ਭਲੇਮਾਣਸਾਂ ਲਈ ਬਣੇ ਨੇ ਅਜ਼ਾਬ, ਤੇਰੇ ਸ਼ਹਿਰ ਵਿਚ।
ਜੁਗਾਂ ਜੁਗਾਂਤਰਾਂ ਦੀ ਸੱਚਾਈ ਦਾ ਇਹ ਅਤੁੱਟ ਖਜ਼ਾਨਾ ਹੈ,
ਦੱਸਦੇ ਨੇ ਜਿਸ ਨੂੰ ਇਕ ਕਿਤਾਬ, ਤੇਰੇ ਸ਼ਹਿਰ ਵਿਚ।

ਸੱਚ ਦੇ ਪਾਂਧੀ ਨੇ ਜਿਨ੍ਹਾਂ ਤੋਂ ਸਾਡਾ ਪੱਲਾ ਛੁਡਾਇਆ ਸੀ,
ਅੱਜ ਫੇਰ ਨੇ ਲੋਕਾਂ ਲਈ ਅਜ਼ਾਬ, ਤੇਰੇ ਸ਼ਹਿਰ ਵਿਚ।
ਲੋਕਾਈ ਦੀ ਕਿਰਤ ਤੇ ਪਲਣ ਵਾਲਾ ਵਿਹਲੜਾਂ ਦਾ ਟੋਲਾ,
ਬਣਿਆ ਫਿਰਦੈ ਸੰਤ, ਬਾਬੇ, ਸਾਧ, ਤੇਰੇ ਸ਼ਹਿਰ ਵਿਚ।

ਜਮਨਾ ਤੋਂ ਖੈਬਰ ਤੱਕ ਗਹਿਗੱਚ ਠਹਿਕਣ ਵਾਲਾ ਕਦੇ,
ਸੁੰਗੜਦਾ ਸੁੰਗੜ ਗਿਆ ਏ ਪੰਜਾਬ, ਤੇਰੇ ਸ਼ਹਿਰ ਵਿਚ।
ਅਜੈਬ ਘਰਾਂ 'ਚ ਨਕਸ਼ਿਆਂ ਦਾ ਸ਼ਿੰਗਾਰ ਬਣ ਕੇ ਰਹਿ ਜਾਣੈ,
ਪੁਆਧ, ਮਾਝਾ, ਮਾਲਵਾ, ਦੁਆਬ, ਤੇਰੇ ਸ਼ਹਿਰ ਵਿਚ।

ਗ਼ਰੀਬਾਂ ਦੀਆਂ ਝੁੱਗੀਆਂ ਵਿਚ ਤਾਂ ਹਨੇਰਾ ਹੀ ਹਨੇਰਾ ਹੈ,
ਭਾਵੇਂ ਜਗਦੇ ਨੇ ਲਾਟੂ ਬੇ-ਹਿਸਾਬ, ਤੇਰੇ ਸ਼ਹਿਰ ਵਿਚ।
ਭੁੱਖ, ਗਰੀਬੀ, ਬੇਕਾਰੀ, ਬੇਵਸੀ ਨਾਲ ਜਨਤਾ ਘੁਲ ਰਹੀ ਹੈ,
ਸੁਣਦਾ ਨੀਂ ਕਿਤੇ ਕੋਈ ਫਰਿਆਦ, ਤੇਰੇ ਸ਼ਹਿਰ ਵਿਚ।

ਲੋਕਾਂ ਦੀ ਕਚਹਿਰੀ 'ਚ ਜਿਸ ਵਕਤ ਤਲਬ ਕੀਤੇ ਜਾਉਗੇ,
ਦਿਤਾ ਨੀਂ ਜਾਣਾ ਕਿਸੇ ਤੋਂ ਜਵਾਬ, ਤੇਰੇ ਸ਼ਹਿਰ ਵਿਚ।
ਕੱਖ ਕਾਨੇ ਤਾਂ ਰੁੜ੍ਹਨੇ ਹੀ ਰੁੜ੍ਹਨੇ ਹਨ ਮੀਂਹਾਂ ਦੇ ਪਾਣੀ 'ਚ,
ਰੁੜ੍ਹਨਗੇ ਸ਼ਤੀਰ ਵੀ ਅੱਗੇ ਸੈਲਾਬ, ਤੇਰੇ ਸ਼ਹਿਰ ਵਿਚ।

ਇਕ ਨਾ ਇਕ ਦਿਨ ਮੱਕਾਰ ਚਿਹਰੇ ਨੰਗੇ ਹੋਣੇ ਹੀ ਹੋਣੇ ਨੇ,
ਹਵਾ 'ਚ ਵੇਖੀਂ ਉਡਣੇ ਨੇ ਨਕਾਬ, ਤੇਰੇ ਸ਼ਹਿਰ ਵਿਚ।
ਸੱਚਾਈ ਦਾ ਸੂਰਜ ਜਦ ਕਦੇ ਵੀ ਚਮਕਿਆ ਅਕਾਸ਼ ਵਿਚ,
'ਚੰਨ' ਝੱਲਣੀ ਨਹੀਂ ਕਿਸੇ ਨੇ ਤਾਬ, ਤੇਰੇ ਸ਼ਹਿਰ ਵਿਚ।

***-ਚੰਨ, ਫੋਨ: 908-788-8427***

### ਸਾਗ

ਤੋੜ-ਤੋੜ ਕੇ ਗੰਦਲਾਂ,
ਮਾਂ ਨੇ ਸਾਗ ਬਣਾਇਆ।
ਦਾਤੀ ਨਾਲ ਚੀਰ ਕੇ
ਫਿਰ ਵਿਚ ਤੌੜੀ ਦੇ ਪਾਇਆ।
ਪਾਲਕ, ਮੇਥੇ, ਬਾਥੂ, ਲਸਣ
ਤੇ ਅਦਰਕ ਵੀ ਹੈ ਪਾਇਆ।
ਮੱਠੀ-ਮੱਠੀ ਅੱਗ 'ਤੇ ਰੱਖ
ਚੁੱਲ੍ਹੇ ਉਤੇ ਬਣਾਇਆ।
ਤੋੜ-ਤੋੜ ਕੇ ਗੰਦਲਾਂ,
ਮਾਂ ਨੇ ਸਾਗ ਬਣਾਇਆ।

ਤੌੜੀ ਦੇ ਵਿਚ ਫੇਰ ਘੋਟਣੀ,
ਆਲਣ ਮੱਕੀ ਦੇ ਆਟੇ ਦਾ ਪਾਇਆ।
ਖਾਧਾ ਵਿਚ ਪਾ ਕੇ ਮੱਖਣ,
ਸਵਾਦ ਬੜਾ ਹੀ ਆਇਆ।
ਤੋੜ-ਤੋੜ ਕੇ ਗੰਦਲਾਂ,
ਮਾਂ ਨੇ ਸਾਗ ਬਣਾਇਆ।

ਦੂਜੇ ਦਿਨ ਸਕੂਲ ਵਾਸਤੇ,
ਵਿਚ ਟਿਫਨ ਦੇ ਪਾਇਆ।
ਯਾਰਾਂ ਦੋਸਤਾਂ ਨਾਲ ਰਲ
ਖਾ ਕੇ ਸਵਾਦ ਬੜਾ ਹੀ ਆਇਆ।
ਮੈਂ ਸਹਿਜ, ਸਿਮਰ ਅਤੇ ਸੁਮੇਰ
ਸਭ ਨੂੰ ਕੋਲ ਬੁਲਾਇਆ।
ਤੋੜ-ਤੋੜ ਕੇ ਗੰਦਲਾਂ,
ਮਾਂ ਨੇ ਸਾਗ ਬਣਾਇਆ।

ਸਰਦੀਆਂ ਵਿਚ ਇਸ ਨੂੰ
ਹਰ ਕੋਈ ਖਾਣਾ ਚਾਹੇ।
ਸਬਜ਼ੀ ਕੋਈ ਹੋਰ ਇਸ ਰੁੱਤੇ
ਨਾ ਮਨ ਨੂੰ ਸੱਚੀਂ ਭਾਵੇ।
ਸਰਦੀਆਂ ਦਾ ਤੋਹਫਾ ਇਹ,
ਕੁਦਰਤ ਨੇ ਆਪ ਬਣਾਇਆ।
ਤੋੜ-ਤੋੜ ਕੇ ਗੰਦਲਾਂ,
ਮਾਂ ਨੇ ਸਾਗ ਬਣਾਇਆ।

***-ਜਸਦੀਪ ਸਿੰਘ ਖੰਨਾ***
***ਫੋਨ: 91-94630-57786***

## ਆਵਾਗਵਣ ਵਿਚਾਰਧਾਰਕ ਸੁਪਨਸਾਜ਼ੀ ਦੇ ਖਤਰੇ-3

# ਮਨੁੱਖ ਹੋਣ ਦਾ ਸਵਾਲ ਅਤੇ ਚਿੰਤਕ

***ਰੂਸੀ ਇਨਕਲਾਬ ਦੇ ਆਗੂ ਲਿਓਨ ਤ੍ਰਾਤਸਕੀ ਬਾਰੇ ਚੱਲ ਰਹੀ ਬਹਿਸ ਦੌਰਾਨ ਅਸੀਂ ਪ੍ਰਭਸ਼ਰਨਦੀਪ ਸਿੰਘ ਦੇ ਵਿਚਾਰ ਛਾਪੇ ਸਨ। ਆਪਣੇ ਇਸ ਲੇਖ ਵਿਚ ਪ੍ਰਭਸ਼ਰਨਦੀਪ ਸਿੰਘ ਨੇ ਪਹਿਲਾਂ ਛਪੇ ਇਕ ਲੇਖ ਦੇ ਆਧਾਰ 'ਤੇ ਗੁਰਦਿਆਲ ਸਿੰਘ ਬੱਲ ਉਤੇ ਬੜੇ ਤਿੱਖੇ ਵਿਅੰਗ-ਬਾਣ ਚਲਾਏ ਸਨ। ਜਵਾਬ ਵਿਚ ਗੁਰਦਿਆਲ ਸਿੰਘ ਬੱਲ ਨੇ ਲੰਮਾ ਪ੍ਰਤੀਕਰਮ ਲਿਖ ਭੇਜਿਆ ਹੈ। ਇਸ ਲੇਖ ਵਿਚ ਸੰਸਾਰ ਪੱਧਰ ਉਤੇ ਚੱਲੇ ਵਿਚਾਰਧਾਰਕ ਭੇੜਾਂ ਬਾਰੇ ਵੀ ਭਰਪੂਰ ਚਰਚਾ ਹੈ। ਸੰਸਾਰ ਭਰ ਵਿਚ ਚੱਲੀਆਂ ਅਹਿਮ ਬਹਿਸਾਂ ਵਿਚ ਵੀ ਸਾਰਾ ਜ਼ੋਰ, ਜ਼ਿੰਦਗੀ ਨੂੰ ਸੁਹਾਵਣੀ ਬਣਾਉਣ ਵੱਲ ਸੇਧਤ ਰਿਹਾ ਹੈ। ਪੇਸ਼ ਹੈ, ਲੇਖ ਦਾ ਅਗਲਾ ਤੇ ਆਖਰੀ ਹਿੱਸਾ। ਸਪਸ਼ਟ ਕਰ ਦਈਏ, ਲੇਖਕ ਦੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਲੇਖ ਦੇ ਪ੍ਰਤੀਕਰਮ ਵਿਚ ਆਏ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ***

ਹੁੰਦਾ ਇਹ ਹੈ ਕਿ ਪਹਿਲੇ ਵਿਸ਼ਵ ਯੁੱਧ ਵਿਚ ਤੁਰਕੀ ਦੀ ਹਾਰ ਜਾਂ ਕਮਜ਼ੋਰੀ ਤੋਂ ਉਤਸ਼ਾਹਿਤ ਹੋ ਕੇ ਯੂਨਾਨ ਦੇ ਕੁਝ ਸਿਆਸਤਦਾਨਾਂ ਦੇ ਮਨਾਂ ਵਿਚ ਪ੍ਰਾਚੀਨ ਯੂਨਾਨ ਦੀਆਂ ਸ਼ਾਨਾਂ ਮੁੜ ਬਹਾਲ ਕਰਦਿਆਂ ਸਮਿਰਨਾ ਸਮੇਤ ਏਸ਼ੀਅਨ ਮਾਈਨਰ ਦੇ ਇਸਾਈ ਬਹੁਗਿਣਤੀ ਵੱਸੋਂ ਵਾਲੇ ਸਾਰੇ ਖਿੱਤੇ ਨੂੰ ਗਰੇਟਰ ਯੂਨਾਨ ਦੀਆਂ ਹੱਦਾਂ ਵਿਚ ਸੰਮਿਲਿਤ ਕਰ ਲੈਣ ਦਾ ਖੁਆਬ ਅੰਗੜਾਈਆਂ ਲੈਣ ਲੱਗਦਾ ਹੈ। ਇਸਾਈ ਜਗਤ ਦੇ ਫਿਓਦੋਰ ਦਾਸਤੋਵਸਕੀ ਸਮੇਤ ਅਨੇਕ ਚਿੰਤਕ ਲੰਮੇਂ ਸਮੇਂ ਤੋਂ ਕਸਤੁਨਤੁਨੀਆਂ ਨੂੰ ਤੁਰਕਾਂ ਤੋਂ ਮੁਕਤ ਕਰਵਾਉਣ ਲਈ ਤਰਲੋਮੱਛੀ ਹੁੰਦੇ ਆ ਰਹੇ ਸਨ। ਸਦੀਆਂ ਤੱਕ ਇਸ ਖਤਰਨਾਕ ਸੁਪਨਸਾਜ਼ ਮੁਹਿੰਮ ਦੇ



**ਗੁਰਦਿਆਲ ਬੱਲ (ਕੈਨੇਡਾ)**
**ਫੋਨ: 647-982-6091**

ਮੋਹਰੀ ਰੂਸੀ ਜ਼ਾਰ ਬਣੇ ਰਹੇ ਸਨ। ਪ੍ਰੰਤੂ ਪਹਿਲੇ ਵਿਸ਼ਵ ਯੁੱਧ ਦੌਰਾਨ ਇਸ ਬਚਗਾਨਾ ਸੁਪਨਸਾਜ਼ੀ ਦਾ ਮੋਹਰੀ ਵਾਹਕ ਬਰਤਾਨੀਆਂ ਦਾ ਚਰਚਿਤ ਪ੍ਰਧਾਨ ਮੰਤਰੀ ਲਾਰਡ ਲਾਇਡ ਜਾਰਜ ਬਣ ਜਾਂਦਾ ਹੈ। ਹੋਰ ਵੀ ਮਾੜੀ ਗੱਲ ਉਦੋਂ ਹੁੰਦੀ ਹੈ ਜਦੋਂ ਲਾਇਡ ਜਾਰਜ ਨੂੰ ਅਤਿਅੰਤ ਵਿਨਾਸ਼ਕਾਰੀ ਸਾਬਤ ਹੋਣ ਵਾਲੇ ਇਸ ਖੁਆਬ ਨੂੰ ਅਮਲੀ ਰੂਪ ਦੇਣ ਲਈ ਯੂਨਾਨੀ ਸਿਆਸਤਦਾਨਾਂ ਵਿਚੋਂ ਇਲਿਫਥੇਰੀਓਸ ਵੇਨੀਜੇਲੋਜ਼ ਵਰਗਾ ਕ੍ਰਿਸ਼ਮਈ ਸੰਭਾਵਨਾਵਾਂ ਵਾਲਾ ਸਿਆਸਤਦਾਨ ਵੀ ਮਿਲ ਜਾਂਦਾ ਹੈ।

ਪਹਿਲੇ ਵਿਸ਼ਵ ਯੁੱਧ ਦੇ ਅਖੀਰ ਤੱਕ ਯਾਨਿ ਸਾਲ 1918 ਤੱਕ ਆਟੋਮਾਨ ਤੁਰਕਾਂ ਦੀ ਸਲਤਨਤ ਬਿਖਰ ਚੁੱਕੀ ਹੈ। ਸਰਬੀਆ, ਬਲਗਾਰੀਆ ਅਤੇ ਯੂਰਪੀ ਬਲਕਾਨ ਏਰੀਏ ਦੇ ਕਈ ਖਿੱਤੇ ਪਹਿਲਾਂ ਹੀ ਤੁਰਕਾਂ ਹੱਥੋਂ ਮੁਕਤ ਹੋ ਚੁੱਕੇ ਹੋਏ ਸਨ। ਇਰਾਕ, ਸੀਰੀਆ, ਲਿਬਨਾਨ ਅਤੇ ਫਲਸਤੀਨ ਆਦਿ ਆਟੋਮਾਨ ਸਲਤਨਤ ਦੇ ਪ੍ਰਾਂਤਾਂ ਨੂੰ ਬਰਤਾਨਵੀ ਅਤੇ ਫਰਾਂਸੀਸੀ ਸਾਮਰਾਜੀ ਧਿਰਾਂ ਆਪਣੇ ਪ੍ਰਭਾਵ ਖੇਤਰਾਂ ਵਜੋਂ ਵੰਡ ਕੇ ਬੈਠ ਚੁੱਕੀਆਂ ਹਨ। ਕਮਾਲ ਪਾਸ਼ਾ ਦੀ ਅਗਵਾਈ ਵਿਚ ਤੁਰਕ ਆਪਣੇ ਕੋਰ ਖੇਤਰਾਂ ਨੂੰ ਬਚਾਈ ਰੱਖਣ ਲਈ ਸਿਰ-ਧੜ ਦੀ ਬਾਜ਼ੀ ਲਗਾ ਕੇ ਜੂਝ ਰਹੇ ਹਨ। ਐਨ ਇਸ ਮੋੜ ਤੇ, ਯਾਨਿ ਸਾਲ 1919 'ਚ ਆ ਕੇ ਲਾਇਡ ਜਾਰਜ ਦੀ ਸਰਗਰਮ ਹੱਲਾਸ਼ੇਰੀ ਨਾਲ ਵੇਨੀਜੇਲੋਸ ਅਤੇ ਉਸ ਦੇ ਹੋਰ ਸਾਥੀ ਤੁਰਕੀ ਦੇ ਇਸਾਈ ਬਹੁਗਿਣਤੀ ਖੇਤਰਾਂ ਏਸ਼ੀਆ ਮਾਈਨਰ, ਖਾਸ ਕਰਕੇ ਸਮਿਰਨਾ ਨੂੰ ਯੂਨਾਨ ਵਿਚ ਸ਼ਾਮਲ ਕਰਨ ਲਈ ਆਪਣੀ ਬਦਨਸੀਬ ਮੁਹਿੰਮ ਵਿੱਢ ਲੈਂਦੇ ਹਨ।

ਪਿਛਲੇ ਅੰਕ ਵਿਚ ਅਸੀਂ ਪੁਸਤਕ 'ਪੈਰਾਡਾਈਜ਼ ਲੌਸਟ: ਸਮਿਰਨਾ 1922' ਦਾ ਜ਼ਿਕਰ ਕੀਤਾ ਸੀ ਜਿਸ ਦੇ ਪੰਨਾ 36 ਉਪਰ ਗਾਈਲਜ਼ ਮਿਲਟਨ ਨੇ ਉਘੇ ਦਾਰਸ਼ਨਿਕ ਇਤਿਹਾਸਕਾਰ ਆਰਨੋਲਡ ਟਾਇਨਬੀ ਦੇ ਸ਼ਬਦਾਂ ਵਿਚ ਇਤਿਹਾਸ ਦੇ ਇਸ ਮੋੜ ਉਪਰ ਲਾਇਡ ਜਾਰਜ ਦੀ ਸੁਪਨਸਾਜ਼ੀ ਨੂੰ ਇਨ੍ਹਾਂ ਸ਼ਬਦਾਂ ਵਿਚ ਰਿਕਾਰਡ ਕਰਦਾ ਹੈ,

"ਅਜੋਕੇ ਯੂਨਾਨੀਆਂ ਨੂੰ ਪ੍ਰਾਚੀਨ ਯੂਨਾਨ ਦੇ ਯੋਧਿਆਂ ਅਤੇ ਚਿੰਤਕਾਂ ਦੇ ਵਾਰਸ ਮੰਨ ਕੇ ਮੁਸਲਮਾਨਾਂ ਨਾਲ ਝਗੜੇ ਵਿਚ ਉਨ੍ਹਾਂ ਦੀ ਬੇਲੋੜੀ ਹਮਾਇਤ ਕਰਨਾ ਲਾਇਡ ਜਾਰਜ ਦੀ ਸ਼ੇਖਚਿਲੀ ਵਾਲੀ ਬਚਗਾਨਾ ਇੱਲਤ ਸੀ ਜਿਸ ਨੇ ਦੇਰ ਸਵੇਰ ਅੰਤਿਮ ਨਤੀਜੇ ਦੇ ਤੌਰ 'ਤੇ ਇਸ ਅੰਗਰੇਜ਼ ਆਗੂ ਦਾ ਬੇੜਾ ਤਾਂ ਗਰਕ ਕਰਨਾ ਹੀ ਕਰਨਾ ਸੀ, ਸਮਿਰਨਾ ਵਰਗੇ ਸਵਰਗੀ ਟਾਪੂ ਤੇ ਸਦੀਆਂ ਤੋਂ ਅਨੰਦ ਭੋਗ ਰਹੇ ਲੱਖਾਂ ਇਸਾਈਆਂ, ਯਹੂਦੀਆਂ, ਯੂਨਾਨੀਆਂ ਤੇ ਆਰਮੀਨੀਅਨਾਂ ਲਈ ਵੀ ਕਹਿਰ ਬਰਸਾ ਦੇਣਾ ਸੀ।"

ਇਲੈਫਥੇਰੀਓਸ ਵੇਨੀਜੇਲੋਸ ਯੂਨਾਨੀ ਟਾਪੂ ਕਰੀਟ ਦਾ ਜੰਮਪਲ ਸੀ। ਉਹ ਖੁਦ ਕਰੀਟ ਦੇ ਅਮੀਰ ਅਤੇ ਮਾਣਮੱਤੇ ਜਗੀਰਦਾਰਾਂ ਦਾ ਪੁੱਤਰ ਸੀ। ਕਰੀਟ ਦੀ ਮੁਕਤੀ ਦੇ ਸੰਗਰਾਮ ਵਿਚ ਉਸ ਦੇ ਪਰਿਵਾਰ ਨੇ ਮੋਹਰੀ ਭੂਮਿਕਾ ਨਿਭਾਈ ਸੀ। ਉਸ ਦਾ ਪਿਤਾ ਮੁਕਤੀ ਸੰਗਰਾਮ ਵਿਚ ਜ਼ਖਮੀ ਹੋਇਆ ਸੀ ਅਤੇ ਉਸ ਦੇ ਤਿੰਨ ਸਕੇ ਚਾਚੇ ਮਾਰੇ ਗਏ ਸਨ। ਵੇਨੀਜੇਲੋਸ ਖੁਦ ਸੋਲਾਂ ਕਲਾਂ ਸੰਪੂਰਨ ਸਖਸ਼ੀਅਤ ਦਾ ਮਾਲਕ ਸੀ ਅਤੇ ਲਾਇਡ ਜਾਰਜ ਨੂੰ ਉਸ ਦੀ ਹਸਤੀ ਵਿਚ 'ਪੁਰਾਣੀ ਅੰਜੀਲ ਦੇ ਪੈਗੰਬਰਾਂ' ਦੀ ਪ੍ਰਛਾਈਂ ਦਿਸੀ ਜਾ ਰਹੀ ਸੀ। ਦੁਖਾਂਤ ਕੇਵਲ ਇਤਨਾ ਸੀ ਕਿ ਲਾਇਡ ਜਾਰਜ ਅਤੇ ਵੇਨੀਜੇਲੋਸ-ਦੋਵਾਂ ਨੂੰ ਇਸ ਗੱਲ ਦਾ ਜ਼ਰਾ ਭਰ ਵੀ ਅਹਿਸਾਸ ਨਹੀਂ ਸੀ ਕਿ ਸਮੇਂ ਬਦਲ ਗਏ ਸਨ, ਤਾਕਤਾਂ ਦਾ ਤਵਾਜ਼ਨ ਬਦਲ ਚੁੱਕਾ ਸੀ, ਸਾਲ 1920-22 ਤੱਕ ਤੁਰਕ ਕਮਾਲ ਪਾਸ਼ਾ ਦੀ ਕ੍ਰਿਸ਼ਮਈ ਰਹਿਨੁਮਾਈ ਵਿਚ ਨਵੇਂ ਸਿਰੇ ਤੋਂ ਸੰਭਲ ਚੁਕੇ ਸਨ। ਹੁਣ ਉਨ੍ਹਾਂ ਤੋਂ ਏਸ਼ੀਆ ਮਾਈਨਰ ਦਾ ਖਿੱਤਾ ਖੋਹ ਸਕਣਾ ਕਿਵੇਂ ਵੀ ਅਸਾਨ ਨਹੀਂ ਸੀ।

ਗਾਈਲਜ਼ ਮਿਲਟਨ ਨੇ ਸਮਿਰਨਾ ਦੀ ਬਰਬਾਦੀ ਦੀ ਐਪਿਕ ਇਸ ਤਰੀਕੇ ਨਾਲ ਸੁਣਾਈ ਹੈ ਕਿ ਪੁਸਤਕ ਨੂੰ ਪੜ੍ਹ ਕੇ ਆਦਮੀ ਦੀ ਰੂਹ ਧੁਰ ਅੰਦਰ ਤੱਕ ਕੰਬਿਆ ਕੇ ਰਹਿ ਜਾਂਦੀ ਹੈ। ਸਮਿਰਨਾ ਦੀ ਤਬਾਹੀ ਤੋਂ ਅਗਲੇ ਹਫਤੇ ਹੀ ਲਾਇਡ ਜਾਰਜ ਦੀ ਬਰਤਾਨੀਆ ਦੇ ਪ੍ਰਧਾਨ ਮੰਤਰੀ ਵਜੋਂ ਗੱਦੀ ਜਾਂਦੀ ਰਹੀ ਸੀ। ਇਤਿਹਾਸ ਨੇ ਯੂਨਾਨ ਬਾਰੇ ਉਸ ਦੀ ਨੀਤੀ ਬੁਰੀ ਤਰ੍ਹਾਂ ਦੀਵਾਲੀਆ ਸਾਬਤ ਕਰ ਦਿੱਤੀ ਸੀ। ਦੋ ਕੁ ਮਹੀਨੇ ਪਹਿਲਾਂ ਆਪਣੇ ਸਮੇਂ ਦੇ ਉਘੇ ਖਾੜਕੂ ਅਤੇ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਬਹੁਤ ਕਰੀਬ ਰਹੇ ਅਮਰੀਕ ਸਿੰਘ ਦੇ ਘਰ ਬੈਠਿਆਂ ਮੈਂ ਸਮਿਰਨਾ ਬਾਰੇ ਲਾਇਡ ਜਾਰਜ ਅਤੇ ਕਮਾਲ ਪਾਸ਼ਾ ਦੀਆਂ



*ਮੁਸਤਾਕ ਪਾਸ਼ਾ*

ਕਰਤੂਤਾਂ ਦੀ ਕਹਾਣੀ ਸੁਣਾਈ ਤਾਂ ਉਸ ਦਾ ਪੈਂਦਿਆਂ ਹੀ ਤੱਤ ਭੜੱਤਾ ਪ੍ਰਤੀਕਰਮ ਇਹ ਸੀ ਕਿ ਇਹ ਕਿਤਾਬ ਕਰਮਜੀਤ ਸਿੰਘ ਅਤੇ ਕਾਮਰੇਡ ਅਜਮੇਰ ਸਿੰਘ ਵਰਗੇ ਸੱਜਣਾਂ ਨੂੰ ਵੀ ਪੜ੍ਹਾਈ ਜਾਣੀ ਚਾਹੀਦੀ ਹੈ।

ਲਾਇਡ ਜਾਰਜ ਅਤੇ ਵੇਨੀਜੇਲੋਸ ਦੀ ਸ਼ੇਖਚਿਲੀਅਨ ਸ਼ੇਖੀਖੋਰ ਸੁਪਨਸਾਜ਼ ਰਾਜਨੀਤੀ ਦਾ ਖੋਖਲਾਪਣ ਬੜੇ ਹੀ ਪੁਰਸੋਜ਼ ਅੰਦਾਜ਼ ਵਿਚ ਬਿਆਨ ਕੀਤਾ ਹੈ। ਸਮਿਰਨਾ ਦੇ ਸਵਰਗ ਨੂੰ ਨਰਕ ਵਿਚ ਬਦਲਵਾ ਦੇਣ ਲਈ ਇਨ੍ਹਾਂ ਦੋਵਾਂ ਯੁੱਗ ਪੁਰਸ਼ਾਂ ਦੀ ਮਾਅਰਕੇਬਾਜ਼ ਸਿਆਸਤ ਨਿਸ਼ਚੇ ਹੀ ਜ਼ਿੰਮੇਵਾਰ ਸੀ ਪ੍ਰੰਤੂ ਇਸ ਸਾਰੇ ਕਾਸੇ ਦੇ ਬਾਵਜੂਦ ਯੂਨਾਨੀਆਂ ਨੂੰ ਅੰਤਿਮ ਸਿਕਸ਼ਤ ਦੇ ਦੇਣ ਤੋਂ ਬਾਅਦ ਸਮਿਰਨਾ ਦੀ ਬੇਕਸੂਰ ਨਿਹੱਥੀ ਵਸੋਂ ਦਾ ਅਨੇਕਾਂ ਸਫਾਇਆ ਕਰਕੇ ਜੋ ਲਾਅਨਤ ਭਰੀ ਕਰਤੂਤ ਕਮਾਲੀ ਪਾਸ਼ਾ ਨੇ ਕੀਤੀ, ਉਹ ਕਿਵੇਂ ਵੀ ਜਾਇਜ਼ ਨਹੀਂ ਸੀ। ਇਹ ਕਥਾ ਪੜ੍ਹ ਕੇ ਡਰ ਆਉਣ ਲਗ ਜਾਂਦਾ ਹੈ ਕਿ ਅਤਾਤੁਰਕ ਕਮਾਲ ਪਾਸ਼ਾ ਸੈਕੂਲਰ ਮੁਸਲਿਮ ਸੀ ਜਾਂ ਕਿ ਨਿਰਲੱਜ ਰਾਖਸ਼!


ਇਹ ਕਿਤਾਬ ਬਹੁਤ ਹੀ ਜ਼ਰੂਰੀ ਹੈ, ਖਾਸ ਕਰਕੇ 21ਵੀਂ ਸਦੀ ਵਿਚ 18ਵੀਂ ਸਦੀ ਦੇ ਯੋਧਿਆਂ ਵਾਲੀ ਸਪਿਰਟ ਦੀ ਬਹਾਲੀ ਵਰਗੇ ਖੁਆਬ ਲੈਣ ਵਾਲੇ ਸੁਪਨਸਾਜ਼ਾਂ ਨੂੰ ਇਹ ਤ੍ਰਾਸਦਿਕ ਕਥਾ ਸਚਮੁੱਚ ਹਰ ਹਾਲਤ ਵਿਚ ਪੜ੍ਹਨੀ ਚਾਹੀਦੀ ਹੈ।

ਰਾਬਰਟ ਫਿਸਕ ਦੀ 'ਗਰੇਟ ਵਾਰ ਫਾਰ ਸਿਵਿਲਾਈਜ਼ੇਸ਼ਨ' ਸਿਰਲੇਖ ਹੇਠਲੀ ਪੁਸਤਕ ਮੈਂ ਭਾਅ ਜੀ ਕਰਮਜੀਤ ਸਮੇਤ ਜਿਸ ਕਿਸੇ ਨੂੰ ਵੀ ਭੇਜੀ, ਉਸ ਨੂੰ ਕਿਤਾਬ ਦਾ 10ਵਾਂ ਅਤੇ 14ਵਾਂ ਚੈਪਟਰ ਉਚੇਚੇ ਤੌਰ 'ਤੇ ਪੜ੍ਹਨ ਲਈ ਕਹਿੰਦਾ ਰਿਹਾ ਹਾਂ। ਫਿਸਕ ਨੇ 10ਵੇਂ ਕਾਂਡ ਵਿਚ ਜੇਕਰ ਆਰਮੀਨੀਅਨਾਂ ਦੀ ਨਸਲਕੁਸ਼ੀ ਬਾਰੇ ਲਿਖਿਆ ਹੈ ਤਾਂ 14ਵੇਂ ਕਾਂਡ ਵਿਚ ਉਸੇ ਹੀ ਸ਼ਿੱਦਤ ਨਾਲ ਅਲਜੀਰੀਅਨ ਲੋਕਾਂ ਦੀ ਬਰਬਾਦੀ ਦਾ ਬਿਰਤਾਂਤ ਸੁਣਾਇਆ ਹੈ। ਅਲਜੀਰੀਆ ਉਪਰ 19ਵੀਂ ਸਦੀ 'ਚ ਫਰਾਂਸੀਸੀ ਬਸਤੀਵਾਦੀਆਂ ਨੇ ਕਬਜ਼ਾ ਕਰ ਲਿਆ ਸੀ। ਸਾਲ 1954 ਵਿਚ ਅਲਜੀਰੀਅਨ ਕੌਮਪ੍ਰਸਤਾਂ ਨੇ ਫਰਾਂਸ ਵਿਰੁਧ ਲਹੂ ਵੀਟਵਾਂ ਮੁਕਤੀ ਸੰਗਰਾਮ ਸ਼ੁਰੂ ਕਰ ਦਿੱਤਾ। 8 ਵਰ੍ਹਿਆਂ ਦੀ ਖੂਨੀ ਜਦੋਜਹਿਦ ਪਿਛੋਂ ਅਲਜੀਰੀਆ ਨੂੰ ਮੁਕਤੀ ਮਿਲਣ ਤੱਕ 10 ਲੱਖ ਦੇ ਕਰੀਬ ਲੋਕ ਮਾਰੇ ਗਏ। ਇਸੇ ਸੰਗਰਾਮ ਬਾਰੇ ਸਾਲ 1961 ਵਿਚ ਫਰਾਂਜ਼ ਫੈਨਨ ਨੇ 'ਰੈਚਿਡ ਆਫ ਦਾ ਅਰਥ' ਨਾਂ ਦੀ ਕਿਤਾਬ ਲਿਖ ਕੇ ਗੁਲਾਮੀ ਦਾ ਸ਼ਿਕਾਰ ਸਿੱਧੀ ਹੋਈ ਅਤੇ ਸਦੀਆਂ ਤੋਂ ਦੱਬੀ ਕੁਚਲੀ ਚਲੀ ਆ ਰਹੀ ਲੋਕਾਈ ਦੀਆਂ ਸਿਰਜਣਾਤਮਕ ਸ਼ਕਤੀਆਂ ਦਾ ਕਾਇਆ ਕਲਪ ਕਰ ਦੇਣ ਲਈ ਇਨਕਲਾਬੀ ਹਿੰਸਾ ਦੀ ਭੂਮਿਕਾ ਨੂੰ ਕਿਸੇ ਸੰਜੀਵਨੀ ਬੂਟੀ ਦੇ ਹਾਰ ਕਾਰਗਰ ਸਾਬਤ ਹੋਣ ਵਾਲੇ ਮਾਧਿਅਮ ਵਜੋਂ ਸਾਬਤ ਕੀਤਾ ਸੀ।

ਫੈਨਨ ਕਿੱਤੇ ਵਜੋਂ ਖੁਦ ਮਨੋਵਿਗਿਆਨੀ ਡਾਕਟਰ ਸੀ ਅਤੇ ਉਸ ਦੀ ਲਿਖਤ ਅੰਦਰ ਗੋਰੀ ਸਭਿਅਤਾ ਦੇ ਦਾਬੇ ਵਿਰੁਧ ਰੋਹ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਪੱਛਮੀ ਦਾਬੇ ਵਿਰੁਧ ਇਸੇ ਤਰ੍ਹਾਂ ਦਾ ਰੋਹ ਕਿਸੇ ਹੱਦ ਤੱਕ ਸਾਨੂੰ ਬਾਅਦ ਵਿਚ ਆ ਕੇ 'ਓਰੀਐਂਟਲਿਜ਼ਮ' ਵਰਗੀ ਕਲਾਸਿਕ ਪ੍ਰੰਤੂ ਇਕਪਾਸੜ ਪੁਸਤਕ ਦੇ ਸਿਰਜਕ ਐਡਵਰਡ ਸਾਈਦ ਦੀ ਲਿਖਤ ਵਿਚੋਂ ਉਪਲਬਧ ਹੋਣ ਲੱਗਦਾ ਹੈ। ਜ਼ਾਹਰ ਹੈ ਕਿ ਉਤਰ ਬਸਤੀਵਾਦੀ ਚਿੰਤਨ ਦਾ ਮੁੱਢ ਜੇਕਰ ਫਰਾਂਜ਼ ਫੈਨਨ ਨੇ ਬੰਨ੍ਹਿਆ ਤਾਂ ਐਡਵਰਡ ਸਾਈਦ ਨੇ ਇਸ ਚਿੰਤਨਧਾਰਾ ਨੂੰ ਆਪਣੀ ਤਾਰਕਿਕ ਸਿਖਰ 'ਤੇ ਪਹੁੰਚਾਇਆ। ਫਰਾਂਜ਼ ਫੈਨਨ ਦਬੀ ਕੁਚਲੀ ਲੋਕਾਈ ਦੀ ਆਪਮੁਹਾਰੀ ਹਿੰਸਾ ਦੀਆਂ ਸਿਰਜਣਾਤਮਕ ਸੰਭਾਵਨਾਵਾਂ ਨੂੰ ਆਪਣੀ ਕਲਮ ਦੀ ਪੂਰੀ ਤਾਕਤ ਨਾਲ ਰੁਮਾਂਟਿਸਾਈਜ਼ ਕਰਦਾ ਹੈ ਤਾਂ ਰਹਿੰਦੀ ਕਸਰ ਯਾਂ ਪਾਲ ਸਾਰਤਰ ਦੋ ਢਾਈ ਸੌ ਪੰਨਿਆਂ ਦੀ ਇਸ ਪੁਸਤਕ ਦੀ 50 ਸਫਿਆਂ 'ਤੇ ਫੈਲੀ ਹੋਈ ਲੰਮੀ ਭੂਮਿਕਾ ਲਿਖ ਕੇ ਪੂਰੀ ਕਰ ਦਿੰਦਾ ਹੈ। ਫਰਾਂਜ਼ ਫੈਨਨ ਹੋਵੇ ਜਾਂ ਸਾਰਤਰ-ਇਸ ਕਿਸਮ ਦੀ ਇਕਪਾਸੜ ਸਿਧਾਂਤਸਾਜ਼ੀ ਤਾਂ ਮਾੜੀ ਹੀ ਮਾੜੀ ਹੈ।

ਅਲਜੀਰੀਅਨ ਮੁਕਤੀ ਸੰਗਰਾਮ ਬਾਰੇ ਮੁਕੰਮਲ ਜਾਣਕਾਰੀ ਅਲਿਸਟੇਅਰ ਹੋਰਨੇ ਦੁਆਰਾ ਲਿਖਤ 'Savage War of Peace' ਨਾਂ ਦੀ ਹੁਣ ਤੱਕ ਕਲਾਸਿਕ ਦਾ ਰੁਤਬਾ ਹਾਸਲ ਕਰ ਚੁੱਕੀ ਪੁਸਤਕ ਦੀ ਪੜ੍ਹਤ ਤੋਂ ਬਗੈਰ ਅਧੂਰੀ ਰਹਿੰਦੀ ਹੈ। ਅਲਜੀਰੀਅਨ ਮੁਕਤੀ ਸੰਗਰਾਮੀਆਂ ਦੀ ਸ਼ਾਨਦਾਰ ਜਿੱਤ ਹੋ ਜਾਂਦੀ ਹੈ। ਫਰਾਂਸੀਸੀ ਬਸਤੀਵਾਦੀ ਹਾਕਮ ਗੁਰੀਲਿਆਂ ਦੀ ਇੱਛਾ ਸ਼ਕਤੀ ਮੂਹਰੇ ਅੱਬਾ ਅੱਬਾ ਕਰਕੇ ਗੋਡੇ ਟੇਕ ਜਾਂਦੇ ਹਨ। ਪ੍ਰੰਤੂ ਮੁਕਤੀ ਸੰਗਰਾਮ ਦੀ ਫਤਿਹ ਤੋਂ ਬਾਅਦ ਜੋ ਕਹਾਣੀ ਸਾਹਮਣੇ ਆਉਂਦੀ ਹੈ, ਉਸ ਨੂੰ ਪੜ੍ਹ ਕੇ ਮਨ 'ਤੇ ਘੋਰ ਉਦਾਸੀ ਦਾ ਆਲਮ ਤਾਰੀ ਹੋ ਜਾਂਦੀ ਹੈ ਤੇ ਮੁਕਤੀ ਫਰੰਟ ਦੇ ਤਾਕਤ ਤੇ ਕਾਬਜ਼ ਹੋਣ ਵਾਲੇ ਧੜੇ ਹੱਥੋਂ ਐਤ ਮੁਹੰਮਦ, ਖਿਦਰ ਅਬਾਸ, ਰਬਾਹ ਬਿਟਾਟ, ਕਰੀਮ ਬਿਲਕਾਸਮ ਆਦਿ ਸੰਗਰਾਮ ਦੇ ਸਾਰੇ ਮੋਢੀ ਆਗੂ ਹੀ ਮਾਰੇ ਜਾਂਦੇ ਹਨ। ਫਰਾਂਸੀਸੀਆਂ ਨੂੰ ਕੱਢ ਕੇ ਅਲਜੀਰੀਆ ਅੰਦਰ ਲੋਕਾਂ ਦੀ ਸਖਸ਼ੀਅਤ ਦਾ ਅਜਿਹਾ ਕੋਈ ਕੜਾ ਕਾਇਆ ਕਲਪ ਨਹੀਂ ਹੁੰਦਾ ਜਿਸ ਕਿਸਮ ਦੇ ਕਾਇਆ ਕਲਪ ਬਾਰੇ ਦਾਅਵੇ ਫਰਾਂਜ਼ ਫੈਨਨ ਜਾਂ ਯਾਂ ਪਾਲ ਸਾਰਤਰ ਵਰਗੇ ਦਾਰਸ਼ਨਿਕਾਂ ਵੱਲੋਂ ਅਕਸਰ ਮੌਜ ਮੌਜ ਵਿਚ ਹੀ ਕੀਤੇ ਗਏ ਹੁੰਦੇ ਹਨ।

ਸਾਲ 1962 ਵਿਚ ਬਿਨ ਬੇਲਾ ਦੀ ਅਗਵਾਈ ਹੇਠ ਸਰਕਾਰ ਕਾਇਮ ਹੋ ਜਾਂਦੀ ਹੈ। ਉਸ ਵਿਰੁਧ ਮਹਿਜ਼ ਦੋ ਕੁ ਵਰ੍ਹਿਆਂ ਪਿਛੋਂ ਹੀ ਕਰਨਲ ਚਾਲਾਨੀ ਦੀ ਅਗਵਾਈ ਹੇਠ ਇਕ ਧੜਾ ਬਾਗੀ ਹੋ ਜਾਂਦਾ ਹੈ। ਐਤ ਮੁਹੰਮਦ ਅਤੇ ਖਿਦਰ ਨਾਂ ਦੇ ਮੁਕਤੀ ਸੰਗਰਾਮ ਦੇ ਮੋਢੀ ਆਗੂ ਬਗਾਵਤ ਦਾ ਸਮਰਥਨ ਕਰ ਦਿੰਦੇ ਹਨ। ਹੁਣ ਬੋਮਦੀਨ ਨਾਂ ਦੇ ਦੂਸਰੇ ਦਰਜੇ ਦੇ ਇਕ ਹੋਰ ਆਗੂ ਦੇ ਸਮਰਥਕ ਫੌਜੀ ਦਸਤੇ ਚਾਲਾਨੀ ਨੂੰ ਘੇਰ ਕੇ ਅਸਾਨੀ ਨਾਲ ਹੀ ਮਾਰ ਦਿੰਦੇ ਹਨ ਅਤੇ ਐਤ ਮੁਹੰਮਦ ਨੂੰ ਕੈਦ ਵਿਚ ਸੁੱਟ ਦਿੱਤਾ ਜਾਂਦਾ ਹੈ। ਸਾਥੀ ਖਿਦਰ ਕਿਵੇਂ ਨਾ ਕਿਵੇਂ ਜਾਨ ਬਚਾ ਕੇ ਸਵਿਟਜ਼ਰਲੈਂਡ ਅੰਦਰ ਜਾ ਪਨਾਹ ਲੈਂਦਾ ਹੈ। ਉਸ ਦੇ ਮਗਰੇ ਅਬਾਸ ਅਤੇ ਬਿਟਾਟ ਵੀ ਦੇਸ਼ ਵਿਚੋਂ ਭੱਜ ਜਾਂਦੇ ਹਨ।



*ਲਾਇਡ ਜਾਰਜ*

ਕਰੀਮ ਬਿਲਕਾਸਮ ਨਾਂ ਦਾ ਮੁਕਤੀ ਸੰਗਰਾਮ ਦਾ ਇਕ ਹੋਰ ਦੰਤਕਥਾਈ ਅਕਾਰ ਦਾ ਆਗੂ ਵੀ ਭੱਜ ਜਾਂਦਾ ਹੈ ਪ੍ਰੰਤੂ ਉਸ ਨੂੰ ਛੁਪੇ ਫਿਰਦੇ ਨੂੰ ਸਰਕਾਰੀ ਤੰਤਰ ਦੇ ਬੰਦੇ ਭਾਲ ਕੇ ਗਲਾ ਘੁੱਟ ਕੇ ਮਾਰ ਦਿੰਦੇ ਹਨ। ਅਸਲ ਵਿਚ ਤੁਰੰਤ ਬਾਅਦ ਹੀ ਤੰਤਰ ਪ੍ਰਣਾਲੀ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਜਾਂਦੀ ਹੈ।

ਸਾਲ 1978-79 'ਚ ਇਰਾਨੀ ਇਨਕਲਾਬ ਵਾਪਰ ਜਾਂਦਾ ਹੈ। ਰੈਡੀਕਲ ਇਸਲਾਮਿਸਟਾਂ ਦੀ ਪੂਰੀ ਤਰ੍ਹਾਂ ਚੜ੍ਹ ਮੱਚ ਜਾਂਦੀ ਹੈ। ਸਾਲ 1984 ਆਉਂਦਿਆਂ ਆਉਂਦਿਆਂ ਇਸਲਾਮੀ ਗੁਰੀਲੇ ਅਲਜੀਰੀਆ ਦੀ ਸੈਕੂਲਰ ਸਰਕਾਰ ਵਿਰੁਧ ਸਰਬਪੱਖੀ ਬਗਾਵਤ ਦਾ ਬਿਗਲ ਵਜਾ ਦਿੰਦੇ ਹਨ। ਸਾਲ 1991 ਤੋਂ 1998 ਤੱਕ ਅਲਜੀਰੀਆ ਅੰਦਰ ਸਿਰੇ ਦੀ ਭਿਆਨਕ ਖਾਨਾਜੰਗੀ ਸ਼ੁਰੂ ਹੋ ਜਾਂਦੀ ਹੈ। ਕੁਝ ਰਾਜਨੀਤਕ ਦਰਸ਼ਕਾਂ ਦਾ ਵਿਸ਼ਵਾਸ ਹੈ ਕਿ ਅਲਜੀਰੀਅਨ ਮੁਕਤੀ ਸੰਗਰਾਮ ਬੇਹੱਦ ਭਿਆਨਕ ਸੀ, ਪ੍ਰੰਤੂ 90ਵਿਆਂ ਦੀ ਖਾਨਾਜੰਗੀ ਉਸ ਨਾਲੋਂ ਵੀ ਕਈ ਗੁਣਾ ਵੱਧ ਭਿਆਨਕ ਸੀ। ਹੁਣ ਅਲਜੀਰੀਆ ਦੀ ਵਸੋਂ ਵਿਚ ਨਾ ਕੋਈ ਹਿੰਦੂ, ਮੁਸਲਮਾਨ ਜਾਂ ਸਿੱਖਾਂ ਵਰਗਾ ਧਾਰਮਿਕ ਵਖਰੇਵਾਂ ਹੈ ਅਤੇ ਨਾ ਉਥੇ ਕੋਈ ਸ਼ੀਆ-ਸੁੰਨੀ ਵਾਲੀ ਵੰਡ ਹੀ ਮੌਜੂਦ ਹੈ। ਅਲਜੀਰੀਆ ਅੰਦਰ ਕਿਹੜੀ ਉਤਰ ਬਸਤੀਵਾਦੀ ਅਨੁਵਾਦ ਦੀ ਰਾਜਨੀਤੀ ਸੀ ਅਤੇ ਉਥੇ ਖਾਨਾਜੰਗੀ ਦੌਰਾਨ ਹੋਈ ਹਿੰਸਾ ਮਾਨਵੀ ਸਖਸ਼ੀਅਤ ਦਾ ਕਿਸ ਤਰ੍ਹਾਂ ਦਾ ਕਾਇਆ ਕਲਪ ਕਰ ਰਹੀ ਸੀ!

## ਚਰਚਾ-ਦਰ-ਚਰਚਾ

ਅਲਜੀਰੀਅਨ ਖਾਨਾਜੰਗੀ ਦੇ ਇਸ ਭਿਆਨਕ ਦੌਰ ਬਾਰੇ ਜੌਹਨ ਫਿਲਪਸ ਅਤੇ ਮਾਰਟਿਨ ਇਵਾਨਸ ਨੇ Algeria: Anger of the Dispossessed ਨਾਂ ਦੀ ਕਲਾਸਿਕ ਕਿਤਾਬ ਲਿਖੀ ਹੈ। ਇਹ ਕਿਤਾਬ ਵੀ ਤਿੰਨ ਕੁ ਵਰ੍ਹੇ ਪਹਿਲਾਂ ਮੈਨੂੰ ਮੇਰੇ ਮਿੱਤਰ ਰਛਪਾਲ ਗਿੱਲ ਨੇ ਕੈਨੇਡਾ ਤੋਂ 'ਏ ਸ਼ੇਮਫੁਲ ਐਕਟ' ਨਾਂ ਦੀ ਕਿਤਾਬ ਦੇ ਨਾਲ ਹੀ ਲਿਆ ਕੇ ਦਿੱਤੀ ਸੀ। ਇਸ ਕਿਤਾਬ ਦੀਆਂ ਵੀ ਉਸ ਸਮੇਂ ਅੱਧੀ ਦਰਜਨ ਫੋਟੋ ਕਾਪੀਆਂ ਕਰਵਾ ਕੇ ਆਪਣੇ ਮਿੱਤਰਾਂ ਤੇਗਿੰਦਰ, ਭਾਅ ਜੀ ਕਰਮਜੀਤ ਅਤੇ ਜਸਪਾਲ ਸਿੰਘ ਸਿੱਧੂ ਨੂੰ ਦਿੱਤੀਆਂ ਸਨ। ਜਸਪਾਲ ਸਿੱਧੂ ਨੂੰ ਘੱਟੋ ਘੱਟ 20 ਕੁ ਵਾਰੀਂ ਫੋਨ ਕੀਤਾ ਕਿ ਉਹ ਬੇਸ਼ੱਕ ਜੋ ਜੀਅ ਆਵੇ ਲਿਖੀ ਜਾਵੇ, ਪਰ ਘੱਟੋ ਘੱਟ ਇਸ ਇਕ ਕਿਤਾਬ ਨੂੰ ਜ਼ਰੂਰ ਹੀ ਨਜ਼ਰਾਂ ਹੇਠੋਂ ਕੱਢ ਛੱਡੇ!

ਰਾਬਰਟ ਫਿਸਕ ਨੇ ਅਲਜੀਰੀਆ ਦੀ ਇਸ ਭਿਆਨਕ ਖਾਨਾਜੰਗੀ ਬਾਰੇ ਜਿਸ ਤਰ੍ਹਾਂ ਦੀ ਹਮਦਰਦੀ ਨਾਲ ਲਿਖਿਆ ਹੈ, ਉਸ ਨੂੰ ਪੜ੍ਹਦਿਆਂ ਆਦਮੀ ਦਾ ਦਿਲ ਅਸੀਮ ਦਰਦ ਨਾਲ ਭਰ ਜਾਂਦਾ ਹੈ। ਇਸ ਭਿਆਨਕ ਅਤੇ ਸਿਰੇ ਦੀ ਬੇਸਿਰਪੈਰ ਖਾਨਾਜੰਗੀ ਵਿਚ ਦੋ ਲੱਖ ਤੋਂ ਵੀ ਵੱਧ ਅਲਜੀਰੀਅਨ ਲੋਕ ਮਾਰੇ ਜਾਂਦੇ ਹਨ।

ਇਹ ਸਾਰਾ ਕੁਝ ਵੇਖ ਸੁਣ ਕੇ ਜਿਸ ਇਕੋ ਇਕ ਚਿੰਤਕ ਦੀ ਯਾਦ ਆਉਂਦੀ ਹੈ, ਉਹ ਅਲਬੇਅਰ ਕਾਮੂ ਹੈ, ਜੋ ਸਦਾ ਸਾਡੇ ਮਨ ਨੂੰ ਮੋਹਦਾ ਰਿਹਾ ਹੈ। ਉਹ ਸਾਰੀ ਉਮਰ ਮਾਡਰੇਸ਼ਨ ਦਾ ਮੁੱਦਈ ਰਿਹਾ। ਯਾਂ ਪਾਲ ਸਾਰਤਰ ਨਾਲ ਉਸ ਦੇ ਝਗੜੇ ਦੀ ਵੀ ਇਹੋ ਵਜ੍ਹਾ ਸੀ। ਉਹ ਅਲਜੀਰੀਆ ਵਿਚ ਪੈਦਾ ਹੋਇਆ ਫਰਾਂਸੀਸੀ ਨਾਗਰਿਕ ਸੀ ਅਤੇ ਸਾਰੀ ਉਮਰ ਅਲਜੀਰੀਆ ਦੇ ਸੰਤਾਪ ਨਾਲ ਜੁੜਿਆ ਰਿਹਾ। ਉਸ ਨੇ ਮੁਕਤੀ ਸੰਗਰਾਮੀਆਂ ਨੂੰ ਅੰਨ੍ਹੇਵਾਹ ਬੇਮੁਹਾਰੀ ਹਿੰਸਾ ਦੇ ਰਾਹ ਤੋਂ ਵਰਜਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਪ੍ਰੰਤੂ ਕੋਈ ਧਿਰ ਵੀ ਉਸ ਦੀ ਗੱਲ ਸੁਣਨ ਨੂੰ ਰਾਜ਼ੀ ਨਾ ਹੋਈ। ਅਲਜੀਰੀਆ ਬਾਰੇ ਉਸ ਦੇ ਲੇਖਾਂ ਦੀ ਕਿਤਾਬ ਪਿਛਲੇ ਵਰ੍ਹੇ ਨਵੇਂ ਸਿਰਿਓਂ ਪ੍ਰਕਾਸ਼ਿਤ ਕੀਤੀ ਗਈ ਹੈ। ਹੁਣ ਸਭਨਾਂ ਨੂੰ ਪਤਾ ਹੈ ਕਿ ਫਰਾਂਜ਼ ਫੈਨਨ ਜਾਂ ਯਾਂ ਪਾਲ ਸਾਰਤਰ ਨਹੀਂ ਬਲਕਿ ਅਲਜੀਰੀਆ ਅੰਦਰ ਭਿਆਨਕ ਹਿੰਸਾ ਦੇ ਸਵਾਲ ਤੇ ਉਸ ਦੀ ਅਤੇ ਕੇਵਲ ਉਸ ਦੀ ਪੁਜੀਸ਼ਨ ਹੀ ਸੇਨ ਅਤੇ ਵਧੇਰੇ ਸਹੀ ਸੀ।

'ਅਲਜੀਰੀਅਨ ਕਰਾਨੀਕਲਜ਼' ਨਾਂ ਦੀ ਛੋਟੇ ਛੋਟੇ ਖੂਬਸੂਰਤ ਲੇਖਾਂ ਦੀ ਮੁਢਲੀ ਭੂਮਿਕਾ ਅਲਾਈਜ਼ ਕਪਲਾਨ ਨੇ ਲਿਖੀ ਹੈ ਅਤੇ ਇਹ ਹਾਵਰਡ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤੀ ਹੈ। ਉਤਰਬਸਤੀਵਾਦੀ ਚਿੰਤਨ ਦੇ ਪਿਤਾਮਾ ਫਰਾਂਸ ਫੈਨਨ ਦੀ 'ਦੁਨੀਆਂ ਭਰ ਦੇ ਦੁਖਿਆਰੇ' ਸਿਰਲੇਖ ਹੇਠਲੀ ਕਿਤਾਬ ਵਿਚ ਇਨਕਲਾਬੀ ਹਿੰਸਾ ਕਿਤਨੀ ਕੁ ਸਿਰਜਣਾਤਮਕ ਹੋ ਸਕਦੀ ਹੈ, ਇਸ ਦੇ ਭਿਆਨਕ ਨਜ਼ਾਰੇ ਅਲਜੀਰੀਆ ਦੀ ਭੁੱਖੀ ਤੇ ਦੁਖੀ ਲੋਕਾਈ ਨੇ ਸਾਲ 1991 ਤੋਂ 1998 ਦੇ ਸਮੇਂ ਦੌਰਾਨ ਬਥੇਰੇ ਵੇਖ ਲਏ ਹਨ। ਅਲਜੀਰੀਅਨ ਮੁਕਤੀ ਸੰਗਰਾਮੀਆਂ ਨੂੰ ਅੰਨ੍ਹੀ ਬੇਮੁਹਾਰ ਹਿੰਸਾ ਤੋਂ ਵਰਜਣ ਵਿਚ ਅਲਬੇਅਰ ਕਾਮੂ ਦੀ ਨਾਕਾਮੀ ਦੀ ਗੱਲ ਕਰਦਿਆਂ ਮਨ ਵਿਚ ਵਾਰ ਵਾਰ ਐਂਥੋਨੀ ਏਵਰਿਟ ਲਿਖਤ 'ਸਿਸਰੋ' ਨਾਂ ਦੀ ਪੁਸਤਕ ਦੇ ਅਨੇਕਾਂ ਹਵਾਲੇ ਮਨ ਵਿਚ ਵਾਰ ਵਾਰ ਉਭਰ ਰਹੇ ਹਨ। ਕਾਮੂ ਤੋਂ ਪੂਰੇ 2000 ਸਾਲ ਪਹਿਲਾਂ ਸਿਸਰੋ ਨੇ ਜੂਲੀਅਸ ਸੀਜ਼ਰ ਅਤੇ ਜਨਰਲ ਪੌਂਪੇਈ ਨੂੰ ਅਮਨ ਅਮਾਨ ਨਾਲ ਰਹਿਣ ਲਈ ਅਤੇ ਬੇਲੋੜੀ/ਬੇਸਿਰਪੈਰ ਦੀ ਭਿਆਨਕ ਖਾਨਾਜੰਗੀ ਲਈ ਇਕ ਦੂਸਰੇ ਵਿਰੁਧ ਮੈਦਾਨ ਵਿਚ ਉਤਰਨ ਤੋਂ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਸੀ, ਪਰ ਉਹ ਮੰਨੇ ਨਹੀਂ ਸਨ।...ਤੇ ਬਾਅਦ ਵਿਚ ਜਿਸ ਕਿਸਮ ਦੇ 'ਰਚਨਾਤਮਿਕ' ਸਿੱਟੇ ਉਸ ਨਿਹਾਇਤ ਦੀ ਬੇਲੋੜੀ ਲੜਾਈ ਨੇ ਕੱਢੇ, ਉਸ ਬਾਰੇ ਅਸੀਂ ਗੱਲ ਕਰ ਹੀ ਚੁੱਕੇ ਹਾਂ।

ਅਖੀਰ ਅਸੀਂ ਇਹ ਕਹਿਣਾ ਚਾਹਾਂਗੇ ਕਿ ਅੱਜ ਸਾਨੂੰ ਪ੍ਰੇਰਨਾ ਕਾਰਲ ਮਾਰਕਸ ਦੇ ਸਮਾਜਿਕ ਇਨਸਾਫ ਦੀ ਜ਼ਾਮਨੀ ਪ੍ਰਤੀ ਸੇਧ ਮੁਹੱਈਆ ਕਰਦੇ ਸਿਧਾਂਤ ਦੀ ਸਪਿਰਟ ਵਿਚੋਂ ਲੈਣੀ ਪਵੇਗੀ। ਲਿਓਨ ਤਰਾਤਸਕੀ ਦੀ ਸਟਾਲਿਨ ਦੇ ਏਜੰਟਾਂ ਹੱਥੋਂ ਮੁਜਰਮਾਨਾ ਹੱਤਿਆ ਬਾਰੇ ਜਾਣਨ ਤੋਂ ਪਹਿਲਾਂ 'ਸਾਡੀਆਂ ਕਦਰਾਂ ਤੇ ਉਨ੍ਹਾਂ ਦੀਆਂ ਕਦਰਾਂ' ਵਾਲਾ ਕਲਾਸਿਕ ਕਿਤਾਬਚਾ ਵਾਰ ਵਾਰ ਪੜ੍ਹਨਾ ਹੋਵੇਗਾ; ਕਾਮਰੇਡ ਲੈਨਿਨ ਜਾਂ ਫਰਾਂਜ਼ ਫੈਨਨ ਟਕਬੀ ਦੀ ਇੰਤਹਾ ਦੇ ਰੋਹ ਵਾਲੀ ਪਹੁੰਚ ਛੱਡਣੀ ਪਵੇਗੀ।


*(ਬਾਕੀ ਅਗਲੇ ਸਫੇ 'ਤੇ)*

ਮੁਆਫ ਕਰਨਾ, ਮੇਰਾ ਤਾਂ ਇਹ ਕਹਿਣ ਨੂੰ ਵੀ ਜੀਅ ਕਰਦਾ ਹੈ ਕਿ ਧਰਤੀ ਉਪਰ ਮਨੁੱਖੀ ਹਸਤੀ ਦੇ ਬਚੇ ਰਹਿਣ ਜਾਂ ਸ਼ਾਨਾਂਮੱਤੇ ਅੰਦਾਜ਼ ਵਿਚ ਜਿਉਣ ਦੀ ਸੰਭਾਵਨਾ ਦੇ ਜਾਮਨ ਜੇਕਰ ਬਣਨਾ ਹੈ ਤਾਂ ਭਵਿੱਖ ਦੇ ਭਾਰਤ ਦੇਸ਼ ਅੰਦਰ ਸਮਾਜਵਾਦੀ ਜਮਹੂਰੀ ਨਿਜ਼ਾਮ ਦੀ ਸਿਰਜਣਾ ਦੇ ਪ੍ਰਾਜੈਕਟ ਨਾਲ ਜੁੜੇ ਹੋਏ ਲੋਕ ਪ੍ਰੋ. ਰਣਧੀਰ ਸਿੰਘ ਨੂੰ ਪੜ੍ਹ ਸਕਦੇ ਹਨ ਪ੍ਰੰਤੂ ਰਾਜਨੀਤਕ ਪ੍ਰੋਗਰਾਮ ਦਾ ਏਜੰਡਾ ਤੈਅ ਕਰਨ ਲਈ ਉਨ੍ਹਾਂ ਨੂੰ ਭਾਂਤ ਭਾਂਤ ਦੇ ਆਤਮਿਕ ਤੌਰ 'ਤੇ ਉਲਾਰ ਤੇ ਗੈਰ ਜ਼ਿੰਮੇਵਾਰ ਮਾਅਰਕੇਬਾਜ਼ਾਂ ਨੂੰ ਅੰਤਿਮ ਟਾਟਾ ਆਖ ਕੇ ਪ੍ਰੇਰਨਾ ਪੰਜਾਬ ਦੀ ਧਰਤੀ ਦੇ ਬਹੁਤ ਹੀ ਅਹਿਮ ਪਰ ਅਣਗੌਲੇ ਚਿੰਤਕ ਭਗਵਾਨ ਸਿੰਘ ਜੋਸ਼ ਦੁਆਰਾ ਲਿਖਤ 'ਹੈਜਮਨੀ ਇਨ ਇੰਡੀਆ' ਨਾਂ ਦੀ ਅਹਿਮ ਪੁਸਤਕ ਦੇ ਕੇਂਦਰੀ ਥੀਸਿਜ਼ ਤੋਂ ਲੈਣੀ ਹੋਵੇਗੀ। ਅੱਜ ਲੋੜ ਇਸ ਗੱਲ ਦੀ ਵੀ ਹੈ ਕਿ ਸਿਸਰੋ ਅਤੇ ਅਲਬੇਅਰ ਕਾਮੂ ਦੇ ਸੰਦੇਸ਼ ਵੱਲ ਸੰਜੀਦਗੀ ਨਾਲ ਪਰਤਿਆ ਜਾਵੇ। ਅਜਿਹਾ ਕਰਨ ਤੋਂ ਛੁੱਟ ਕੋਈ ਚਾਰਾ ਨਹੀਂ ਹੈ।

ਹਾਲ ਦੀ ਘੜੀ 'ਪੰਜਾਬ ਟਾਈਮਜ਼' ਦੇ ਪਾਠਕ ਇਸ ਅਕਾਊ ਬਿਰਤਾਂਤ ਤੋਂ ਜੇਕਰ ਬੋਰ ਵੀ ਹੋਣ ਤਾਂ ਮੁਆਫ ਕਰਨ। ਪ੍ਰੰਤੂ ਮੈਨੂੰ ਅਜਿਹੀਆਂ ਦੋ ਚਾਰ ਫੋਨ ਕਾਲਾਂ ਦੀ ਉਡੀਕ ਲਾਜ਼ਮੀ ਰਹੇਗੀ ਜੋ ਇਹ ਪੁੱਛਣ ਕਿ ਏਸ਼ੀਆ ਮਾਈਨਰ ਖੇਤਰ 'ਚ ਸਮਿਰਨਾ ਸ਼ਹਿਰ ਕਿੱਥੇ ਹੈ ਅਤੇ ਉਸ ਦੇ ਵਸਨੀਕਾਂ ਦਾ ਪਿਛੋਂ ਕੀ ਬਣਿਆ। ਮੈਨੂੰ ਤਾਂ ਅਜਿਹੇ ਪਾਠਕਾਂ ਦੀਆਂ ਕਾਲਾਂ ਦੀ ਉਡੀਕ ਵੀ ਨਿਰੰਤਰ ਰਹੇਗੀ ਜੋ ਪੁੱਛਣ ਕਿ ਕਾਮਰੇਡ ਲੈਨਿਨ ਵਰਗਾ ਤਿੱਖੀ ਸੋਝੀ ਵਾਲਾ ਸ਼ਖਸ ਸਟਾਲਿਨ ਦੇ ਕਿਰਦਾਰ ਨੂੰ ਸਮਝਣ ਵਿਚ ਇਨਕਲਾਬ ਤੋਂ ਬਾਅਦ ਉਸ ਦੇ ਖੁਆਬਾਂ ਦੇ ਅਨੁਸਾਰੀ ਸਮਾਜਵਾਦੀ ਨਿਜ਼ਾਮ ਸਿਰਜਣਾ ਦੇ ਪ੍ਰਾਜੈਕਟ ਲਈ ਅਤਿਅੰਤ ਘਾਤਕ ਸਾਬਤ ਹੋਣ ਵਾਲੀ ਬੱਜ਼ਰ ਕੁਤਾਹੀ ਕਿਉਂ ਤੇ ਕਿਵੇਂ ਖਾ ਗਿਆ?

ਕਾਲਜ ਦੇ ਮੁਢਲੇ ਦਿਨਾਂ ਦੌਰਾਨ ਮੇਰੀ ਬਹੁਤ ਥੋੜ੍ਹੇ ਅਰਸੇ ਲਈ ਕਮਿਊਨਿਸਟ ਪਾਰਟੀ ਨਾਲ ਨੇੜਤਾ ਰਹੀ। ਕਮਿਊਨਿਸਟ ਪ੍ਰੈਕਟਿਸ ਦੀ ਸਭ ਤੋਂ ਇਤਰਾਜ਼ਯੋਗ ਗੱਲ ਮੈਨੂੰ ਉਸ ਥੋੜ੍ਹੇ ਜਿਹੇ ਅਰਸੇ ਦੌਰਾਨ ਵੀ ਪਾਰਟੀ ਕੇਡਰ ਤਿਆਰ ਕਰਨ ਲਈ ਉਨ੍ਹਾਂ ਦੇ ਪਾਰਟੀ ਸਕੂਲਿੰਗ ਦੇ ਤਰੀਕਾਕਾਰ ਦੀ ਲੱਗੀ ਸੀ। ਬੱਚਿਆਂ ਜਾਂ ਨੌਜਵਾਨਾਂ ਦੇ ਮਨ ਦੀ ਕਿਸੇ ਕਿਸਮ ਦੀ ਵਿਚਾਰਧਾਰਾ ਲਈ ਵੀ ਕੰਡੀਸ਼ਨਿੰਗ ਦੀ ਕੋਈ ਵੀ ਕੋਸ਼ਿਸ਼ ਮੈਨੂੰ ਠੀਕ ਨਹੀਂ ਲੱਗਦੀ। ਮੈਂ ਸਾਰੀ ਜ਼ਿੰਦਗੀ ਆਪਣੇ ਮਿੱਤਰਾਂ, ਯਾਰਾਂ ਅਤੇ ਸੰਪਰਕ ਵਿਚ ਆਉਣ ਵਾਲੇ ਮੁੰਡਿਆਂ-ਕੁੜੀਆਂ ਨੂੰ ਹਮੇਸ਼ਾਂ ਜ਼ਿੰਦਗੀ ਨੂੰ ਵਧੇਰੇ ਸ਼ਿੱਦਤ ਨਾਲ ਅਤੇ ਵੱਧ ਸੁਜੱਗ ਰੂਪ ਵਿਚ ਜਿਉਣ ਲਈ ਲਗਾਤਾਰ ਪੜ੍ਹਨ ਲਈ ਪ੍ਰੇਰਨ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਮੋਡ ਹਮੇਸ਼ਾ ਇਹ ਹੀ ਰਿਹਾ ਹੈ ਕਿ ਇਹ ਵੀ, ਆਹ ਵੀ ਅਤੇ ਔਹ ਵੀ ਪੜ੍ਹ ਕੇ ਵੇਖਿਆ ਜਾਵੇ।

ਪ੍ਰਭਸ਼ਰਨਦੀਪ ਸਿੰਘ ਵੱਲੋਂ ਮੇਰੇ ਖਿੱਲੀ ਉਡਾਏ ਜਾਣ ਤੋਂ ਬਾਅਦ ਪਾਠਕਾਂ ਦੀ ਕਚਹਿਰੀ ਵਿਚ ਆਪਣਾ ਸਪਸ਼ਟੀਕਰਨ ਦੇਣ ਦੇ ਬਹਾਨੇ ਇਹ ਜੋ ਕੁਝ ਮੈਂ ਲਿਖਿਆ ਹੈ, ਇਹ ਮੇਰੇ ਮਿਸ਼ਨ ਜਾਂ ਪ੍ਰਾਜੈਕਟ ਦਾ ਹਿੱਸਾ ਮਾਤਰ ਹੈ। ਮੈਂ ਲੇਖਕ ਨਹੀਂ ਹਾਂ, ਮੈਂ ਕਦੀ ਕੋਈ ਲੇਖ ਨਹੀਂ ਲਿਖਿਆ, ਮੈਂ ਸਦਾ ਆਪਣੇ ਮਿੱਤਰਾਂ ਨਾਲ ਗੱਲਾਂ ਕੀਤੀਆਂ ਹਨ ਅਤੇ ਐਹ ਜੋ ਲਿਖਿਆ ਹੈ ਇਸ ਨੂੰ ਗੱਲਬਾਤ ਦੀ




ਨਿਰੰਤਰ ਉਸੇ ਲੜੀ ਦੇ ਹਿੱਸੇ ਵਜੋਂ ਸਵੀਕਾਰ ਕੀਤਾ ਜਾਵੇ।

ਸਾਡੇ ਅਤਿਅੰਤ ਸਤਿਕਾਰਤ ਲਾਲੀ ਬਾਬਾ ਜੀ ਆਪਣੇ ਸਰੋਤਿਆਂ ਨੂੰ ਸਦਾ ਦਿਨ 'ਚ ਘੱਟੋ ਘੱਟ ਇਕ ਵਾਰ ਲਾਇਬਰੇਰੀ ਦਾ ਗੇੜਾ ਮਾਰਨ ਲਈ ਇਹ ਦੱਸਦਿਆਂ ਕਿਹਾ ਕਰਦੇ ਸਨ ਕਿ ਕਿਤਾਬਾਂ ਦੇ ਸ਼ੈਲਫ 'ਚ ਹੱਥ ਮਾਰੋਗੇ, ਕਿਤਾਬਾਂ ਤੋਂ ਘੱਟਾ ਝਾੜੋਗੇ, ਹਰ ਵਾਰ ਕੁਝ ਨਾ ਕੁਝ ਜ਼ਰੂਰ ਮਿਲੇਗਾ, ਜੋ ਕਿ ਮੁੱਲਵਾਨ ਹੋਵੇਗਾ। ਲਾਲੀ ਬਾਬਾ ਜੀ ਅਨੁਸਾਰ ਲਾਇਬਰੇਰੀ ਤੋਂ ਵੱਧ ਪਵਿੱਤਰ ਕੋਈ ਮੰਦਰ ਜਾਂ ਮਸਜਿਦ ਵੀ ਨਹੀਂ। ਕੀ ਕੋਈ ਵੀ ਵਧੀਆ ਕਿਤਾਬ ਪੜਨ ਪਿੱਛੋਂ ਮਾਨ ਸਰੋਵਰ ਝੀਲ ਵਰਗੇ ਕਿਸੇ ਰਹੱਸਮਈ ਸਥਾਨ ਦੀ ਯਾਤਰਾ ਕਰ ਲੈਣ ਜਿਹਾ ਰੱਜ ਨਹੀਂ ਆ ਜਾਂਦਾ? ਸਾਲ 1971 ਦੀਆਂ ਸਰਦੀਆਂ ਦੀ ਰੁੱਤੇ ਸਟਾਲਿਨ ਦੇ ਤਸੀਹਾ ਕੈਂਪ ਵਿਚਲੇ ਜੀਵਨ ਵਿਚਲੇ ਸੋਲਜ਼ੇਨਿਸਤਨ ਦੇ 'ਦਾ ਫਾਸਟ ਸਰਕਲ' ਨਾਂ ਦਾ ਵੱਡ ਅਕਾਰੀ ਨਾਵਲ ਪੜ੍ਹ ਕੇ ਮੈਨੂੰ ਕੁਝ ਇਸੇ ਤਰ੍ਹਾਂ ਦਾ ਅਹਿਸਾਸ ਹੀ ਤਾਂ ਹੋਇਆ ਸੀ। ਅਖੀਰ ਵਿਚ ਸਟਾਲਿਨ-ਤਰਾਤਸਕੀ ਵਿਚਾਲੇ ਭਿਆਨਕ ਸਿੱਟਿਆਂ ਵਾਲੇ ਬਖਾਧ ਬਾਰੇ ਪੜ੍ਹਨ ਅਤੇ ਜਾਨਣ ਲਈ ਅਸੀਂ ਆਪਣੇ ਮਿੱਤਰਾਂ ਅਤੇ ਸਨੇਹੀਆਂ ਨੂੰ ਵਾਰ ਵਾਰ ਕਹਿੰਦੇ ਰਹਾਂਗੇ। ਆਖਰ ਉਹ ਮਾਨਵਤਾ ਦਾ ਸਭ ਤੋਂ ਹੁਸੀਨ ਖੁਆਬ ਸੀ ਜਿਸ ਨੂੰ ਸਾਕਾਰ ਕਰਨ ਲਈ ਸੋਵੀਅਤ ਖੁਫੀਆ ਪੁਲਿਸ 'ਚੇਕਾ' ਦੇ ਬਾਨੀ ਫੈਲਿਕਸ ਜ਼ਰਜਿੰਕਸਕੀ ਸਮੇਤ ਹੀਰਿਆਂ ਵਰਗੇ ਲੱਖਾਂ ਲੋਕਾਂ ਨੇ ਆਪਣੀਆਂ ਜਾਨਾਂ ਦੀਆਂ ਆਹੂਤੀਆਂ ਦਿੱਤੀਆਂ।

ਪੰਜਾਬੀ ਸੱਥ ਵਾਲੇ ਡਾ. ਨਿਰਮਲ ਸਿੰਘ ਲਾਂਬੜਾ ਪਿਛਲੇ 45 ਕੁ ਵਰ੍ਹਿਆਂ ਤੋਂ ਸਾਡੇ ਕਰੀਬੀ ਮਿੱਤਰ ਹਨ। ਮੇਰੇ ਤਰਾਤਸਕੀ ਵਾਲੇ ਲੇਖ ਬਾਰੇ ਫੋਨ ਤੇ ਗੱਲ ਕਰਦਿਆਂ ਉਹ ਦੱਸ ਰਹੇ ਸਨ ਕਿ ਪੰਜਾਬ ਦਾ ਵਾਤਾਵਰਨ ਇਨ੍ਹਾਂ ਸਮਿਆਂ ਵਿਚ ਇੰਨਾ ਪ੍ਰਦੂਸ਼ਤ ਹੈ ਕਿ ਘਰਾਂ 'ਚ ਮਿਲਣ ਵਾਲੀਆਂ ਚਿੜੀਆਂ ਬਿਲਕੁਲ ਹੀ ਲੋਪ ਹੋ ਗਈਆਂ ਹਨ। ਪੰਜਾਬ ਦਾ ਪਾਣੀ ਅੱਜਕੱਲ੍ਹ ਸਭਨਾਂ ਥਾਂਵਾਂ 'ਤੇ ਢਾਈ ਤਿੰਨ ਸੌ ਫੁੱਟ ਹੇਠਾਂ ਚਲਿਆ ਗਿਆ ਹੈ। ਪਾਣੀ ਵੈਸੇ ਵੀ ਪੀਣ ਯੋਗ ਨਹੀਂ ਰਿਹਾ। ਪਹਿਲਾਂ ਧਰਤੀ ਹੇਠਲਾ ਪਾਣੀ ਖਰਾਬ ਹੁੰਦਿਆਂ-ਹੁੰਦਿਆਂ 25-30 ਸਾਲ ਦਾ ਸਮਾਂ ਲੱਗਦਾ ਸੀ ਪਰ ਅੱਜਕੱਲ੍ਹ ਹਰ ਵਰ੍ਹੇ ਛਿਮਾਹੀ ਪਿਛੋਂ ਖਰਾਬ ਹੋਣ ਦੇ ਰਾਹ ਪੈ ਗਿਆ ਹੈ। ਵਿਕਾਸ ਦੇ ਨਾਂ 'ਤੇ ਅੰਨ੍ਹੇ ਉਪਭੋਗੀ ਤੰਤਰ ਦੀ ਸਥਿਤੀ ਦੇ ਨਤੀਜੇ ਵਜੋਂ ਖੁਰਾਕੀ ਵਸਤਾਂ ਅੰਦਰ ਹਾਨੀਕਾਰਕ ਰਸਾਇਣਕ ਇਉਂ ਆ ਗਏ ਹਨ ਕਿ ਆਉਣ ਵਾਲੀਆਂ ਨਸਲਾਂ ਦੀ ਦਿਮਾਗੀ ਦਸ਼ਾ 'ਤੇ ਦੁਰਪ੍ਰਭਾਵ ਪੈਣ ਲੱਗਾ ਹੈ। ਗਲੋਬਲ ਵਾਰਮਿੰਗ ਦਾ ਖਤਰਾ ਵਿਕਰਾਲ ਰੂਪ ਧਾਰਨ ਕਰੀ ਖੜਾ ਹੈ। ਧਰਤੀ ਉਪਰ ਪੂਰੀ ਇਨਸਾਨੀ ਨਸਲ ਲਈ ਸਮੂਹਿਕ ਵਿਨਾਸ਼ ਦਾ ਜਿਸ ਕਿਸਮ ਦਾ ਖ਼ਤਰਾ ਅੱਜ ਹੈ ਉਹ ਪਹਿਲਾਂ ਇਤਿਹਾਸ ਦੇ ਕਿਸੇ ਮੋੜ 'ਤੇ ਵੀ ਨਹੀਂ ਸੀ। ਇਸ ਕਰਕੇ ਪਹਿਚਾਣ ਦੇ ਨਾਂ 'ਤੇ ਜਾਂ ਕਿਸੇ ਹੋਰ ਸਰੋਕਾਰ ਦੇ ਤਹਿਤ ਰਾਜਨੀਤੀ ਕਰਨ ਵਾਲੇ ਮਾਅਰਕੇਬਾਜ ਸਿਆਸਤਦਾਨਾਂ ਤੋਂ ਸਾਵਧਾਨ ਰਹਿਣ ਦੀ ਜਿਤਨੀ ਲੋੜ ਅੱਜ ਹੈ ਉਹ ਪਹਿਲਾਂ ਕਦੇ ਵੀ ਨਹੀਂ ਸੀ: ਪਹਿਚਾਣ ਦੀ ਰਾਜਨੀਤੀ ਕਰੋ-ਪਰ ਜ਼ਰਾ ਬੋਚ ਕੇ। ਇਸ ਨੂੰ ਨਿਰੰਤਰ ਤੂਲ ਦੇ ਕੇ ਕੀ ਕਰੋਗੇ ਜੇ ਕਿਤੇ ਵੱਖਰੀ ਪਹਿਚਾਣ ਦੀ ਜਿੱਦ ਕਰਨ ਵਾਲਾ ਇਨਸਾਨ ਹੀ ਨਾ ਰਿਹਾ!

ਮੇਰੇ ਇਸ ਪ੍ਰਤੀਕਰਮ ਤੋਂ ਪਹਿਲਾਂ ਪ੍ਰਭਸ਼ਰਨਦੀਪ ਸਿੰਘ ਦਾ ਅਰਵਿੰਦਪਾਲ ਸਿੰਘ ਮੰਡੇਰ ਦੀ ਪੁਸਤਕ ਬਾਰੇ ਇਕ ਲੰਮਾ ਲੇਖ ਪੰਜਾਬ ਟਾਈਮਜ਼ ਦੇ ਪੰਨਿਆਂ 'ਤੇ ਛਪ ਚੁਕਾ ਹੈ, ਦੋ ਸ਼ਬਦ ਉਸ ਬਾਰੇ ਵੀ ਕਹਿਣਾ ਚਾਹਾਂਗਾ। ਨਿੱਜੀ ਤੌਰ 'ਤੇ ਮੈਨੂੰ ਪ੍ਰੋ. ਭੁਪਿੰਦਰ ਸਿੰਘ ਦੀ ਪਹੁੰਚ ਇਸ ਕਰਕੇ ਵੀ ਸਹੀ ਲੱਗਦੀ ਹੈ ਕਿ ਉਨ੍ਹਾਂ ਸਿੱਖ ਧਰਮ ਦੀ ਆਮਦ ਦਾ ਰੈਸ਼ਨੇਲ ਅਤੇ ਇਸ ਦੀ ਅਜੋਕੀ ਪ੍ਰਸੰਗਿਕਤਾ ਲਿਖਦਿਆਂ ਇਸ ਵਿਚ ਅੰਗਰੇਜ਼ਾਂ ਜਾਂ ਹਿੰਦੂਆਂ ਦੀ ਸਾਜਿਸ਼ ਜਾਂ ਕਿਸੇ 'ਅਨੁਵਾਦ ਦੀ ਰਾਜਨੀਤੀ' ਦੇ ਸਿਰ ਦੋਸ਼ ਅਰੋਪਣ ਨਹੀਂ ਕੀਤਾ ਹੈ। ਹੀਗਲ ਹੀਗਲ ਦਾ ਬੇਲੋੜਾ ਰੌਲਾ ਨਹੀਂ ਹੈ ਅਤੇ ਜਰਮਨ ਫਲਾਸਫਰਾਂ ਵਾਲਾ ਸ਼ਬਦ ਜਾਲ ਤੇ 'ਦਰਸ਼ਨ ਦਿੱਗ ਦਰਸ਼ਨ' ਵਾਲਾ ਅਡੰਬਰ ਵੀ ਕਿੱਧਰੇ ਨਹੀਂ ਹੈ। ਨਾਲ ਹੀ ਯਾਦ ਰਹੇ ਕਿ ਸਾਡਾ ਪ੍ਰਤੀਕਰਮ ਪ੍ਰੋ. ਅਰਵਿੰਦਪਾਲ ਸਿੰਘ ਮੰਡੇਰ ਦੀ ਕਲਾਸਿਕ ਪੁਸਤਕ 'ਰਿਲੀਜਨ ਐਂਡ ਦਿ ਸਪੈਕਟਰ ਆਫ ਦਿ ਵੈਸਟ' ਉਪਰ ਨਹੀਂ ਬਲਕਿ ਪ੍ਰਭਸ਼ਰਨਦੀਪ ਸਿੰਘ ਵੱਲੋਂ ਕੀਤੇ ਜਾ ਰਹੇ ਇਸ ਪੁਸਤਕ ਦੇ 'ਅਨੁਵਾਦ' ਉਪਰ ਹੈ।

ਸਾਡੀ ਇਹ ਵੀ ਸਮਝ ਹੈ ਕਿ ਹੀਗਲ ਦਾ ਚਿੰਤਨ ਕੋਈ ਅਚਾਨਕ ਵਾਪਰਿਆ ਵਰਤਾਰਾ ਨਹੀਂ ਸੀ। ਉਸ ਦੇ ਪਿੱਛੇ ਡੇਕਾਰਟ, ਰੂਸੋ ਅਤੇ ਕਾਂਤ



ਗਾਈਲਜ ਮਿਲਟਨ

ਵਰਗੇ ਮਹਾਨ ਚਿੰਤਕ ਆਪਣੀਆਂ ਸਭ ਸੰਭਾਵਨਾਵਾਂ ਅਤੇ ਸੀਮਾਵਾਂ ਦੇ ਨਾਲ-ਨਾਲ ਤਾਂ ਖੜੇ ਹੀ ਸਨ, ਯੂਰਪ ਦਾ ਧਰਮ ਦੀ ਹਿੰਸਕ ਭੂਮਿਕਾ ਨਾਲ ਓਤ-ਪੋਤ ਪੂਰਾ ਇਤਿਹਾਸ ਅਤੇ ਬੁਰੀ ਤਰ੍ਹਾਂ ਉਲਝਿਆ ਹੋਇਆ ਤੇ ਸਮਾਂ ਵਿਹਾ ਚੁੱਕਾ ਸਮਾਜਕ ਤਾਣਾ-ਬਾਣਾ ਵੀ ਖੜਾ ਸੀ। ਫਿਰ ਹੀਗਲ ਦੀਆਂ ਸੰਭਾਵਨਾਵਾਂ ਨੂੰ ਕਾਰਲ ਮਾਰਕਸ ਨੇ ਕਿਵੇਂ ਬੇਪਰਦ ਕੀਤਾ, ਉਸ ਦਾ ਵੀ ਸਭ ਨੂੰ ਚੰਗੀ ਤਰ੍ਹਾਂ ਪਤਾ ਹੀ ਹੈ। ਧਰਮ ਦੀ ਸਦਾ ਹੀ ਦੂਹਰੀ ਭੂਮਿਕਾ ਰਹੀ ਹੈ। ਕਿਸੇ ਵੀ ਪਗ਼ੰਬਰ ਤੋਂ ਬਾਅਦ ਇਕ ਧਿਰ ਸਦਾ ਹੀ ਭਜਨ ਬੰਦਗੀ ਤੇ ਰੱਬੀ ਰਜਾ 'ਚ ਰਹਿ ਕੇ ਰੱਬ ਸੱਚੇ ਦਾ ਭਾਣਾ ਮੰਨਣ ਵਾਲਾ ਪਾਸਾ ਉਭਾਰਦੀ ਰਹੀ ਹੈ, ਜਦੋਂ ਕਿ ਦੂਸਰੀ ਧਿਰ ਸਮੇਂ-ਸਮੇਂ ਤੇ ਹੱਕ ਸੱਚ ਤੇ ਇਨਸਾਫ ਖਾਤਰ ਖੰਡਾ ਖੜਕਾਉਣ ਵਾਲੇ ਪਾਸੇ ਜ਼ੋਰ ਦਿੰਦੀ ਰਹੀ ਹੈ। ਸਾਨੂੰ ਇਹ ਵੀ ਪਤਾ ਹੈ ਕਿ ਧਰਮ ਦੇ ਇਸੇ ਦੂਸਰੇ ਪੱਖ ਨੂੰ ਉਭਾਰਨ ਵਾਲੇ ਲਾਤੀਨੀ, ਅਮਰੀਕੀ ਦੇਸ਼ਾਂ ਅੰਦਰ ਮੁਕਤੀ ਸੰਗਰਾਮੀਆਂ ਦੇ ਪੱਖ ਵਿਚ ਖੜਨ ਵਾਲੇ ਚਿੰਤਕਾਂ ਵੱਲੋਂ 'ਥਿਊਲੋਜੀ ਆਫ਼ ਲਿਬਰੇਸ਼ਨ' ਦੇ ਉਨਵਾਨ ਹੇਠ ਗੱਡਿਆਂ ਦੇ ਗੱਡੇ ਪੁਸਤਕਾਂ ਲਿਖੀਆਂ ਗਈਆਂ ਸਨ। ਇਨਸਾਫ ਆਧਾਰਤ ਸਮਾਜ ਦੀ ਸਿਰਜਣਾ ਖਾਤਰ ਧਰਮ ਤੋਂ ਪ੍ਰੇਰਨਾ ਲਈ ਜਾ ਸਕਦੀ ਹੈ। ਕੋਈ ਜੰਮ ਜੰਮ ਕੇ ਲਵੇ, ਕੋਈ ਰੌਲਾ ਨਹੀਂ ਪਰ ਜਿਸ ਮਾਨਵ ਦੋਖੀ ਨਿਜ਼ਾਮ ਵਿਰੁਧ ਲੜਨਾ ਹੈ-ਉਸ ਦਾ ਅਧਿਐਨ ਕਰਕੇ ਨਵੇਂ ਸਮਾਜ ਦੀ ਉਸਾਰੀ ਲਈ ਕੋਈ ਨਾ ਕੋਈ 'ਠੋਸ ਖਾਕਾ' ਤਾਂ ਬਣਾਉਣਾ ਹੀ ਪਵੇਗਾ।

ਇਸ ਨੁਕਤੇ 'ਤੇ ਸਾਡਾ ਵਿਸਵਾਸ਼ ਹੈ ਕਿ ਕਾਰਲ ਮਾਰਕਸ ਦੇ ਚਿੰਤਨ ਦੀ ਇਤਿਹਾਸ ਦੇ ਹਾਲੀਆ ਤਕਾਜ਼ਿਆਂ ਅਨੁਸਾਰ ਕੋਈ ਨਾ ਕੋਈ ਨਵੀਂ ਅਤੇ ਢੁੱਕਵੀਂ ਪੜਤ ਬਣਾਉਣੀ ਦਰਕਾਰ ਹੋਵੇਗੀ। ਸੋ, ਭਾਰਤ ਵਿਚ ਅੰਗਰੇਜ਼ ਜਾਂ ਅਲਜ਼ੀਰੀਆ ਵਿਚ ਫਰਾਂਸੀਸੀ ਕਿਸ ਦੇ ਪਾਣੀਹਾਰ ਸਨ? ਭਾਰਤ ਵਿਚ ਅੰਗਰੇਜ਼ਾਂ ਨੇ ਸਿੱਖ ਭਾਈਚਾਰੇ ਉਪਰ ਸਿੱਖ ਧਰਮ ਦੀ ਭਜਨ ਬੰਦਗੀ ਵਾਲੀ ਸੋਚ ਕਿਸੇ ਸਾਜਿਸ਼ ਦੇ ਤਹਿਤ ਕੀ ਅਰੋਪਤ ਕਰ ਦੇਣੀ ਸੀ। ਇਹ ਸਭ ਵਾਧੂ ਦੀਆਂ ਖੁਰਾਫਾਤਾਂਸ ਹਨ। ਸਧਾਰਣੀਕਰਨ ਦੀ ਆਖਿਰ ਕੋਈ ਸੀਮਾ ਵੀ ਤਾਂ ਹੋਣੀ ਚਾਹੀਦੀ ਹੈ। ਪੂਰਵੀ ਜਾਂ ਅਫਰੀਕੀ ਦੇਸ਼ਾਂ ਅੰਦਰ ਉਨੀਵੀਂ ਸਦੀ ਤੋਂ ਪੱਛਮ ਦਾ ਸਾਰਥਕ ਤੇ ਰਾਜਨੀਤਕ ਗਲਬਾ ਕਿਉਂ 'ਤੇ ਕਿਵੇਂ ਸਥਾਪਿਤ ਹੋਇਆ, ਉਹ ਹੋਰ ਗੱਲ ਸੀ, ਉਸ ਦਾ ਸਭ ਨੂੰ ਪਤਾ ਹੀ ਹੈ। ਸਿੱਖ ਧਰਮ, ਇਸਲਾਮ, ਹਿੰਦੂ ਧਰਮ ਜਾਂ ਬੁੱਧ ਧਰਮ ਉਪਰ ਪੱਛਮ ਦਾ ਪ੍ਰੇਤ ਸਾਇਆ ਨਹੀਂ ਹੈ। ਜਾਂ ਇਉਂ ਕਹਿ ਲਵੋ ਸਿੱਖ, ਹਿੰਦੂ, ਮੁਸਲਿਮ ਅਤੇ ਸ਼੍ਰੀਲੰਕਾ ਦੇ ਬੋਧੀ ਕਿਸੇ ਨੂੰ ਕੀ ਸਿਆਣਦੇ ਹਨ!

ਅਖੀਰ ਵਿਚ ਸਾਡੀ ਤਾਂ ਇੰਨੀ ਗੁਜਾਰਿਸ਼ ਹੈ ਕਿ ਕਿਸੇ ਵੀ ਧਰਮ ਦੇ ਕੇਂਦਰੀ ਸਰੋਕਾਰਾਂ ਨਾਲ ਕਿਸੇ ਦਾ ਵੀ ਕੀ ਰੌਲਾ ਹੋ ਸਕਦਾ ਹੈ। ਗੱਲ ਧਾਰਮਿਕਤਾ ਜਾਂ ਧਰਮ-ਨਿਰਪੇਖਤਾ ਦੀ ਨਹੀਂ ਹੈ, ਸਵਾਲ ਤਾਂ ਇਹ ਹੈ ਕਿ ਅਜੋਕੇ ਸੰਸਾਰ ਲਈ ਧਰਮ ਦੀ ਸਾਰਥਿਕਤਾ ਨੂੰ ਉਸ ਤਰ੍ਹਾਂ ਸਥਾਪਿਤ ਕੀਤਾ ਜਾਵੇ ਜਿਵੇਂ ਇਰਾਨੀ ਚਿੰਤਕ ਅਲੀ ਸ਼ਰਾਅਤੀ ਕਰਦਾ ਹੈ ਜਾਂ ਜਿਆਉਦੀਨ ਸਰਦਾਰ ਕਰ ਰਿਹਾ ਹੈ, ਜਾਂ ਜਿਸ ਤਰ੍ਹਾਂ ਦਾ ਯਤਨ ਪ੍ਰੋ. ਭੁਪਿੰਦਰ ਨੇ ਕੀਤਾ ਹੈ। ਇਸ ਤਰ੍ਹਾਂ ਬਿਲਕੁਲ ਨਹੀਂ ਜਿਸ ਤਰ੍ਹਾਂ ਦਾ ਆਇਤੁਲਾ ਖੁਮੀਨੀ ਨੇ ਕੀਤਾ ਹੈ ਜਾਂ ਜਿਸ ਤਰ੍ਹਾਂ ਦਾ ਅਫਗਾਨਿਸਤਾਨ ਵਿਚ ਤਾਲਿਬਾਨ ਲੜਾਕੇ ਅਜੇ ਵੀ ਕਰਨ ਦਾ ਯਤਨ ਕਰ ਰਹੇ ਹਨ। ਇਸ ਤਰ੍ਹਾਂ ਕਰਕੇ ਜ਼ਿੰਦਗੀ ਦਾ ਕੱਖ ਵੀ ਨਹੀਂ ਸੰਵਰੇਗਾ।

**ਅੰਤਿਕਾ:** ਅਖੀਰ 'ਪੰਜਾਬ ਟਾਈਮਜ਼' ਦੇ ਮਾਧਿਅਮ ਰਾਹੀਂ ਆਪਣੇ ਮਿੱਤਰਾਂ ਲਈ ਸਾਡੀ ਗੁਜ਼ਾਰਿਸ਼ ਇਹ ਹੈ ਕਿ ਅਸੀਂ ਵੀ ਸੁਪਨਸਾਜ਼ ਹਾਂ ਅਤੇ ਸਾਡੀ ਵੀ ਚਾਹਤ ਹੈ ਕਿ ਕਦੀ ਨਾ ਕਦੀ ਸੰਸਾਰ ਅਜਿਹਾ ਸੋਹਣਾ ਬਣ ਜਾਵੇ ਜਿੱਥੇ ਹਰੇਕ ਨੌਜਵਾਨ ਕੁੜੀਆਂ ਮੁੰਡੇ ਆਪੋ-ਆਪਣੀ ਦਾਦੀ ਮਾਂ ਤੇ ਮਾਂ ਦੀਆਂ ਅਸੀਸਾਂ ਦੀ ਲੋਅ ਵਿਚ ਆਪਣੀ ਜ਼ਿੰਦਗੀ ਨੂੰ ਰਚਨਾਤਮਕ ਢੰਗ ਨਾਲ ਵਿਉਂਤਦਿਆਂ ਟੁੱਟ ਕੇ ਮੁਹੱਬਤ ਕਰਨ ਤੇ ਮਨ ਹੀ ਮਨ ਅੰਦਰ ਅਸਮਾਨ ਦੇ ਸਫ਼ੇ 'ਤੇ ਸਾਰੀ ਉਮਰ ਨਿਰੰਤਰ ਖ਼ਤ ਲਿਖਦੇ ਰਹਿਣ। ਕੀ ਇਹੋ ਕਾਰਲ ਮਾਰਕਸ ਤੇ ਉਸ ਦੇ ਸਭ ਤੋਂ ਵੱਧ ਹੋਣਹਾਰ ਸ਼ਾਗਿਰਦ ਲਿਉਨ ਤਰਾਤਸਕੀ ਦਾ ਸੁਪਨਾ ਤੇ ਸਰੋਕਾਰ ਨਹੀ ਸੀ!

(ਸਮਾਪਤ)

# ਤ੍ਰਾਤਸਕੀ: ਜ਼ਿੰਦਗੀ ਦੇ ਨਾਂ ਲਿਖੇ ਬਲ ਦੇ ਖੱਤ

**ਸੰਪਾਦਕ ਜੀ,**

ਪੰਜਾਬ ਟਾਈਮਜ਼ ਦੇ ਪਿਛਲੇ ਕੁਝ ਅੰਕਾਂ ਵਿਚ ਰੂਸੀ ਚਿੰਤਕ ਤ੍ਰਾਤਸਕੀ ਦੇ ਹਵਾਲੇ ਨਾਲ ਰੂਸੀ ਇਨਕਲਾਬ ਅਤੇ ਵਿਸ਼ਵ ਚਿੰਤਨ ਬਾਰੇ ਪਹਿਲਾਂ ਅੰਮ੍ਰਿਤਪਾਲ ਗਿੱਲ ਤੇ ਫਿਰ ਬਘੇਲ ਸਿੰਘ ਬੱਲ ਦੇ ਲੇਖ ਪੜ੍ਹੇ। ਉਸ ਪਿਛੋਂ ਕ੍ਰਮ ਪ੍ਰਤੀਕਰਮ ਵਜੋਂ ਗੁਰਦਿਆਲ ਸਿੰਘ ਬਲ ਅਤੇ ਪ੍ਰਭਸ਼ਰਨਦੀਪ

## ਪ੍ਰਤੀਕਰਮ

ਸਿੰਘ ਦੇ ਲੇਖ ਪੜ੍ਹਨ ਨੂੰ ਮਿਲੇ। ਗੁਰਦਿਆਲ ਸਿੰਘ ਬਲ ਦੀਆਂ ਲਿਖਤਾਂ ਵਿਚ ਖਿਲਾਰ ਹੈ, ਜਿਵੇਂ ਵਿਚਾਰਾਂ ਦਾ ਛਿੱਟਾ ਦਿਤਾ ਹੋਵੇ, ਇਨ੍ਹਾਂ ਵਿਚ ਕੋਈ ਅੰਤਰਦ੍ਰਿਸ਼ਟੀ ਵੀ ਨਹੀਂ ਮਿਲਦੀ। ਹਾਂ, ਕਿਤਾਬਾਂ ਅਤੇ ਤੱਥਾਂ ਦਾ ਗਿਆਨ ਚੋਖਾ ਹੁੰਦਾ ਹੈ ਜਿਸ ਨਾਲ ਪਾਠਕ ਨੂੰ ਚੰਗੇ ਸਾਹਿਤ ਦੀ ਜਾਣਕਾਰੀ ਮਿਲਦੀ ਹੈ। ਇਹ ਗੱਲ ਪ੍ਰਸ਼ੰਸਾਯੋਗ ਹੈ। ਉਂਜ ਬਲ ਨੇ ਆਪ ਹੀ ਮੰਨ ਲਿਆ ਹੈ ਕਿ ਉਸ ਦੀਆਂ ਲਿਖਤਾਂ, ਜ਼ਿੰਦਗੀ ਦੇ ਨਾਂ ਜਾਹਰ ਜਾਂ ਲੁਕਵੇਂ ਰੂਪ ਵਿਚ ਲਿਖੇ ਹੋਏ ਖਤ ਹੀ ਹਨ।

ਉਸ ਨੇ ਸੀਜਰ ਦੀ ਸਿਸਰੋ ਨਾਲ ਗਲਵਕੜੀ ਅਤੇ ਉਸ ਨਾਲ ਤੁਰਨ ਨੂੰ ਬਹੁਤ ਵਡਿਆਇਆ ਹੈ। ਸਿਆਸਤ ਵਿਚ ਜੇ ਕੋਈ, ਉਸ ਦੇ ਏਕਾਧਿਕਾਰ ਲਈ ਖਤਰਾ ਨਹੀਂ ਹੁੰਦਾ ਤਾਂ ਉਸ ਨੂੰ ਗਲਵਕੜੀ ਪਾ ਲੈਣੀ ਕੋਈ ਮਾਅਨੇ ਨਹੀਂ ਰਖਦੀ। ਜਿਵੇਂ ਕਿਸੇ ਵੀ ਪੂੰਜੀਵਾਦੀ ਦੇਸ਼ ਵਿਚ ਤੁਸੀਂ ਜਿੰਨੇ ਮਰਜੀ ਵਡੇ ਮਾਰਕਸਵਾਦੀ ਹੋਵੋ, ਕੋਈ ਸਮਸਿਆ ਨਹੀਂ ਬਸ਼ਰਤੇ ਕਿ ਤੁਸੀਂ ਇਨਕਲਾਬੀ ਨਾ ਹੋਵੋ, ਸਥਾਪਤੀ ਲਈ ਖਤਰਾ ਨਾ ਹੋਵੋ। ਜਿਨ੍ਹਾਂ ਤੋਂ ਸੱਤਾ ਨੂੰ ਖਤਰਾ ਸੀ, ਸੀਜਰ ਉਨ੍ਹਾਂ ਨਾਲ ਜੱਫੀ ਨਹੀਂ ਪਾਉਂਦਾ, ਭਿੜਦਾ ਹੈ। ਉਂਜ ਗਲਵਕੜੀ ਬਾਰੇ ਕਾਂਗਰਸ ਦੇ ਵਿਧਾਇਕ ਮੁਹੰਮਦ ਸਦੀਕ ਦੀ ਗੱਲ ਧਿਆਨ ਦੇਣ ਯੋਗ ਹੈ। ਪਿਛਲੇ ਦਿਨੀਂ ਉਹ ਫਰਿਜ਼ਨੋ ਆਇਆ ਸੀ। ਗੱਲਬਾਤ ਦੌਰਾਨ ਜਦੋਂ ਉਸ ਨੂੰ ਪੁੱਛਿਆ ਗਿਆ ਕਿ ਵਿਧਾਨ ਸਭਾ ਵਿਚ ਉਸ ਦਾ ਮੁਖ ਮੰਤਰੀ ਨਾਲ ਗਾਉਣ ਬਾਰੇ ਕੀ ਵਿਵਾਦ ਚਲਿਆ ਸੀ ਤਾਂ ਉਸ ਨੇ ਉਤਰ ਦਿੱਤਾ ਕਿ ਇਹੀ ਗੱਲ ਮੈਨੂੰ ਲੁਧਿਆਣੇ ਦੇ ਇਕ ਜਥੇਦਾਰ ਨੇ ਵੀ ਪੁਛੀ ਸੀ। ਸਦੀਕ ਨੂੰ ਉਸ ਦੇ ਮੁਹੱਲੇ ਦੇ ਗੁਰਦੁਆਰੇ ਵਿਚ ਸਰੋਪੇ ਨਾਲ ਨਿਵਾਜਿਆ ਗਿਆ। ਸਦੀਕ ਨੇ ਦਸਿਆ ਕਿ ਭਾਵੇਂ ਉਹ ਵਿਰੋਧੀ ਪਾਰਟੀ ਵਿਚ ਹੈ ਪਰ ਉਮਰ ਕਰਕੇ ਉਹ ਵੱਡੇ ਬਾਦਲ ਦਾ ਸਤਿਕਾਰ ਕਰਦਾ ਹੈ, ਇਸ ਲਈ ਉਸ ਦੇ ਵਾਰ ਵਾਰ ਕਹਿਣ 'ਤੇ ਉਸ ਨੇ ਅਸੈਂਬਲੀ ਵਿਚ ਗਾਇਆ ਅਤੇ ਇਸ ਬਾਰੇ ਉਸ ਦੀ ਕਾਫੀ ਨਮੋਸ਼ੀ ਵੀ ਹੋਈ। ਗੱਲ ਸੁਣ ਕੇ ਜਥੇਦਾਰ, ਜੋ ਬਾਦਲ ਅਕਾਲੀ ਦਲ ਨਾਲ ਕਾਫੀ ਵਰ੍ਹਿਆਂ ਤੋਂ ਜੁੜਿਆ ਹੋਇਆ ਹੈ, ਨੇ ਸਦੀਕ ਨੂੰ ਹੌਂਸਲਾ ਦਿੰਦਿਆਂ ਕਿਹਾ, "ਸ਼ੁਕਰ ਕਰ ਤੇਰਾ ਗਾਣਾ ਗਾ ਕੇ ਖਹਿੜਾ ਛੁੱਟ ਗਿਆ। ਬਾਦਲ ਤਾਂ ਅਜਿਹਾ ਬੰਦਾ ਹੈ ਜਦੋਂ ਕਿਸੇ ਨੂੰ ਜੱਫੀ ਪਾ ਲਵੇ, ਉਨਾ ਚਿਰ ਨਹੀਂ ਛੱਡਦਾ ਜਿੰਨਾ ਚਿਰ ਅਗਲੇ ਦਾ ਸਾਹ ਨਾ ਬੰਦ ਹੋ ਜਾਵੇ।"

ਆਪਾਂ ਸਾਰੇ ਜਾਣਦੇ ਹਾਂ, ਵੱਡਾ ਬਾਦਲ ਬਹੁਤ ਹੀ ਹਲੀਮ ਹੈ, ਹਰ ਇਕ ਨੂੰ ਜੱਫੀ 'ਚ ਲੈ ਲੈਂਦਾ ਹੈ। ਵਿਰੋਧੀ ਨੇਤਾਵਾਂ ਨੂੰ ਵੀ। ਪਰ ਉਸ ਨੇ ਜਿਸ ਜਿਸ ਨੂੰ ਵੀ ਜੱਫੀ ਪਾਈ, ਉਹ ਸਿਆਸਤ ਦੇ ਪਿੜ 'ਚੋਂ ਸਦਾ ਲਈ ਲੋਪ ਹੋ ਗਿਆ। ਜਰਨੈਲਾਂ ਅਤੇ ਸਿਆਸੀ ਨੇਤਾਵਾਂ ਦੀ ਜੱਫੀ ਨੂੰ 'ਆਨ ਦੀ ਫੇਸ ਆਫ ਇਟ' ਨਹੀਂ ਲੈਣਾ ਚਾਹੀਦਾ।

*-ਅਵਤਾਰ ਗੋਂਦਾਰਾ, ਕਲੋਵਿਸ*
*ਫੋਨ: 559-375-2589*

---

## ਗੁਰਦਿਆਲ ਬੱਲ ਦਾ ਗਿਆਨ

ਮੈਂ ਤ੍ਰਾਤਸਕੀ ਬਾਰੇ ਗੁਰਦਿਆਲ ਬੱਲ ਦੇ ਸਾਰੇ ਲੇਖ ਪੜ੍ਹੇ ਹਨ। ਵਿਸ਼ਵ ਸਾਹਿਤ ਅਤੇ ਵਿਸ਼ਵ ਚਿੰਤਨ ਬਾਰੇ ਉਸ ਦਾ ਗਿਆਨ ਕਮਾਲ ਦਾ ਹੈ। ਉਸ ਨੇ ਨਾ ਸਿਰਫ ਬਹੁਤ ਸਾਰੀਆਂ ਵਿਸ਼ਵ ਪੱਧਰੀ ਗਿਆਨਵਾਨ ਪੁਸਤਕਾਂ ਪੜ੍ਹੀਆਂ ਹੀ ਹਨ ਸਗੋਂ ਗੁੜ੍ਹੀਆਂ ਵੀ ਹਨ। ਜ਼ਿੰਦਗੀ ਬਾਰੇ ਉਸ ਦਾ ਦ੍ਰਿਸ਼ਟੀਕੋਣ ਨਿਸ਼ਚੇ ਹੀ ਅਲੱਗ ਹੈ ਅਤੇ ਉਹ ਕਿਸੇ ਵੀ ਕਿਸਮ ਦੇ ਸਿਰੇ ਦੇ ਉਲਾਰ ਦ੍ਰਿਸ਼ਟੀਕੋਣ ਨੂੰ ਰੱਦ ਕਰਦਾ ਹੈ। ਮੈਂ ਉਸ ਦੀ ਇਸ ਦਲੀਲ ਨਾਲ ਸਹਿਮਤ ਹਾਂ ਕਿ ਫਤਵੇ ਵਾਲੀ ਪਹੁੰਚ ਕਿਸੇ ਵੀ ਤਰ੍ਹਾਂ ਸਹੀ ਨਹੀਂ ਹੈ। ਇਤਿਹਾਸ ਗਵਾਹ ਹੈ ਕਿ ਅਜਿਹੀ ਪਹੁੰਚ ਕਦੇ ਵੀ ਮਾਨਵ ਜਾਤੀ ਦੇ ਕਲਿਆਣ ਲਈ ਸਹੀ ਸਾਬਤ ਨਹੀਂ ਹੋਈ।

*-ਬੂਟਾ ਸਿੰਘ, ਲਾਸ ਏਂਜਲਸ।*

## ਮਿੰਨੀ ਕਹਾਣੀ

# ਬਿੱਲੀ ਦਾ ਸ਼ੀਸ਼ਾ

*(ਚੀਨੀ ਲੋਕਗਾਥਾ)*

ਇੱਕ ਦਿਨ ਸ਼ੇਰ ਨੇ ਜੰਗਲ ਵਿਚ ਇੱਕ ਬਿੱਲੀ ਫੜ ਲਈ। ਸ਼ੇਰ ਉਸ ਨੂੰ ਖਾਣ ਬਾਰੇ ਸੋਚ ਹੀ ਰਿਹਾ ਸੀ ਤਾਂ ਬਿੱਲੀ ਨੇ ਪੁੱਛਿਆ, "ਤੁਸੀਂ ਮੈਨੂੰ ਕਿਉਂ ਖਾਣਾ ਚਾਹੁੰਦੇ ਹੋ?"

ਸ਼ੇਰ ਨੇ ਕਿਹਾ, "ਮੈਂ ਵੱਡਾ ਹਾਂ ਤੇ ਤੂੰ ਛੋਟੀ ਏਂ?" ਬਿੱਲੀ ਨੇ ਅੱਖਾਂ ਇਧਰ ਉਧਰ ਘੁੰਮਾਉਂਦਿਆਂ ਕਿਹਾ, "ਨਹੀਂ ਨਹੀਂ, ਵੱਡੀ ਤਾਂ ਮੈਂ ਹਾਂ, ਆਪ ਛੋਟੇ ਹੋ। ਤੁਸੀਂ ਕਿਸ ਤਰ੍ਹਾਂ ਕਹਿ ਰਹੇ ਹੋ ਕਿ ਮੈਂ ਵੱਡਾ ਹਾਂ?" ਬਿੱਲੀ ਦੀ ਇਹ ਗੱਲ ਸੁਣ ਕੇ ਸ਼ੇਰ ਉਲਝਣ ਵਿਚ ਪੈ ਗਿਆ।

ਸ਼ੇਰ ਨੇ ਮਨ ਹੀ ਮਨ ਸੋਚਿਆ, "ਗੱਲ ਤਾਂ ਇਸ ਦੀ ਠੀਕ ਹੈ ਕਿ ਮੈਂ ਕਿਸ ਤਰ੍ਹਾਂ ਸਾਬਤ ਕਰ ਸਕਦਾ ਹਾਂ ਕਿ ਮੈਂ ਕਿੰਨਾ ਵੱਡਾ ਹਾਂ?"

ਬਿੱਲੀ ਨੇ ਕਿਹਾ, "ਮੇਰੇ ਘਰ ਇੱਕ ਸ਼ੀਸ਼ਾ ਹੈ ਉਸ ਵਿਚ ਮੂੰਹ ਦੇਖਣ ਨਾਲ ਪਤਾ ਲੱਗ ਜਾਏਗਾ ਕਿ ਕੌਣ ਛੋਟਾ ਹੈ।"

ਸ਼ੇਰ ਨੇ ਸ਼ੀਸ਼ਾ ਕਦੀ ਵੀ ਦੇਖਿਆ ਨਹੀਂ ਸੀ। ਉਹ ਸ਼ੀਸ਼ਾ ਦੇਖਣ ਲਈ ਬਿੱਲੀ ਦੇ ਘਰ ਜਾਣ ਲਈ ਤਿਆਰ ਹੋ ਗਿਆ। ਬਿੱਲੀ ਦਾ ਸ਼ੀਸ਼ਾ ਵੀ ਅਜੀਬ ਸੀ। ਉਸ ਦੀ ਉਪਰ ਵਾਲੀ ਤਹਿ ਤਾਂ ਉਭਰੀ ਹੋਈ ਸੀ ਪਰ ਪਿਛਲਾ ਹਿੱਸਾ ਵਿਚ ਨੂੰ ਧੱਸਿਆ ਹੋਇਆ ਸੀ। ਬਿੱਲੀ ਨੇ ਸ਼ੀਸ਼ੇ ਦਾ ਉਭਰਿਆ ਹੋਇਆ ਹਿੱਸਾ ਸ਼ੇਰ ਮੂਹਰੇ ਕਰ ਦਿੱਤਾ।

ਸ਼ੇਰ ਜਦੋਂ ਸ਼ੀਸ਼ੇ ਸਾਹਮਣੇ ਖੜ੍ਹਾ ਹੋਇਆ ਤਾਂ ਦੁਬਲਾ-ਪਤਲਾ ਗਲਹਿਰੀ ਵਰਗਾ ਲੱਗ ਰਿਹਾ ਸੀ। ਬਿੱਲੀ ਨੇ ਕਿਹਾ, "ਪਤਾ ਲੱਗ ਗਿਆ ਕਿ ਤੁਸੀਂ ਕਿੰਨੇ ਵੱਡੇ ਹੋ? ਸ਼ੀਸ਼ੇ ਵਿਚ ਅਸਲ ਨਾਲੋਂ ਤਾਂ ਵੱਡਾ ਹੀ ਦਿੱਖਦਾ ਹੈ ਪਰ ਕੁਝ ਸਾਲ ਪਹਿਲਾਂ ਤਾਂ ਤੁਸੀਂ ਹੋਰ ਵੀ ਛੋਟੇ ਸੀ।" ਸ਼ੇਰ ਡਰ ਗਿਆ। ਉਸ ਨੇ ਸਿਰ ਝੁਕਾ ਲਿਆ ਤੇ ਬਿੱਲੀ ਨੇ ਹੌਲੀ ਦੇਣੀ ਸ਼ੀਸ਼ਾ ਘੁੰਮਾ ਦਿੱਤਾ।

ਫਿਰ ਬਿੱਲੀ ਬੋਲੀ, "ਹੁਣ ਜ਼ਰਾ ਮੈਨੂੰ ਆਪਣਾ ਆਪ ਦੇਖਣ ਦੇ।" ਜਦੋਂ ਬਿੱਲੀ ਸ਼ੀਸ਼ੇ ਮੂਹਰੇ ਖੜ੍ਹੀ ਹੋਈ ਤਾਂ ਸ਼ੇਰ ਨੇ ਵੀ ਅੱਖ ਚੁਰਾ ਕੇ ਦੇਖਿਆ ਤਾਂ ਬਿੱਲੀ ਵੱਡੀ ਅਤੇ ਭਿਆਨਕ ਨਜ਼ਰ ਆ ਰਹੀ ਸੀ। ਬਿੱਲੀ ਦਾ ਮੂੰਹ ਵੀ ਬਹੁਤ ਵੱਡਾ ਲੱਗ ਰਿਹਾ ਸੀ, ਕਦੀ ਖੁੱਲ੍ਹਦਾ ਸੀ ਤਾਂ ਕਦੀ ਬੰਦ ਹੋ ਰਿਹਾ ਸੀ ਅਤੇ ਬੜਾ ਡਰਾਵਣਾ ਲੱਗ ਰਿਹਾ ਸੀ। ਸ਼ੇਰ ਨੇ ਸੋਚਿਆ ਕਿ ਬਿੱਲੀ ਮੈਨੂੰ ਖਾਣਾ ਚਾਹੁੰਦੀ ਹੈ। ਸ਼ੇਰ ਹੌਲੀ ਦੇਣੀ ਉਥੋਂ ਖਿਸਕਿਆ ਤੇ ਜੰਗਲ ਵੱਲ ਨੂੰ ਦੌੜ ਗਿਆ।

*-ਅਮਰਜੀਤ ਚੰਦਰ*

## .ਗਜ਼ਲ

ਬੇਸ਼ਕ ਸਾਡੇ ਵਿਹੜੇ ਦੇ ਵਿਚ ਰੁੱਖ ਨਹੀਂ।
ਖੂਹਾਂ ਵਿਚਲੇ ਰੁੱਖਾਂ ਦਾ ਵੀ ਸੁੱਖ ਨਹੀਂ।
ਮੋਮ ਜਿਹੇ ਲੋਕਾਂ ਦੀ ਮਹਿਫਿਲ ਨਾਲੋਂ ਤਾਂ,
ਮੈਂ ਹਾਂ 'ਕੱਲਾ ਇਸ ਦਾ ਮੈਨੂੰ ਦੁੱਖ ਨਹੀਂ।
ਖਾ ਕੇ ਹੱਕ ਗਰੀਬਾਂ ਦਾ ਉਹ ਆਖ ਰਹੇ,
ਬਸਤੀ ਦੇ ਲੋਕਾਂ ਨੂੰ ਲਗਦੀ ਭੁੱਖ ਨਹੀਂ।
ਸਾਥ ਕਦੇ ਨਹੀਂ ਦਿੱਤਾ ਜਿਸ ਨੇ ਨ੍ਹੇਰੀ ਦਾ,
ਜੰਗਲ ਦੇ ਵਿਚ ਐਸਾ ਕੋਈ ਰੁੱਖ ਨਹੀਂ।
ਭਾਵੇਂ ਦੂਰੀ 'ਤੇ ਵਸਦਾ ਤਨਵੀਰ ਅਜੇ,
ਫਿਰ ਵੀ ਮੇਰਾ ਦਿਲ ਉਸ ਤੋਂ ਬੇਮੁੱਖ ਨਹੀਂ।

*-ਅਜੇ ਤਨਵੀਰ*

# ਤਸਵੀਰ ਦੇ ਦੋਵੇਂ ਪਾਸੇ

## ਕਹਾਣੀ

***ਫਰਾਂਸ ਦੇ ਸੰਸਾਰ ਪ੍ਰਸਿੱਧ ਲੇਖਕ ਮੋਪਾਸਾਂ (5 ਅਗਸਤ 1850-6 ਜੁਲਾਈ 1893) ਦੀ ਸ਼ਾਹਕਾਰ 'ਬੂਲ ਦਿ ਸੁਫ' ਨਾਂ ਦੀ ਕਹਾਣੀ ਕਈ ਨਾਂਵਾਂ- 'ਬਾਲ ਆਫ ਫੈਟ', 'ਬਟਰਬਾਲ', 'ਡੰਪਲਿੰਗ' ਹੇਠ ਅਨੁਵਾਦ ਹੋਈ ਹੈ। ਮੋਪਾਸਾਂ ਦੀ ਇਹ ਕਹਾਣੀ ਪਹਿਲੀ ਵਾਰ ਅਪਰੈਲ 1880 ਵਿਚ ਛਪੀ ਸੀ। ਪੰਜਾਬੀ ਦੇ ਪ੍ਰਸਿੱਧ ਨਾਵਲਿਸਟ ਸਵਰਗੀ ਨਾਨਕ ਸਿੰਘ ਨੇ ਇਸ ਕਹਾਣੀ ਦਾ ਅਨੁਵਾਦ 'ਤਸਵੀਰ ਦੇ ਦੋਵੇਂ ਪਾਸੇ' ਸਿਰਲੇਖ ਤਹਿਤ ਕੀਤਾ ਸੀ। ਕਹਾਣੀ ਕਹਿਣ ਵਿਚ ਮੋਪਾਸਾਂ ਦੀ ਕੋਈ ਰੀਸ ਨਹੀਂ। ਮੁਸੀਬਤ ਵਿਚ ਕਿਵੇਂ ਉਚ-ਨੀਚ, ਅਮੀਰੀ-ਗਰੀਬੀ ਭੁਲਾ ਕੇ ਬੰਦਾ ਸਿਰਫ ਇਨਸਾਨ ਰਹਿ ਜਾਂਦਾ ਹੈ, ਕਹਾਣੀ ਵਿਚ ਇਹ ਬਿਰਤਾਂਤ ਲਾਜਵਾਬ ਹੈ। ਕਹਾਣੀ ਦਸ ਯਾਤਰੂਆਂ ਦੁਆਲੇ ਘੁੰਮਦੀ ਹੈ। ਇਸ ਕਹਾਣੀ ਦਾ ਘੇਰਾ ਅੰਬਰ ਜਿੱਡਾ ਹੈ। ਕੋਈ ਮੋਪਾਸਾਂ ਵਰਗਾ ਲੇਖਕ ਹੀ ਕਹਾਣੀ ਦੀ ਇੰਨੀ ਵੱਡੀ ਹਲਾਈਂ ਵਗਲ ਸਕਦਾ ਸੀ। ਪੇਸ਼ ਹੈ ਕਹਾਣੀ ਦੀ ਅਗਲੀ ਕਿਸ਼ਤ। -ਸੰਪਾਦਕ***

### ਕਿਸ਼ਤ ਚੌਥੀ

**ਤੁਸੀਂ ਪੜ੍ਹ ਚੁੱਕੇ ਹੋ...**

***ਜਰਮਨਾਂ ਹੱਥੋਂ ਹਾਰ ਕਾਰਨ ਫਰਾਂਸੀਸੀ ਲੋਕ ਅਤਿਅੰਤ ਔਖੜਾਂ ਵਿਚੋਂ ਲੰਘ ਰਹੇ ਹਨ। ਦਸ ਮੁਸਾਫਿਰ ਆਪਣੇ ਸ਼ਹਿਰ ਰੋਇਨ ਤੋਂ ਹਾਵਰੇ ਲਈ ਨਿਕਲਦੇ ਹਨ ਤਾਂ ਕਿ ਉਥੇ ਜਾ ਕੇ ਕੰਮ-ਧੰਦਾ ਕਰ ਸਕਣ। ਬਰਫਬਾਰੀ ਕਾਰਨ ਸਫਰ ਲੰਮਾ ਹੋ ਜਾਂਦਾ ਹੈ। ਸਭ ਭੁੱਖ ਨਾਲ ਹਾਲੋਂ-ਬੇਹਾਲ ਹਨ। ਨੌਂ ਮੁਸਾਫਿਰ ਆਪਣੀ 10ਵੀਂ ਸਾਥਣ, ਵੇਸਵਾ ਮੁਟਿਆਰ ਮਾਰਗਰੇਟ ਤੋਂ ਖਾਣਾ ਲੈ ਕੇ ਭੁੱਖ ਮਿਟਾਉਂਦੇ ਹਨ। ਰਾਹ 'ਚ ਹੋਟਲ ਵਿਚ ਠਾਹਰ ਦੌਰਾਨ ਜਰਮਨ ਅਫਸਰ ਵੇਸਵਾ ਨਾਲ ਸੇਜ ਸਾਂਝੀ ਕਰਨ ਦੀ ਜ਼ਿਦ ਕਰਦਾ ਹੈ ਅਤੇ ਮੰਗ ਪੂਰੀ ਹੋਣ ਤਕ ਸਭ ਨੂੰ ਰੋਕ ਲੈਂਦਾ ਹੈ। ਸਾਰੇ ਮੁਸਾਫਰ ਵੇਸਵਾ ਉਤੇ ਅਫਸਰ ਦੀ ਗੱਲ ਮੰਨ ਕੇ ਸਭ ਨੂੰ ਮੁਸੀਬਤ ਵਿਚੋਂ ਛੁਡਾਉਣ ਲਈ ਜ਼ੋਰ ਪਾਉਣ ਲੱਗਦੇ ਹਨ। ਹੁਣ ਪੜ੍ਹੋ ਅੱਗੇ...***

ਦੂਜੇ ਦਿਨ ਉਹ ਹੋਰ ਵੀ ਸਵਖਤੇ ਜਾਗੇ। ਯਾਤਰਾ ਕਰਨ ਦੀ ਆਗਿਆ ਕਿਸੇ ਤਰ੍ਹਾਂ ਮਿਲ ਜਾਵੇ, ਉਹ ਫਿਰ ਨਵੇਂ ਸਿਰਿਉਂ ਇਸੇ ਬਾਰੇ ਮਨਸੂਬੇ ਸੋਚਣ ਲੱਗੇ। ਬਹੁਤਾ ਖਤਰਾ ਉਨ੍ਹਾਂ ਨੂੰ ਇਸ ਗੱਲ ਦਾ ਸਤਾ ਰਿਹਾ ਸੀ, ਮਤੇ ਅੱਜ ਦਾ ਦਿਨ ਵੀ ਉਨ੍ਹਾਂ ਨੂੰ ਇਥੇ ਹੀ ਰੁਕਣਾ ਪਵੇ।



ਘੋੜੇ ਤਬੇਲੇ ਵਿਚ ਬੱਧੇ ਹੋਏ ਸਨ। ਗੱਡੀ ਉਥੇ ਦੀ ਉਥੇ ਖੜ੍ਹੀ ਸੀ ਤੇ ਗੱਡੀਵਾਨ ਦਾ ਅੱਜ ਵੀ ਕੋਈ ਪਤਾ ਨਹੀਂ ਸੀ। ਉਹ

**ਮੂਲ ਲੇਖਕ: ਮੋਪਾਸਾਂ**
**ਤਰਜਮਾ: ਨਾਨਕ ਸਿੰਘ**

ਵਿਚਾਰੇ ਗੱਡੀ ਦੇ ਆਸ ਪਾਸ ਫਿਰਦੇ ਹੋਏ ਬੜੀ ਘਬਰਾਹਟ ਨਾਲ ਆਪੋ ਆਪਣੇ ਭਵਿਖ ਬਾਰੇ ਸੋਚ ਰਹੇ ਸਨ। ਕੰਮ ਕੋਈ ਹੈ ਨਹੀਂ ਸੀ, ਵਕਤ ਬੀਤਣ ਵਿਚ ਨਹੀਂ ਸੀ ਆਉਂਦਾ। ਤਾਸ਼ ਖੇਡਣ ਨੂੰ ਵੀ ਹੁਣ ਕਿਸੇ ਦਾ ਦਿਲ ਨਹੀਂ ਸੀ ਕਰਦਾ।

ਅੱਜ ਖਾਣੇ ਦੀ ਮੇਜ਼ 'ਤੇ ਪੂਰੀ ਉਦਾਸੀ ਛਾਈ ਰਹੀ। ਸਾਰੇ ਜਣੇ ਉਸ ਕਲ੍ਹਾ ਦੀ ਮੂਲ ਮਾਰਗਰੇਟ ਵੱਲ ਕੌੜੀ ਨਜ਼ਰ ਨਾਲ ਤੱਕ ਰਹੇ ਸਨ। ਰਾਤੀਂ ਸੌਣ ਲੱਗਿਆਂ ਕਈਆਂ ਦੇ ਦਿਮਾਗ਼ ਵਿਚੋਂ ਉਹ ਜੋਸ਼ੀਲੀਆਂ ਲਹਿਰਾਂ ਜਿਨ੍ਹਾਂ ਰਾਹੀਂ ਉਹ ਉਸ ਜਰਮਨ ਅਫਸਰ ਨੂੰ ਕੱਚਿਆਂ ਖਾ ਜਾਣ ਲਈ ਤੜਫਦੇ ਸਨ, ਹੌਲੀ-ਹੌਲੀ ਠੰਢੀਆਂ ਹੋਣੀਆਂ ਸ਼ੁਰੂ ਹੋ ਗਈਆਂ। ਉਹ ਸੋਚ ਰਹੇ ਸਨ ਕਿ ਜੇ ਇਹ ਕੁੜੀ ਚੁਪ-ਚੁਪੀਤੀ ਲੁਕ ਕੇ ਉਸ ਅਫਸਰ ਕੋਲ ਚਲੀ ਜਾਵੇ, ਤਾਂ ਇਸ ਵਿਚ ਹਰਜ ਹੀ ਕੀ ਹੈ? ਸਾਡੀਆਂ ਤੀਵੀਆਂ ਵਰਗੀ ਸਤੀ ਸਤਵੰਤੀ ਤਾਂ ਹੈ ਨਹੀਂ, ਕਿ ਉਸ ਦੀ ਇਜ਼ਤ 'ਤੇ ਹਰਫ ਆ ਜਾਏਗਾ। ਆਖਰ ਤਾਂ ਇਹ ਕੰਜਰੀ ਹੀ ਹੈ ਨਾ। ਸ਼ੁਰੂ ਵਿਚ ਹੀ ਜੇ ਅਲੋਤਪਣਾ ਨਾ ਕਰਦੀ ਤਾਂ ਸਾਡੇ ਭਾ ਦੀ ਇਹ ਮੁਸੀਬਤ ਕਿਉਂ ਆਉਂਦੀ; ਸੱਪ ਵੀ ਮਰ ਜਾਂਦਾ ਤੇ ਲਾਠੀ ਵੀ ਬਚ ਜਾਂਦੀ। ਵੱਧ ਤੋਂ ਵੱਧ ਉਸ ਨੂੰ ਦੇਸ਼ ਭਗਤੀ ਦਾ ਖਿਆਲ ਸੀ, ਤਾਂ ਅਫਸਰ ਨੂੰ ਕਹਿ ਦਿੰਦੀ ਕਿ ਮੈਂ ਸਿਰਫ ਆਪਣੇ ਸਾਥੀ ਮੁਸਾਫਰਾਂ ਦਾ ਸੰਕਟ ਕੱਟਣ ਲਈ ਹੀ ਉਸ ਦੀ ਆਗਿਆ ਦਾ ਪਾਲਣ ਕਰ ਰਹੀ ਹਾਂ। ਕੀ ਇਹ ਵੀ ਦੇਸ਼ ਭਗਤੀ ਦਾ ਇਕ ਫਰਜ਼ ਨਹੀਂ ਸੀ? ਅੱਜ ਕੇਵਲ ਉਸੇ ਛੋਕਰੀ ਦੇ ਕਾਰਨ ਉਸ ਦੇ ਪੌਣੀ ਦਰਜਨ ਸਾਥੀ ਮੁਸੀਬਤ ਵਿਚ ਫਸੇ ਹੋਏ ਸਨ। ਕੀ ਇਹ ਉਸ ਦੀ ਆਪਣੇ ਦੇਸ਼ ਤੇ ਦੇਸ਼ ਵਾਸੀਆਂ ਨਾਲ ਗੱਦਾਰੀ ਨਹੀਂ?

ਪਰ ਇਨ੍ਹਾਂ ਖਿਆਲਾਂ ਨੂੰ ਕੋਈ ਇਕ-ਦੂਜੇ ਅੱਗੇ ਪ੍ਰਗਟ ਕਰਨ ਦਾ ਹੌਸਲਾ ਨਹੀਂ ਸੀ ਸਕਦਾ।

ਫਿਰ ਦੁਪਹਿਰ ਹੋਈ। ਅੱਜ ਤਾਂ ਜਿਵੇਂ ਸਾਰੇ ਹੀ ਅਧਮੋਏ ਜਾਪਦੇ ਸਨ। ਕਿਸੇ ਮੂੰਹੋਂ ਕੋਈ ਗੱਲ ਨਹੀਂ ਸੀ ਨਿਕਲਦੀ। ਇਹ ਹਾਲਤ ਵੇਖ ਕੇ ਕਾਊਂਟ ਨੇ ਸੈਰ ਕਰਨ ਦੀ ਇੱਛਾ ਪ੍ਰਗਟ ਕੀਤੀ। ਸਾਰਿਆਂ ਨੇ ਕੱਪੜੇ-ਲੱਤੇ ਪਾ ਲਏ, ਤੇ ਇਹ ਛੋਟਾ ਜਿਹਾ ਜਥਾ ਸੈਰ ਲਈ ਨਿਕਲ ਗਿਆ। ਕੇਵਲ ਕਾਰਨੂਟੇਡ ਬਾਕੀ ਰਹਿ ਗਿਆ। ਉਸ ਨੂੰ ਸੈਰ ਨਾਲੋਂ ਅੱਗ ਸੇਕਣ ਵਿਚ ਵਧੀਕ ਸੁਆਦ ਆਉਂਦਾ ਸੀ। ਦੋਵੇਂ ਬ੍ਰਹਮਚਾਰਨੀਆਂ ਵੀ ਨਹੀਂ ਗਈਆਂ। ਉਹ ਸਾਰਾ ਦਿਨ ਗਿਰਜੇ ਵਿਚ ਹੀ ਬਿਤਾਂਦੀਆਂ।

ਬਾਹਰ ਨਿਕਲਦਿਆਂ ਹੀ ਸਰਦੀ ਕਰ ਕੇ ਸਾਰਿਆਂ ਦੇ ਕੰਨ ਲਾਲ ਹੋ ਗਏ ਤੇ ਪੈਰਾਂ ਨੂੰ ਕੜੱਲ ਚੜ੍ਹਨ ਲੱਗੇ। ਇਕ ਇਕ ਕਦਮ ਚੁੱਕਣਾ ਉਨ੍ਹਾਂ ਨੂੰ ਔਖਾ ਜਾਪ ਰਿਹਾ ਸੀ। ਜਦ ਉਹ ਮੈਦਾਨ ਵਿਚ ਪਹੁੰਚੇ ਤਾਂ ਉਥੋਂ ਦਾ ਦ੍ਰਿਸ਼ ਉਨ੍ਹਾਂ ਨੂੰ ਸਾਰਾ ਹੀ ਮਾਰੂ ਤੇ ਡਰਾਉਣਾ ਜਾਪਣ ਲੱਗਾ। ਚੁਪਾਸੀਂ ਵਿਛੀ ਹੋਈ ਬਰਫ ਦੀ ਮੋਟੀ ਤਹਿ ਨੇ ਉਨ੍ਹਾਂ ਦਾ ਰਹਿੰਦਾ-ਖੂੰਹਦਾ ਉਤਸ਼ਾਹ ਵੀ ਮੁਕਾ ਦਿੱਤਾ। ਉਹ ਛੇਤੀ ਮੁੜ ਪਏ। ਉਨ੍ਹਾਂ ਦੇ ਅੰਗ-ਅੰਗ ਨੂੰ ਸਰਦੀ ਨੇ ਜਕੜਿਆ ਹੋਇਆ ਸੀ। ਸਭ ਦੇ ਦਿਲਾਂ 'ਤੇ ਨਿਰਾਸ਼ਾ ਦਾ ਭਾਰੀ ਬੋਝ ਲੱਦਿਆ ਹੋਇਆ ਸੀ।

ਚਾਰੇ ਤੀਵੀਆਂ ਕੁਝ ਅੱਗੇ-ਅੱਗੇ ਆ ਰਹੀਆਂ ਸਨ ਤੇ ਤਿੰਨੇ ਆਦਮੀ ਪਿਛੇ-ਪਿਛੇ। ਲੋਸ਼ੀਓ ਨੇ ਇਸ ਮੁਸੀਬਤ ਤੋਂ ਛੁਟਕਾਰਾ ਪਾਉਣ ਦੀਆਂ ਵਿਉਂਤਾਂ ਸੋਚਦਿਆਂ ਦੋਹਾਂ ਸਾਥੀਆਂ ਨੂੰ ਪੁੱਛਿਆ, "ਦੋਸਤੋ! ਕੀ ਉਸ ਰੰਡੀ ਕਰਕੇ ਸਾਨੂੰ ਇਸ ਬੀਆਬਾਨ ਵਿਚ ਹੀ ਉਮਰ ਦਾ ਬਾਕੀ ਹਿੱਸਾ ਬਿਤਾਉਣਾ ਪਵੇਗਾ?"

ਕਾਊਂਟ ਜਿਹੜਾ ਅਕਸਰ ਨਿਮਰਤਾ ਦਾ ਭਾਵ ਹੀ ਦਸਿਆ ਕਰਦਾ ਸੀ ਬੋਲਿਆ, "ਅਸਲ ਵਿਚ ਸਾਨੂੰ ਕਿਸੇ ਵੀ ਤੀਵੀਂ ਪਾਸੋਂ ਏਡੇ ਕਠਨ ਤਿਆਗ ਦੀ ਉਮੀਦ ਨਹੀਂ ਰਖਣੀ ਚਾਹੀਦੀ। ਜੇ ਉਹ ਆਪਣੇ ਆਪ ਇਹ ਕੁਰਬਾਨੀ ਕਰਨ ਲਈ ਅੱਗੇ ਵਧੇ ਤਾਂ ਗੱਲ ਹੋਰ ਹੈ, ਪਰ ਇਸ ਦਾ ਮਤਲਬ ਇਹ ਤਾਂ ਨਹੀਂ ਕਿ 'ਆਪ ਤੇ ਡੁਬਿਉਂ ਬ੍ਰਾਹਮਣਾ, ਜਜਮਾਨ ਵੀ ਨਾਲੇ।' ਆਖਰ ਅਸੀਂ ਵੀ ਤਾਂ ਕੰਮ ਧੰਦੇ ਵਾਲੇ ਆਦਮੀ ਹਾਂ... ਕਿੰਨਾ ਕੁ ਚਿਰ ਇਸ ਤਰ੍ਹਾਂ ਉਸ ਦੇ ਪੀਠੇ ਨੂੰ ਛਾਣਦੇ ਫਿਰਾਂਗੇ।"

"ਪਰ ਹੁਣ ਕੀਤਾ ਕੀ ਜਾਵੇ?" ਕੈਰੇ ਨੇ ਪੁੱਛਿਆ, "ਜੇ ਉਹ ਆਪਣੇ ਹਠ 'ਤੇ ਅੜੀ ਰਹੀ, ਤਾਂ?"

"ਤਾਂ ਸਾਨੂੰ ਇਥੋਂ ਪੈਦਲ ਭੱਜਣਾ ਪਵੇਗਾ।" ਲੋਸ਼ੀਓ ਨੇ ਉਤਰ ਦਿੱਤਾ।

ਕਾਊਂਟ ਚੀਕਿਆ, "ਬਿਲਕੁਲ ਅਸੰਭਵ। ਉਤੋਂ ਬਰਫ ਦਾ ਕਹਿਰ ਵੇਖੋ। ਕੋਈ ਹਾਲਤ ਹੈ ਪੈਦਲ ਸਫਰ ਕਰਨ ਦੀ? ਫਿਰ, ਕੀ ਇਸ ਤਰ੍ਹਾਂ ਅਸੀਂ ਸੁੱਕੇ ਬਚ ਜਾਵਾਂਗੇ? ਜੇ ਫੜੇ ਗਏ ਤਾਂ ਉਮਰ ਭਰ ਲਈ ਕੈਦ ਜਾਂ ਮੌਤ ਦੀ ਸਜ਼ਾ।"

ਕਾਊਂਟ ਦੀ ਗੱਲ ਸਾਰਿਆਂ ਦੇ ਦਿਲ ਲੱਗੀ। ਸੁਣ ਕੇ ਦੋਵੇਂ ਚੁੱਪ ਕਰ ਗਏ। ਅੱਗੇ ਜਾ ਰਹੀਆਂ ਤੀਵੀਆਂ ਪੁਸ਼ਾਕ ਬਾਰੇ ਚੁੰਝ-ਚਰਚਾ ਕਰ ਰਹੀਆਂ ਸਨ ਪਰ ਬੜੀ ਸਿੱਥਲ ਜਿਹੀ ਬੋਲ ਚਾਲ ਵਿਚ।

ਅਚਾਨਕ ਸੜਕ ਦੇ ਪਾਰਲੇ ਪਾਸੇ ਉਹੀ ਅਫਸਰ ਦਿਖਾਈ ਦਿੱਤਾ। ਲੰਮਾ ਪਤਲਾ, ਪੂਰੀ ਵਰਦੀ ਵਿਚ ਸਜਿਆ ਹੋਇਆ। ਉਹ ਕੁਝ-ਕੁਝ ਲੱਤਾਂ ਚੌੜੀਆਂ ਕਰ ਕੇ ਤੁਰ ਰਿਹਾ ਸੀ, ਤਾਂ ਜੁ ਉਸ ਦੇ ਸੱਜਰੇ ਪਾਲਸ਼ ਕੀਤੇ ਬੂਟ ਬਰਫ ਨਾਲ ਖਰਾਬ ਨਾ ਹੋ ਜਾਣ।

ਤੀਵੀਆਂ ਦੇ ਲਾਗਿਉਂ ਲੰਘਦਿਆਂ ਉਸ ਨੇ ਆਦਰ ਪ੍ਰਗਟ ਕਰਨ ਲਈ ਥੋੜ੍ਹਾ ਜਿਹਾ ਸਿਰ ਝੁਕਾਇਆ। ਫਿਰ ਉਸ ਨੇ ਪਿਛੇ ਆ ਰਹੇ ਤਿੰਨਾਂ ਆਦਮੀਆਂ ਵੱਲ ਬੜੀ ਨਫਰਤ ਤੇ ਰੋਹਬ ਭਰੀ ਨਜ਼ਰ ਨਾਲ ਤਕਿਆ। ਉਸ ਦੀ ਇਹ ਹੈਂਕੜ ਭਰੀ ਤੱਕਣੀ ਵੇਖ ਕੇ ਤਿੰਨਾਂ ਦਾ ਆਤਮ ਅਭਿਮਾਨ ਕੁਝ-ਕੁਝ ਜਾਗ ਉਠਿਆ; ਤਾਂ ਵੀ ਉਨ੍ਹਾਂ ਨੇ ਰਤਾ ਝੁਕ ਕੇ ਸਲਾਮ ਕਰ ਹੀ ਦਿੱਤੀ।

ਮਾਰਗਰੇਟ ਦਾ ਚਿਹਰਾ ਸ਼ਰਮ ਤੇ ਗੁੱਸੇ ਨਾਲ ਬਨਾਤ ਵਰਗਾ ਹੋ ਗਿਆ। ਗ੍ਰਹਿਸਥਣਾਂ ਨੂੰ ਅਫਸਰ ਦੇ ਸਾਹਮਣੇ ਕੰਜਰੀ ਦਾ ਸਾਥ ਅਪਮਾਨ ਭਰਿਆ ਜਾਪਿਆ; ਕਿਉਂਕਿ ਇਸੇ ਕੁੜੀ ਨਾਲ ਅਫਸਰ ਦਾ ਵਿਹਾਰ ਬੇਸ਼ਰਮੀ ਭਰਿਆ ਸੀ।

ਅਫਸਰ ਲੰਘ ਗਿਆ, ਤੇ ਤੀਵੀਆਂ ਉਸ ਦੇ ਰੋਹਬ-ਦਾਬ ਤੇ ਰੰਗ-ਢੰਗ ਬਾਰੇ ਪੜਚੋਲ ਕਰਨ ਲੱਗੀਆਂ। ਸ੍ਰੀਮਤੀ ਕੈਰੇ ਦੀ ਬਹੁਤ ਸਾਰੇ ਅਫਸਰਾਂ ਨਾਲ ਜਾਣ ਪਛਾਣ ਸੀ ਜਿਸ ਕਰ ਕੇ ਉਹ ਅਫਸਰੀ ਗੁਣਾਂ-ਔਗੁਣਾਂ ਨੂੰ ਪਰਖਣ ਵਿਚ ਮਾਹਰ ਮੰਨੀ ਜਾਂਦੀ ਸੀ। ਉਹ ਬੋਲੀ ਉਠੀ, "ਅਫਸਰ ਵੇਖਣ ਵਿਚ ਮਾੜਾ ਤੇ ਨਹੀਂ ਲੱਗਦਾ।" ਨਾਲ ਹੀ ਉਸ ਨੇ ਅਫਸੋਸ ਵੀ ਪ੍ਰਗਟ ਕੀਤਾ ਕਿ ਉਹ ਫਰਾਂਸੀਸੀ ਨਹੀਂ ਸੀ। ਜੇ ਕਿਤੇ ਹੁੰਦਾ, ਤਾਂ ਕੋਈ ਵੀ ਫਰਾਂਸੀਸੀ ਕੁੜੀ ਉਸ ਨੂੰ ਪਿਆਰ ਕਰਨ ਵਿਚ ਫਖਰ ਸਮਝਦੀ।

---

ਸੈਰ ਤੋਂ ਵਾਪਸ ਆ ਕੇ ਜਦ ਇਹ ਸਾਰੇ ਆਪੋ-ਆਪਣੇ ਕਮਰਿਆਂ ਵਿਚ ਜਾ ਪਹੁੰਚੇ ਤਾਂ ਉਨ੍ਹਾਂ ਦੀ ਸਮਝ ਵਿਚ ਨਹੀਂ ਸੀ ਆਉਂਦਾ ਕਿ ਹੁਣ ਕੀ ਕਰੀਏ। ਜ਼ਰਾ ਜ਼ਰਾ ਗੱਲ ਬਦਲੇ ਉਹ ਇਕ-ਦੂਜੇ ਨਾਲ ਛਿੱਥੇ ਹੋ ਪੈਂਦੇ ਸਨ। ਰੋਟੀ ਚੁੱਪ-ਚਾਪ ਖਾ ਕੇ ਸਾਰੇ ਬਿਸਤਰਿਆਂ 'ਤੇ ਜਾ ਲੇਟੇ।

ਦੂਜੇ ਪਾਸੇ ਸਵੇਰੇ ਸਾਰੇ ਦੇ ਸਾਰੇ ਥੱਕੇ ਹੋਏ ਤੇ ਗੁੱਸੇ ਦੇ ਭਰੇ ਦਿਖਾਈ ਦਿੱਤੇ। ਮਾਰਗਰੇਟ ਨਾਲ ਕੋਈ ਵੀ ਗੱਲ ਕੱਥ ਨਹੀਂ ਸੀ ਕਰਨੀ ਚਾਹੁੰਦਾ। ਨਾ ਤੀਵੀਆਂ ਤੇ ਨਾ ਹੀ ਮਰਦ।

> ***ਹਵਾ ਦਾ ਰੁਖ ਐਸੇ ਪਾਸੇ ਮੋੜ ਦਿੱਤਾ ਗਿਆ ਕਿ ਕਿਸੇ ਸਿਆਣੀ ਤੋਂ ਸਿਆਣੀ ਕੁੜੀ ਉਤੇ ਵੀ ਇਹ ਅਸਰ ਪੈ ਸਕੇ ਕਿ ਇਸਤਰੀ ਦਾ ਧਰਮ ਇਹੋ ਹੈ ਕਿ ਉਹ ਵਕਤ ਪੈਣ 'ਤੇ ਆਪਣੇ ਇਸਤਰੀਪਣੇ ਨੂੰ ਵੀ ਬੇਸ਼ੱਕ ਕੁਰਬਾਨ ਕਰ ਦੇਵੇ। ਉਥੇ ਦੋਵੇਂ ਬ੍ਰਹਮਚਾਰਨੀਆਂ ਵੀ ਮੌਜੂਦ ਸਨ, ਪਰ ਜਾਪਦਾ ਸੀ ਜਿਵੇਂ ਉਹ ਕੁਝ ਵੀ ਸੁਣ ਨਹੀਂ ਸਨ ਰਹੀਆਂ। ਅਖੀਰ ਮਾਰਗਰੇਟ ਨੂੰ ਸਪਸ਼ਟ ਸ਼ਬਦਾਂ ਵਿਚ ਉਸ ਦਾ ਫ਼ਰਜ਼ ਚਿਤਾਇਆ ਗਿਆ, ਤੇ ਸਭ ਨੇ ਇਕ ਜ਼ਬਾਨ ਹੋ ਕੇ ਉਸ ਨੂੰ ਤਸੱਲੀ ਕਰਾ ਦਿੱਤੀ ਕਿ ਜੇ ਜਰਮਨ ਅਫ਼ਸਰ ਦੀ ਕਾਮਨਾ ਪੂਰਤੀ ਕਰ ਕੇ ਉਹ ਆਪਣੇ ਸਾਥੀਆਂ ਦੀ ਬੰਦ-ਖਲਾਸੀ ਕਰਾ ਸਕਦੀ ਹੈ।***



ਗਿਰਜੇ ਦਾ ਘੜਿਆਲ ਵੱਜਿਆ, ਤੇ ਇਸ ਦੇ ਨਾਲ ਹੀ ਮਾਰਗਰੇਟ ਦੇ ਦਿਲ ਵਿਚ ਵੀ ਪਤਾ ਨਹੀਂ ਕੀ ਸੁੱਝੀ, ਉਹ ਅੱਜ ਬੜੇ ਚਿਰਾਂ ਪਿਛੋਂ ਗਿਰਜੇ ਵੱਲ ਟੁਰ ਪਈ। ਪਤਾ ਨਹੀਂ ਪ੍ਰਾਰਥਨਾ ਕਰਨ ਲਈ, ਜਾਂ ਇਸ ਖਿਆਲ ਤੋਂ ਕਿ ਉਸ ਦੇ ਸਾਥੀ ਇਸ ਵੇਲੇ ਉਸ ਦੀ ਹੋਂਦ ਨੂੰ ਆਪਣੇ ਲਈ ਦੁਖਦਾਈ ਜਿਹਾ ਬੋਝ ਖਿਆਲ ਕਰ ਰਹੇ ਸਨ।

ਜਿਉਂ ਹੀ ਉਹ ਹੋਟਲ ਤੋਂ ਬਾਹਰ ਨਿਕਲੀ, ਸਾਰੇ ਜਣੇ ਇਕ-ਦੂਜੇ ਵੱਲ ਭੇਤਭਰੀ ਨਜ਼ਰ ਨਾਲ ਤੱਕਣ ਲੱਗੇ। ਫਿਰ ਸਾਰਿਆਂ ਨੇ ਆਪੋ-ਆਪਣੀਆਂ ਕੁਰਸੀਆਂ ਸਰਕਾ ਕੇ ਇਕ-ਦੂਜੇ ਦੇ ਨੇੜੇ ਕਰ ਲਈਆਂ। ਉਹ ਚੰਗੀ ਤਰ੍ਹਾਂ ਸਮਝ ਰਹੇ ਸਨ ਕਿ ਉਨ੍ਹਾਂ ਨੂੰ ਹੁਣ ਕੋਈ ਨਾ ਕੋਈ ਹੀਲਾ ਕਰਨਾ ਹੀ ਚਾਹੀਦਾ ਹੈ। ਲੋਸ਼ੀਓ ਨੂੰ ਬੈਠਿਆਂ-ਬੈਠਿਆਂ ਨਵਾਂ ਢੰਗ ਸੁਝਿਆ। ਉਸ ਨੇ ਮਤਾ ਪੇਸ਼ ਕੀਤਾ, "ਅਫਸਰ ਨੂੰ ਬੇਨਤੀ ਕੀਤੀ ਜਾਵੇ ਕਿ ਜੇ ਉਹ ਮਾਰਗਰੇਟ ਨੂੰ ਰੋਕਣਾ ਚਾਹੁੰਦਾ ਹੈ ਤਾਂ ਰੋਕ ਲਵੇ, ਪਰ ਸਾਨੂੰ ਵਿਚਾਰੇ ਬੇਦੋਸ਼ਿਆਂ ਨੂੰ ਤਾਂ ਜਾਣ ਦੇਵੇ।" ਤੇ ਸਾਰਿਆਂ ਨੇ ਬੜੇ ਉਤਸ਼ਾਹ ਨਾਲ ਮਤੇ ਦੀ ਪ੍ਰੋੜ੍ਹਤਾ ਕੀਤੀ।

ਛੇਕਤ ਫਲੇਮਬੀ ਨੂੰ ਇਹ ਸੁਨੇਹਾ ਅਫਸਰ ਤੀਕ ਲਿਜਾਣ ਦਾ ਕੰਮ ਸੌਂਪਿਆ ਗਿਆ। ਉਹ ਤੁਰੰਤ ਅਫਸਰ ਪਾਸ ਚਲਾ ਗਿਆ, ਪਰ ਧੋਤੇ ਮੂੰਹ ਚਪੇੜ ਖਾ ਕੇ ਝੱਟ ਹੀ ਮੁੜ ਆਇਆ। ਅਫਸਰ ਸ਼ਾਇਦ ਮਨੁੱਖੀ ਸੁਭਾਅ ਦਾ ਚੰਗੀ ਤਰ੍ਹਾਂ ਜਾਣੂ ਸੀ। ਉਸ ਨੇ ਬੂਹੇ ਵਿਚੋਂ ਹੀ ਫਲੇਮਬੀ ਨੂੰ ਮਤੇ ਸਮੇਤ ਮੋੜ ਦਿੱਤਾ। ਉਸ ਦੀ ਮਰਜ਼ੀ ਸਾਰੇ ਮੁਸਾਫਰਾਂ ਨੂੰ ਤਦ ਤੀਕ ਰੋਕੀ ਰੱਖਣ ਦੀ ਸੀ, ਜਦ ਤੱਕ ਉਸ ਦੀ ਸ਼ਰਤ ਪੂਰੀ ਨਾ ਕੀਤੀ ਜਾਵੇ।

ਸ੍ਰੀਮਤੀ ਲੋਸ਼ੀਓ ਚੀਕ ਉਠੀ, "ਅਸੀਂ ਬੁਢਾਪੇ ਤੀਕ ਇਥੇ ਹੀ ਰਹਿ ਕੇ ਮਰਨ ਲਈ ਤਿਆਰ ਨਹੀਂ ਹਾਂ। ਜਦ ਉਸ ਕੰਜਰੀ ਦਾ ਪੇਸ਼ਾ ਹੀ ਇਹੋ ਹੈ ਤਾਂ ਫਿਰ ਇਹੋ ਜਿਹੇ ਖੇਖਣ ਕਿਉਂ ਕਰਨ ਡਹੀ ਹੈ? 'ਨੌਂ ਸੌ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ' ਵਾਲੀ ਗੱਲ। ਰੋਇਨ ਵਿਚ ਤਾਂ ਉਸ ਨੇ ਕੋਈ ਨਹੀਂ ਛੱਡਿਆ; ਇਥੇ ਆ ਕੇ ਬਣ ਬੈਠੀ ਹੈ ਮਰੀਅਮ ਦੀ ਨਾਨੀ। ਮੈਂ ਤਾਂ ਰੱਬ ਦਾ ਸ਼ੁਕਰ ਕਰਦੀ ਹਾਂ ਕਿ ਉਸ ਅਫਸਰ ਨੇ ਸਾਡੇ ਨਾਲ ਬੜਾ ਚੰਗਾ ਵਰਤਾਉ ਕੀਤਾ ਹੈ। ਬ੍ਰਹਮਚਾਰਨੀਆਂ ਨੂੰ ਛੱਡ ਕੇ ਅਸੀਂ ਹੋਰ ਵੀ ਤਿੰਨ ਜਵਾਨ ਕੁੜੀਆਂ ਤੁਹਾਡੇ ਨਾਲ ਸਾਂ। ਰੱਬ ਨਾ ਕਰੇ, ਜੇ ਉਹ ਸਾਡੀ ਇੱਜ਼ਤ ਨੂੰ ਈ ਹੱਥ ਪਾ ਬਹਿੰਦਾ ਤਾਂ ਹਾਕਮਾਂ ਅੱਗੇ ਕਿਸੇ ਦੀ ਕੀ ਵਟੀਂਦੀ ਹੈ? ਭਲਾ ਹੋਵੇ ਵਿਚਾਰੇ ਦਾ... ਹੁਣ ਤੁਸੀਂ ਹੀ ਦੱਸੋ! ਸਾਨੂੰ ਸਾਰਿਆਂ ਨੂੰ ਛੱਡ ਕੇ ਜੇ ਉਸ ਵਿਚਾਰੇ ਨੇ ਉਸੇ ਚੀਜ਼ ਉਤੇ ਹੱਥ ਰੱਖਿਆ ਹੈ ਜਿਸ ਨੂੰ ਹਰ ਕੋਈ ਖਰੀਦ ਸਕਦਾ ਹੈ, ਤਾਂ ਉਸ ਨੇ ਕਿਹੜੀ ਘੁਨਾਮੀ ਕਰ ਦਿੱਤੀ? ਜ਼ਰਾ ਸੋਚੋ ਤਾਂ ਸਹੀ, ਉਹ ਇਸ ਵੇਲੇ ਬਾਦਸ਼ਾਹ ਦੀ ਪਦਵੀ 'ਤੇ ਹੈ। ਜੇ ਉਹ ਇਕ ਵਾਰੀ ਵੀ ਅਸਾਂ ਤਿੰਨਾਂ ਸੁਆਣੀਆਂ ਵੱਲ ਉਂਗਲ ਕਰ ਕੇ ਕਹੇ, 'ਮੈਂ ਇਨ੍ਹਾਂ ਨੂੰ ਚਾਹੁੰਦਾ ਹਾਂ', ਤਾਂ ਕੌਣ ਜੰਮਿਆ ਹੈ ਉਸ ਨੂੰ ਰੋਕਣ ਵਾਲਾ?"

ਸ੍ਰੀਮਤੀ ਲੋਸ਼ੀਓ ਦਾ ਇਹ ਦਲੀਲ ਭਰਿਆ ਲੈਕਚਰ ਸੁਣ ਕੇ ਦੂਜੀਆਂ ਦੋਵੇਂ ਕੰਬ ਉਠੀਆਂ, ਪਰ ਸ੍ਰੀਮਤੀ ਕੈਰੇ ਦੀਆਂ ਅੱਖਾਂ ਚਮਕ ਪਈਆਂ। ਉਸ ਨੂੰ ਇਹੋ ਜਾਪਣ ਲੱਗਾ, ਜਿਵੇਂ ਸੱਚਮੁੱਚ ਅਫਸਰ ਦੇ ਭੇਜੇ ਹੋਏ ਸਿਪਾਹੀ ਉਸ ਨੂੰ ਚੁੱਕਣ ਲਈ ਦਗੜ-ਦਗੜ ਕਰਦੇ ਭੱਜੇ ਆ ਰਹੇ ਸਨ।

ਕੁਰਸੀਆਂ ਸਰਕਦੀਆਂ-ਸਰਕਦੀਆਂ ਇਕ-ਦੂਜੇ ਦੇ ਨਾਲ ਆ ਲੱਗੀਆਂ। ਲੋਸ਼ੀਓ ਦਾ ਗੁੱਸਾ ਭੜਕ ਉਠਿਆ, ਤੇ ਜੋਸ਼ ਵਿਚ ਉਸ ਨੇ ਇੱਥੋਂ ਤੱਕ ਵੀ ਕਹਿ ਦਿੱਤਾ, "ਜੇ ਉਹ ਖਾਨਗੀ ਸਿੱਧੀ ਤਰ੍ਹਾਂ ਨਾ ਮੰਨੇ ਤਾਂ ਮੇਰੀ ਸਲਾਹ ਹੈ, ਮੁਸ਼ਕਾਂ ਕੱਸ ਕੇ ਉਸ ਨੂੰ ਅਫਸਰ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ", ਪਰ ਕਾਊਂਟ ਕਿਉਂਕਿ ਰਾਜਸੀ ਖਿਡਾਰੀ ਸੀ, ਉਸ ਨੂੰ ਲੋਸ਼ੀਓ ਦੀ ਇਹ ਜਲਦਬਾਜ਼ੀ ਪਸੰਦ ਨਾ ਆਈ। ਉਹ ਕਿਸੇ ਨਾ ਕਿਸੇ ਤਰ੍ਹਾਂ ਚਾਪਲੂਸੀ ਤੋਂ ਹੀ ਕੰਮ ਲੈਣਾ ਚਾਹੁੰਦਾ ਹੈ। ਉਹ ਕਹਿਣ ਲੱਗਾ, "ਸਮਝਾ ਬੁਝਾ ਕੇ ਉਸ ਨੂੰ ਰਸਤੇ 'ਤੇ ਲਿਆਂਦਾ ਜਾਵੇ।"

'ਕਿਸ ਤਰ੍ਹਾਂ ਉਸ ਨੂੰ ਰਜ਼ਾਮੰਦ ਕੀਤਾ ਜਾਵੇ?' ਸਾਰੇ ਇਸ ਇਕੋ ਮਾਮਲੇ 'ਤੇ ਆਪੋ-ਆਪਣੇ ਦਿਮਾਗ ਲੜਾਉਣ ਲੱਗੇ।

ਤੀਵੀਆਂ ਇਕ-ਦੂਜੀ ਦੇ ਕੰਨਾਂ ਨਾਲ ਮੂੰਹ ਜੋੜੀ ਘੁਸਰ-ਮੁਸਰ ਕਰ ਰਹੀਆਂ ਸਨ। ਮਰਦ ਆਪੋ-ਆਪਣੇ ਖਿਆਲ ਪੇਸ਼ ਕਰ ਰਹੇ ਸਨ। ਤੀਵੀਆਂ ਤਾਂ ਭੈੜੀ ਤੋਂ ਭੈੜੀ ਗੱਲ ਨੂੰ ਵੀ ਬੜੇ ਕੋਮਲ ਤੇ ਸੁਚੱਜੇ ਢੰਗ ਨਾਲ ਬਿਆਨ ਕਰ ਰਹੀਆਂ ਸਨ। ਕੋਲ ਭਾਵੇਂ ਓਪਰਾ ਆਦਮੀ ਕੋਈ ਨਹੀਂ ਸੀ, ਫਿਰ ਵੀ ਗੱਲ ਕੱਥ ਬੜੀ ਚੌਕਸ ਹੋ ਕੇ ਕੀਤੀ ਜਾ ਰਹੀ ਸੀ।

ਅਖੀਰ ਉਹ ਸਾਰੇ ਇਕ ਖਾਸ ਫੈਸਲੇ 'ਤੇ ਪਹੁੰਚ ਹੀ ਗਏ। ਉਨ੍ਹਾਂ ਦੇ ਚਿਹਰਿਆਂ 'ਤੇ ਇਕ ਵਾਰੀ ਫਿਰ ਖੇੜਾ ਆ ਗਿਆ। ਕਾਊਂਟ ਜਿਹੜਾ ਹਾਸੇ-ਠੱਠੇ ਵਿਚ ਖਾਸ ਮਾਹਰ ਸੀ, ਪਰ ਇਕ-ਦੋ ਦਿਨ ਤੋਂ ਉਸ ਨੇ ਮੂੰਹ ਵਿਚ ਦਹੀਂ ਜਮਾਈ ਰੱਖਿਆ ਸੀ, ਖੂਬ ਰੱਜ-ਰੱਜ ਕੇ ਜ਼ਬਾਨ ਦੀ ਉਲੀ ਲਾਹੁਣ ਲੱਗਾ। ਨਤੀਜਨ ਕਮਰਾ ਇਕ ਵਾਰੀ ਫਿਰ ਹਾਸੇ ਨਾਲ ਗੂੰਜ ਉਠਿਆ। ਲੋਸ਼ੀਓ ਨੇ ਕੁਝ ਓਦੂੰ ਭੀ ਵੱਧ ਤੇ ਨੰਗੇ ਮਖੌਲ ਸ਼ੁਰੂ ਕਰ ਦਿੱਤੇ, ਪਰ ਕਿਸੇ ਨੂੰ ਬੁਰੇ ਨਹੀਂ ਲੱਗੇ, ਤੇ ਉਸ ਦੀ ਸ੍ਰੀਮਤੀ ਨੇ ਜਿਹੜੀ ਗੱਲ ਕਹੀ, ਉਹ ਸਾਰਿਆਂ ਦੇ ਦਿਮਾਗ਼ ਵਿਚ ਸਮਾ ਗਈ, "ਜਦ ਉਸ ਦਾ ਪੇਸ਼ਾ ਹੀ ਇਹੋ ਹੈ ਤਾਂ ਕਿਸੇ ਅੱਗੇ ਵੀ ਇਨਕਾਰ ਕਰਨ ਦਾ ਉਸ ਨੂੰ ਕੋਈ ਹੱਕ ਨਹੀਂ।" ਤੇ ਸੁੰਦਰੀ ਮਿਸਿਜ਼ ਕੈਰੇ ਨੇ ਏਦੂੰ ਵੀ ਵਧ ਕੇ ਉਦਾਰਤਾ ਵਿਖਾਈ, "ਜੇ ਕਿਤੇ ਉਸ ਦੀ ਥਾਂ ਮੈਂ ਹੁੰਦੀ ਤਾਂ ਅਫਸਰ ਦੇ ਇਕੋ ਇਸ਼ਾਰੇ ਨਾਲ ਉਸ ਦੇ ਅੱਗੇ ਹੋ ਤੁਰਦੀ।"

ਫਿਰ ਸਾਰਿਆਂ ਨੇ ਨਾਕਾਬੰਦੀ ਐਸੀ ਹੁਸ਼ਿਆਰੀ ਨਾਲ ਕੀਤੀ ਜਿਵੇਂ ਉਹ ਕਿਸੇ ਕਿਲ੍ਹੇ ਨੂੰ ਘੇਰਾ ਪਾਉਣ ਚੱਲੇ ਹੋਣ। ਸਭ ਨੂੰ ਵੱਖੋ-ਵੱਖ ਕੰਮ ਸੌਂਪਿਆ ਗਿਆ। ਕਿਸ ਤਰ੍ਹਾਂ ਦੀਆਂ ਦਲੀਲਾਂ ਦੇਣੀਆਂ ਹੋਣਗੀਆਂ, ਤੇ ਕਿਨ੍ਹਾਂ-ਕਿਨ੍ਹਾਂ ਗੱਲਾਂ ਉਤੇ ਬਹੁਤਾ ਜ਼ੋਰ ਦੇਣਾ ਹੋਵੇਗਾ? ਇਹ ਸਭ ਕੁਝ ਤਿਆਰ ਕਰ ਲਿਆ ਗਿਆ। ਹਰ ਤਰ੍ਹਾਂ ਦੇ ਦਾਓ-ਪੇਚ, ਤੇ ਧੋਖੇ-ਫਰੇਬ ਦਾ ਜਾਲ ਮੁਕੰਮਲ ਤੌਰ 'ਤੇ ਵਿਛਾ ਦਿੱਤਾ ਗਿਆ।

ਪਰ ਕਾਰਨੂਟੇਡ ਇਸ ਮਾਮਲੇ ਵਿਚ ਵੱਖਰਾ ਹੀ ਰਿਹਾ। ਇਸ ਸਾਜ਼ਿਸ਼ ਵਿਚ ਉਸ ਨੇ ਕੋਈ ਹਿੱਸਾ ਨਾ ਲਿਆ।

ਇਸ ਕੰਮ ਵਿਚ ਉਹ ਸਾਰੇ ਇਤਨੇ ਮਸਤ ਸਨ ਕਿ ਮਾਰਗਰੇਟ ਦੇ ਆਉਣ ਦਾ ਵੀ ਉਨ੍ਹਾਂ ਨੂੰ ਪਤਾ ਨਾ ਲੱਗਾ। ਕੇਵਲ ਕਾਊਂਟ ਨੇ ਹੌਲੀ ਜਿਹੇ 'ਹੁਸ਼' ਕਹਿ ਕੇ ਸਭ ਨੂੰ ਚੁੱਪ ਕਰ ਜਾਣ ਦਾ ਇਸ਼ਾਰਾ ਕਰ ਦਿੱਤਾ ਜਿਸ ਕਰ ਕੇ ਸਾਰਿਆਂ ਨੇ ਗੱਲ ਦਾ ਸਿਲਸਿਲਾ ਬੰਦ ਕਰ ਕੇ ਹੋਰ-ਹੋਰ ਗੱਲਾਂ ਸ਼ੁਰੂ ਕਰ ਦਿੱਤੀਆਂ, ਪਰ ਇਸ ਤਰ੍ਹਾਂ ਅਚਾਨਕ ਮਾਰਗਰੇਟ ਦੇ ਆ ਜਾਣ ਕਰ ਕੇ ਸਾਰੇ ਕੁਝ ਘਬਰਾ ਜਿਹੇ ਗਏ। ਥੋੜ੍ਹਾ ਚਿਰ ਉਹ ਇਹ ਵੀ ਸੋਚ ਨਾ ਸਕੇ ਕਿ ਉਸ ਨਾਲ ਕਿਵੇਂ ਗੱਲ ਸ਼ੁਰੂ ਕੀਤੀ ਜਾਵੇ। ਕਾਊਂਟ ਇਨ੍ਹਾਂ ਕੰਮਾਂ ਵਿਚ ਪੂਰਾ ਖਿਡਾਰੀ ਸੀ। ਮਾਰਗਰੇਟ ਨੂੰ ਆਉਂਦੀ ਨੂੰ ਹੀ ਉਸ ਨੇ ਪੁਛਿਆ, "ਸੁਣਾਓ... ਗਿਰਜੇ ਵਿਚੋਂ ਹੋ ਆਏ ਜੇ?"

ਮਾਰਗਰੇਟ ਇਸ ਵੇਲੇ ਉਤਸ਼ਾਹ ਭਰਪੂਰ ਸੀ। ਪਾਦਰੀ ਦੇ ਸੱਜਰੇ ਉਪਦੇਸ਼ ਦਾ ਅਸਰ ਉਸ ਦੇ ਚਿਹਰੇ ਤੋਂ ਸਪਸ਼ਟ ਦਿਸ ਰਿਹਾ ਸੀ। ਉਸ ਨੇ ਬੜੀ ਸ਼ਰਧਾ ਨਾਲ ਅੱਜ ਦਾ ਸੁਣਿਆ ਉਪਦੇਸ਼ ਸਭ ਅੱਗੇ ਦੁਹਰਾਇਆ, ਤੇ ਅਖੀਰ ਵਿਚ ਬੋਲੀ, "ਕਦੀ-ਕਦੀ ਪ੍ਰਾਰਥਨਾ ਕਰਨ ਨਾਲ ਆਦਮੀ ਨੂੰ ਕੁਝ ਨਾ ਕੁਝ ਲਾਭ ਹੀ ਹੁੰਦਾ ਹੈ।"

ਰੋਟੀ ਵੇਲੇ ਤੱਕ ਦੂਜੀਆਂ ਤੀਵੀਆਂ ਉਸ ਨਾਲ ਬੜੇ ਡੂੰਘੇ ਪਿਆਰ ਵਿਚ ਭਿੱਜੀਆਂ ਗੱਲਾਂ ਕਰਦੀਆਂ ਰਹੀਆਂ। ਸ਼ਾਇਦ ਕਾਰਨ ਇਹ ਸੀ ਕਿ

*(ਬਾਕੀ ਅਗਲੇ ਸਫੇ 'ਤੇ)*

ਜੋ ਕੁਝ ਉਹ ਉਸ ਨੂੰ ਕਹਿਣ ਵਾਲੀਆਂ ਸਨ, ਉਸ ਦੇ ਮੰਨਣ ਲਈ ਪਹਿਲਾਂ ਤੋਂ ਹੀ ਮਾਰਗਰੇਟ ਦੇ ਦਿਲ ਵਿਚ ਉਨ੍ਹਾਂ ਦਾ ਇਤਬਾਰ ਤੇ ਸਤਿਕਾਰ ਪੈਦਾ ਹੋ ਜਾਵੇ।

ਤੇ ਜਿਉਂ ਹੀ ਸਾਰੇ ਖਾਣੇ ਦੀ ਮੇਜ਼ ਦੁਆਲੇ ਬੈਠੇ, ਸਭ ਨੇ ਆਪੋ-ਆਪਣੇ ਹਥਿਆਰ ਸੰਭਾਲ ਲਏ। ਸਭ ਤੋਂ ਪਹਿਲਾਂ ਤਿਆਗ ਤੇ ਕੁਰਬਾਨੀ ਬਾਰੇ ਸੰਖੇਪ ਜਿਹੀ ਗੱਲਬਾਤ ਸ਼ੁਰੂ ਹੋਈ। ਇਸ ਦੀ ਪੁਸ਼ਟੀ ਲਈ ਉਨ੍ਹਾਂ ਨੇ 'ਜੁਡਿਥ' ਤੇ 'ਹੈਲੋ ਫਰਨੀਸ' ਆਦਿ ਫਰਾਂਸ ਦੇ ਸ਼ਹੀਦਾਂ ਦੇ ਉਦਾਹਰਣ ਪੇਸ਼ ਕੀਤੇ। ਫਿਰ ਇਨ੍ਹਾਂ ਮਹਾਂ ਪੁਰਸ਼ਾਂ ਦੇ ਵਿਰੋਧੀ 'ਲੁਕਿਸ' ਤੇ 'ਸੈਕਸਟਸ' ਆਦਿ ਦੀ ਨਿੰਦਿਆ ਕੀਤੀ ਗਈ। ਫਿਰ ਇਨ੍ਹਾਂ ਲੋਕਾਂ ਨੇ ਰੋਮ ਦੀਆਂ ਕੁਝਾਂ ਮਨਘੜਤ ਜਿਹੀਆਂ ਕਹਾਣੀਆਂ ਸ਼ੁਰੂ ਕਰ ਦਿੱਤੀਆਂ, ਰੋਮਨ ਤੀਵੀਆਂ ਨੇ ਕਿਸ ਤਰ੍ਹਾਂ 'ਹਨੀਬਾਲ' ਆਦਿ ਦੇਸ਼ ਦੇ ਦੁਸ਼ਮਣਾਂ ਪਾਸੋਂ ਭੇਤ ਕੱਢਣ ਲਈ ਉਨ੍ਹਾਂ ਦੀਆਂ ਰਖੇਲਾਂ ਤੱਕ ਬਣਨਾ ਕਬੂਲ ਕੀਤਾ, ਤੇ ਫਿਰ ਉਨ੍ਹਾਂ ਦੱਸਿਆ ਕਿ ਇਕ ਵਾਰੀ ਜਦ ਇਟਲੀ ਉਤੇ ਦੁਸ਼ਮਣ ਚੜ੍ਹ ਆਇਆ, ਤਾਂ ਉਥੋਂ ਦੀਆਂ ਕੁਝ ਸੁੰਦਰੀਆਂ ਨੇ ਅਗਾਊਂ ਹੀ ਫੌਜ ਦੇ ਅਫਸਰਾਂ ਪਾਸ ਪਹੁੰਚ ਕੇ ਉਨ੍ਹਾਂ ਨੂੰ ਆਪਣੇ ਸੁਹੱਪਣ ਦੀ ਫਾਹੀ ਵਿਚ ਐਸਾ ਫਸਾਇਆ ਕਿ ਉਹ ਸਾਰੇ ਲੜਾਈ ਵੱਲੋਂ ਬੇ-ਪਰਵਾਹ ਹੋ ਗਏ ਤੇ ਦੁਸ਼ਮਣ ਨੂੰ ਮੂੰਹ ਦੀ ਖਾ ਕੇ ਭੱਜਣਾ ਪਿਆ।

ਹਵਾ ਦਾ ਰੁਖ ਐਸੇ ਪਾਸੇ ਮੋੜ ਦਿੱਤਾ ਗਿਆ ਕਿ ਕਿਸੇ ਸਿਆਣੀ ਤੋਂ ਸਿਆਣੀ ਕੁੜੀ ਉਤੇ ਵੀ ਇਹ ਅਸਰ ਪੈ ਸਕੇ ਕਿ ਔਰਤ ਦਾ ਧਰਮ ਇਹੋ ਹੈ ਕਿ ਉਹ ਵਕਤ ਪੈਣ 'ਤੇ ਆਪਣੇ ਇਸਤਰੀਪਣੇ ਨੂੰ ਵੀ ਬੇਸ਼ੱਕ ਕੁਰਬਾਨ ਕਰ ਦੇਵੇ। ਉਥੇ ਦੋਵੇਂ ਬ੍ਰਹਮਚਾਰਨੀਆਂ ਵੀ ਮੌਜੂਦ ਸਨ, ਪਰ ਜਾਪਦਾ ਸੀ ਜਿਵੇਂ ਉਹ ਕੁਝ ਵੀ ਸੁਣ ਨਹੀਂ ਸਨ ਰਹੀਆਂ।

ਅਖੀਰ ਮਾਰਗਰੇਟ ਨੂੰ ਸਪਸ਼ਟ ਸ਼ਬਦਾਂ ਵਿਚ ਉਸ ਦਾ ਫਰਜ਼ ਚਿਤਾਰਿਆ ਗਿਆ, ਤੇ ਸਭ ਨੇ ਇਕ ਜ਼ਬਾਨ ਹੋ ਕੇ ਉਸ ਨੂੰ ਤਸੱਲੀ ਕਰਾ ਦਿੱਤੀ ਕਿ ਜੇ ਜਰਮਨ ਅਫਸਰ ਦੀ ਕਾਮਨਾ ਪੂਰਤੀ ਕਰ ਕੇ ਉਹ ਆਪਣੇ ਸਾਥੀਆਂ ਦੀ ਬੰਦ-ਖਲਾਸੀ ਕਰਾ ਸਕਦੀ ਹੈ, ਤਾਂ ਇਸ ਵਿਚ ਨਾ ਕੇਵਲ ਪਾਪ ਕੋਈ ਨਹੀਂ, ਸਗੋਂ ਉਸ ਦੀ ਪ੍ਰਸ਼ੰਸਾ-ਜੋਗ ਕੁਰਬਾਨੀ ਵੀ ਸਮਝੀ ਜਾਵੇਗੀ।

ਨਿੰਮੋਝੂਣੀ ਜਿਹੀ ਹੋ ਕੇ ਮਾਰਗਰੇਟ ਸਭ ਕੁਝ ਸੁਣਦੀ ਰਹੀ। ਕਿਸੇ ਗੱਲ ਦੇ ਵਿਰੋਧ ਵਿਚ ਜੇ ਉਹ ਕੁਝ ਕਹਿਣ ਲਗਦੀ ਤਾਂ ਉਸ ਦੇ ਬੋਲਣ ਤੋਂ ਪਹਿਲਾਂ ਹੀ ਕੋਈ ਹੋਰ ਬੋਲ ਪੈਂਦਾ, ਤੇ ਪਹਿਲੇ ਆਦਮੀ ਦੀ ਪੁਸ਼ਟੀ ਵਿਚ ਨਵੀਆਂ ਤੋਂ ਨਵੀਆਂ ਦਲੀਲਾਂ ਦੀ ਵਾਛੜ ਸ਼ੁਰੂ ਕਰ ਦਿੰਦਾ। ਮੁੱਕਦੀ ਗੱਲ, ਮਾਰਗਰੇਟ ਨੂੰ ਇਕ ਵਾਰੀ ਵੀ ਬੋਲਣ ਦਾ ਮੌਕਾ ਨਾ ਦਿੱਤਾ ਗਿਆ।

ਅਖੀਰ ਮਾਰਗਰੇਟ ਦੀ ਮੰਗ 'ਤੇ ਉਸ ਨੂੰ ਅੱਜ ਦੀ ਦੁਪਹਿਰ ਸੋਚਣ ਲਈ ਵਕਤ ਦਿੱਤਾ ਗਿਆ। ਸਾਰੀਆਂ ਤੀਵੀਆਂ ਜੋ ਪਹਿਲਾਂ ਉਸ ਨਾਲ ਸਿੱਧੇ ਮੂੰਹ ਬੋਲਦੀਆਂ ਵੀ ਨਹੀਂ ਸਨ, ਅੱਜ ਉਸ ਦੇ ਨਾਂ ਨਾਲ 'ਮਿਸ' ਵਿਸ਼ੇਸ਼ਣ ਲਾ ਕੇ ਬੁਲਾਉਂਦੀਆਂ ਸਨ।

ਸ਼ਾਮ ਨੂੰ ਫਿਰ ਫਲੇਮਬੀ ਦੀ ਬਲਗਮੀ ਖੰਘ ਛਣਕਦੀ ਸੁਣਾਈ ਦਿੱਤੀ। ਉਸ ਨੇ ਆਉਂਦਿਆਂ ਹੀ ਕੱਲ੍ਹ ਵਾਲੇ ਵਾਕ ਦੁਹਰਾਉਣੇ ਸ਼ੁਰੂ ਕੀਤੇ, "ਜਰਮਨ ਅਫਸਰ ਨੇ ਪੁੱਛ ਘੱਲਿਆ ਹੈ ਕਿ ਮਾਰਗਰੇਟ ਨੇ ਆਪਣਾ ਖਿਆਲ ਅਜੇ ਬਦਲਿਆ ਹੈ ਕਿ ਨਹੀਂ?"

ਮਾਰਗਰੇਟ ਨੇ ਬੜੀ ਸ਼ਾਂਤ ਆਵਾਜ਼ ਵਿਚ ਉਤਰ ਦਿੱਤਾ, "ਜੀ ਨਹੀਂ, ਬਿਲਕੁਲ ਨਹੀਂ।"

ਉਤਰ ਸੁਣ ਕੇ ਫਲੇਮਬੀ ਮੁੜ ਗਿਆ, ਤੇ ਇਧਰ ਇਹ ਸਾਜ਼ਿਸ਼ੀ ਜਥਾ ਵੀ ਕੁਝ ਛਿੱਥਾ ਪੈ ਗਿਆ। ਫਿਰ ਵੀ ਅਜੇ ਉਨ੍ਹਾਂ ਨੂੰ ਨਿਰਾਸ਼ਾ ਨਹੀਂ ਸੀ ਹੋਈ ਜਾਪਦੀ। ਸ਼ਾਮ ਦੀ ਰੋਟੀ ਵੇਲੇ ਫਿਰ ਦੁਪਹਿਰ ਵਾਂਗ ਤਿਆਗ ਉਤੇ ਲੈਕਚਰ ਸ਼ੁਰੂ ਹੋਏ, ਪਰ ਐਤਕੀਂ ਇਸ ਦੀ ਪੁਸ਼ਟੀ ਲਈ ਕੋਈ ਵੀ ਨਵੀਂ ਦਲੀਲ ਜਾਂ ਉਦਾਹਰਣ ਉਨ੍ਹਾਂ ਨੂੰ ਨਹੀਂ ਸੀ ਲੱਭ ਰਹੀ। ਤਦ ਕਾਊਂਟੈਸ ਸ਼ਾਇਦ ਬਿਨਾਂ ਕਿਸੇ ਹੋਰ ਉਦੇਸ਼ ਦੇ, ਕੇਵਲ ਧਰਮ ਲਈ ਆਪਣੀ ਸ਼ਰਧਾ ਪ੍ਰਗਟ ਕਰਨ ਦੇ ਇਰਾਦੇ ਨਾਲ ਵੱਡੀ ਬ੍ਰਹਮਚਾਰਨੀ ਤੋਂ ਪੁੱਛਣ ਲੱਗੀ, "ਮਾਤਾ ਜੀ, ਤੁਸੀਂ ਸਾਡੇ ਆਗੂ ਹੋ, ਜੇ ਇਸ ਮਾਮਲੇ ਵਿਚ ਸਾਨੂੰ ਤੁਹਾਡੀ ਰਾਇ ਦਾ ਵੀ ਪਤਾ ਲੱਗ ਜਾਵੇ ਤਾਂ ਬੜਾ ਲਾਭ ਹੋਵੇਗਾ।"

ਬ੍ਰਹਮਚਾਰਨੀ ਅਜੇ ਵੀ ਚੁੱਪ ਸੀ, ਪਰ ਜਦ ਸਾਰਿਆਂ ਨੇ ਕੁਝ ਕਹਿਣ ਲਈ ਜ਼ੋਰ ਦਿੱਤਾ ਤਾਂ ਉਸ ਨੇ ਬੜੀ ਗੰਭੀਰਤਾ ਨਾਲ ਰੂਹਾਨੀਅਤ ਦਾ ਸਾਂਗ ਭਰਦਿਆਂ ਉਤਾਂਹ ਤੱਕਿਆ, ਤੇ ਫਿਰ ਇਸ ਤਰ੍ਹਾਂ ਜਿਵੇਂ ਕੋਈ ਅਰਸ਼ਾਂ ਤੋਂ ਬੋਲ ਰਿਹਾ ਹੁੰਦਾ ਹੈ, ਸਭ ਵੱਲ ਤੱਕ ਕੇ ਬੋਲੀ, "ਵੱਡੇ ਤੋਂ ਵੱਡਾ ਪਾਪ ਵੀ ਪੁੰਨ ਹੈ... ਜੇ ਉਸ ਦੇ ਕਰਨ ਵਾਲੇ ਦੀ ਨੀਤ ਸ਼ੁੱਧ ਤੇ ਪਵਿੱਤਰ ਹੋਵੇ।"

ਇਹ ਵਾਕ ਸੁਣਨ ਦੀ ਦੇਰ ਸੀ, ਖੁਸ਼ੀ ਨਾਲ ਸਭ ਦੀਆਂ ਵਾਛਾਂ ਖਿੜ ਗਈਆਂ। ਸਭ ਨੇ ਸਾਂਝੀ ਨਜ਼ਰ ਨਾਲ ਮਾਰਗਰੇਟ ਵੱਲ ਤੱਕਿਆ। ਸਭ ਨੂੰ ਯਕੀਨ ਹੋ ਗਿਆ ਕਿ ਮਾਰਗਰੇਟ ਦੀ ਆਤਮਾ ਵਿਚ ਭਾਵੇਂ ਡੂੰਘੀ ਕਸ਼ਮਕਸ਼ ਅਜੇ ਤੱਕ ਜਾਰੀ ਹੈ, ਪਰ ਬ੍ਰਹਮਚਾਰਨੀ ਦੇ ਵਾਕਾਂ ਦਾ ਉਸ 'ਤੇ ਅਸਰ ਜ਼ਰੂਰ ਹੋਇਆ ਹੈ।

ਕਾਊਂਟੈਸ ਬਰਾਬਰ ਬੋਲ ਰਹੀ ਸੀ ਜੋ ਉਹ ਬੋਲ ਸਕਦੀ ਸੀ। ਇਸ ਤੋਂ ਜਾਪਿਆ ਜਿਵੇਂ ਮਾਰਗਰੇਟ ਦੇ ਦਿਲ ਨੇ ਆਪਣੇ ਆਪ ਨਾਲ ਕੋਈ ਸਮਝੌਤਾ ਕਰ ਲਿਆ ਹੈ।

**ਸਾਜ਼ਿਸ਼ ਅਨੁਸਾਰ ਸੈਰ ਵੇਲੇ ਕਾਊਂਟ ਨੇ ਮਾਰਗਰੇਟ ਦਾ ਹੱਥ ਫੜ ਲਿਆ, ਤੇ ਉਸ ਨੂੰ ਨਾਲ ਲਈ ਉਹ ਦੋਵੇਂ ਬਾਕੀ ਸਾਥੀਆਂ ਤੋਂ ਕੁਝ ਪਿਛੇ-ਪਿਛੇ ਟੁਰਨ ਲੱਗੇ। ਉਹ ਰਸਤੇ ਵਿਚ ਮਾਰਗਰੇਟ ਨਾਲ ਕੁਝ ਬਜ਼ੁਰਗਾਨਾਂ ਢੰਗ ਨਾਲ, ਤੇ ਬੜੀ ਪਿਆਰ ਭਰੀ ਬੋਲੀ ਵਿਚ ਗੱਲਾਂ ਕਰਨ ਲੱਗਾ। ਗੱਲਾਂ ਦੇ ਸਿਲਸਲੇ ਵਿਚ ਉਹ ਘੜੀ-ਮੁੜੀ ਉਸ ਨੂੰ 'ਮੇਰੀ ਪਿਆਰੀ ਬੱਚੀ' ਕਹਿ ਕੇ ਸੰਬੋਧਨ ਕਰਦਾ ਸੀ। ਉਹ ਕਹਿਣ ਲੱਗਾ, "ਤਾਂ ਕੀ ਤੇਰੀ ਇਹੋ ਸਲਾਹ ਹੈ ਕਿ ਅਸੀਂ ਸਾਰੇ ਇੱਥੇ ਪਰਦੇਸ ਵਿਚ ਜਰਮਨਾਂ ਦੇ ਕੈਦੀ ਬਣੇ ਰਹੀਏ?"**

ਕਾਊਂਟੈਸ ਨੇ ਮਾਰਗਰੇਟ ਨੂੰ ਸੰਬੋਧਨ ਕੀਤਾ, "ਬੱਸ ਹੁਣ ਤਾਂ ਫੈਸਲਾ ਹੀ ਹੋ ਗਿਆ। ਪਰਮਾਤਮਾ ਕਿਉਂ ਨਾ ਉਸ ਸੁਭਾਗਵਤੀ ਦੇ ਤਿਆਗ ਨੂੰ ਕਬੂਲ ਕਰੇਗਾ ਜਿਸ ਦੇ ਸਦਕਾ ਉਸ ਦੇ ਕਈ ਦੇਸ਼ ਵਾਸੀਆਂ ਦਾ ਛੁਟਕਾਰਾ ਯਕੀਨੀ ਹੋਵੇਗਾ। ਕੋਈ ਕੰਮ ਕਿੰਨਾ ਹੀ ਭੈੜਾ ਹੈ, ਪਰ ਜੇ ਉਹੀ ਕੰਮ ਪਰਉਪਕਾਰ ਦੀ ਖਾਤਰ ਕੀਤਾ ਜਾਵੇ ਤਾਂ ...।"

ਵਿਚੋਂ ਹੀ ਬ੍ਰਹਮਚਾਰਨੀ ਬੋਲੀ, ਸ਼ਾਇਦ ਆਪਣੀ ਰਾਇ ਦੇ ਹੱਕ ਵਿਚ ਉਸ ਨੂੰ ਕੋਈ ਦਲੀਲ ਬੜੀ ਕਾਹਲੀ ਆਈ ਹੋਈ ਸੀ, "ਮਿੱਟੀ ਸਭ ਤੋਂ ਨੀਵੀਂ ਤੇ ਘਟੀਆ ਚੀਜ਼ ਹੈ, ਪਰ ਉਹੀ ਮਿੱਟੀ ਉਡ ਕੇ ਜਦ ਕਿਸੇ ਸੰਤ ਮਹਾਤਮਾ ਦੇ ਚਰਨਾਂ 'ਤੇ ਜਾ ਲਿਪਟਦੀ ਹੈ ਤਾਂ ਲੋਕੀ ਉਸ ਨੂੰ ਲੈ-ਲੈ ਕੇ ਮੱਥੇ 'ਤੇ ਲਾਉਂਦੇ ਨੇ।"

"ਬੇਸ਼ੱਕ, ਕਿਤਨੀ ਜ਼ਬਰਦਸਤ ਦਲੀਲ ਹੈ! ਦਿਲ ਨੂੰ ਠੰਢ ਪੈ ਗਈ ਹੈ ਸੁਣ ਕੇ।" ਇਕ ਵਾਰਗੀ ਕਈ ਜ਼ਬਾਨਾਂ ਬੋਲ ਉਠੀਆਂ।

ਸਾਰੀ ਗੱਲ ਬੜੀ ਸਾਵਧਾਨੀ ਤੇ ਚਲਾਕੀ ਨਾਲ ਹੋ ਰਹੀ ਸੀ ਪਰ ਮਾਰਗਰੇਟ ਦੇ ਦਿਲ 'ਤੇ ਜਿਵੇਂ ਕਿਸੇ ਦੀ ਕੋਈ ਗੱਲ ਪੋਂਹਦੀ ਹੀ ਨਹੀਂ ਸੀ। ਹਾਂ! ਉਸ ਬ੍ਰਹਮਚਾਰਨੀ ਦੇ ਮੂੰਹੋਂ ਨਿਕਲੀ ਕੋਈ ਵੀ ਗੱਲ, ਬਾਦਲੀਲ ਭਾਵੇਂ ਬੇਦਲੀਲ, ਉਹ ਪੂਰੀ ਸ਼ਰਧਾ ਨਾਲ ਸੁਣਦੀ ਸੀ।

ਗੱਲ ਦਾ ਰੁਖ ਬਦਲ ਗਿਆ, ਤੇ ਬ੍ਰਹਮਚਾਰਨੀ ਆਪਣੇ ਧਰਮ ਮੰਦਰ ਦੀ ਚਰਚਾ ਕਰਨ ਲੱਗੀ। ਉਹ ਆਪਣੀ ਇਕ ਗੁਆਂਢਣ ਸਿਸਟਰ ਨਾਈਸੈਫੋਰ ਦੀਆਂ ਗੱਲਾਂ ਸੁਣਾਉਣ ਲੱਗੀ। ਫਿਰ ਉਸ ਨੇ ਦੱਸਿਆ ਕਿ ਸਾਨੂੰ ਹਾਵਰੇ ਵਿਚ ਇਸ ਲਈ ਸੱਦਿਆ ਗਿਆ ਹੈ ਕਿ ਉਥੇ ਦੀ ਫੌਜ ਵਿਚ ਅੱਜ ਕੱਲ੍ਹ ਚੇਚਕ ਦਾ ਜ਼ੋਰ ਹੈ, ਤੇ ਬਹੁਤ ਸਾਰੇ ਫੌਜੀ ਹਸਪਤਾਲਾਂ ਵਿਚ ਪਏ ਨੇ ਜਿਨ੍ਹਾਂ ਦੇ ਨੇੜੇ ਡਾਕਟਰ ਵੀ ਨਹੀਂ ਫਟਕ ਸਕਦੇ।

ਫਿਰ ਉਸ ਨੇ ਰੋਗੀਆਂ ਦੀ ਤਰਸਯੋਗ ਹਾਲਤ ਦਾ ਨਕਸ਼ਾ ਖਿਚਿਆ। ਨਾਲ ਹੀ ਮਾਰਗਰੇਟ ਨੂੰ ਸਮਝਾਉਣ ਲੱਗੀ, "ਮਿਸ! ਤੁਸੀਂ ਹੀ ਦੱਸੋ, ਜਦਕਿ ਸਾਨੂੰ ਦੋਹਾਂ ਸੇਵਾਦਾਰਨੀਆਂ ਨੂੰ ਇੱਥੇ ਰਸਤੇ ਵਿਚ ਹੀ ਰੋਕ ਰੱਖਿਆ ਗਿਆ ਹੈ, ਤਾਂ ਉਧਰ ਵਿਚਾਰੇ ਚੇਚਕ ਦੇ ਮਰੀਜ਼ਾਂ ਦਾ ਕੀ ਹਾਲ ਹੋ ਰਿਹਾ ਹੋਵੇਗਾ? ਖਬਰੇ ਇਨ੍ਹਾਂ ਦੋ-ਤਿੰਨ ਦਿਨਾਂ ਦੀ ਦੇਰੀ ਦਾ ਕਿਤਨਾ ਭਿਆਨਕ ਸਿੱਟਾ ਨਿਕਲੇ! ਜੇ ਅਸੀਂ ਵੇਲੇ ਸਿਰ ਪਹੁੰਚ ਜਾਂਦੀਆਂ ਤਾਂ ਪ੍ਰਭੂ ਈਸਾ ਮਸੀਹ ਦੀ ਕ੍ਰਿਪਾ ਨਾਲ ਕਈ ਰੋਗੀਆਂ ਨੇ ਮੌਤ ਦੇ ਮੂੰਹ ਵਿਚੋਂ ਨਿਕਲ ਆਉਣਾ ਸੀ, ਪਰ ਹੁਣ ਉਹ ਵਿਚਾਰੇ ਦੁਆ-ਦਾਰੂ ਤੇ ਸੇਵਾ ਟਹਿਲ ਖੁਣੋਂ ਦਬਾਦਬ ਮੌਤ ਦਾ ਖਾਜਾ ਬਣ ਰਹੇ ਹੋਣਗੇ। ਜਾਣਦੀ ਹੈਂ ਬੇਟੀ, ਇਹ ਸਭ ਕੁਝ ਕਿਉਂ ਹੋਇਆ? ਇਕ ਜਰਮਨ ਅਫਸਰ ਦੀ ਜ਼ਿਦ ਪਿਛੇ! ਫਿਰ ਉਸ ਹਾਲਤ ਵਿਚ, ਜਦ ਪ੍ਰਭੂ ਈਸਾ ਮਸੀਹ ਦੀ ਕ੍ਰਿਪਾ ਨਾਲ ਮੈਨੂੰ ਚੇਚਕ ਦੀ ਬਿਮਾਰੀ ਬਾਰੇ ਬਹੁਤ ਵੱਡਾ ਤਜਰਬਾ ਹੈ। ਇਸ ਤੋਂ ਪਹਿਲਾਂ ਮੈਂ ਦਰਜਨਾਂ ਵਾਰੀ ਇਟਲੀ, ਆਸਟਰੀਆ ਤੇ ਦੁਨੀਆਂ ਦੇ ਹੋਰ ਹੋਰ ਹਿੱਸਿਆਂ ਵਿਚ ਜਾ-ਜਾ ਕੇ ਇਸ ਬਿਮਾਰੀ ਦੇ ਰੋਗੀਆਂ ਦਾ ਇਲਾਜ ਕਰ ਚੁੱਕੀ ਹਾਂ।"

ਬ੍ਰਹਮਚਾਰਨੀ ਨੇ ਇਹ ਵੀ ਪ੍ਰਗਟ ਕਰ ਦਿੱਤਾ ਕਿ ਉਹ ਉਨ੍ਹਾਂ ਪਵਿੱਤਰ ਆਤਮਾਵਾਂ ਵਿਚੋਂ ਹੈ ਜਿਨ੍ਹਾਂ ਨੂੰ ਰੱਬ ਨੇ ਫੌਜੀਆਂ ਦੇ ਨਾਲ-ਨਾਲ ਜਾਣ, ਤੇ ਲੜਾਈ ਵਿਚ ਫੱਟੜਾਂ ਨੂੰ ਚੁੱਕ ਕੇ ਉਨ੍ਹਾਂ ਦੀ ਮਲ੍ਹਮ-ਪੱਟੀ ਕਰਨ ਲਈ ਹੀ ਪੈਦਾ ਕੀਤਾ ਹੈ। ਅਸਲ ਵਿਚ ਉਹ ਸੀ ਵੀ ਰੋਹਬ-ਦਾਬ ਵਾਲੀ ਤੀਵੀਂ। ਉਸ ਦੇ ਮੂੰਹ 'ਤੇ ਦਾਗ ਸਨ। ਜਦ ਉਸ ਨੇ ਬੋਲਣਾ ਖਤਮ ਕੀਤਾ, ਤਾਂ ਕਿੰਨਾ ਹੀ ਚਿਰ ਚੁੱਪ-ਚਾਂ ਛਾਈ ਰਹੀ। ਸਾਰਿਆਂ ਨੇ ਵੇਖਿਆ ਕਿ ਮਾਰਗਰੇਟ ਦੇ ਦਿਲ ਉਤੇ ਇਸ ਬੁੱਢੀ ਨੇ ਚੰਗਾ ਅਸਰ ਪਾਇਆ ਹੈ। ਸਾਰੇ ਚਾਹੁੰਦੇ ਸਨ ਕਿ ਇਹ ਅਸਰ ਬਣਿਆ ਹੀ ਰਹੇ।

ਰੋਟੀ ਖਤਮ ਹੁੰਦਿਆਂ ਹੀ ਸਭ ਆਪੋ-ਆਪਣੇ ਕਮਰਿਆਂ ਵਿਚ ਚਲੇ ਗਏ। ਦੂਜੇ ਦਿਨ ਸਾਰੇ ਹੀ ਜ਼ਰਾ ਚਿਰਾਕੇ ਉਠੇ। ਸਵੇਰ ਦਾ ਨਾਸ਼ਤਾ ਬੜੀ ਸ਼ਾਂਤੀ ਨਾਲ ਹੋਇਆ। ਪਿਛਲੀ ਸ਼ਾਮ ਜਿਹੜੇ ਬੀ ਬੀਜੇ ਗਏ ਸਨ, ਉਨ੍ਹਾਂ ਦੇ ਪੁੰਗਰਨ ਦੀ ਉਡੀਕ ਕੀਤੀ ਜਾ ਰਹੀ ਸੀ।

ਦੁਪਹਿਰੇ ਕਾਊਂਟੈਸ ਨੇ ਸੈਰ ਕਰਨ ਦੀ ਖਾਹਿਸ਼ ਪ੍ਰਗਟ ਕੀਤੀ। ਕੀਤੀ ਹੋਈ ਸਾਜ਼ਿਸ਼ ਅਨੁਸਾਰ ਅੱਜ ਸੈਰ ਵੇਲੇ ਕਾਊਂਟ ਨੇ ਮਾਰਗਰੇਟ ਦਾ ਹੱਥ ਫੜ ਲਿਆ, ਤੇ ਉਸ ਨੂੰ ਨਾਲ ਲਈ ਉਹ ਦੋਵੇਂ ਬਾਕੀ ਸਾਥੀਆਂ ਤੋਂ ਕੁਝ ਪਿਛੇ-ਪਿਛੇ ਟੁਰਨ ਲੱਗੇ। ਉਹ ਰਸਤੇ ਵਿਚ ਮਾਰਗਰੇਟ ਨਾਲ ਕੁਝ ਬਜ਼ੁਰਗਾਨਾ ਤੇ ਬੜੀ ਪਿਆਰ ਭਰੀ ਬੋਲੀ ਵਿਚ ਗੱਲਾਂ ਕਰਨ ਲੱਗਾ। ਉਹ ਘੜੀ-ਮੁੜੀ ਉਸ ਨੂੰ 'ਮੇਰੀ ਪਿਆਰੀ ਬੱਚੀ' ਕਹਿ ਕੇ ਸੰਬੋਧਨ ਕਰਦਾ, "ਤਾਂ ਕੀ ਤੇਰੀ ਇਹੋ ਸਲਾਹ ਹੈ ਕਿ ਅਸੀਂ ਸਾਰੇ ਇੱਥੇ ਪਰਦੇਸ ਵਿਚ ਜਰਮਨਾਂ ਦੇ ਕੈਦੀ ਬਣੇ ਰਹੀਏ?"

ਮਾਰਗਰੇਟ ਨੇ ਕੋਈ ਉਤਰ ਨਾ ਦਿੱਤਾ। ਇਸ ਤੋਂ ਬਾਅਦ ਹੌਲੀ-ਹੌਲੀ ਕਾਊਂਟ ਨੇ ਉਸ 'ਤੇ ਦਇਆ, ਦਲੀਲ ਤੇ ਜਜ਼ਬਿਆਂ ਦੇ ਕਈ ਹਥਿਆਰ ਵਰਤੇ। ਕਦੀ ਤਾਂ ਉਹ ਨੇੜਲੇ ਸਬੰਧੀਆਂ ਵਾਂਗ ਗੱਲਾਂ ਕਰਨ ਲੱਗ ਪੈਂਦਾ, ਕਦੀ ਵੱਡੇ ਲੋਕਾਂ ਵਾਂਗ ਰੋਹਬ ਛਾਂਟਣ ਲਗਦਾ, ਤੇ ਕਦੀ ਪਾਦਰੀਆਂ ਵਾਂਗ ਉਪਦੇਸ਼ ਦਿੰਦਾ। ਉਹ ਉਸ ਨੂੰ ਸਮਝਾ ਰਿਹਾ ਸੀ ਕਿ ਉਹ ਕਿਤਨਾ ਵੱਡਾ ਉਪਕਾਰ ਕਰੇਗੀ, ਜੇ ਜ਼ਰਾ ਕੁ ਅਫਸਰ ਨੂੰ ਪ੍ਰਸੰਨ ਕਰ ਕੇ ਸਾਰਿਆਂ ਨੂੰ ਇਸ ਮੁਸੀਬਤ ਤੋਂ ਛੁੜਾ ਦੇਵੇਗੀ। ਤੇ ਮਾਰਗਰੇਟ ਨੂੰ ਫਿਰ ਵੀ ਟੱਸ ਤੋਂ ਮੱਸ ਨਾ ਹੁੰਦੀ ਵੇਖ ਕੇ ਕਹਿਣ ਲੱਗਾ, "ਮੇਰੀ ਪਿਆਰੀ ਬੱਚੀ! ਜੇ ਤੂੰ ਇਹ ਛੋਟੀ ਜਿਹੀ ਗੱਲ ਮੰਨ ਜਾਵੇਂਗੀ, ਤਾਂ ਸਾਡੇ ਤੋਂ ਛੁੱਟ ਆਪਣੇ-ਆਪ ਉਤੇ ਵੀ ਅਹਿਸਾਨ ਕਰੇਂਗੀ, ਤੇ ਉਸ ਅਫਸਰ ਉਤੇ ਵੀ ਜਿਹੜਾ ਪਹਿਲੀ ਨਜ਼ਰੇ ਹੀ ਤੇਰੀ ਸੋਹਣੀ ਸੂਰਤ ਵੇਖ ਕੇ ਫੜਕ ਉਠਿਆ ਹੈ। ਕੀ ਤੇਰੇ ਲਈ ਇਹ ਫਖਰ ਵਾਲੀ ਗੱਲ ਨਹੀਂ ਹੋਵੇਗੀ ਕਿ ਕੋਈ ਘੁਮੰਡੀ ਅਫਸਰ ਵੀ ਤੇਰੇ ਮਗਰ ਤਰਲੇ ਕਰਦਾ ਫਿਰਦਾ ਹੈ? ਤੇ ਇਸ ਵਿਚ ਸਮਝੋ, ਤਾਂ ਉਸ ਵਿਚਾਰੇ ਦਾ ਵੀ ਕੀ ਕਸੂਰ ਹੈ, ਜਦ ਤੇਰੇ ਵਰਗੀ ਸੁੰਦਰੀ ਉਸ ਨੇ ਆਪਣੇ ਸਾਰੇ ਮੁਲਕ ਵਿਚ ਨਹੀਂ ਵੇਖੀ ਹੋਣੀ।

ਮਾਰਗਰੇਟ ਨੇ ਫਿਰ ਕੋਈ ਉਤਰ ਨਾ ਦਿੱਤਾ। ਉਹ ਕਦਮ ਤੇਜ਼ ਕਰ ਗਈ, ਤੇ ਆਖਰ ਅਗਲੇ ਸਾਥੀਆਂ ਦੀ ਕਤਾਰ ਵਿਚ ਜਾ ਮਿਲੀ।

(ਚਲਦਾ)

# ਅੰਨ੍ਹੀ ਗਲੀ

ਅਵਤਾਰ ਗੋਂਦਾਰਾ
ਫੋਨ: 559-375-2589
e-mail: gondarasa@yahoo.com

ਤੀਜੀ ਦੁਨੀਆਂ ਦੇ ਮੁਲਕਾਂ ਵਾਂਗ ਭਾਰਤੀ ਸਮਾਜ ਜਾਤੀ, ਜਮਾਤੀ, ਆਰਥਿਕ ਅਤੇ ਸਭਿਆਚਾਰਕ ਵਿਰੋਧਤਾਈਆਂ ਨਾਲ ਪਰੁੰਨਿਆ ਹੋਇਆ ਹੈ। ਇਨ੍ਹਾਂ ਦੀ ਅੱਗ ਵਿਚ ਕਈ ਧਿਰਾਂ ਰੋਟੀਆਂ ਸੇਕਦੀਆਂ ਆ ਰਹੀਆਂ ਹਨ। ਇਨ੍ਹਾਂ ਵਿਰੋਧਤਾਈਆਂ ਦਾ ਵਿਸਫੋਟ ਵੱਖ ਵੱਖ ਸੂਬਿਆਂ ਵਿਚ ਵੱਖ ਵੱਖ ਸ਼ਕਲਾਂ ਅਖਤਿਆਰ ਕਰਕੇ ਪ੍ਰਗਟ ਹੁੰਦਾ ਰਹਿੰਦਾ ਹੈ। ਉਤਰ ਪ੍ਰਦੇਸ਼ ਤੋਂ ਲੈ ਕੇ ਮਹਾਰਾਸ਼ਟਰ ਤਕ ਇਹ ਸ਼ਾਵਨਵਾਦੀ ਰੂਪ ਵਿਚ ਪ੍ਰਗਟ ਹੁੰਦਾ ਹੈ, ਮੱਧ ਭਾਰਤ ਵਿਚ ਹਿੰਦੂ-ਮੁਸਲਿਮ ਟਕਰਾ ਅਤੇ ਦਖਣੀ ਭਾਰਤ ਵਿਚ ਹਿੰਦੂ-ਇਸਾਈ ਵਿਰੋਧ ਵਜੋਂ ਸਿਰ ਚੁਕਦਾ ਹੈ।

ਘਟਨਾਕ੍ਰਮ ਦਸਦੇ ਹਨ ਕਿ ਇਨ੍ਹਾਂ ਵਿਸਫੋਟਾਂ ਨੂੰ ਜਾਣ ਬੁੱਝ ਕੇ ਵਿਕਸਤ ਹੋਣ ਦਿੱਤਾ ਜਾਂਦਾ ਹੈ। ਬੇਰੁਜ਼ਗਾਰੀ, ਮਹਿੰਗਾਈ ਅਤੇ ਵੱਢੀ ਖੋਰੀ ਦੇ ਸਤਾਏ ਲੋਕਾਂ ਦੀ ਬੁੜ ਬੁੜ ਜਦੋਂ ਇਕ ਆਵਾਜ਼ ਵਿਚ ਵਟਣ ਲਗਦੀ ਹੈ ਤਾਂ ਇਸ ਦੇ ਰੋਹ ਦੇ ਗੁਬਾਰੇ ਨੂੰ ਉਕਤ ਭਾਂਤ ਦੀਆਂ ਵਿਰੋਧਤਾਈਆਂ ਦੀ ਸੂਈ ਨਾਲ ਪੈਂਚਰ ਕਰ ਦਿੱਤਾ ਜਾਂਦਾ ਹੈ। ਇਕ ਸਿਲਸਿਲਾ ਸ਼ੁਰੂ ਹੁੰਦਾ ਹੈ। ਪੂਰਾ ਚੱਕਰ ਕਟ ਕੇ ਖਤਮ ਹੋ ਜਾਂਦਾ ਹੈ। ਹੜਤਾਲਾਂ, ਹਥਿਆਰਬੰਦ ਮੁਜ਼ਾਹਰਿਆਂ, ਮਾਰਧਾੜ, ਲੁੱਟ-ਖੋਹ, ਭਰਾਮਾਰ, ਕਰਫਿਊ ਅਤੇ ਜਨਤਕ ਜਾਇਦਾਦ ਦੀ ਤਬਾਹੀ ਦੇ ਆਪਮੁਹਾਰੇ ਫੁਟਾਰਿਆਂ ਦੇ ਗੇੜੇ, ਵਾਰੋ ਵਾਰੀ ਆਉਂਦੇ ਹਨ ਤੇ ਫਿਰ ਬਾਅਦ ਵਿਚ ਮਾਹੌਲ ਸ਼ਾਂਤ ਹੋ ਜਾਂਦਾ ਹੈ। ਫੜੋ-ਫੜਾਈ ਹੁੰਦੀ ਹੈ, ਕੇਸ ਦਰਜ ਹੁੰਦੇ ਹਨ ਅਤੇ ਕੁਝ ਅਨਸਰਾਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ। ਪੀੜਤਾਂ ਨੂੰ ਸਰਕਾਰ ਮੁਆਵਜ਼ਾ ਦੇਣ ਦਾ ਐਲਾਨ ਕਰਦੀ ਹੈ। ਸਰਵ ਭਾਈਚਾਰਕ ਮੀਟਿੰਗਾਂ ਤੋਂ ਬਾਅਦ ਵੱਖ ਵੱਖ ਪਾਰਟੀਆਂ ਸ਼ਾਂਤੀ ਜਲੂਸ ਕਢਦੀਆਂ ਹਨ। ਕੋਈ ਇਨ੍ਹਾਂ ਦੇ ਕਾਰਨਾਂ ਦੀ ਡੂੰਘਾਈ ਵਿਚ ਨਹੀਂ ਜਾਂਦਾ। ਇਹ ਅਜਿਹਾ ਅਮਲ ਹੈ ਜੋ ਪਛੜੇ ਮੁਲਕਾਂ ਵਿਚ ਵਾਰ ਵਾਰ ਦੁਹਰਾਇਆ ਜਾਂਦਾ ਹੈ ਅਤੇ ਭਵਿੱਖ ਵਿਚ ਵੀ ਇਹ ਅਮਲ ਦੁਹਰਾਏ ਜਾਣ ਦੀਆਂ ਸੰਭਾਵਨਾਵਾਂ ਹਨ।

ਇਨ੍ਹਾਂ ਵਿਸਫੋਟਾਂ ਦਾ ਇਕ ਵਿਲੱਖਣ ਲੱਛਣ ਇਹ ਹੈ ਕਿ ਕਾਰਕੁੰਨ ਅਤੇ ਪੈਰੋਕਾਰ ਐਕਸ਼ਨ ਪਹਿਲਾਂ ਕਰਦੇ ਹਨ ਅਤੇ ਕਾਫੀ ਕੁਝ ਵਾਪਰਨ ਤੋਂ ਬਾਅਦ ਉਨ੍ਹਾਂ ਦੇ ਆਗੂ ਪਿਛੋਂ ਆਉਂਦੇ ਹਨ। ਜਾਂ ਉਹ ਪਰਦੇ ਪਿਛੇ ਰਹਿ ਕੇ ਤਾਰਾਂ ਖਿੱਚਦੇ ਹਨ, ਤਮਾਸ਼ਾ ਵੇਖਦੇ ਹਨ। ਬਰਸਾਤੀ ਡੱਡੂਆਂ ਵਾਂਗ ਉਹ ਵੱਡੀ ਗਿਣਤੀ ਵਿਚ ਬਾਹਰ ਆਉਂਦੇ ਹਨ ਤੇ ਫਿਰ ਉਹ ਸ਼ਾਂਤੀ ਮਾਰਚਾਂ ਦੀ ਅਗਵਾਈ ਕਰਦਿਆਂ, ਆਪਸੀ ਭਾਈਚਾਰਾ ਬਣਾਈ ਰੱਖਣ ਦੀਆਂ ਅਪੀਲਾਂ ਕਰਦੇ ਹਨ। ਇਹ ਅਪੀਲਾਂ ਆਮ ਤੌਰ 'ਤੇ ਮੰਨ ਲਈਆਂ ਜਾਂਦੀਆਂ ਹਨ। ਕਿਸੇ ਨੂੰ ਇਹ ਪਤਾ ਨਹੀਂ ਲਗਦਾ ਕਿ ਜੇ ਹਰ ਵਾਰ ਵਾਂਗ ਸੁਲਾਹ ਹੀ ਹੋਣੀ ਸੀ ਤਾਂ ਫਿਰ ਇਹ ਲੜਾਈ ਕੀਹਦੇ ਨਾਲ ਤੇ ਕਿਉਂ?

ਸੁਆਲ ਪੈਦਾ ਹੁੰਦਾ ਹੈ, ਸ਼ਰਾਰਤੀ ਅਨਸਰਾਂ ਹੱਥੋਂ ਹਾਲਾਤ ਨੂੰ ਵਿਸਫੋਟਕ ਕਿਉਂ ਬਣਨ ਦਿੱਤਾ ਜਾਂਦਾ ਹੈ? ਇਹ ਕਿੱਥੋਂ ਆਉਂਦੇ ਹਨ? ਇਨ੍ਹਾਂ ਦਾ ਟਿਕਾਣਾ ਕਿੱਥੇ ਹੈ? ਕੋਈ ਨਹੀਂ ਪੁਛਦਾ। ਰੋਹ ਅਤੇ ਵਿਦਰੋਹ ਦੇ ਪ੍ਰਗਟਾਵੇ ਨੂੰ ਆਪਹੁਦਰੀਆ ਕਾਰਵਾਈਆਂ 'ਚ ਬਦਲਣ ਕਿਉਂ ਦਿਤਾ ਜਾਂਦਾ ਹੈ? ਮੁਖ ਧਾਰਾ ਦੇ ਆਗੂ ਅਗਵਾਈ ਦੇਣ ਦੀ ਥਾਂ ਲਾਈਲੱਗਾਂ ਵਾਲਾ ਵਿਹਾਰ ਕਿਉਂ ਕਰਦੇ ਹਨ? ਉਭਾਰ ਪਹਿਲਾਂ ਉਠਦੇ ਹਨ, ਆਗੂ ਬਾਅਦ ਵਿਚ ਆਉਂਦੇ ਹਨ। ਕੁਝ ਮਿਸਾਲਾਂ ਬੜੀਆਂ ਦਿਲਚਸਪ ਹਨ। ਸੰਨ 2009 ਵਿਚ ਪੰਜਾਬ ਵਿਚ ਵਾਪਰੀਆਂ ਘਟਨਾਵਾਂ ਦੀ ਰੋਸ਼ਨੀ ਵਿਚ ਕੁਝ ਤੱਥਾਂ ਨੂੰ ਵੇਖਿਆ ਜਾ ਸਕਦਾ ਹੈ। ਮਿਸਾਲ ਵਜੋਂ, ਵਿਆਨਾ ਕਾਂਡ ਤੋਂ ਬਾਅਦ 24 ਘੰਟਿਆਂ ਵਿਚ ਸੂਬੇ ਵਿਚ ਲਗਭਗ 30.5 ਕਰੋੜ ਰੁਪਏ ਦੀ ਸਰਕਾਰੀ ਅਤੇ ਗੈਰਸਰਕਾਰੀ ਜਾਇਦਾਦ ਨਸ਼ਟ ਹੋਣ ਦਾ ਸਰਕਾਰੀ ਅੰਦਾਜ਼ਾ ਹੈ, ਜਦੋਂ ਕਿ ਗੈਰਸਰਕਾਰੀ ਸੰਗਠਨਾਂ ਅਨੁਸਾਰ ਇਹ ਨੁਕਸਾਨ 8 ਹਜ਼ਾਰ ਕਰੋੜ ਰੁਪਏ ਤੋਂ ਵੱਧ ਸੀ। ਇਹ ਹਕੂਮਤੀ ਹਿੰਸਾ ਦਾ ਮਸਲਾ ਹੈ। ਆਮ ਲੋਕ ਆਪਣੇ ਹੀ ਭਰਾਵਾਂ ਹੱਥੋਂ ਬੇਅਰਾਮੀ ਅਤੇ ਬੇਹੁਰਮਤੀ ਦਾ ਸ਼ਿਕਾਰ ਹੋਏ। ਰੋਹ ਅਤੇ ਵਿਦਰੋਹ ਦੇ ਸਾੜਫੂਕ ਅਤੇ ਭਰਾ ਮਾਰ ਵਰਗੇ ਆਪ ਮੁਹਾਰੇ ਪ੍ਰਗਟਾਵਿਆਂ ਵੇਲੇ ਬਾਅਦ ਵਿਚ ਸ਼ਾਂਤੀ ਮਾਰਚ ਕਰਨ ਵਾਲੇ, ਇਹ ਆਗੂ ਕਿੱਥੇ ਸਨ? ਬਾਅਦ ਵਿਚ ਸ਼ਾਂਤੀ ਮਾਰਚਾਂ ਦੀ ਅਗਵਾਈ ਕਰਨ ਦੀ ਥਾਂ ਪਹਿਲਾਂ ਅਗਵਾਈ ਦੇਣ ਤੋਂ ਕਿਉਂ ਖੁੰਝੇ? ਕੀ ਇਹ ਆਗੂ ਅਖਵਾਉਣ ਦੇ ਹੱਕਦਾਰ ਹਨ? ਇਕ ਵਿਸਫੋਟ ਵਾਪਰਨ ਤੋਂ ਬਾਅਦ ਦੂਸਰੇ ਵਿਸਫੋਟ ਦੇ ਪਨਪਣ ਤਕ, ਇਕ ਆਗੂ ਦਾ ਕੀ ਰੋਲ ਹੁੰਦਾ ਹੈ? ਪਿੰਡ ਬਣਨ ਜਾ ਰਹੀ ਦੁਨੀਆਂ ਵਿਚ ਜਾਤੀ, ਨਸਲੀ ਇਲਾਕਾਈ ਹੱਦਾਂ ਤੋਂ ਪਾਰ ਸਾਂਝੇ ਮਾਨਵੀ ਉਦੇਸ਼ ਅਤੇ ਨਾਹਰੇ ਕਿਨ੍ਹਾਂ ਨੇ ਦੇਣੇ ਹਨ? ਉਹ ਕੀ ਹੈ ਜੋ ਮਨੁਖ ਨੂੰ ਮਨੁਖ ਦੇ ਖਿਲਾਫ ਖੜੀ ਜਾ ਰਿਹਾ ਹੈ? ਇਕ ਕਿਸਾਨ ਕਰਜਾਈ ਹੋ ਜਾਂਦਾ ਹੈ, ਉਹ ਬਚਿਆਂ ਦੀ ਪੜਾਈ, ਬਜ਼ੁਰਗਾਂ ਦੇ ਇਲਾਜ ਲਈ ਦਰ ਦਰ ਜਾਂਦਾ ਹੈ, ਕੋਈ ਉਸ ਦੀ ਬਾਂਹ ਨਹੀਂ ਫੜਦਾ, ਉਹੀ ਕਿਸਾਨ ਜਦੋਂ ਖੁਦਕਸ਼ੀ ਕਰ ਲੈਂਦਾ ਹੈ ਤਾਂ ਸਰਕਾਰਾਂ ਹਰਕਤ ਵਿਚ ਆਉਂਦੀਆਂ ਹਨ। ਸੰਗਤ ਦਰਸ਼ਨਾਂ ਵਿਚ ਬਿਨਾਂ ਕਿਸੇ ਸ਼ਰਮ ਦੇ ਉਸ ਦੀ ਵਿਧਵਾ ਨੂੰ ਪੰਜ ਲੱਖ ਰੁਪਏ ਦਾ ਚੈਕ ਦੇ ਦਿਤਾ ਜਾਂਦਾ ਹੈ। ਇਹੀ ਹਾਲ ਰੁਜਗਾਰ ਲਈ ਖੁਦਕੁਸ਼ੀ ਕਰਨ ਵਾਲੇ ਮੁੰਡੇ-ਕੁੜੀਆਂ ਦਾ ਹੈ। ਉਹ ਜਿਉਂਦੇ ਜੀਅ ਜਿਸ ਲਈ ਤਰਸਦੇ ਹਨ, ਉਨ੍ਹਾਂ ਦੀ ਮੌਤ ਬਾਅਦ ਉਹੀ ਕੁਝ ਉਨ੍ਹਾਂ ਦੇ ਵਾਰਸਾਂ ਨੂੰ ਦੇ ਦਿਤਾ ਜਾਂਦਾ ਹੈ।



ਬਾਕੀ ਸੁਆਲਾਂ ਦੇ ਨਾਲ ਨਾਲ ਇਕ ਨੁਕਤਾ ਇਹ ਵੀ ਹੈ, ਜਿੱਥੇ ਫੋਕਸ ਕਰਨ ਦੀ ਲੋੜ ਹੈ। ਇਹੀ ਕਸੌਟੀ ਹੈ ਜਿਸ ਨਾਲ ਸਮੇਂ ਦੇ ਹਾਕਮਾਂ ਜਾਂ ਕਿਸੇ ਆਗੂ ਨੂੰ ਪਰਖਣਾ ਚਾਹੀਦਾ ਹੈ। ਉਹ ਪਛਾਣ

## ਸੱਚੀ ਗੱਲ

ਜਾਂ ਵਿਰਸੇ ਦੀ ਦੁਹਾਈ ਦੇ ਕੇ ਇਕ ਫਿਰਕੇ ਨੂੰ ਦੂਜਿਆਂ ਦੇ ਖਿਲਾਫ ਖੜਾ ਕਰਦੇ ਹਨ, ਜਾਂ ਸਹਿਹੋਂਦ ਦੇ ਗੁਰ ਸਿਖਾਉਂਦੇ ਹਨ। ਬਹੁਤੇ ਪਿਛਲਖੁਰੇ ਆਗੂਆਂ ਦਾ ਮਨਸ਼ਾ ਆਪਣੇ ਪੈਰੋਕਾਰਾਂ ਨੂੰ ਸਹੀ ਅਗਵਾਈ ਦੇ ਕੇ ਉਨ੍ਹਾਂ ਨੂੰ ਦੁੱਖਾਂ ਤੋਂ ਨਿਜਾਤ ਦਿਵਾਉਣਾ ਨਹੀਂ ਸਗੋਂ ਉਨ੍ਹਾਂ ਦੇ ਦੁੱਖਾਂ ਅਤੇ ਭਾਵਨਾਵਾਂ ਨੂੰ ਕੈਸ਼ ਕਰਨਾ ਬਣ ਗਿਆ ਹੈ। ਉਨ੍ਹਾਂ ਨੂੰ ਜਾਤੀ, ਭਾਸ਼ਾਈ ਅਤੇ ਇਲਾਕਾਈ ਇਕਾਈਆਂ ਵਿਚ ਵੰਡ ਕੇ, ਭਰਾ ਮਾਰ ਜੰਗ ਦੀ ਅੰਨ੍ਹੀ ਗਲੀ ਵਿਚ ਸੁਟਣਾ ਹੈ। ਸਰਕਾਰ, ਮੁਲਕ ਅਤੇ ਲੋਕਾਂ ਦੇ ਵਖਰੇਵਿਆਂ ਨੂੰ ਰਲਗੱਡ ਕਰਨਾ ਹੈ।


ਪਿਛਲਖੁਰੇ ਆਗੂਆਂ ਨੂੰ ਆਪਣੇ ਰੋਲ ਅਤੇ ਮਨਸ਼ਿਆਂ ਬਾਰੇ ਪਤਾ ਹੁੰਦਾ ਹੈ, ਉਹ ਤਾਂ ਆਪਣੇ ਮਿਸ਼ਨ ਵਿਚ ਪੂਰੇ ਕਾਮਯਾਬ ਹੋ ਜਾਂਦੇ ਹਨ। ਪਾਈਆਂ ਹੋਈਆਂ ਇਤਿਹਾਸਕ ਜਾਂ ਜਾਅਲੀ ਵੰਡੀਆਂ ਦੇ ਆਸਰੇ ਉਨ੍ਹਾਂ ਨੇ ਆਪੋ-ਆਪਣੀ ਚੌਧਰ ਬਣਾ ਰੱਖੀ ਹੈ, ਲੋਕਾਂ ਅਤੇ ਜਮਹੂਰੀਅਤ ਦੇ ਰਾਖੇ ਹੋਣ ਦਾ ਭਰਮ ਵੀ ਪਾਲਿਆ ਹੋਇਆ ਹੈ। ਉਨ੍ਹਾਂ ਦਾ ਕੰਮ ਗੈਰਉਪਜਾਊ, ਆਪਾ ਮਾਰੂ ਮੁਦਿਆਂ ਨੂੰ ਹਵਾ ਦੇਣੀ ਹੈ। ਇਸ ਅੱਗ ਵਿਚ ਬਾਲਣ ਬਣ ਕੇ ਸੜ ਰਹੇ ਲੋਕਾਂ ਅਤੇ ਪੈਰੋਕਾਰ ਇਹ ਕਦੋਂ ਸਮਝਣਗੇ? ਉਹ ਸਹੀ-ਗਲਤ, ਚੰਗੇ-ਮਾੜੇ, ਸੱਚੇ-ਝੂਠੇ, ਦੋਸਤ ਅਤੇ ਅਸਲੀ ਦੁਸ਼ਮਣ ਦੀ ਪਛਾਣ ਕਰਨਾ ਕਦੋਂ ਸਿੱਖਣਗੇ? ਲੋੜ ਹੈ ਕਿ ਉਹ ਉਨ੍ਹਾਂ ਸ਼ਕਤੀਆਂ ਅਤੇ ਹਾਲਤਾਂ ਦੀ ਨਿਸ਼ਾਨਦੇਹੀ ਕਰਨ ਦੀ ਜੋ ਉਨ੍ਹਾਂ ਦੇ ਮਨਾਂ ਅਤੇ ਹਸਤੀ ਨੂੰ ਨਪੀੜੀ ਜਾ ਰਹੀਆਂ ਹਨ ਤਾਂ ਜੋ ਰੋਹ ਅਤੇ ਵਿਦਰੋਹ ਨੂੰ ਜਾਅਲੀ, ਸਤਹੀ ਅਤੇ ਆਪਮੁਹਾਰੇ ਪ੍ਰਗਟਾਵਿਆਂ 'ਚ ਖਾਰਜ ਕਰਨ ਦੀ ਬਜਾਏ ਮਨੁੱਖੀ ਆਜ਼ਾਦੀ, ਨਾਬਰਾਬਰੀ, ਮੁਲਕੀ ਵਿਰੋਧਤਾਈਆਂ ਅਤੇ ਵਾਤਾਵਰਣ ਦੀ ਰਾਖੀ ਵਰਗੇ ਵੱਡੇ ਸਰੋਕਾਰਾਂ ਦੇ ਲੇਖੇ ਲਾਇਆ ਜਾ ਸਕੇ।



## ਆਮਿਰ ਖਾਨ ਦੇ ਸੱਚ ਦੀ ਜਿੱਤ

# ਸਤਯਮੇਵ ਜਯਤੇ

ਅਦਾਕਾਰ ਆਮਿਰ ਖਾਨ ਇਕ ਵਾਰ ਫਿਰ ਟੈਲੀਵਿਜ਼ਨ ਉਤੇ 'ਸਤਯਮੇਵ ਜਯਤੇ' ਲੜੀਵਾਰ ਲੈ ਕੇ ਹਾਜ਼ਰ ਹੋਇਆ ਹੈ। ਇਸ ਵਾਰ ਇਹ ਲੜੀਵਾਰ ਸਟਾਰ ਨੈਟਵਰਕ ਨਾਲ ਜੁੜੇ ਸਾਰੇ ਚੈਨਲਾਂ ਤੋਂ ਇਲਾਵਾ ਦੂਰਦਰਸ਼ਨ ਦੇ ਡੀ.ਡੀ. ਨੈਸ਼ਨਲ ਤੋਂ ਵੀ ਪ੍ਰਸਾਰਿਤ ਕੀਤਾ ਜਾਵੇਗਾ। ਇਸ ਲੜੀਵਾਰ ਦੀ ਪਹਿਲੀ ਕਿਸ਼ਤ 2 ਮਾਰਚ ਦਿਨ ਐਤਵਾਰ ਨੂੰ ਨਸ਼ਰ ਕੀਤੀ ਜਾ ਰਹੀ ਹੈ। 'ਸਤਯਮੇਵ ਜਯਤੇ' ਦਾ ਇਹ ਦੂਜਾ ਸੀਜ਼ਨ ਹੈ। ਇਸ ਤੋਂ ਪਹਿਲਾਂ 6 ਮਈ 2012 ਨੂੰ ਇਸ ਦਾ ਪਹਿਲਾ ਸੀਜ਼ਨ ਨਸ਼ਰ ਕੀਤਾ ਗਿਆ ਸੀ। ਉਸ ਸੀਜ਼ਨ ਦੇ ਪੇਸ਼ਕਾਰ ਵੀ ਆਮਿਰ ਖਾਨ ਹੀ ਸਨ। ਪਹਿਲੇ ਸੀਜ਼ਨ ਵਾਂਗ ਦੂਜੇ ਸੀਜ਼ਨ ਦੀਆਂ ਵੀ 14 ਕਿਸ਼ਤਾਂ ਹੀ ਹੋਣਗੀਆਂ। ਇਨ੍ਹਾਂ ਵਿਚ ਸਮਾਜ ਨਾਲ ਜੁੜੇ ਵੱਖ-ਵੱਖ ਮੁੱਦਿਆਂ ਬਾਰੇ ਗੱਲ ਕੀਤੀ ਜਾਵੇਗੀ। ਇਸ ਵਾਰੀ ਇਹ ਪ੍ਰੋਗਰਾਮ ਹਿੰਦੀ ਤੋਂ ਇਲਾਵਾ ਪੰਜਾਬੀ, ਬੰਗਲਾ, ਮਲਿਆਲਮ, ਮਰਾਠੀ, ਤਾਮਿਲ, ਤੈਲਗੂ ਅਤੇ ਅੰਗਰੇਜ਼ੀ ਸਬ-ਟਾਈਟਲਾਂ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਗੌਰਤਲਬ ਹੈ ਕਿ 'ਸਤਯਮੇਵ ਜਯਤੇ' ਦੇ ਪਹਿਲੇ ਸੀਜ਼ਨ ਨੂੰ ਲੋਕਾਂ ਦਾ ਬਹੁਤ ਭਰਪੂਰ ਹੁੰਗਾਰਾ ਮਿਲਿਆ ਸੀ। ਉਸ ਵੇਲੇ ਜਿਹੜੇ ਮੁੱਦੇ ਇਸ ਪ੍ਰੋਗਰਾਮ ਵਿਚ ਉਭਾਰੇ ਗਏ ਸਨ, ਉਨ੍ਹਾਂ ਬਾਰੇ ਚੇਤਨਾ ਲਹਿਰਾਂ ਹੀ ਉਠ ਖੜ੍ਹੀਆਂ ਸਨ। ਇਸ ਪ੍ਰੋਗਰਾਮ ਕਰ ਕੇ ਸਭ ਨੇ ਆਮਿਰ ਖਾਨ ਦੀ ਬਹੁਤ ਪ੍ਰਸ਼ੰਸਾ ਕੀਤੀ ਸੀ। ਉਸ ਵੇਲੇ ਇਹ ਪ੍ਰੋਗਰਾਮ ਭਾਰਤ ਦੇ ਸਭ ਤੋਂ ਵੱਧ ਮਸ਼ਹੂਰ ਪ੍ਰੋਗਰਾਮਾਂ ਵਿਚ ਸ਼ੁਮਾਰ ਹੋ ਗਿਆ ਸੀ। ਇਸ ਵਾਰ 'ਸਤਯਮੇਵ ਜਯਤੇ' ਦੀ ਇਕ ਕਿਸ਼ਤ ਦਾ ਖਰਚ 6 ਕਰੋੜ ਰੁਪਏ ਤੱਕ ਜਾ ਪੁੱਜਾ ਹੈ। ਇਸ ਵਿਚ ਆਮਿਰ ਖਾਨ ਦੀ ਫੀਸ ਵੀ ਸ਼ਾਮਿਲ ਹੈ। ਪਹਿਲੇ ਸੀਜ਼ਨ ਦੌਰਾਨ ਇਕ ਕਿਸ਼ਤ ਉਤੇ ਲੱਗਭਗ 4 ਕਰੋੜ ਰੁਪਏ ਖਰਚਾ ਆਇਆ ਸੀ। ਉਂਞ, ਇਸ ਪ੍ਰੋਗਰਾਮ ਤੋਂ ਇਸ਼ਤਿਹਾਰਾਂ ਰਾਹੀਂ ਵੀ ਵਾਹ-ਵਾਹ ਕਮਾਈ ਹੋਣ ਦੀ ਆਸ ਕੀਤੀ ਜਾ ਰਹੀ ਹੈ। ਕੁਝ ਮਾਹਿਰਾਂ ਮੁਤਾਬਕ ਇਸ ਪ੍ਰੋਗਰਾਮ ਦੌਰਾਨ ਇਸ਼ਤਿਹਾਰ ਦਾ ਰੇਟ ਸਭ ਪ੍ਰੋਗਰਾਮਾਂ ਤੋਂ ਵੱਧ ਹੋ ਜਾਣ ਦਾ ਅੰਦਾਜ਼ਾ ਹੈ। ਇਸ ਪ੍ਰੋਗਰਾਮ ਦੇ ਦੋ ਮੁੱਖ ਸਪਾਂਸਰਜ਼ ਭਾਰਤੀ ਏਅਰਟੈਲ ਲਿਮਿਟਡ ਅਤੇ ਐਕਸਿਸ ਬੈਂਕ ਲਿਮਿਟਡ ਹਨ। ਇਸ ਲੜੀਵਾਰ ਨਾਲ ਇਕ ਵਾਰ ਫਿਰ ਆਮਿਰ ਖਾਨ ਦੀ ਚਰਚਾ ਵੱਡੇ ਪੱਧਰ ਉਤੇ ਸ਼ੁਰੂ ਹੋ ਗਈ ਹੈ। ਉਸ ਨੇ ਬਤੌਰ ਹੀਰੋ ਆਪਣੇ ਕੈਰੀਅਰ ਦੀ ਸ਼ੁਰੂਆਤ ਫਿਲਮ 'ਕਿਆਮਤ ਸੇ ਕਿਆਮਤ ਤੱਕ' ਨਾਲ 1988 ਵਿਚ ਕੀਤੀ ਸੀ। ਇਸ ਇਕ ਫਿਲਮ ਨਾਲ ਹੀ ਉਹ ਪਹਿਲੀ ਕਤਾਰ ਦੇ ਅਦਾਕਾਰਾਂ ਵਿਚ ਸ਼ਾਮਲ ਹੋ ਗਿਆ ਸੀ। 2013 ਵਿਚ ਉਸ ਦੀ ਫਿਲਮ 'ਧੂਮ-3' ਨੇ 5 ਸੌ ਕਰੋੜ ਰੁਪਏ ਤੋਂ ਵੀ ਵੱਧ ਕਮਾਈ ਕਰ ਕੇ ਨਵਾਂ ਰਿਕਾਰਡ ਕਾਇਮ ਕਰ ਦਿੱਤਾ ਸੀ। ਇਸ ਸਾਲ (2014) ਉਸ ਦੀ 'ਪੀ.ਕੇ.' ਨਾਂ ਦੀ ਫਿਲਮ ਰਿਲੀਜ਼ ਹੋ ਰਹੀ ਹੈ। ਉਸ ਦੀਆਂ ਯਾਦਗਾਰੀ ਫਿਲਮਾਂ ਵਿਚ '3-ਈਡੀਅਟਸ, ਤਾਰੇ ਜ਼ਮੀਨ ਪਰ, ਰੰਗ ਦੇ ਬਸੰਤੀ, ਲਗਾਨ, ਫਨਾਹ, ਪੀਪਲੀ ਲਾਈਵ ਅਤੇ 1947: ਅਰਥ ਵਰਗੀਆਂ ਫਿਲਮਾਂ ਸ਼ਾਮਲ ਹਨ। 'ਸਤਯਮੇਵ ਜਯਤੇ' ਵਿਚ ਜਿਸ ਤਰ੍ਹਾਂ ਦੇ ਮੁੱਦੇ ਆਮਿਰ ਖਾਨ ਨੇ ਉਠਾਏ ਹਨ, ਉਸ ਨਾਲ ਉਸ ਨੂੰ ਧਮਕੀਆਂ ਮਿਲਣੀਆਂ ਵੀ ਸ਼ੁਰੂ ਹੋ ਗਈਆਂ ਹਨ। ਆਪਣੇ ਮਿੱਤਰਾਂ-ਸੱਜਣਾਂ ਅਤੇ ਪਰਿਵਾਰ ਦੇ ਕਹਿਣ 'ਤੇ ਉਸ ਨੇ ਬੁਲਿਟ-ਪਰੂਫ ਮਰਸਡੀਜ਼ ਬੈਂਜ਼ ਐਸ. 600 ਖਰੀਦ ਲਈ ਹੈ। ਉਸ ਦੇ ਚਾਹੁਣ ਵਾਲਿਆਂ ਦਾ ਕਹਿਣਾ ਹੈ ਕਿ ਜੇ ਉਸ ਨੂੰ ਧਮਕੀਆਂ ਮਿਲ ਰਹੀਆਂ ਹਨ ਤਾਂ ਇਸ ਸਿਲਸਿਲੇ ਵਿਚ ਕੋਈ ਢਿੱਲ ਨਹੀਂ ਵਰਤਣੀ ਚਾਹੀਦੀ। ਆਮਿਰ ਦਾ ਕਹਿਣਾ ਹੈ ਕਿ ਇਸ ਲੜੀਵਾਰ ਲਈ ਭਾਵੇਂ ਉਸ ਨੂੰ ਪੈਸੇ ਮਿਲੇ ਹਨ, ਪਰ ਇਸ ਲੜੀਵਾਰ ਨਾਲ ਜੋ ਸੁਨੇਹਾ ਲੋਕਾਂ ਵਿਚ ਜਾਵੇਗਾ, ਉਸ ਤੋਂ ਹੀ ਉਸ ਨੂੰ ਅਸਲ ਸਕੂਨ ਮਿਲੇਗਾ। ਉਸ ਮੁਤਾਬਕ, "ਅਦਾਕਾਰੀ ਮੇਰਾ ਮੁਢਲਾ ਕੰਮ ਹੈ। ਇਸ ਅਦਾਕਾਰੀ ਦੀ ਬਦੌਲਤ ਹੀ ਮੈਂ ਲੋਕਾਂ ਤੱਕ ਪੁੱਜ ਸਕਿਆ ਹਾਂ ਪਰ ਮੈਂ ਆਪਣੇ ਕੰਮ ਨੂੰ ਚੰਗੇ ਲੇਖੇ ਲਾਉਣਾ ਚਾਹੁੰਦਾ ਹਾਂ। ਇਸ ਸੋਚ ਵਿਚੋਂ ਹੀ ਇਸ ਲੜੀਵਾਰ ਨੇ ਜਨਮ ਲਿਆ ਸੀ। ਮੈਂ ਖੁਸ਼ ਹਾਂ ਕਿ ਲੋਕਾਂ ਨੇ 'ਸਤਯਮੇਵ ਜਯਤੇ' ਇਤਨਾ ਜ਼ਿਆਦਾ ਹੁੰਗਾਰਾ ਭਰਿਆ। ਆਸ ਹੈ, ਹੁਣ ਵੀ ਲੋਕ ਹੁੰਗਾਰਾ ਭਰਨਗੇ।"



## ਤੱਬੂ ਦੀ ਅਦਾਕਾਰੀ

ਜ਼ਹੀਨ ਅਦਾਕਾਰਾ ਤੱਬੂ ਅੱਜ ਕੱਲ੍ਹ ਆਪਣੀ ਨਵੀਂ ਫਿਲਮ 'ਹੈਦਰ' ਦੀ ਮੁਕੰਮਲ ਕਰਨ ਵਿਚ ਰੁੱਝੀ ਹੋਈ ਹੈ। ਇਹ ਫਿਲਮ ਭਾਵੇਂ ਵਿਲੀਅਮ ਸ਼ੇਕਸਪੀਅਰ ਦੇ ਮਸ਼ਹੂਰ ਡਰਾਮੇ 'ਹੈਮਲਟ' ਉਤੇ ਆਧਾਰਤ ਹੈ ਪਰ ਫਿਲਮਸਾਜ਼/ਸੰਗੀਤਕਾਰ ਵਿਸ਼ਾਲ ਭਾਰਦਵਾਜ ਨੇ ਇਹ ਫਿਲਮ ਕਸ਼ਮੀਰ ਦੇ ਮਾਹੌਲ ਮੁਤਾਬਕ ਬਣਾਈ ਹੈ। ਇਹ ਫਿਲਮ ਇਸੇ ਸਾਲ ਸਤੰਬਰ ਵਿਚ ਰਿਲੀਜ਼ ਕੀਤੀ ਜਾ ਰਹੀ ਹੈ ਅਤੇ ਇਸ ਵਿਚ ਤੱਬੂ ਤੋਂ ਇਲਾਵਾ ਇਰਫਾਨ ਖਾਨ ਅਤੇ ਸ਼ਾਹਿਦ ਕਪੂਰ ਮੁੱਖ ਭੂਮਿਕਾਵਾਂ ਨਿਭਾਅ ਰਹੇ ਹਨ। ਇਹ ਫਿਲਮ ਅਸਲ ਵਿਚ ਸ਼ੇਕਸਪੀਅਰ ਦੀ ਤ੍ਰੈਲੜੀ ਦਾ ਤੀਜਾ ਹਿੱਸਾ ਹੈ। ਇਸ ਤੋਂ ਪਹਿਲਾਂ ਵਿਸ਼ਾਲ 'ਮੈਕਬੈਥ' ਉਤੇ ਆਧਾਰਤ 'ਮਕਬੂਲ' ਅਤੇ 'ਓਥੈਲੋ' ਉਤੇ ਆਧਾਰਤ 'ਓਮਕਾਰਾ' ਬਣਾ ਚੁੱਕਾ ਹੈ। ਇਨ੍ਹਾਂ ਵਿਚੋਂ 'ਮਕਬੂਲ' ਵਿਚ ਵੀ ਤੱਬੂ ਨੇ ਅਹਿਮ ਕਿਰਦਾਰ ਨਿਭਾਇਆ ਸੀ। ਤੱਬੂ ਦਾ ਫਿਲਮੀ ਸਫਰ ਬੇਹੱਦ ਸੰਘਰਸ਼ਪੂਰਨ ਰਿਹਾ ਹੈ ਪਰ ਉਸ ਨੇ ਕਦੀ ਹਾਲਾਤ ਨਾਲ ਸਮਝੌਤਾ ਨਹੀਂ ਕੀਤਾ ਅਤੇ ਸਦਾ ਆਪਣੀ ਮਰਜ਼ੀ ਦੀਆਂ ਫਿਲਮਾਂ ਕੀਤੀਆਂ ਹਨ।



## ਕੰਗਨਾ ਦੀ 'ਕੁਈਨ'

ਅਦਾਕਾਰਾ ਕੰਗਨਾ ਰਨੌਤ ਦੀ ਫਿਲਮ 'ਕੁਈਨ' 7 ਮਾਰਚ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਫਿਲਮ ਵਿਚ ਕੰਗਨਾ ਦਾ ਮੁੱਖ ਕਿਰਦਾਰ ਹੈ। ਉਸ ਤੋਂ ਇਲਾਵਾ ਇਸ ਨਾਇਕਾ ਪ੍ਰਧਾਨ ਫਿਲਮ ਵਿਚ ਰਾਜ ਕੁਮਾਰ ਰਾਓ ਅਤੇ ਲੀਜ਼ਾ ਹੇਅਡਨ ਨੇ ਵੀ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਇਸ ਫਿਲਮ ਵਿਚ ਕੰਗਨਾ ਨੇ 24 ਸਾਲ ਦੀ ਪੰਜਾਬੀ ਮੁਟਿਆਰ ਰਾਣੀ ਦਾ ਰੋਲ ਨਿਭਾਇਆ ਹੈ ਜੋ ਦਿੱਲੀ ਵਿਚ ਰਹਿੰਦੀ ਹੈ। ਉਸ ਦਾ ਪਰਿਵਾਰ ਬੜੇ ਪੁਰਾਣੇ ਖਿਆਲਾਂ ਦਾ ਹੈ। ਰਾਣੀ ਜਿੱਥੇ ਕਿਤੇ ਵੀ ਉਹ ਜਾਂਦੀ ਹੈ, ਉਸ ਦਾ ਭਰਾ ਉਸ ਦੇ ਨਾਲ ਜਾਂਦਾ ਹੈ। ਫਿਰ ਉਸ ਦਾ ਵਿਆਹ ਤੈਅ ਹੋ ਜਾਂਦਾ ਹੈ, ਪਰ ਐਨ ਮੌਕੇ ਉਤੇ ਉਸ ਦਾ ਵਿਆਹ ਰੁਕ ਜਾਂਦਾ ਹੈ; ਕਿਉਂਕਿ ਉਸ ਦੇ ਮੰਗੇਤਰ ਦੀ ਸੜਕ ਹਾਦਸੇ ਵਿਚ ਮੌਤ ਹੋ ਜਾਂਦੀ ਹੈ। ਇਸ ਝਟਕੇ ਨਾਲ ਰਾਣੀ ਬੁਰੀ ਤਰ੍ਹਾਂ ਟੁੱਟ ਜਾਂਦੀ ਹੈ ਪਰ ਉਹ ਹਾਲਾਤ ਨੂੰ ਅੱਗਿਉਂ ਹੋ ਕੇ ਟੱਕਰਦੀ ਹੈ ਅਤੇ ਖੁਦ ਨੂੰ ਸੰਭਾਲਦੀ ਹੋਈ ਮੁੜ ਲੀਹ 'ਤੇ ਪੈਣ ਦਾ ਯਤਨ ਕਰਦੀ ਹੈ। ਉਹ ਇਕੱਲੀ ਹੀ 'ਹਨੀਮੂਨ' ਉਤੇ ਨਿਕਲ ਤੁਰਦੀ ਹੈ। ਉਸ ਦਾ ਇਕੱਲੀ ਦਾ ਇਹ ਸਫ਼ਰ ਹੀ ਇਸ ਫਿਲਮ ਦੀ ਕਹਾਣੀ ਹੈ।

ਕੰਗਨਾ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਸਾਲ 2006 ਵਿਚ 'ਗੈਂਗਸਟਰ' ਫਿਲਮ ਨਾਲ ਕੀਤੀ ਸੀ। ਇਸ ਫਿਲਮ ਦੀ ਬੜੀ ਚਰਚਾ ਹੋਈ ਅਤੇ ਨਾਲ ਹੀ ਕੰਗਨਾ ਦੀ ਵੀ। ਫਿਰ ਸਾਲ 2006 ਵਿਚ ਹੀ ਉਸ ਦੀ ਇਕ ਹੋਰ ਫਿਲਮ 'ਵੋਹ ਲਮਹੇ' ਰਿਲੀਜ਼ ਹੋਈ। ਇਸ ਫਿਲਮ ਨਾਲ ਉਸ ਦੀ ਅਦਾਕਾਰੀ ਦੀ ਪਛਾਣ ਹੋਰ ਵੀ ਗੂੜ੍ਹੀ ਹੋ ਗਈ। ਅਸਲ ਵਿਚ ਇਹ ਫਿਲਮ ਪ੍ਰਸਿੱਧ ਫਿਲਮ ਅਦਾਕਾਰਾ ਪ੍ਰਵੀਨ ਬਾਬੀ ਦੀ ਜ਼ਿੰਦਗੀ ਉਤੇ ਆਧਾਰਤ ਸੀ। ਕੰਗਨਾ ਨੇ ਇਸ ਕਿਰਦਾਰ ਵਿਚ ਜਾਨ ਪਾ ਦਿੱਤੀ। ਇਸ ਫਿਲਮ ਤੋਂ ਬਾਅਦ ਫਿਰ ਉਸ ਨੇ ਕਦੀ ਪਿਛੇ ਮੁੜ ਕੇ ਨਹੀਂ ਦੇਖਿਆ। ਪਿਛਲੇ ਸਾਲ ਅਦਾਕਾਰ ਰਿਤਿਕ ਰੌਸ਼ਨ ਨਾਲ ਉਸ ਦੀ ਫਿਲਮ 'ਕ੍ਰਿਸ਼-3' ਆਈ। ਇਸ ਫਿਲਮ ਵਿਚ ਭਾਵੇਂ ਪ੍ਰਿੰਯਕਾ ਚੋਪੜਾ ਵਰਗੀ ਚੋਟੀ ਦੀ ਹੀਰੋਇਨ ਵੀ ਸੀ, ਪਰ ਕੰਗਨਾ ਇਸ ਫਿਲਮ ਵਿਚ ਮੇਲਾ ਲੁੱਟ ਕੇ ਲੈ ਗਈ। ਉਸ ਵੱਲੋਂ ਨਿਭਾਈ ਭੂਮਿਕਾ ਦੀ ਖੂਬ ਪ੍ਰਸ਼ੰਸਾ ਹੋਈ। ਸਾਲ 2014 ਵਿਚ 'ਕੁਈਨ' ਤੋਂ ਇਲਾਵਾ ਕੰਗਨਾ ਦੀਆਂ ਦੋ ਹੋਰ ਫਿਲਮਾਂ 'ਉਂਗਲੀ' ਅਤੇ 'ਰਿਵਾਲਵਰ ਰਾਨੀ' ਰਿਲੀਜ਼ ਹੋ ਰਹੀਆਂ ਹਨ। ਉਸ ਦੀਆਂ ਹੋਰ ਯਾਦਗਾਰੀ ਫਿਲਮਾਂ ਵਿਚ ਰੱਜੋ, ਸ਼ੂਟਆਊਟ ਐਟ ਵਡਾਲਾ, ਤੇਜ਼, ਗੇਮ, ਤਨੂ ਵੈੱਡਸ ਮਨੂ, ਕਾਈਟਸ ਆਦਿ ਸ਼ਾਮਲ ਹਨ।

ਹੁਣ ਤਾਂ ਕੰਗਨਾ ਦੀ ਕੌਮਾਂਤਰੀ ਫੈਸ਼ਨ ਸ਼ੋਅਜ਼ ਵਿਚ ਵੀ ਲਾਟਰੀ ਲੱਗ ਗਈ ਹੈ। ਹਾਲ ਹੀ ਵਿਚ ਲੰਡਨ ਵਿਚ ਸਮਾਪਤ ਹੋਏ 'ਲੰਡਨ ਫੈਸ਼ਨ ਵੀਕ ਔਟਮ-ਵਿੰਟਰ' ਨੇ ਉਸ ਨੇ ਪੂਰੇ ਧੜੱਲੇ ਨਾਲ ਸ਼ਿਰਕਤ ਕੀਤੀ। ਇਸ ਸ਼ੋਅ ਵਿਚ ਹੋਰਨਾਂ ਤੋਂ ਇਲਾਵਾ ਅਮਰੀਕੀ ਟੀ.ਵੀ. ਸਟਾਰ ਨੈਓਮੀ ਹੈਰਿਸ ਅਤੇ ਫੈਸੀਲਿਟੀ ਜੋਨਸ ਨੇ ਵੀ ਹਿੱਸਾ ਲਿਆ ਸੀ। ਕੰਗਨਾ ਬਾਗੋ-ਬਾਗ ਸੀ ਕਿ ਉਸ ਨੂੰ ਫੈਸ਼ਨ ਦੀ ਦੁਨੀਆਂ ਦੇ ਮੰਨੇ-ਪ੍ਰਮੰਨੇ ਸ਼ਖਸ ਕ੍ਰਿਸਟੋਫਰ ਬੈਲੇ ਨੇ ਸੱਦਾ ਦਿੱਤਾ ਸੀ। ਕ੍ਰਿਸੋਫਰ ਨੇ ਕੰਗਨਾ ਦੀ ਰੱਜ ਕੇ ਤਾਰੀਫ ਕੀਤੀ ਅਤੇ ਆਪਣਾ ਤਿਆਰ ਕੀਤਾ ਲਿਬਾਸ ਵੀ ਤੋਹਫੇ ਵਜੋਂ ਦਿੱਤਾ। ਹਿਮਾਚਲ ਦੇ ਮੰਡੀ ਜ਼ਿਲ੍ਹੇ ਦੇ ਪਿੰਡ ਭਾਂਬਲਾ ਵਿਚ ਜੰਮੀ-ਪਲੀ ਮੁਟਿਆਰ ਸਭ ਤੋਂ ਮੂਹਰਲੀ ਕਤਾਰ ਵਿਚ ਬੈਠੀ ਸੀ। ਇਸ ਫੈਸ਼ਨ ਸ਼ੋਅ ਵਿਚ ਪਿਛਲੇ ਸਾਲ ਅਦਾਕਾਰਾ ਸੋਨਮ ਕਪੂਰ ਨੇ ਹਿੱਸਾ ਲਿਆ ਸੀ।



# ਉਤਰੀ ਕੈਲੀਫੋਰਨੀਆ ਦੇ ਵਾਸੀਆਂ ਦੇ ਧਿਆਨਯੋਗ

# ਨਵੇਂ ਡਾਕਟਰੀ ਇਲਾਜ ਰਾਹੀਂ ਲੱਤਾਂ ਦੇ ਦਰਦ, ਪੈਰਾਂ ਦੇ ਦਰਦ ਅਤੇ ਨਸਾਂ ਦੇ ਦਰਦ ਤੋਂ ਤੁਰੰਤ ਰਾਹਤ ਮਿਲਦੀ ਹੈ

(ਮੈਡੀਕੇਅਰ ਅਤੇ ਮੈਡੀਕੈਲ ਕਵਰ ਕਰਦੀ ਹੈ)




ਨੀਲੀਆਂ (ਵੈਰੀਕੋਜ਼) ਨਸਾਂ | ਸੋਜ਼ਿਸ਼ | ਅਲਸਰ

## ਯੂਬਾ ਸਿਟੀ, ਸੈਕਰਾਮੈਂਟੋ, ਸਟਾਕਟਨ, ਮਾਡੈਸਟੋ, ਮਰਸਡ, ਫਰਿਜ਼ਨੋ, ਬੇਕਰਜ਼ਫੀਲਡ

ਅਤੇ ਨਾਲ ਲੱਗਦੇ ਹੋਰ ਸ਼ਹਿਰਾਂ ਵਿਚ ਵੀ ਕਲੀਨਿਕ ਖੁਲ੍ਹ ਚੁਕੀ ਹੈ। ਸਲਾਹ ਲੈਣ, ਇਹ ਪਤਾ ਲਾਉਣ ਕਿ ਤੁਸੀਂ ਇਸ ਬਹੁਤ ਹੀ ਕਾਰਗਰ ਇਲਾਜ਼ ਲਈ ਯੋਗ ਹੋ, ਅੱਜ ਹੀ ਕਾਲ ਕਰੋ

## ਫੋਨ: 1-888-473-0372

## ਸਾਡੇ ਮਰੀਜ ਆਪਣੇ ਅਨੁਭਵ ਬਾਰੇ ਕੀ ਕਹਿੰਦੇ ਹਨ?

ਪਿਛਲੇ ਦਸ ਸਾਲਾਂ ਤੋਂ ਮੈਂ ਲੱਤਾਂ ਵਿਚ ਹੁੰਦੇ ਦਰਦ ਤੋਂ ਬੇਹਦ ਪ੍ਰੇਸ਼ਾਨ ਸੀ ਅਤੇ ਵਰ੍ਹਿਆਂ ਤੋਂ ਕੌਮਾਡੀਨ ਲੈਂਦਾ ਆ ਰਿਹਾ ਸਾਂ।
ਮੈਂ ਪੈਸਿਫਿਕ ਕੋਸਟ ਮੈਡੀਕਲ ਸੈਂਟਰ ਤੋਂ ਇਲਾਜ ਕਰਵਾਇਆ ਤਾਂ ਮੇਰੀਆਂ ਲੱਤਾਂ ਅਤੇ ਪੈਰ ਪਹਿਲਾਂ ਦੇ ਮੁਕਾਬਲੇ ਕਿਤੇ ਚੰਗੇ ਹਨ।
ਕਲੀਨਿਕ ਦਾ ਸਟਾਫ ਬਹੁਤ ਹੀ ਚੰਗਾ ਲੱਗਿਆ ਅਤੇ ਇਲਾਜ ਦੌਰਾਨ ਜ਼ਰਾ ਜਿੰਨੀ ਵੀ ਤਕਲੀਫ ਨਹੀਂ ਹੋਈ। ਮੈਂ ਆਪਣੇ ਰੋਜ਼-ਬਰੋਜ਼ ਦੇ ਕੰਮ-ਕਾਜ ਉਸੇ ਹੀ ਦਿਨ ਤੋਂ ਕਰਨ ਲੱਗ ਪਿਆ। ਮੈਂ ਹਰ ਉਸ ਸਖਸ਼ ਨੂੰ ਇਹ ਇਲਾਜ ਕਰਵਾਉਣ ਦੀ ਸਲਾਹ ਦਿਆਂਗਾ ਜੋ ਲੱਤਾਂ ਅਤੇ ਵੈਰੀਕੋਜ਼ ਵੀਨਜ਼ ਦੇ ਦਰਦ ਤੋਂ ਪ੍ਰੇਸ਼ਾਨ ਹੈ।

*-ਹਾਵਰਡ ਡੈਂਪਸੀ (ਰਿਟਾਇਰਡ), ਉਮਰ 74 ਸਾਲ*

ਮੇਰੀਆਂ ਲੱਤਾਂ ਵਿਚ ਜਾਨ ਕੱਢ ਲੈਣ ਵਾਲੀ ਦਰਦ ਹੋਇਆ ਕਰਦੀ ਸੀ। ਮੇਰੀਆਂ ਲੱਤਾਂ ਵਿਚ ਹਮੇਸ਼ਾ ਹੀ ਕੜੱਲ ਪੈਂਦੇ ਰਹਿੰਦੇ ਸਨ।
ਮੈਂ ਪੈਸਿਫਿਕ ਮੈਡੀਕਲ ਕੋਸਟ ਸੈਂਟਰ ਬਾਰੇ ਇਕ ਲੇਖ ਪੜ੍ਹਿਆ ਜਿਸ ਤੋਂ ਪਤਾ ਲੱਗਾ ਕਿ ਉਹ ਲੱਤਾਂ ਦੇ ਦਰਦ ਦੇ ਮਰੀਜ ਹਨ, ਦਾ ਇਲਾਜ ਕਰਦੇ ਹਨ। ਮੈਂ ਕਲੀਨਿਕ ਜਾਣ ਅਤੇ ਸਲਾਹ ਲੈਣ ਦਾ ਫੈਸਲਾ ਕੀਤਾ। ਰੱਬ ਦਾ ਸ਼ੁਕਰ ਹੈ ਕਿ ਮੈਂ ਇੰਜ ਕੀਤਾ।
ਹੁਣ ਮੈਨੂੰ 75% ਆਰਾਮ ਹੈ ਅਤੇ ਕੜੱਲ ਬਿਲਕੁਲ ਨਹੀਂ ਪੈਂਦੇ।
ਪੈਸਿਫਿਕ ਕੋਸਟ ਮੈਡੀਕਲ ਸੈਂਟਰ ਵਾਲਿਆਂ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਮੈਨੂੰ ਮੁੜ ਜ਼ਿੰਦਗੀ ਦੇ ਰਾਹ ਪਾਇਆ।

*-ਫਲੋਰਾ ਐਸ (ਰਿਟਾਇਰਡ), ਉਮਰ 77 ਸਾਲ।*

## ਅਸੀਂ ਮਹੀਨੇ ਵਿਚ ਸਿਰਫ 30 ਅਪੁਆਇੰਟਮੈਂਟਾਂ ਹੀ ਲੈਂਦੇ ਹਾਂ, ਸੋ ਅੱਜ ਹੀ ਕਾਲ ਕਰੋ

## ਫੋਨ: 1-888-473-0372

HURRY! LIMITED-TIME OFFER!




iPad mini

# HOME ENTERTAINMENT ANYWHERE.

Only from DISH

**Get an iPad® mini FREE** when you sign up for DISH and the Hopper.®

Cannot be combined with promotional pricing. Must subscribe to qualifying American programming starting at $54.99/mo in addition to International programming. Requires 24-month commitment, credit qualification and qualifying programming.

Did you know that the first Indian woman in space was a Punjabi trailblazer? With the Hopper, we're trailblazing a new way to watch your home entertainment anywhere.

## WATCH WHAT YOU LOVE

PTC PUNJABI | etc ਪੰਜਾਬੀ | jus punjabi
GET [ਪੰਜਾਬੀ] | mh MH ONE | And many more!

PUNJABI PACK $24.99/mo

AMERICA'S TOP 120

Over 190 American channels starting at $29.99/month for 12 months.¹

¹Requires 24-month commitment and credit qualification. Monthly DVR and receiver fees apply.

## LOVE HOW YOU WATCH IT

Only the **Hopper®** gives you the power to:

- Watch all your live and recorded TV anywhere*
- Instantly skip commercials*
- Store up to 2,000 hours of your favorite shows

*Feature must be enabled by customer.



**Call now! 1-888-926-5479**
or visit **DishPunjabiTV.com**

dish™

**Important Terms and Conditions: Promotional Offers:** International programming requires additional $10/mo International Basic package or any America's Top package. For iPad mini Offer, International programming requires any America's Top package. Requires activation of new qualifying DISH service. All prices, fees, charges, packages, programming, features, functionality and offers subject to change without notice. After 12-month promotional period, then-current everyday monthly price applies and is subject to change. **ETF:** If you cancel service during the first 24 months, early termination fee of $20 for each month remaining applies. For iPad mini offer, if you cancel service during first the 24 months, early termination fee of $30 for each month remaining applies. **Activation fee may apply.**

**Additional Requirements: For iPad mini Offer:** Customer must select Hopper system and minimum of America's Top 120 package; allow 4-6 weeks for delivery; offer not available in Puerto Rico or USVI. ETF based in part on everyday price (i.e. non-promotional price) for programming. Available while supplies last. Model subject to change without notice. **Hopper Features:** AutoHop feature is only available with playback the next day of select primetime shows on ABC, CBS, FOX and NBC as part of PrimeTime Anytime feature. Both features are subject to availability. **Installation/Equipment Requirements:** A second dish antenna may be required to view both International and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Recording hours vary; 2000 hours based on SD programming. Equipment comparison based on equipment available from major TV providers as of 1/17/14. Watching live and recorded TV anywhere requires an Internet-connected, Sling-enabled DVR and compatible mobile device. **Miscellaneous:** Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. **Offers end 6/12/14.**

© 2014 DISH Network L.L.C. All rights reserved. iPad is a trademark of Apple Inc., registered in the U.S. and other countries. Apple is not a participant in or sponsor of this promotion.